15-JULY-PAGE-1.qxd 7/14/2025 9:08 PM Page 1

ਮੰਗਲਵਾਰ, 15 ਜੁਲਾਈ, 2025
31 ਹਾੜ੍ਹ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 44

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 15 JULY, 2025
ਜਲੰਧਰ
nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

**ਸਟਾਫ ਦੀ ਲੋੜ**
**ਭੰਡਾਰੀ ਕਾਰ ਬਾਜ਼ਾਰ ਭੋਗਪੁਰ**
ਵਿਖੇ ਦਫਤਰੀ ਕੰਮਾਂ ਲਈ ਸਟਾਫ ਅਤੇ ਕਾਰ ਵਾਸ਼ਿੰਗ ਲਈ ਲੜਕਿਆਂ ਦੀ ਜ਼ਰੂਰਤ ਹੈ। ਤਨਖਾਹ 10,000 ਤੋਂ 20,000 ਰੁਪਏ। ਚਾਹਵਾਨ 62800-30861 'ਤੇ ਸੰਪਰਕ ਕਰਨ।
ਮਿਲਣ ਦਾ ਸਮਾਂ : ਸਵੇਰੇ 8 ਤੋਂ 10 ਵਜੇ ਤੱਕ

# ਹੁਕਮਨਾਮੇ ਦਾਖਲ-ਦਫਤਰ

## ਪੰਥ ਦੇ ਵਡੇਰੇ ਹਿੱਤਾਂ 'ਚ ਸ੍ਰੀ ਅਕਾਲ ਤਖਤ ਸਾਹਿਬ ਤੇ ਤਖਤ ਸ੍ਰੀ ਪਟਨਾ ਸਾਹਿਬ ਨੇ ਵਿਵਾਦ ਨਬੇੜਿਆ



**ਅੰਮ੍ਰਿਤਸਰ** : ਤਖਤ ਸ੍ਰੀ ਪਟਨਾ ਸਾਹਿਬ ਅਤੇ ਸ੍ਰੀ ਅਕਾਲ ਤਖਤ ਵਿਚਾਲੇ ਪੈਦਾ ਹੋਇਆ ਵਿਵਾਦ ਦੋਵਾਂ ਤਖਤਾਂ ਦੇ ਜਥੇਦਾਰਾਂ ਵੱਲੋਂ ਇੱਕ-ਦੂਜੇ ਖਿਲਾਫ ਕੀਤੇ ਗਏ ਫੈਸਲੇ ਵਾਪਸ ਲੈ ਲੈਣ ਤੋਂ ਬਾਅਦ ਖਤਮ ਹੋ ਜਾਣ ਦਾ ਦਾਅਵਾ ਕੀਤਾ ਗਿਆ ਹੈ। ਇਨ੍ਹਾਂ ਵਿੱਚ ਤਖਤ ਸ੍ਰੀ ਪਟਨਾ ਸਾਹਿਬ ਵੱਲੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦੇਣ ਦਾ ਫੈਸਲਾ ਵੀ ਹੈ। ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸੋਮਵਾਰ ਇੱਥੇ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਤੋਂ ਬਾਅਦ ਮੀਡੀਆ ਨੂੰ ਦੱਸਿਆ ਕਿ ਤਖਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਜਗਜੀਤ ਸਿੰਘ ਸੋਹੀ ਵੱਲੋਂ ਭੇਜੇ ਗਏ ਪੱਤਰ 'ਤੇ ਵਿਚਾਰ ਕਰਦਿਆਂ ਵਿਵਾਦ ਖਤਮ ਕਰਨ ਦਾ ਫੈਸਲਾ ਕੀਤਾ ਗਿਆ ਹੈ। ਉਕਤ ਪੱਤਰ ਵਿੱਚ ਕਿਹਾ ਗਿਆ ਹੈ ਕਿ ਸ੍ਰੀ ਅਕਾਲ ਤਖਤ ਸਰਬਉੱਚ ਹੈ ਅਤੇ ਉਹ ਸ੍ਰੀ ਅਕਾਲ ਤਖਤ ਨੂੰ ਸਮਰਪਤ ਹਨ। ਇਸ ਦੇ ਨਾਲ ਹੀ ਉਨ੍ਹਾ ਵੱਲੋਂ 21 ਮਈ ਨੂੰ ਕੀਤੇ ਗਏ ਫੈਸਲਿਆਂ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਗਈ ਹੈ। ਜੱਥੇਦਾਰ ਗੜਗੱਜ ਨੇ ਦੱਸਿਆ ਕਿ ਪੱਤਰ 'ਤੇ ਵਿਚਾਰ ਕਰਨ ਲਈ ਸਿੰਘ ਸਾਹਿਬਾਨ ਦੀ ਮੀਟਿੰਗ ਦੌਰਾਨ ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਤੇ ਹੈੱਡ ਗ੍ਰੰਥੀ ਗਿਆਨੀ ਬਲਦੇਵ ਸਿੰਘ ਅਤੇ ਐਡੀਸ਼ਨਲ ਮੁੱਖ ਗ੍ਰੰਥੀ ਗਿਆਨੀ ਗੁਰਦਿਆਲ ਸਿੰਘ ਦੀਆਂ ਸੇਵਾਵਾਂ 'ਤੇ ਲਾਈ ਗਈ ਰੋਕ ਦਾ ਫੈਸਲਾ ਵਾਪਸ ਲੈ ਲਿਆ ਗਿਆ ਹੈ। ਇਸ ਤੋਂ ਇਲਾਵਾ ਗਿਆਨੀ ਗੁਰਦਿਆਲ ਸਿੰਘ ਤੇ ਪ੍ਰਬੰਧਕੀ ਕਮੇਟੀ ਦੇ ਦੋ ਮੈਂਬਰਾਂ ਨੂੰ ਤਨਖਾਹੀਆ ਕਰਾਰ ਦੇਣ ਦਾ ਫੈਸਲਾ ਵੀ ਵਾਪਸ ਲੈ ਲਿਆ ਹੈ। ਇਹ ਕਾਰਵਾਈ ਪੰਥ ਦੇ ਵਡੇਰੇ ਹਿੱਤਾਂ ਅਤੇ ਤਖਤਾਂ ਦੀ ਮਾਣ-ਮਰਿਆਦਾ ਨੂੰ ਧਿਆਨ 'ਚ ਰੱਖਦੇ ਹੋਏ ਕੀਤੀ ਗਈ ਹੈ। ਇਸ ਤੋਂ ਪਹਿਲਾਂ ਤਖਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਵੀ 21 ਮਈ ਅਤੇ ਉਸ ਤੋਂ ਬਾਅਦ ਕੀਤੇ ਸਾਰੇ ਫੈਸਲੇ ਵਾਪਸ ਲੈ ਲਏ ਗਏ ਹਨ। ਇਸ ਸੰਬੰਧ 'ਚ ਉਨ੍ਹਾਂ ਇੱਕ ਪੱਤਰ ਭੇਜ ਕੇ ਸ੍ਰੀ ਅਕਾਲ ਤਖਤ ਨੂੰ ਜਾਣੂ ਕਰਵਾਇਆ ਹੈ। ਇੱਕ ਹੋਰ ਫੈਸਲੇ ਤਹਿਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਨੂੰ ਪ੍ਰਬੰਧਕੀ ਕਮੇਟੀ ਖਿਲਾਫ ਕੀਤਾ ਅਦਾਲਤੀ ਕੇਸ ਵਾਪਸ ਲੈਣ ਅਤੇ ਪ੍ਰਬੰਧਕੀ ਕਮੇਟੀ ਨੂੰ ਉਨ੍ਹਾ ਦੇ ਬਣਦੇ ਲਾਭ ਜਾਰੀ ਕਰਨ ਲਈ ਕਿਹਾ ਗਿਆ ਹੈ। ਸਾਬਕਾ ਜਥੇਦਾਰ ਅਤੇ ਹੋਰ ਸੰਬੰਧਤਾਂ ਨੂੰ ਵੀ ਆਦੇਸ਼ ਕੀਤਾ ਹੈ ਕਿ ਉਹ ਇਸ ਮਾਮਲੇ 'ਚ ਸੋਸ਼ਲ ਮੀਡੀਆ ਜਾਂ ਮੀਡੀਆ ਵਿੱਚ ਕੋਈ ਬਿਆਨਬਾਜ਼ੀ ਨਾ ਕਰਨ।

# ਬੇਅਦਬੀ ਰੋਕਥਾਮ ਬਿੱਲ ਅਸੈਂਬਲੀ 'ਚ ਪੇਸ਼, ਬਹਿਸ ਅੱਜ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**
ਮਾਨ ਮੰਤਰੀ ਮੰਡਲ ਨੇ 'ਪੰਜਾਬ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਦੀ ਰੋਕਥਾਮ ਬਾਰੇ ਬਿੱਲ-2025' ਨੂੰ ਸੋਮਵਾਰ ਮਨਜ਼ੂਰੀ ਦੇ ਦਿੱਤੀ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬਿੱਲ ਅਸੈਂਬਲੀ ਵਿੱਚ ਪੇਸ਼ ਵੀ ਕਰ ਦਿੱਤਾ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਉਕਤ ਬਿੱਲ 'ਤੇ ਦੋ ਘੰਟੇ ਚਰਚਾ ਕਰਵਾਉਣ ਦਾ ਸਮਾਂ ਤੈਅ ਕੀਤਾ, ਜਦੋਂ ਕਿ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ 15 ਜੁਲਾਈ ਨੂੰ ਚਰਚਾ ਕਰਵਾਉਣ ਦੀ ਮੰਗ ਕੀਤੀ। ਉਨ੍ਹਾ ਕਿਹਾ ਕਿ ਇਹ ਬਿੱਲ ਹਰ ਵਰਗ ਦੇ ਲੋਕਾਂ ਦੇ ਹਿੱਤਾਂ ਨਾਲ ਜੁੜਿਆ ਹੋਇਆ ਹੈ। ਇਸ ਲਈ ਜਲਦਬਾਜ਼ੀ ਵਿੱਚ ਚਰਚਾ ਕਰਨ ਦੀ ਥਾਂ ਗਹਿਰਾਈ ਨਾਲ ਪੜ੍ਹਨ ਤੋਂ ਬਾਅਦ ਚਰਚਾ ਕਰਵਾਈ ਜਾਣੀ ਚਾਹੀਦੀ ਹੈ। ਆਖਰ ਬਿੱਲ 'ਤੇ ਮੰਗਲਵਾਰ ਚਰਚਾ ਕਰਾਉਣੀ ਤੈਅ ਹੋਇਆ।

ਇਸ ਤੋਂ ਪਹਿਲਾਂ ਵਿਸ਼ੇਸ਼ ਇਜਲਾਸ ਦੇ ਤੀਜੇ ਦਿਨ ਸਦਨ ਨੇ ਸਰਬਸੰਮਤੀ ਨਾਲ ਪੰਜਾਬ ਸਟੇਟ ਡਿਵੈੱਲਪਮੈਂਟ ਟੈਕਸ ਸੋਧ ਬਿੱਲ ਪਾਸ ਕਰ ਦਿੱਤਾ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਪੇਸ਼ ਬਿੱਲ ਬਿਨਾਂ ਕਿਸੇ ਬਹਿਸ ਤੋਂ ਪਾਸ ਕਰ ਦਿੱਤਾ ਗਿਆ। ਬਿੱਲ ਪਾਸ ਹੋਣ ਮਗਰੋਂ ਸਦਨ ਇੱਕ ਘੰਟੇ ਲਈ ਮੁਲਤਵੀ ਕਰ ਦਿੱਤਾ ਗਿਆ। ਬਿੱਲ ਦੇ ਟੈਕਸਦਾਤਿਆਂ 'ਤੇ ਹੋਣ ਵਾਲੇ ਅਸਰ ਬਾਰੇ ਵਿੱਤ ਵਿਭਾਗ ਵੱਲੋਂ ਬਾਅਦ ਵਿੱਚ ਜਾਣਕਾਰੀ ਦਿੱਤੀ ਜਾਵੇਗੀ।

ਸਦਨ ਦੀ ਕਾਰਵਾਈ ਦੌਰਾਨ ਸੁਲਤਾਨਪੁਰ ਤੋਂ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਨੇ ਸੂਬਾ ਸਰਕਾਰ ਵੱਲੋਂ ਹੜ੍ਹਾਂ ਨੂੰ ਲੈ ਕੇ ਕੀਤੀਆਂ ਗਈਆਂ ਤਿਆਰੀਆਂ ਬਾਰੇ ਸਵਾਲ ਕੀਤਾ। ਇਸ ਦੇ ਜਵਾਬ ਵਿੱਚ ਮੰਤਰੀ ਬਰਿੰਦਰ ਗੋਇਲ ਨੇ ਕਿਹਾ ਕਿ ਇਸ ਸਾਲ ਹੜ੍ਹਾਂ ਦਾ ਕੋਈ ਖਤਰਾ ਨਹੀਂ ਹੈ। ਉਨ੍ਹਾ ਕਿਹਾ ਕਿ ਪੰਜਾਬ ਦੇ ਡੈਮਾਂ ਵਿੱਚ ਇਸ ਵਾਰ ਸਾਲ 2023 ਦੇ ਮੁਕਾਬਲੇ ਪਾਣੀ ਬਹੁਤ ਘੱਟ ਹੈ। ਇਸ ਤੋਂ ਇਲਾਵਾ ਸੂਬਾ ਸਰਕਾਰ ਵੱਲੋਂ ਹੜ੍ਹਾਂ ਦੀ ਰੋਕਥਾਮ ਲਈ 204 ਕਰੋੜ ਰੁਪਏ ਖਰਚ ਕੀਤੇ ਗਏ ਹਨ। ਇਸ ਨਾਲ ਪੰਜਾਬ ਦੇ ਸਾਰੇ ਦਰਿਆਵਾਂ ਤੇ ਨਾਲਿਆਂ ਦੀ ਸਫਾਈ ਕੀਤੀ ਗਈ ਹੈ। ਬੇਅਦਬੀ ਦੇ ਘਿਨਾਉਣੇ ਜੁਰਮ ਦੇ ਦੋਸ਼ੀਆਂ ਲਈ ਸਖ਼ਤ ਸਜ਼ਾ ਨੂੰ ਯਕੀਨੀ ਬਣਾਉਣ ਲਈ ਇਤਿਹਾਸਕ ਕਦਮ ਚੁੱਕਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਮੰਤਰੀ ਮੰਡਲ ਨੇ 'ਪੰਜਾਬ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਦੀ ਰੋਕਥਾਮ ਬਾਰੇ ਬਿੱਲ-2025' ਨੂੰ ਪ੍ਰਵਾਨਗੀ ਦੇ ਦਿੱਤੀ।

ਇਸ ਬਾਰੇ ਫੈਸਲਾ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ 'ਤੇ ਉਨ੍ਹਾਂ ਦੀ ਅਗਵਾਈ ਵਿੱਚ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਿਆ ਗਿਆ।



ਮੁੱਖ ਮੰਤਰੀ ਦਫ਼ਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਬੀਤੇ ਸਮੇਂ ਵਿੱਚ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਹੋਰ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਦੀਆਂ ਵਾਪਰੀਆਂ ਘਟਨਾਵਾਂ ਨੇ ਲੋਕਾਂ ਦੇ ਹਿਰਦਿਆਂ ਨੂੰ ਧੁਰ ਅੰਦਰ ਤੱਕ ਵਲੂੰਧਰਿਆ ਅਤੇ ਸਮਾਜ ਵਿੱਚ ਬੇਚੈਨੀ ਦੀ ਸਥਿਤੀ ਵੀ ਉਤਪੰਨ ਹੋਈ। ਭਾਰਤੀ ਨਿਆਏ ਸੰਹਿਤਾ ਦੀਆਂ ਧਾਰਾਵਾਂ 298, 299 ਅਤੇ 300 ਅਜਿਹੇ ਮਾਮਲਿਆਂ ਨੂੰ ਨਜਿੱਠਣ ਸਮੇਂ ਇਨ੍ਹਾਂ ਘਟਨਾਵਾਂ ਨੂੰ ਪ੍ਰਭਾਵੀ ਢੰਗ ਨਾਲ ਰੋਕਣ ਲਈ ਸਖ਼ਤ ਸਜ਼ਾਵਾਂ ਨੂੰ ਤਜਵੀਜ਼ਤ ਨਹੀਂ ਕਰਦੀਆਂ। ਅਜਿਹੇ ਜੁਰਮਾਂ ਦੀ ਗੰਭੀਰਤਾ ਨੂੰ ਵਿਚਾਰਦਿਆਂ ਅਤੇ ਫਿਰਕੂ ਸਦਭਾਵਨਾ ਅਤੇ ਧਾਰਮਿਕ ਪਵਿੱਤਰਤਾ ਕਾਇਮ ਦੀ ਅਹਿਮੀਅਤ ਨੂੰ ਸਮਝਦਿਆਂ ਮੰਤਰੀ ਮੰਡਲ ਨੇ ਸਜ਼ਾ ਦੀ ਵਿਵਸਥਾ ਹੋਰ ਸਖ਼ਤ ਬਣਾਉਣ ਲਈ ਰਾਜ ਅਧਾਰਤ ਕਾਨੂੰਨ ਲਿਆਉਣ ਦੀ ਲੋੜ ਮਹਿਸੂਸ ਕੀਤੀ ਜਿਸ ਵਿੱਚ ਕਿਸੇ ਵੀ ਪਾਵਨ ਗ੍ਰੰਥ ਦੀ ਬੇਅਦਬੀ ਦੇ ਦੋਸ਼ੀ ਠਹਿਰਾਏ ਜਾਣ ਵਾਲਿਆਂ ਲਈ ਉਮਰ ਕੈਦ ਤੱਕ ਦੀ ਸਜ਼ਾ ਵੀ ਸ਼ਾਮਲ ਹੈ।

ਇਸ ਸੰਦਰਭ ਵਿੱਚ ਮੰਤਰੀ ਮੰਡਲ ਨੇ 'ਪੰਜਾਬ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਰੋਕਥਾਮ ਬਾਰੇ ਬਿੱਲ-2025' ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਬਿੱਲ ਵਿੱਚ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਗਵਦ ਗੀਤਾ, ਪਵਿੱਤਰ ਬਾਈਬਲ, ਕੁਰਾਨ ਸ਼ਰੀਫ਼ ਅਤੇ ਹੋਰ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਲਈ ਉਮਰ ਕੈਦ ਸਮੇਤ ਸਖ਼ਤ ਸਜ਼ਾ ਦੀ ਵਿਵਸਥਾ ਕੀਤੀ ਗਈ ਹੈ। ਇਸ ਕਾਨੂੰਨ ਦੇ ਲਾਗੂ ਹੋ ਜਾਣ ਨਾਲ ਸੂਬੇ ਵਿੱਚ ਫਿਰਕੂ ਸਦਭਾਵਨਾ, ਅਮਨ-ਸ਼ਾਂਤੀ, ਏਕਤਾ ਅਤੇ ਭਾਈਚਾਰਕ ਸਾਂਝ ਦੀਆਂ ਤੰਦਾਂ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ ਨੂੰ ਹੋਰ ਤਾਕਤ ਮਿਲੇਗੀ। ਇਸ ਕਦਮ ਨਾਲ ਘਿਨਾਉਣੇ ਅਪਰਾਧ ਦੇ ਦੋਸ਼ੀਆਂ ਲਈ ਸਖ਼ਤ ਸਜ਼ਾ ਨੂੰ ਯਕੀਨੀ ਬਣਾ ਕੇ ਸਮਾਜ ਵਿਰੋਧੀ ਅਤੇ ਦੇਸ਼ ਵਿਰੋਧੀ ਗਤੀਵਿਧੀਆਂ ਨੂੰ ਰੋਕਣ ਨੂੰ ਹੋਰ ਬਲ ਮਿਲੇਗਾ।

ਇਹ ਕਾਬਲੇਗੌਰ ਹੈ ਕਿ ਹੁਣ ਤੱਕ ਅਜਿਹਾ ਕੋਈ ਵਿਸ਼ੇਸ਼ ਕਾਨੂੰਨ ਮੌਜੂਦ ਨਹੀਂ, ਜੋ ਪਵਿੱਤਰ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਨੂੰ ਸਿੱਧੇ ਤੌਰ 'ਤੇ ਮੁਖਾਤਬ ਹੁੰਦਾ ਹੋਵੇ ਜਿਸ ਦੇ ਨਤੀਜੇ ਵਜੋਂ ਅਪਰਾਧੀ ਗੰਭੀਰ ਕਾਰਵਾਈ ਤੋਂ ਅਕਸਰ ਬਚ ਨਿਕਲਦੇ ਸਨ। ਇਸ ਬਿੱਲ ਦਾ ਉਦੇਸ਼ ਸਾਰੇ ਧਰਮਾਂ ਅਤੇ ਫਿਰਕਿਆਂ ਨਾਲ ਜੁੜੇ ਬੇਅਦਬੀ ਦੇ • ਬਾਕੀ ਸਫਾ 2 'ਤੇ

## ਗੁਟਕਾ ਸਾਹਿਬ ਦੇ ਪੰਨੇ ਕੂੜੇ 'ਚੋਂ ਮਿਲੇ

**ਅੰਮ੍ਰਿਤਸਰ** : ਇੱਥੋਂ ਦੇ ਰਣਜੀਤ ਐਵੇਨਿਊ ਇਲਾਕੇ ਵਿੱਚ ਕੂੜਾ ਇਕੱਠਾ ਕਰਨ ਵਾਲੀ ਟਰਾਲੀ 'ਚੋਂ ਸੋਮਵਾਰ 'ਗੁਟਕਾ ਸਾਹਿਬ' ਅਤੇ ਹੋਰ ਧਾਰਮਿਕ ਗ੍ਰੰਥਾਂ ਦੇ ਪੰਨੇ ਮਿਲਣ ਤੋਂ ਬਾਅਦ ਸਿੱਖ ਸੰਗਠਨਾਂ ਨੇ ਮਾਮਲੇ ਦੀ ਜਾਂਚ ਦੀ ਮੰਗ ਕੀਤੀ ਹੈ। ਸਿੱਖ ਸੰਗਠਨਾਂ ਨੇ ਕੂੜੇ ਦੇ ਢੇਰ ਵਿੱਚ ਇਹ ਪੰਨੇ ਸੁੱਟਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਰਣਜੀਤ ਐਵੇਨਿਊ ਪੁਲਸ ਸਟੇਸ਼ਨ ਦੇ ਐੱਸ ਐੱਚ ਓ ਰੌਬਿਨ ਹੰਸ ਨੇ ਕਿਹਾ ਕਿ ਜਾਂਚ ਕੀਤੀ ਜਾ ਰਹੀ ਹੈ। ਜਦੋਂ ਕੂੜਾ ਇਕੱਠਾ ਕਰਨ ਵਾਲੀ ਟਰਾਲੀ ਦੇ ਡਰਾਈਵਰ ਨੂੰ ਕੂੜੇ ਵਿੱਚ ਗੁਟਕਾ ਸਾਹਿਬ ਮਿਲਿਆ ਤਾਂ ਉਸ ਨੇ ਇਸ ਨੂੰ ਇੱਕ ਗੁਰਦੁਆਰਾ ਸਾਹਿਬ ਨੂੰ ਸੌਂਪਣ ਦੀ ਕੋਸ਼ਿਸ਼ ਕੀਤੀ। ਆਲ ਇੰਡੀਆ ਸਤਿਕਾਰ ਕਮੇਟੀ ਸਮੇਤ ਸਿੱਖ ਸੰਗਠਨਾਂ ਨੇ ਇਸ ਨੂੰ ਬੇਅਦਬੀ ਕਰਾਰ ਦਿੱਤਾ ਅਤੇ ਚੇਤਾਵਨੀ ਦਿੱਤੀ ਕਿ ਜੇ ਪੁਲਸ ਸ਼ੱਕੀਆਂ ਦੀ ਪਛਾਣ ਕਰਨ 'ਚ ਅਸਫਲ ਰਹੀ ਤਾਂ ਰੋਸ ਪ੍ਰਗਟ ਕੀਤਾ ਜਾਵੇਗਾ।

# ਪਤੀ-ਪਤਨੀ ਵਾਰਤਾ ਦੀ ਗੁਪਤ ਰਿਕਾਰਡਿੰਗ ਸਬੂਤ ਮੰਨਿਆ ਜਾ ਸਕਦੈ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਸੋਮਵਾਰ ਕਿਹਾ ਕਿ ਵਿਆਹੁਤਾ ਮਾਮਲਿਆਂ 'ਚ ਪਤੀ-ਪਤਨੀ ਦੀ ਗੁਪਤ ਢੰਗ ਨਾਲ ਰਿਕਾਰਡ ਕੀਤੀ ਗਈ ਗੱਲਬਾਤ ਨੂੰ ਸਬੂਤ ਵਜੋਂ ਸਵੀਕਾਰ ਕੀਤਾ ਜਾ ਸਕਦਾ ਹੈ। ਉਸ ਨੇ ਕਿਹਾ ਕਿ ਜੇ ਕੋਈ ਜੋੜਾ ਇੱਕ-ਦੂਜੇ ਦੀ ਜਾਸੂਸੀ ਕਰ ਰਿਹਾ ਹੈ ਤਾਂ ਇਹ ਇਸ ਗੱਲ ਦਾ ਸਬੂਤ ਹੈ ਕਿ ਉਨ੍ਹਾਂ ਦਾ ਵਿਆਹ ਸਹੀ ਤੇ ਮਜ਼ਬੂਤ ਢੰਗ ਨਾਲ ਨਹੀਂ ਚੱਲ ਰਿਹਾ। ਇਸ ਲਈ ਇਸ ਰਿਕਾਰਡਿੰਗ ਨੂੰ ਨਿਆਂਇਕ ਕਾਰਵਾਈਆਂ ਵਿੱਚ ਵਰਤਿਆ ਜਾ ਸਕਦਾ ਹੈ। ਜਸਟਿਸ ਬੀ ਵੀ ਨਾਗਰਤਨਾ ਅਤੇ ਜਸਟਿਸ ਸਤੀਸ਼ ਚੰਦਰ ਸ਼ਰਮਾ ਦੀ ਬੈਂਚ ਨੇ ਇਸ ਦੇ ਨਾਲ ਹੀ ਇੱਕ ਮਾਮਲੇ 'ਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਫੈਸਲੇ ਨੂੰ ਰੱਦ ਕਰ ਦਿੱਤਾ। ਹਾਈ ਕੋਰਟ ਨੇ ਕਿਹਾ ਸੀ ਕਿ ਪਤੀ-ਪਤਨੀ ਵਿਚਕਾਰ ਗੁਪਤ ਗੱਲਾਂਬਾਤਾਂ ਨੂੰ ਸਬੂਤ ਐਕਟ ਦੀ ਧਾਰਾ 122 ਤਹਿਤ ਸੁਰੱਖਿਅਤ ਰੱਖਿਆ ਗਿਆ ਹੈ ਅਤੇ ਇਨ੍ਹਾਂ ਨੂੰ ਨਿਆਂਇਕ ਕਾਰਵਾਈਆਂ ਵਿੱਚ ਨਹੀਂ ਵਰਤਿਆ ਜਾ ਸਕਦਾ। ਹਾਈ ਕੋਰਟ ਦੇ ਹੁਕਮਾਂ ਨੂੰ ਰੱਦ ਕਰਦਿਆਂ ਬੈਂਚ ਨੇ ਹੇਠਲੀ ਅਦਾਲਤ ਦੇ ਆਦੇਸ਼ ਨੂੰ ਬਹਾਲ ਕਰ ਦਿੱਤਾ ਅਤੇ ਕਿਹਾ ਕਿ ਵਿਆਹੁਤਾ ਕਾਰਵਾਈ ਦੌਰਾਨ ਰਿਕਾਰਡ ਕੀਤੀਆਂ ਗੱਲਾਂਬਾਤਾਂ ਨੂੰ ਧਿਆਨ 'ਚ ਰੱਖਿਆ ਜਾ ਸਕਦਾ ਹੈ। ਬੈਂਚ ਨੇ ਪਰਵਾਰਕ ਅਦਾਲਤ ਨੂੰ ਖੁਫੀਆ ਢੰਗ ਨਾਲ ਰਿਕਾਰਡ ਕੀਤੀਆਂ ਗੱਲਾਂਬਾਤਾਂ ਦਾ ਨਿਆਂਇਕ ਨੋਟਿਸ ਲੈਣ ਤੋਂ ਬਾਅਦ ਕੇਸ ਅੱਗੇ ਵਧਾਉਣ ਲਈ ਕਿਹਾ ਹੈ। ਇਹ ਮਾਮਲਾ ਬਠਿੰਡਾ ਵਿੱਚ ਪਰਵਾਰਕ ਅਦਾਲਤ ਦੇ ਇੱਕ ਫੈਸਲੇ ਤੋਂ ਪੈਦਾ ਹੋਇਆ ਹੈ, ਜਿਸ 'ਚ ਪਤੀ ਨੂੰ ਪਤਨੀ ਵੱਲੋਂ ਕੀਤੀ ਜਾ ਰਹੀ ਕਥਿਤ ਬੇਰਹਿਮੀ ਦੇ ਦਾਅਵਿਆਂ ਦੇ ਹੱਕ ਵਿੱਚ ਆਪਣੀ ਪਤਨੀ ਨਾਲ ਫੋਨ ਕਾਲਾਂ ਦੀ ਰਿਕਾਰਡਿੰਗ ਵਾਲੀ ਇੱਕ ਕੰਪੈਕਟ ਡਿਸਕ 'ਤੇ ਭਰੋਸਾ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ।

ਪਤਨੀ ਨੇ ਇਸ ਨੂੰ ਹਾਈ ਕੋਰਟ 'ਚ ਚੁਣੌਤੀ ਦਿੱਤੀ ਕਿ ਕਿ ਰਿਕਾਰਡਿੰਗਾਂ ਉਸ ਦੀ ਜਾਣਕਾਰੀ ਜਾਂ ਸਹਿਮਤੀ ਤੋਂ ਬਿਨਾਂ ਕੀਤੀਆਂ ਗਈਆਂ ਸਨ ਅਤੇ ਇਹ ਨਿੱਜਤਾ ਦੇ ਉਸ ਦੇ ਬੁਨਿਆਦੀ ਅਧਿਕਾਰ ਦੀ ਉਲੰਘਣਾ ਕਰਦੀਆਂ ਹਨ। ਹਾਈ ਕੋਰਟ ਨੇ ਪਤਨੀ ਦੀ ਦਲੀਲ ਨੂੰ ਸਵੀਕਾਰ ਕਰ ਲਿਆ ਅਤੇ ਸਬੂਤਾਂ ਨੂੰ ਅਯੋਗ ਕਰਾਰ ਦੇ ਦਿੱਤਾ ਸੀ।

## ਸ਼ੁਭਾਂਸ਼ੂ ਸ਼ੁਕਲਾ ਅੱਜ ਆਸੀ



**ਨਵੀਂ ਦਿੱਲੀ** : ਭਾਰਤੀ ਪੁਲਾੜ ਯਾਤਰੀ ਸ਼ੁਭਾਂਸ਼ੂ ਸ਼ੁਕਲਾ ਤੇ ਵਪਾਰਕ ਐਕਸੀਓਮ-4 ਮਿਸ਼ਨ ਨਾਲ ਸੰਬੰਧਤ ਤਿੰਨ ਹੋਰ ਪੁਲਾੜ ਯਾਤਰੀ ਕੌਮਾਂਤਰੀ ਪੁਲਾੜ ਸਟੇਸ਼ਨ ਵਿੱਚ 18 ਦਿਨਾਂ ਦੇ ਕਿਆਮ ਮਗਰੋਂ ਪਰਤ ਰਹੇ ਹਨ। ਧਰਤੀ 'ਤੇ ਵਾਪਸੀ 22.5 ਘੰਟਿਆਂ ਵਿੱਚ ਹੋਵੇਗੀ ਅਤੇ ਚਾਲਕ ਦਲ ਦੇ ਕੈਲੀਫੋਰਨੀਆ ਦੇ ਸਾਹਿਲ 'ਤੇ ਕਰੀਬ 4:31 ਵਜੇ (ਮੰਗਲਵਾਰ ਨੂੰ ਭਾਰਤੀ ਸਮੇਂ ਅਨੁਸਾਰ ਬਾਅਦ ਦੁਪਹਿਰ 3:01 ਵਜੇ) 'ਤੇ ਉਤਰਨ ਦੀ ਉਮੀਦ ਹੈ।

## ਚੀਫ ਜਸਟਿਸ ਨੂੰ ਇਨਫੈਕਸ਼ਨ



**ਨਵੀਂ ਦਿੱਲੀ** : ਸੁਪਰੀਮ ਕੋਰਟ ਦੇ ਚੀਫ ਜਸਟਿਸ ਬੀ ਆਰ ਗਵਈ ਦੀ ਗੰਭੀਰ ਇਨਫੈਕਸ਼ਨ ਦਾ ਇੱਥੇ ਇਲਾਜ ਚੱਲ ਰਿਹਾ ਹੈ ਤੇ ਇਲਾਜ ਦਾ ਚੰਗਾ ਅਸਰ ਦਿਖਾਈ ਦੇ ਰਿਹਾ ਹੈ। ਉਨ੍ਹਾ ਵੱਲੋਂ ਇੱਕ-ਦੋ ਦਿਨਾਂ 'ਚ ਆਪਣੀਆਂ ਜ਼ਿੰਮੇਵਾਰੀਆਂ ਮੁੜ ਸੰਭਾਲ ਲੈਣ ਦੀ ਉਮੀਦ ਹੈ।

**ਜੈ ਮਾਤਾ ਦੀ ਜੈ ਮਾਤਾ ਦੀ**
ਚਿੰਤਪੁਰਨੀ ਮਾਤਾ ਦੇ ਮੇਲੇ 'ਤੇ ਮੰਗੂਵਾਲ ਬੈਰੀਅਰ 'ਤੇ ਭੋਗਪੁਰ ਵਾਸੀਆਂ ਦੀ ਸਰਾਂ ਹੈ, ਜਿਸ ਦਾ ਪੱਕਾ ਲੈਂਟਰ ਵਾਲਾ ਹਾਲ ਹੈ, ਜਿਸ ਦਾ ਵਾਇਆ ਦਸ ਹਜ਼ਾਰ ਸਕੇਅਰ ਫੁੱਟ ਹੈ। ਜੇਕਰ ਕਿਸੇ ਵੀ ਸੇਵਾਦਾਰ ਨੇ ਮੇਲੇ 'ਤੇ ਲੰਗਰ ਲਗਾਉਣਾ ਹੈ ਤਾਂ ਹੇਠ ਲਿਖੇ ਨੰਬਰ 'ਤੇ ਸੰਪਰਕ ਕਰ ਸਕਦਾ ਹੈ।
**ਪੱਪੂ ਸੇਵਾਦਾਰ : 98143-75023**

# ਸ਼ਹੀਦਾਂ ਨੂੰ ਯਾਦ ਕਰਨ ਲਈ ਉਮਰ ਨੂੰ ਕਬਰਿਸਤਾਨ ਦੀ ਕੰਧ ਟੱਪਣੀ ਪਈ

## ਅਣ-ਚੁਣੀ ਸਰਕਾਰ ਦੀ ਪੁਲਸ 'ਤੇ ਖਿੱਚਧੂਹ ਕਰਨ ਦਾ ਦੋਸ਼

**ਸ੍ਰੀਨਗਰ** : ਜੰਮੂ-ਕਸ਼ਮੀਰ ਪੁਲਸ ਵੱਲੋਂ ਐਤਵਾਰ ਸੂਬਾਈ ਮੰਤਰੀਆਂ ਸਮੇਤ ਕਸ਼ਮੀਰੀ ਆਗੂਆਂ ਨੂੰ ਸ਼ਹੀਦਾਂ ਦੇ ਇਤਿਹਾਸਕ ਕਬਰਿਸਤਾਨ ਜਾਣ ਤੋਂ ਰੋਕ ਦਿੱਤੇ ਜਾਣ ਤੋਂ ਇੱਕ ਦਿਨ ਬਾਅਦ ਮੁੱਖ ਮੰਤਰੀ ਉਮਰ ਅਬਦੁੱਲਾ ਅਤੇ ਨੈਸ਼ਨਲ ਕਾਨਫਰੰਸ ਦੇ ਹੋਰ ਆਗੂ ਸੋਮਵਾਰ ਸਵੇਰੇ 13 ਜੁਲਾਈ, 1931 ਨੂੰ ਮਾਰੇ ਗਏ 22 ਨਾਗਰਿਕਾਂ ਨੂੰ ਸ਼ਰਧਾਂਜਲੀ ਦੇਣ ਲਈ ਸ੍ਰੀਨਗਰ ਦੇ ਪੁਰਾਣੇ ਸ਼ਹਿਰ ਪਹੁੰਚੇ। ਉਮਰ ਨੇ ਇਹ ਵੀ ਕਿਹਾ ਕਿ ਫੇਰੀ ਦੌਰਾਨ ਪੁਲਸ ਨੇ ਉਨ੍ਹਾ ਦੀ ਖਿੱਚਧੂਹ ਕੀਤੀ ਸੀ। ਉਂਝ ਇਸ ਦੌਰਾਨ ਉਹ ਕਬਰਿਸਤਾਨ ਵਿੱਚ ਦਾਖਲ ਹੋਣ ਲਈ ਕੰਧ 'ਤੇ ਚੜ੍ਹ ਗਏ ਤੇ ਅੰਦਰ ਜਾ ਪੁੱਜੇ। ਉਮਰ ਨੇ ਐੱਕਸ 'ਤੇ ਪਾਈ ਇਕ ਪੋਸਟ ਵਿੱਚ ਲਿਖਿਆ, '13 ਜੁਲਾਈ, 1931 ਦੇ ਸ਼ਹੀਦਾਂ ਦੀਆਂ ਕਬਰਾਂ 'ਤੇ ਆਪਣੀ ਅਕੀਦਤ ਭੇਟ ਕੀਤੀ ਅਤੇ



ਫਾਤਿਹਾ ਪੜ੍ਹਿਆ। ਅਣ-ਚੁਣੀ ਸਰਕਾਰ ਨੇ ਮੇਰਾ ਰਸਤਾ ਰੋਕਣ ਦੀ ਕੋਸ਼ਿਸ਼ ਕੀਤੀ, ਮੈਨੂੰ ਨੌਹੱਟਾ ਚੌਕ ਤੋਂ ਪੈਦਲ ਜਾਣ ਲਈ ਮਜਬੂਰ ਕੀਤਾ। ਉਨ੍ਹਾਂ ਨਕਸ਼ਬੰਦ ਸਾਹਿਬ ਦਰਗਾਹ ਦੇ ਗੇਟ ਨੂੰ ਬੰਦ ਕਰ ਦਿੱਤਾ, ਮੈਨੂੰ ਕੰਧ 'ਤੇ ਚੜ੍ਹਨ ਲਈ ਮਜਬੂਰ ਕੀਤਾ। ਉਨ੍ਹਾਂ ਮੈਨੂੰ ਸਰੀਰਕ ਤੌਰ 'ਤੇ ਫੜਨ ਦੀ ਕੋਸ਼ਿਸ਼ ਕੀਤੀ, ਪਰ ਮੈਨੂੰ ਅੱਜ ਰੋਕਿਆ ਨਹੀਂ ਜਾ ਸਕਦਾ ਸੀ। ਮੈਨੂੰ ਜਿਸਮਾਨੀ ਤੌਰ 'ਤੇ ਫੜਿਆ ਗਿਆ, ਪਰ ਮੈਂ ਸਖਤ ਜਾਨ ਹਾਂ ਅਤੇ ਮੈਨੂੰ ਰੋਕਿਆ ਨਹੀਂ ਜਾ ਸਕਦਾ। ਮੈਂ ਕੁਝ ਵੀ ਨਾਜਾਇਜ਼ ਜਾਂ ਗੈਰ-ਕਾਨੂੰਨੀ ਨਹੀਂ ਕਰ ਰਿਹਾ ਸੀ। ਦਰਅਸਲ, ਇਨ੍ਹਾਂ 'ਕਾਨੂੰਨ ਦੇ ਰਾਖਿਆਂ' ਨੂੰ ਇਹ ਦੱਸਣ ਦੀ ਜ਼ਰੂਰਤ ਹੈ ਕਿ ਉਹ ਕਿਸ ਕਾਨੂੰਨ ਤਹਿਤ ਸਾਨੂੰ ਫਾਤਿਹਾ ਭੇਟ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕਰ ਰਹੇ ਸਨ।

ਮੁੱਖ ਮੰਤਰੀ ਹੀ ਨਹੀਂ, ਜੰਮੂ-ਕਸ਼ਮੀਰ ਦੀ ਮੰਤਰੀ ਸਕੀਨਾ ਇਟੂ ਵੀ ਸਕੂਟਰ 'ਤੇ ਕਬਰਿਸਤਾਨ ਪਹੁੰਚੀ। ਸ੍ਰੀਨਗਰ ਜ਼ਿਲ੍ਹਾ ਪ੍ਰਸ਼ਾਸਨ ਨੇ ਸਨਿੱਚਰਵਾਰ ਸਿਆਸੀ ਪਾਰਟੀਆਂ ਨੂੰ ਸ਼ਹੀਦੀ ਦਿਵਸ 'ਤੇ ਸ਼ਹੀਦਾਂ ਦੇ ਇਤਿਹਾਸਕ ਕਬਰਿਸਤਾਨ ਵਿੱਚ ਜਾਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਐਤਵਾਰ ਨੂੰ ਵਾਦੀ ਦੇ ਆਗੂਆਂ ਨੂੰ ਘਰਾਂ 'ਚ ਨਜ਼ਰਬੰਦ ਕਰ ਦਿੱਤਾ ਗਿਆ ਸੀ। ਸ਼ਹੀਦੀ ਦਿਵਸ 13 ਜੁਲਾਈ 1931 ਨੂੰ ਡੋਗਰਾ ਫੌਜਾਂ ਵੱਲੋਂ ਲੋਕਾਂ ਦੇ ਤਾਨਾਸ਼ਾਹੀ ਸ਼ਾਸਨ ਵਿਰੁੱਧ ਇੱਕ ਵਿਰੋਧ ਪ੍ਰਦਰਸ਼ਨ ਦੌਰਾਨ ਗੋਲੀਆਂ ਚਲਾ ਕੇ 22 ਨਾਗਰਿਕਾਂ ਦੀ ਹੱਤਿਆ ਕਰ ਦਿੱਤੇ ਜਾਣ ਦੀ ਯਾਦ ਦਿਵਾਉਂਦਾ ਹੈ।

# ਮੋਟਾਪੇ ਖਿਲਾਫ ਲੜਾਈ ਦੇ ਦਿਸ਼ਾ-ਨਿਰਦੇਸ਼ ਜਾਰੀ

**ਨਵੀਂ ਦਿੱਲੀ** : ਕੇਂਦਰੀ ਸਿਹਤ ਮੰਤਰਾਲੇ ਨੇ ਸਾਰੇ ਮੰਤਰਾਲਿਆਂ, ਵਿਭਾਗਾਂ ਅਤੇ ਖੁਦਮੁਖਤਿਆਰ ਸੰਸਥਾਵਾਂ ਨੂੰ ਅਜਿਹੇ ਬੋਰਡ ਲਗਾਉਣ ਦੀ ਅਪੀਲ ਕੀਤੀ ਹੈ, ਜਿਨ੍ਹਾਂ ਵਿੱਚ ਭਾਰਤੀ ਸਨੈਕਸ, ਜਿਵੇਂ ਕਿ ਸਮੋਸਾ, ਕਚੌਰੀ, ਫਰੈਂਚ ਫਰਾਈਜ਼ ਅਤੇ ਵਡਾਪਾਓ ਵਿੱਚ ਖੰਡ ਅਤੇ ਤੇਲ ਦੀ ਮਾਤਰਾ ਦਰਸਾਈ ਗਈ ਹੋਵੇ। ਮੰਤਰਾਲੇ ਅਨੁਸਾਰ ਇਸ ਕਦਮ ਦਾ ਉਦੇਸ਼ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਤ ਕਰਨਾ ਅਤੇ ਮੋਟਾਪੇ ਅਤੇ ਗੈਰ-ਸੰਚਾਰੀ ਬਿਮਾਰੀਆਂ ਨਾਲ ਲੜਨਾ ਹੈ।

ਮੰਤਰਾਲੇ ਨੇ ਸਾਰੇ ਸਰਕਾਰੀ ਸਟੇਸ਼ਨਰੀ, ਜਿਵੇਂ ਕਿ ਲੈਟਰਹੈੱਡ, ਲਿਫਾਫੇ, ਨੋਟਪੈਡ, ਫੋਲਡਰ ਆਦਿ ਅਤੇ ਪ੍ਰਕਾਸ਼ਨਾਂ 'ਤੇ ਸਿਹਤ ਬਾਰੇ ਸੰਦੇਸ਼ ਛਾਪਣ ਲਈ ਵੀ ਕਿਹਾ ਹੈ, ਤਾਂ ਜੋ ਮੋਟਾਪੇ ਨਾਲ ਲੜਨ ਲਈ ਰੋਜ਼ਾਨਾ ਯਾਦ ਦਿਵਾਈ ਜਾ ਸਕੇ। ਕੇਂਦਰੀ ਸਿਹਤ ਸਕੱਤਰ ਪੁਨਿਆ ਸਲੀਲਾ ਸ੍ਰੀਵਾਸਤਵ ਨੇ ਰਾਜਾਂ ਨੂੰ ਜਾਰੀ ਪੱਤਰ ਵਿੱਚ ਕਿਹਾ ਹੈ ਕਿ ਭਾਰਤ ਵਿੱਚ ਬਾਲਗਾਂ ਅਤੇ ਬੱਚਿਆਂ ਦੋਵਾਂ ਦੇ ਮੋਟਾਪੇ 'ਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਇੱਕ ਰਿਪੋਰਟ ਅਨੁਸਾਰ ਸ਼ਹਿਰੀ ਖੇਤਰਾਂ ਵਿੱਚ ਪੰਜ ਵਿੱਚੋਂ ਇੱਕ ਤੋਂ ਵੱਧ ਬਾਲਗ ਜ਼ਿਆਦਾ ਭਾਰ ਜਾਂ ਮੋਟਾਪੇ ਦੇ ਸ਼ਿਕਾਰ ਹਨ। ਲੈਂਸੇਟ ਜੀ ਬੀ ਡੀ 2021 ਮੋਟਾਪਾ ਪੂਰਵ ਅਨੁਮਾਨ ਅਧਿਐਨ ਅਨੁਸਾਰ ਭਾਰਤ ਵਿੱਚ ਜ਼ਿਆਦਾ ਭਾਰ ਵਾਲੇ ਅਤੇ ਮੋਟਾਪੇ ਵਾਲੇ ਬਾਲਗਾਂ ਦੀ ਗਿਣਤੀ 2021 ਵਿੱਚ 18 ਕਰੋੜ ਸੀ, ਜੋ ਕਿ 2050 ਤ ੱ ਕ • ਬਾਕੀ ਸਫਾ 2 'ਤੇ

# ਪ੍ਰਗਟਾਵੇ ਦੀ ਆਜ਼ਾਦੀ ਦੀ ਕੀਮਤ ਜਾਣੋ : ਸੁਪਰੀਮ ਕੋਰਟ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸੋਮਵਾਰ ਕਿਹਾ ਕਿ ਨਾਗਰਿਕਾਂ ਨੂੰ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੇ ਮੁੱਲ ਨੂੰ ਜਾਨਣਾ ਚਾਹੀਦਾ ਹੈ ਅਤੇ ਸਵੈ-ਜ਼ਾਬਤੇ ਦੀ ਪਾਲਣਾ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਅਦਾਲਤ ਨੇ ਸੋਸ਼ਲ ਮੀਡੀਆ 'ਤੇ ਅਪਮਾਨਜਨਕ ਪੋਸਟਾਂ ਨੂੰ ਨਿਯਮਤ ਕਰਨ ਲਈ ਦਿਸ਼ਾ-ਨਿਰਦੇਸ਼ਾਂ 'ਤੇ ਵਿਚਾਰ ਕੀਤਾ ਹੈ। ਜਸਟਿਸ ਬੀ ਵੀ ਨਾਗਰਤਨਾ ਅਤੇ ਜਸਟਿਸ ਕੇ ਵੀ ਵਿਸ਼ਵਨਾਥਨ ਦੀ ਬੈਂਚ ਇੱਕ ਹਿੰਦੂ ਦੇਵਤਾ ਵਿਰੁੱਧ ਐਕਸ 'ਤੇ ਇਤਰਾਜ਼ਯੋਗ ਪੋਸਟਾਂ ਪਾਉਣ ਕਾਰਨ ਕੇਸਾਂ ਦਾ ਸਾਹਮਣਾ ਕਰ ਰਹੇ ਵਜ਼ਾਹਤ ਖਾਨ ਨਾਮੀ ਵਿਅਕਤੀ ਦੀ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ। ਉਸ ਖਿਲਾਫ ਪੱਛਮੀ ਬੰਗਾਲ ਸਮੇਤ ਕਈ ਸੂਬਿਆਂ ਵਿੱਚ ਐੱਫ ਆਈ ਆਰਜ਼ ਦਰਜ ਕੀਤੀਆਂ ਗਈਆਂ ਹਨ। ਬੈਂਚ ਨੇ ਉਸ ਨੂੰ 23 ਜੂਨ ਨੂੰ 14 ਜੁਲਾਈ ਤੱਕ ਸਖਤ ਕਾਰਵਾਈ ਤੋਂ ਅੰਤਰਿਮ ਸੁਰੱਖਿਆ ਦਿੱਤੀ ਸੀ। ਖਾਨ ਨੇ ਇੱਕ ਹੋਰ ਸੋਸ਼ਲ ਮੀਡੀਆ ਇਨਫਲਿਊਂਸਰ ਸਰਮਿਸ਼ਠਾ ਪਨੋਲੀ ਖਿਲਾਫ ਵੀ ਇੱਕ ਵੀਡੀਓ 'ਚ ਕਥਿਤ ਤੌਰ 'ਤੇ ਫਿਰਕੂ ਟਿੱਪਣੀਆਂ ਕਰਨ ਲਈ ਸ਼ਿਕਾਇਤ ਦਰਜ ਕਰਵਾਈ ਸੀ। ਉਸ ਦੇ ਵਕੀਲ ਨੇ ਅਦਾਲਤ ਵਿੱਚ ਮੰਨਿਆ ਕਿ ਅਜਿਹੀਆਂ ਪੋਸਟਾਂ ਦੇ ਜਵਾਬ 'ਚ ਅਪਮਾਨਜਨਕ ਟਿੱਪਣੀਆਂ ਨਹੀਂ ਕੀਤੀਆਂ ਜਾਣੀਆਂ ਚਾਹੀਦੀਆਂ। ਜਸਟਿਸ ਨਾਗਰਤਨਾ ਨੇ ਕਿਹਾ, "ਨਾਗਰਿਕਾਂ ਨੂੰ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੇ ਬੁਨਿਆਦੀ ਅਧਿਕਾਰ ਦੀ ਕੀਮਤ ਜਾਣਨੀ ਚਾਹੀਦੀ ਹੈ। ਸਟੇਟ/ਰਿਆਸਤ ਉਲੰਘਣਾ ਦੇ ਮਾਮਲੇ ਵਿੱਚ ਕਾਰਵਾਈ ਕਰ ਸਕਦੀ ਹੈ, ਪਰ ਕੋਈ ਵੀ ਨਹੀਂ ਚਾਹੁੰਦਾ ਕਿ ਰਾਜ ਦਖਲ ਦੇਵੇ।" ਉਨ੍ਹਾ ਅੱਗੇ ਕਿਹਾ, "ਸੋਸ਼ਲ ਮੀਡੀਆ 'ਤੇ ਇਸ ਸਾਰੇ ਫੁੱਟਪਾਊ ਵਾਲੇ ਰੁਝਾਨ ਨੂੰ ਰੋਕਿਆ ਜਾਣਾ ਚਾਹੀਦਾ ਹੈ।" ਬੈਂਚ ਨੇ ਸਪੱਸ਼ਟ ਕੀਤਾ ਕਿ ਇਸ ਦਾ ਮਤਲਬ ਸੈਂਸਰਸ਼ਿਪ ਨਹੀਂ ਹੈ। ਇਸ ਦੌਰਾਨ, ਬੈਂਚ ਨੇ ਮਾਮਲੇ ਦੀ ਅਗਲੀ ਸੁਣਵਾਈ ਤੱਕ ਖਾਨ ਦੀ ਗ੍ਰਿਫਤਾਰੀ ਤੋਂ ਅੰਤਰਮ ਸੁਰੱਖਿਆ ਵਧਾ ਦਿੱਤੀ ਅਤੇ ਵਕੀਲ ਨੂੰ ਨਾਗਰਿਕਾਂ ਦੀ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੇ ਸਵੈ-ਜ਼ਾਬਤੇ ਦੇ ਵੱਡੇ ਮੁੱਦੇ ਨਾਲ ਨਜਿੱਠਣ 'ਚ ਸਹਾਇਤਾ ਕਰਨ ਲਈ ਕਿਹਾ।

## ਦੋ ਨਵੇਂ ਰਾਜਪਾਲ ਤੇ ਇੱਕ ਉਪ ਰਾਜਪਾਲ ਬਣਾਏ



ਕਵਿੰਦਰ ਗੁਪਤਾ

**ਚੰਡੀਗੜ੍ਹ** : ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸੋਮਵਾਰ ਪ੍ਰੋ. ਅਸੀਮ ਕੁਮਾਰ ਘੋਸ਼ ਨੂੰ ਹਰਿਆਣਾ ਦਾ ਨਵਾਂ ਰਾਜਪਾਲ ਨਿਯੁਕਤ ਕੀਤਾ। ਉਹ ਬੰਡਾਰੂ ਦੱਤਾਤ੍ਰੇਅ ਦੀ ਥਾਂ ਲੈਣਗੇ। ਪੁਸ਼ਪਤੀ ਅਸ਼ੋਕ ਗਜਪਤੀ ਰਾਜੂ ਨੂੰ ਗੋਆ ਦਾ ਨਵਾਂ ਰਾਜਪਾਲ ਅਤੇ ਲੱਦਾਖ ਦੇ ਉਪ ਰਾਜਪਾਲ ਬ੍ਰਿਗੇਡੀਅਰ ਡਾ. ਬੀ ਡੀ ਮਿਸ਼ਰਾ ਦਾ ਅਸਤੀਫਾ ਮਨਜ਼ੂਰ ਕਰਕੇ ਕਵਿੰਦਰ ਗੁਪਤਾ ਨੂੰ ਨਵਾਂ ਉਪ ਰਾਜਪਾਲ ਨਿਯੁਕਤ ਕੀਤਾ ਹੈ।ਰਾਜੂ ਸਾਬਕਾ ਕੇਂਦਰੀ ਹਵਾਬਾਜ਼ੀ ਮੰਤਰੀ ਹਨ। ਗੁਪਤਾ ਜੰਮੂ-ਕਸ਼ਮੀਰ ਦੇ ਉਪ ਮੁੱਖ ਮੰਤਰੀ ਰਹਿ ਚੁੱਕੇ ਹਨ।

# ਯਮਨ 'ਚ ਭਾਰਤੀ ਨਰਸ ਨੂੰ ਫਾਂਸੀ ਤੋਂ ਬਚਾਉਣ ਲਈ ਸ਼ੇਖਾਂ ਨਾਲ ਸੰਪਰਕ

**ਨਵੀਂ ਦਿੱਲੀ** : ਕੇਂਦਰ ਨੇ ਸੋਮਵਾਰ ਸੁਪਰੀਮ ਕੋਰਟ ਨੂੰ ਸੂਚਿਤ ਕੀਤਾ ਕਿ ਉਹ ਉਸ ਭਾਰਤੀ ਨਰਸ ਨੂੰ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਿਹਾ ਹੈ, ਜਿਸ ਨੂੰ ਯਮਨ ਵਿੱਚ ਕਤਲ ਦੇ ਦੋਸ਼ 'ਚ 16 ਜੁਲਾਈ ਨੂੰ ਫਾਂਸੀ ਦਿੱਤੀ ਜਾਣੀ ਹੈ, ਪਰ ਕੇਂਦਰ ਨੇ ਕਿਹਾ, ਯਮਨ ਦੀ ਸਥਿਤੀ ਨੂੰ ਦੇਖਦੇ ਹੋਏ ਜ਼ਿਆਦਾ ਕੁਝ ਨਹੀਂ ਕੀਤਾ ਜਾ ਸਕਦਾ। ਅਟਾਰਨੀ ਜਨਰਲ ਆਰ ਵੈਂਕਟਾਰਮਣੀ ਨੇ ਜਸਟਿਸ ਵਿਕਰਮ ਨਾਥ ਅਤੇ ਜਸਟਿਸ ਸੰਦੀਪ ਮਹਿਤਾ ਦੀ ਬੈਂਚ ਨੂੰ ਦੱਸਿਆ, "ਭਾਰਤ ਸਰਕਾਰ ਇੱਕ ਹੱਦ ਤੱਕ ਜਾ ਸਕਦੀ ਹੈ ਅਤੇ ਅਸੀਂ ਉਸ ਹੱਦ ਤੱਕ ਪਹੁੰਚ ਗਏ ਹਾਂ।" ਉਨ੍ਹਾ ਨੇ ਯਮਨ ਵਿੱਚ ਹੂਤੀਆਂ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ ਉਨ੍ਹਾਂ ਨੂੰ ਕੂਟਨੀਤਕ ਤੌਰ 'ਤੇ ਵੀ ਮਾਨਤਾ ਨਹੀਂ ਹੈ। ਵੈਂਕਟਾਰਮਣੀ ਨੇ ਕਿਹਾ ਕਿ ਸਰਕਾਰ ਨੇ ਹਾਲ ਹੀ ਵਿੱਚ ਸੰਬੰਧਤ ਖੇਤਰ ਦੇ ਪਬਲਿਕ ਪ੍ਰੌਸੀਕਿਊਟਰ ਨੂੰ ਲਿਖਿਆ ਸੀ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਕੀ ਫਾਂਸੀ ਨੂੰ ਅਸਥਾਈ ਤੌਰ 'ਤੇ ਮੁਅੱਤਲ ਕੀਤਾ ਜਾ ਸਕਦਾ ਹੈ। ਕੁਝ ਸ਼ੇਖਾਂ ਨਾਲ ਵੀ ਗੱਲਬਾਤ ਕੀਤੀ ਹੈ ਜੋ ਉੱਥੇ ਬਹੁਤ ਪ੍ਰਭਾਵਸ਼ਾਲੀ ਲੋਕ ਹਨ। ਕੇਰਲਾ ਦੇ ਪਲੱਕੜ ਜ਼ਿਲ੍ਹੇ ਦੀ ਨਰਸ ਪ੍ਰਿਆ ਨੂੰ 2017 ਵਿੱਚ ਆਪਣੇ ਯਮਨੀ ਵਪਾਰਕ ਭਾਈਵਾਲ ਦੇ ਕਤਲ ਦਾ ਦੋਸ਼ੀ ਠਹਿਰਾਇਆ ਗਿਆ ਸੀ। ਉਸ ਨੂੰ 2020 'ਚ ਮੌਤ ਦੀ ਸਜ਼ਾ ਸੁਣਾਈ ਗਈ ਸੀ ਅਤੇ ਉਸ ਦੀ ਅੰਤਮ ਅਪੀਲ ਨੂੰ 2023 'ਚ ਖਾਰਜ ਕਰ ਦਿੱਤਾ ਗਿਆ ਸੀ। ਉਹ ਇਸ ਵੇਲੇ ਯਮਨ ਦੀ ਰਾਜਧਾਨੀ ਸਨਾ ਦੀ ਜੇਲ੍ਹ ਵਿੱਚ ਬੰਦ ਹੈ।

## ਅੱਜ-ਨਾਮਾ

ਵਕਤ ਵਾਚਣ ਤੋਂ ਬੰਦਾ ਜਦ ਖੁੰਝ ਜਾਂਦਾ,
ਰਹਿੰਦੇ ਕਾਰਜ ਲਈ ਲੱਗਦੀ ਦੌੜ ਬੇਲੀ।
ਵਿੱਚ-ਵਿਚਾਲੇ ਜੇ ਪੁੱਛ ਲਏ ਬਾਤ ਕੋਈ,
ਪੈਂਦਾ ਏ ਉਹਨੂੰ ਵੀ ਚੁੱਕ ਕੇ ਪੌੜ ਬੇਲੀ।
ਕਾਹਲੀ ਅੱਗੇ ਫਿਰ ਟੋਏ ਵੀ ਬਹੁਤ ਹੁੰਦੇ,
ਮੁੜ-ਮੁੜ ਕਰੀ ਜਾਵਣ ਕੰਮ ਚੌੜ ਬੇਲੀ।
ਹਰ ਇੱਕ ਗੱਲ ਦੇ ਵਿੱਚ ਨਹੀਂ ਵੱਸ ਚੱਲੇ,
ਫਿਰ ਤਾਂ ਚੜ੍ਹੀ ਜਾਂਦੀ ਬਾਹਲੀ ਕੌੜ ਬੇਲੀ।
ਏਹੀ ਚੰਗਾ ਕਿ ਵੇਖ ਲਏ ਟਾਈਮ ਟੇਬਲ,
ਬਣਾਵੇ ਕੰਮਾਂ ਲਈ ਬੰਦਾ ਤਰਤੀਬ ਬੇਲੀ।
ਪਰ ਇਸ ਕੰਮ ਲਈ ਚਾਹੀਦੀ ਸੋਚ ਚੋਖੀ,
ਹੁੰਦੀ ਇਹ ਸੋਚ ਹੈ ਬਹੁਤ ਅਜੀਬ ਬੇਲੀ।

-ਤੀਸ ਮਾਰ ਖਾਂ

# ਏਅਰ ਇੰਡੀਆ ਮੁਖੀ ਵੱਲੋਂ ਹਾਦਸਾਗ੍ਰਸਤ ਜਹਾਜ਼ ਦਾ ਰੱਖ-ਰਖਾਅ ਸਹੀ ਹੋਣ ਦਾ ਦਾਅਵਾ

**ਨਵੀਂ ਦਿੱਲੀ** : ਏਅਰ ਇੰਡੀਆ ਦੇ ਸੀ ਈ ਓ ਅਤੇ ਐੱਮ ਡੀ ਕੈਂਪਬੈੱਲ ਵਿਲਸਨ ਨੇ ਸੋਮਵਾਰ ਕਿਹਾ ਕਿ ਪਿਛਲੇ ਮਹੀਨੇ ਅਹਿਮਦਾਬਾਦ ਜਹਾਜ਼ ਹਾਦਸੇ ਬਾਰੇ ਏਅਰਕ੍ਰਾਫਟ ਐਕਸੀਡੈਂਟ ਇਨਵੈਸਟੀਗੇਸ਼ਨ ਬਿਊਰੋ (ਏ ਏ ਆਈ ਬੀ) ਦੀ ਮੁੱਢਲੀ ਰਿਪੋਰਟ ਵਿੱਚ ਜਹਾਜ਼ ਜਾਂ ਇੰਜਣਾਂ ਵਿੱਚ ਕੋਈ ਮਕੈਨੀਕਲ ਜਾਂ ਰੱਖ-ਰਖਾਅ ਦੀਆਂ ਸਮੱਸਿਆਵਾਂ ਨਹੀਂ ਮਿਲੀਆਂ ਅਤੇ ਸਾਰੇ ਲਾਜ਼ਮੀ ਰੱਖ-ਰਖਾਅ ਕਾਰਜ ਪੂਰੇ ਹੋ ਚੁੱਕੇ ਸਨ।

ਉਨ੍ਹਾ ਏਅਰ ਇੰਡੀਆ ਦੇ ਕਰਮਚਾਰੀਆਂ ਨੂੰ ਭੇਜੇ ਇੱਕ ਸੰਦੇਸ਼ ਵਿੱਚ ਕਿਹਾ, 'ਈਂਧਣ ਦੀ ਗੁਣਵੱਤਾ 'ਚ ਕੋਈ ਸਮੱਸਿਆ ਨਹੀਂ ਸੀ ਅਤੇ ਟੇਕ-ਆਫ ਦੌਰਾਨ ਕੁਝ ਵੀ ਵਿਲੱਖਣ ਨਹੀਂ ਸੀ। ਪਾਇਲਟਾਂ ਨੇ ਆਪਣਾ ਲਾਜ਼ਮੀ ਪ੍ਰੀ-ਫਲਾਈਟ ਬ੍ਰੀਥਲਾਈਜ਼ਰ ਟੈਸਟ ਪਾਸ ਕਰ ਲਿਆ ਸੀ ਅਤੇ ਉਨ੍ਹਾਂ ਦੀ ਮੈਡੀਕਲ ਸਥਿਤੀ ਬਾਰੇ ਕੋਈ ਟਿੱਪਣੀ ਸਾਹਮਣੇ ਨਹੀਂ ਆਈ।'

12 ਜੂਨ ਨੂੰ ਹਾਦਸੇ ਵਿੱਚ 260 ਲੋਕਾਂ ਦੀ ਮੌਤ ਹੋ ਗਈ ਸੀ ਅਤੇ ਏ ਏ ਆਈ ਬੀ ਨੇ ਸਨਿੱਚਰਵਾਰ ਏਅਰ ਇੰਡੀਆ ਦੇ ਬੋਇੰਗ 787-8 ਜਹਾਜ਼ ਦੇ ਹਾਦਸੇ ਬਾਰੇ ਆਪਣੀ ਮੁੱਢਲੀ ਰਿਪੋਰਟ ਜਾਰੀ ਕੀਤੀ ਸੀ। ਵਿਲਸਨ ਨੇ ਸਭ ਨੂੰ ਪਹਿਲਾਂ ਤੋਂ ਸਿੱਟੇ ਕੱਢਣ ਤੋਂ ਬਚਣ ਦੀ ਅਪੀਲ ਕੀਤੀ, ਕਿਉਂਕਿ ਜਾਂਚ ਅਜੇ ਪੂਰੀ ਨਹੀਂ ਹੋਈ। ਉਨ੍ਹਾ ਕਿਹਾ, 'ਅਸੀਂ ਜਾਂਚਕਰਤਾਵਾਂ ਨਾਲ ਸਹਿਯੋਗ ਕਰਨਾ ਜਾਰੀ ਰੱਖਾਂਗੇ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਨ੍ਹਾਂ ਕੋਲ ਇੱਕ ਪੂਰੀ ਅਤੇ ਵਿਆਪਕ ਜਾਂਚ ਕਰਨ ਲਈ ਲੋੜੀਂਦੀ ਹਰ ਚੀਜ਼ ਮੌਜੂਦ ਹੈ। ਇਸ ਤੋਂ ਇਲਾਵਾ ਵਿਲਸਨ ਨੇ ਕਿਹਾ ਕਿ ਪੂਰੀ ਸਾਵਧਾਨੀ ਵਜੋਂ ਅਤੇ ਰੈਗੂਲੇਟਰ ਡੀ ਜੀ ਸੀ ਏ ਦੀ ਨਿਗਰਾਨੀ ਹੇਠ ਫਲੀਟ ਵਿੱਚ ਸੰਚਾਲਤ ਹਰੇਕ ਬੋਇੰਗ 787 ਜਹਾਜ਼ ਦੀ ਦੁਰਘਟਨਾ ਦੇ ਕੁਝ ਦਿਨਾਂ ਦੇ ਅੰਦਰ ਜਾਂਚ ਕੀਤੀ ਗਈ ਸੀ ਅਤੇ ਸਾਰੇ ਸੇਵਾ ਲਈ ਠੀਕ ਪਾਏ ਗਏ ਸਨ।

ਉਧਰ, ਸੂਤਰਾਂ ਨੇ ਐਤਵਾਰ ਦੱਸਿਆ ਕਿ ਏਅਰ ਇੰਡੀਆ ਨੇ 2019 ਵਿੱਚ ਬੋਇੰਗ ਦੇ ਨਿਰਦੇਸ਼ਾਂ ਤੋਂ ਬਾਅਦ ਪਿਛਲੇ ਛੇ ਸਾਲਾਂ ਵਿੱਚ ਦੋ ਵਾਰ ਬੋਇੰਗ 787-8 ਜਹਾਜ਼ ਦੇ ਥ੍ਰੋਟਲ ਕੰਟਰੋਲ ਮਡਿਊਲ (ਟੀ ਸੀ ਐੱਮ) ਨੂੰ ਬਦਲਿਆ ਹੈ। ਟੀ ਸੀ ਐੱਮ ਵਿੱਚ ਈਂਧਣ ਨਿਯੰਤਰਣ ਸਵਿੱਚ ਸ਼ਾਮਲ ਹਨ।

ਏ ਏ ਆਈ ਬੀ ਦੀ ਸ਼ੁਰੂਆਤੀ ਜਾਂਚ ਰਿਪੋਰਟ ਵਿੱਚ 2019 ਅਤੇ 2023 ਵਿੱਚ ਟੀ ਸੀ ਐੱਮ ਨੂੰ ਦੋ ਵਾਰ ਬਦਲਣ ਦਾ ਜ਼ਿਕਰ ਕੀਤਾ ਗਿਆ ਸੀ। ਇਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਟੀ ਸੀ ਐੱਮ ਬਦਲਣਾ ਈਂਧਣ ਨਿਯੰਤਰਣ ਸਵਿੱਚਾਂ ਨਾਲ ਜੁੜਿਆ ਨਹੀਂ ਸੀ। ਇੱਕ ਸੂਤਰ ਨੇ ਦੱਸਿਆ ਕਿ 2019 ਵਿੱਚ ਡਰੀਮਲਾਈਨਰਾਂ ਦੇ ਸਾਰੇ ਅਪਰੇਟਰਾਂ ਲਈ ਬੋਇੰਗ ਵੱਲੋਂ ਇੱਕ ਸੋਧਿਆ ਹੋਇਆ ਰੱਖ-ਰਖਾਅ ਯੋਜਨਾ ਦਸਤਾਵੇਜ਼ (ਐੱਮ ਪੀ ਡੀ) ਜਾਰੀ ਕੀਤਾ ਗਿਆ ਸੀ। ਅਪਰੇਟਰਾਂ ਨੂੰ ਹਰ 24,000 ਉਡਾਣ ਘੰਟਿਆਂ ਵਿੱਚ, ਜਿਸ ਵਿੱਚ ਈਂਧਣ ਨਿਯੰਤਰਣ ਸਵਿੱਚ ਸ਼ਾਮਲ ਹਨ, ਨੂੰ ਬਦਲਣਾ ਪੈਂਦਾ ਹੈ।

## ਪਾਇਲਟ ਭਾਈਚਾਰਾ ਅਫਵਾਹਾਂ ਤੋਂ ਪਰੇਸ਼ਾਨ

**ਨਵੀਂ ਦਿੱਲੀ** : ਇੰਡੀਅਨ ਕਮਰਸ਼ੀਅਲ ਪਾਇਲਟਸ ਐਸੋਸੀਏਸ਼ਨ ਨੇ ਏਅਰ ਇੰਡੀਆ ਜਹਾਜ਼ ਦੇ ਅਹਿਮਦਾਬਾਦ ਵਿੱਚ 12 ਜੂਨ ਨੂੰ ਹੋਏ ਦੁਖਦਾਈ ਹਾਦਸੇ ਦੀ ਮੁੱਢਲੀ ਜਾਂਚ ਰਿਪੋਰਟ ਤੋਂ ਬਾਅਦ ਲਾਪਰਵਾਹ ਅਤੇ ਬੇਬੁਨਿਆਦ ਅਨੁਮਾਨ ਦੀ ਨਿੰਦਾ ਕੀਤੀ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਪਾਇਲਟ ਦੀ ਖੁਦਕੁਸ਼ੀ ਹਾਦਸੇ ਦਾ ਕਾਰਨ ਹੋ ਸਕਦੀ ਹੈ। ਐਸੋਸੀਏਸ਼ਨ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਜਦੋਂ ਤੱਕ ਅਧਿਕਾਰਤ ਜਾਂਚ ਪੂਰੀ ਨਹੀਂ ਹੋ ਜਾਂਦੀ ਅਤੇ ਅੰਤਮ ਰਿਪੋਰਟ ਪ੍ਰਕਾਸ਼ਤ ਨਹੀਂ ਹੋ ਜਾਂਦੀ, ਉਦੋਂ ਤੱਕ ਕੋਈ ਵੀ ਅਟਕਲਾਂ ਅਸਵੀਕਾਰਨਯੋਗ ਹਨ ਅਤੇ ਇਸ ਦੀ ਨਿੰਦਾ ਕੀਤੀ ਜਾਣੀ ਚਾਹੀਦੀ ਹੈ।

ਏਅਰਕ੍ਰਾਫਟ ਐਕਸੀਡੈਂਟ ਇਨਵੈਸਟੀਗੇਸ਼ਨ ਬਿਊਰੋ (ਏ ਏ ਆਈ ਬੀ) ਵੱਲੋਂ ਪੇਸ਼ ਕੀਤੀ ਗਈ ਮੁੱਢਲੀ ਰਿਪੋਰਟ ਅਨੁਸਾਰ ਜਹਾਜ਼ ਦੇ ਹਵਾ ਵਿੱਚ ਉੱਡਣ ਦੇ ਤਿੰਨ ਸਕਿੰਟ ਬਾਅਦ ਫਲਾਈਟ ਦੇ ਈਂਧਣ ਕੰਟਰੋਲ ਸਵਿੱਚ ਕੱਟ-ਆਫ ਸਥਿਤੀ 'ਚ ਬਦਲ ਗਏ ਜਾਂ ਟਰਾਂਜ਼ਿਟ ਹੋ ਗਏ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਦੋਵਾਂ ਇੰਜਣਾਂ ਦੇ ਈਂਧਣ ਕੱਟ-ਆਫ ਸਵਿੱਚ ਇੱਕ ਸਕਿੰਟ ਦੇ ਸਮੇਂ ਦੇ ਅੰਤਰ ਨਾਲ ਇੱਕ ਤੋਂ ਬਾਅਦ ਇੱਕ ਰਨ ਤੋਂ ਕੱਟ-ਆਫ ਸਥਿਤੀ ਵਿੱਚ ਤਬਦੀਲ ਹੋ ਗਏ। ਐਸੋਸੀਏਸ਼ਨ ਨੇ ਬਿਆਨ ਵਿੱਚ ਕਿਹਾ, "ਇੰਡੀਅਨ ਕਮਰਸ਼ੀਅਲ ਪਾਇਲਟਸ ਐਸੋਸੀਏਸ਼ਨ ਜਹਾਜ਼ ਦੇ ਫਲਾਈਟ ਅਮਲੇ ਲਈ ਆਪਣਾ ਅਟੁੱਟ ਸਮਰਥਨ ਪ੍ਰਗਟ ਕਰਦੀ ਹੈ। ਇਸ ਘਟਨਾ ਤੋਂ ਬਾਅਦ ਅਸੀਂ ਮੀਡੀਆ ਦੇ ਕੁਝ ਹਿੱਸਿਆਂ ਅਤੇ ਜਨਤਕ ਚਰਚਾ ਵਿੱਚ ਉੱਭਰ ਰਹੇ ਬਿਰਤਾਂਤਾਂ, ਖਾਸ ਕਰਕੇ ਪਾਇਲਟ ਦੀ ਖੁਦਕੁਸ਼ੀ ਦੇ ਲਾਪਰਵਾਹ ਅਤੇ ਬੇਬੁਨਿਆਦ ਇਲਜ਼ਾਮ ਤੋਂ ਬਹੁਤ ਪਰੇਸ਼ਾਨ ਹਾਂ। ਅਧੂਰੀ ਜਾਂ ਮੁੱਢਲੀ ਜਾਣਕਾਰੀ ਦੇ ਆਧਾਰ 'ਤੇ ਅਜਿਹਾ ਗੰਭੀਰ ਦੋਸ਼ ਲਗਾਉਣਾ ਨਾ ਸਿਰਫ ਗੈਰ-ਜ਼ਿੰਮੇਵਾਰਾਨਾ ਹੈ, ਬਲਕਿ ਸ਼ਾਮਲ ਵਿਅਕਤੀਆਂ ਅਤੇ ਪਰਵਾਰਾਂ ਪ੍ਰਤੀ ਬਹੁਤ ਅਸੰਵੇਦਨਸ਼ੀਲ ਵੀ ਹੈ।" ਐਸੋਸੀਏਸ਼ਨ ਨੇ ਮੀਡੀਆ ਸੰਗਠਨਾਂ ਅਤੇ ਜਨਤਕ ਟਿੱਪਣੀਕਾਰਾਂ ਨੂੰ ਸੰਜਮ, ਹਮਦਰਦੀ ਅਤੇ ਉਚਿੱਤ ਪ੍ਰਕਿਰਿਆ ਦਾ ਸਨਮਾਨ ਕਰਨ ਦੀ ਅਪੀਲ ਵੀ ਕੀਤੀ।

## ਸਰਕਾਰੀ ਤੌਰ 'ਤੇ ਲੱਗ ਰਹੇ ਲੱਖਾਂ ਰੁਪਏ ਦੇ ਪੌਦਿਆਂ ਦੀ ਸਰਕਾਰ ਕਰਾਵੇ ਜਾਂਚ : ਮਨਾਵਾਂ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਸੂਬਾ ਐਗਜ਼ੈਕਟਿਵ ਮੈਂਬਰ ਮੰਦਰਜੀਤ ਸਿੰਘ ਮਨਾਵਾਂ ਨੇ ਕਿਹਾ ਕਿ ਹਰੇਕ ਸਾਲ ਜੂਨ ਜੁਲਾਈ ਦੇ ਮਹੀਨਿਆਂ ਬਰਸਾਤਾਂ ਦੇ ਮੌਸਮ ਦੌਰਾਨ ਪੰਜਾਬ ਵਿੱਚ ਲੱਗ ਰਹੇ ਲੱਖਾਂ ਰੁਪਏ ਦੇ ਸਰਕਾਰੀ ਤੌਰ 'ਤੇ ਪੌਦਿਆਂ ਦੀ ਜਾਂਚ ਹੋਣੀ ਚਾਹੀਦੀ ਹੈ, ਕਿਉਂਕਿ ਵਿਭਾਗ ਹਰੇਕ ਸਾਲ ਲੱਖਾਂ ਰੁਪਏ ਦੇ ਪੌਦੇ ਲਾ ਰਿਹਾ ਹੈ ਤੇ ਉਸ ਵਿੱਚੋਂ ਜੇ 50% ਪੌਦੇ ਵੀ ਜ਼ਿੰਦਾ ਬਚ ਕੇ ਚੱਲ ਪੈਂਦੇ ਤਾਂ ਅੱਜ ਪੰਜਾਬ ਦੀ ਸਥਿਤੀ ਇਹ ਹੋਣੀ ਸੀ ਕਿ ਪੰਜਾਬ 'ਚ ਦਰੱਖਤ ਹੀ ਦਰੱਖਤ ਨਜ਼ਰ ਆਉਣੇ ਸੀ, ਕਿਉਂਕਿ ਪੰਜਾਬ ਦੀ ਲੈਂਡ ਦਿਨੋਂ ਦਿਨ ਘੱਟ ਰਹੀ ਹੈ, ਪਰ ਜੋ ਸਰਕਾਰੀ ਤੌਰ 'ਤੇ ਪੌਦੇ ਲਾਏ ਜਾ ਰਹੇ ਹਨ, ਉਹ ਕਿਤੇ ਵੀ ਨਜ਼ਰ ਨਹੀਂ ਆ ਰਹੇ, ਇਸ ਲਈ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਦੀ ਉੱਚ ਪਧਰੀ ਜਾਂਚ ਕਰਵਾਈ ਜਾਵੇ ਕਿ ਵਿਭਾਗ ਹਰ ਸਾਲ ਕਿੰਨੇ ਪੌਦੇ ਜਾਂ ਦਰੱਖਤ ਲਾਉਂਦਾ ਹੈ ਤੇ ਉਸ ਵਿੱਚੋਂ ਕਿੰਨੇ ਪਲ ਰਹੇ ਹਨ ਜਾਂ ਪੂਰਨ ਰੂਪ ਵਿੱਚ ਤੰਦਰੁਸਤ ਚਲ ਪਏ ਹਨ। ਇਸ ਸਮੇਂ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ, ਜ਼ਿਲ੍ਹਾ ਮੀਤ ਪ੍ਰਧਾਨ ਪ੍ਰੇਮ ਲਾਲ ਪੁਰੀ, ਜ਼ਿਲ੍ਹਾ ਮੀਡੀਆ ਸਕੱਤਰ ਬਲਕਰਨ ਸਿੰਘ ਢਿੱਲੋਂ ਹਾਜ਼ਰ ਸਨ।

## ਅਕਾਲੀ ਦਲ ਦੀ ਪੁਨਰ-ਸੁਰਜੀਤੀ ਲਹਿਰ ਨੂੰ ਮਿਲਿਆ ਹੁਲਾਰਾ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਲਈ ਗਠਿਤ ਕੀਤੀ ਗਈ ਪੰਜ ਮੈਂਬਰੀ ਭਰਤੀ ਕਮੇਟੀ ਨੂੰ ਪਾਰਟੀ ਦੇ ਇੱਕ ਧੜੇ ਵੱਲੋਂ ਮੰਨਣ ਤੋਂ ਇਨਕਾਰੀ ਹੋਣ ਮਗਰੋਂ ਅਕਾਲੀ ਦਲ ਵਿੱਚ ਫੁੱਟ ਵਧ ਗਈ ਹੈ।ਇਸ ਦੌਰਾਨ ਹਲਕਾ ਸ਼ੁਤਰਾਣਾ ਦੀ ਸਾਬਕਾ ਵਿਧਾਇਕਾ ਬੀਬੀ ਵਨਿੰਦਰ ਕੌਰ ਲੂੰਬਾ ਦਾ ਪਰਵਾਰ ਪਾਰਟੀ ਤੋਂ ਵੱਖ ਹੋ ਕੇ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤੀ ਦੀ ਲਹਿਰ ਦਾ ਹਿੱਸਾ ਬਣ ਕੇ ਹਲਕਾ ਸ਼ੁਤਰਾਣਾ ਦੀ ਰਾਜਨੀਤੀ ਦੇ ਮੈਦਾਨ ਵਿੱਚ ਕੁੱਦ ਪਿਆ ਹੈ। ਸਾਬਕਾ ਵਿਧਾਇਕਾ ਬੀਬੀ ਲੂੰਬਾ ਦੇ ਪਤੀ ਕਰਨ ਸਿੰਘ ਡੀਟੀਓ ਇੱਕ ਵੱਡੇ ਕਾਫਲੇ ਰਾਹੀਂ ਖੁੱਲ੍ਹੀ ਗੱਡੀ ਵਿੱਚ ਸਵਾਰ ਹੋ ਕੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਪਹੁੰਚ ਕੇ ਨਤਮਸਤਕ ਹੋਏ।ਸੰਗਤਾਂ ਦੀ ਹਾਜ਼ਰੀ 'ਚ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਕੰਮ ਕਰਨ ਦਾ ਅਹਿਦ ਦਰਹਾਉਂਦਿਆਂ ਹਲਕੇ ਦੀ ਸਿਆਸਤ ਵਿੱਚ ਕੁੱਦਣ ਦਾ ਰਸਮੀ ਐਲਾਨ ਕਰ ਦਿੱਤਾ।ਇਸ ਦੌਰਾਨ ਅਕਾਲੀ ਦਲ ਦੇ ਇੱਕ ਵੱਡੇ ਧੜੇ ਨਾਲ ਸੰਬੰਧਿਤ ਵਰਕਰਾਂ ਨੇ ਜੈਕਾਰਿਆਂ ਦੀ ਗੂੰਜ ਵਿੱਚ ਕਰਨ ਸਿੰਘ ਡੀਟੀਓ ਦਾ ਸਾਥ ਦੇਣ ਦਾ ਭਰੋਸਾ ਪ੍ਰਗਟ ਕੀਤਾ।ਕਰਨ ਸਿੰਘ ਡੀਟੀਓ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਕਿਸੇ ਇੱਕ ਵਿਅਕਤੀ ਦੀ ਜਾਇਦਾਦ ਨਹੀਂ ਹੈ ਤੇ ਨਾ ਹੀ ਸ਼੍ਰੋਮਣੀ ਅਕਾਲੀ ਦਲ ਇੱਕ ਪਾਰਟੀ ਹੈ, ਸਗੋਂ ਇਸਦੀ ਬੁਨਿਆਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਉੱਤੇ ਰੱਖੀ ਗਈ ਸੀ।ਇਹ ਪੰਜਾਬੀਆਂ ਦੀਆਂ ਰਗਾਂ ਵਿੱਚ ਵਗਦਾ ਹੋਇਆ ਉਹ ਖ਼ੂਨ ਹੈ, ਜਿਹੜਾ ਸਦਾ ਜ਼ੁਲਮ ਦੇ ਖ਼ਿਲਾਫ਼ ਖੌਲਦਾ ਰਿਹਾ ਹੈ।ਜ਼ੁਲਮ ਭਾਵੇਂ ਮੁਗ਼ਲ ਹਾਕਮਾਂ ਨੇ ਕੀਤੇ, ਭਾਵੇਂ ਇੰਦਰਾ ਗਾਂਧੀ ਤੇ ਬੇਅੰਤ ਸਿੰਘ ਨੇ ਕੀਤੇ ਅਕਾਲੀ ਯੋਧੇ ਸਦਾ ਜ਼ੁਲਮ ਦੇ ਖ਼ਿਲਾਫ਼ ਮੈਦਾਨ ਵਿੱਚ ਡਟੇ ਪਰ ਬਦਕਿਸਮਤੀ ਦੀ ਗੱਲ ਹੈ ਕਿ ਸਦਾ ਲੋਕਾਂ ਦੀ ਲੜਾਈ ਲੜਨ ਵਾਲਾ ਸ਼੍ਰੋਮਣੀ ਅਕਾਲੀ ਦਲ ਨਿੱਜੀ ਹੱਥਾਂ ਵਿੱਚ ਸਿਮਟ ਕੇ ਰਹਿ ਗਿਆ।ਉਨ੍ਹਾਂ ਸਹਿਯੋਗ ਦੀ ਮੰਗ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵ ਉੱਚਤਾ ਨੂੰ ਮੰਨਦਿਆਂ ਉਨ੍ਹਾਂ ਦਾ ਪਰਵਾਰ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਹਿਰ ਦਾ ਹਿੱਸਾ ਬਣਿਆ ਹੈ।ਸਾਬਕਾ ਵਿਧਾਇਕਾ ਬੀਬੀ ਵਨਿੰਦਰ ਕੌਰ ਲੂੰਬਾ ਦੇ ਪੰਜ ਸਾਲ ਦੇ ਕਾਰਜਕਾਲ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਪੰਜ ਸਾਲ ਦੇ ਸੀਮਤ ਸਮੇਂ ਵਿੱਚ ਹਲਕਾ ਵਾਸੀਆਂ ਨੇ ਉਨ੍ਹਾਂ ਨੂੰ ਵਿਧਾਇਕ ਬਣਾਇਆ ਸੀ, ਜਿਸ ਦੌਰਾਨ ਬੀਬੀ ਲੂੰਬਾ ਵੱਡੇ ਪੱਧਰ ਉੱਤੇ ਵਿਕਾਸ ਕਾਰਜਾਂ ਦੇ ਨਾਲ ਨਾਲ ਹਲਕੇ ਦੀਆਂ ਪੰਜ ਵੱਡੀਆਂ ਮੰਗਾਂ ਦਾ ਹੱਲ ਕਰਾਉਣ ਵਿੱਚ ਸਫ਼ਲ ਹੋਏ, ਪਰ ਉਨ੍ਹਾਂ ਉੱਤੇ ਭ੍ਰਿਸ਼ਟਾਚਾਰ ਦੀ ਕਦੇ ਕੋਈ ਉਂਗਲ ਨਹੀਂ ਉੱਠ ਸਕੀ।

## ਕਵੀਸ਼ਰ ਮਾਘੀ ਸਿੰਘ ਗਿੱਲ ਦੇ ਜੀਵਨ ਤੇ ਰਚਨਾ 'ਤੇ ਗੋਸ਼ਟੀ ਕਰਵਾਈ

### ਅਜਮੇਰ ਦੀਵਾਨਾ ਦੇ ਨਾਵਲ 'ਹਮ ਐਸੇ ਅਪਰਾਧੀ' ਦੀ ਘੁੰਡ ਚੁਕਾਈ



**ਬਠਿੰਡਾ/ਲਹਿਰਾ ਮੁਹੱਬਤ (ਬਖਤੌਰ ਢਿੱਲੋਂ/ਭੀਮ ਸੈਨ ਹਦਵਾਰੀਆ)**-ਭਾਰਤੀ ਸਾਹਿਤ ਅਕਾਦਮੀ ਦਿੱਲੀ ਵੱਲੋਂ ਪੰਡ ਸਾਹਿਤ ਸਭਾ ਬਾਲਿਆਂਵਾਲੀ ਦੇ ਸਹਿਯੋਗ ਨਾਲ ਕਵੀਸ਼ਰ ਮਾਘੀ ਸਿੰਘ ਗਿੱਲ ਦੇ ਜੀਵਨ ਤੇ ਰਚਨਾ 'ਤੇ ਗੋਸ਼ਟੀ ਕਰਵਾਈ ਗਈ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਡਾ. ਲਾਭ ਸਿੰਘ ਖੀਵਾ ਵੱਲੋਂ ਕੀਤੀ ਗਈ ਅਤੇ ਉਨ੍ਹਾਂ ਨੇ ਵਿਚਾਰ ਦਿੱਤਾ ਕਿ ਲੇਖਕ ਨੂੰ ਉਨ੍ਹਾਂ ਦੀਆਂ ਰਚਨਾਵਾਂ ਦਾ ਮੁੱਲ ਮਿਲਣਾ ਚਾਹੀਦਾ ਤੇ ਕਵੀਸ਼ਰੀ ਨੂੰ ਸੰਗੀਤਬੱਧ ਕੀਤਾ ਜਾਵੇ ਤਾਂ ਜੋ ਇਹ ਵਿਧਾ ਹੋਰ ਪ੍ਰਫੁੱਲਤ ਹੋ ਸਕੇ। ਡਾ. ਗੁਰਵਿੰਦਰ ਕੌਰ ਨੇ ਪੇਪਰ ਪੜ੍ਹਿਆ ਤੇ ਲਛਮਣ ਸਿੰਘ ਮਲੂਕਾ, ਡਾ. ਜਸਵਿੰਦਰ ਸ਼ਰਮਾ, ਕਲਵੰਤ ਜਸਪਾਲ ਮਾਨਖੇੜਾ ਨੇ ਉਨ੍ਹਾਂ ਦੇ ਜੀਵਨ ਤੇ ਰਚਨਾ ਬਾਰੇ ਵਿਸਥਾਰਪੂਰਵਕ ਵਿਚਾਰ ਰੱਖੇ। ਦੂਜੇ ਸੈਸ਼ਨ ਵਿੱਚ ਸਭਾ ਦੇ ਸਰਪ੍ਰਸਤ ਅਜਮੇਰ ਸਿੰਘ ਦੀਵਾਨਾ ਦਾ ਨਾਵਲ 'ਹਮ ਐਸੇ ਅਪਰਾਧੀ' ਦੀ ਘੁੰਡ ਚੁਕਾਈ ਅਤੇ ਵਿਚਾਰ ਚਰਚਾ ਕੀਤੀ ਗਈ ਤੇ ਸ਼ਬਦ ਤ੍ਰਿੰਝਣ ਮੈਗਜ਼ੀਨ ਰਿਲੀਜ਼ ਕੀਤਾ ਗਿਆ। ਜਰਨਲ ਸਕੱਤਰ ਮਾ. ਜਗਨ ਨਾਥ ਨੇ ਜੀ ਆਇਆਂ ਕਹਿੰਦਿਆਂ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਪ੍ਰਧਾਨਗੀ ਮੰਡਲ 'ਚ ਜਗਮੇਲ ਸਿੰਘ ਜਠੌਲ, ਗੁਰਦੇਵ ਖੋਖਰ, ਪ੍ਰਧਾਨ ਸੁਖਦਰਸ਼ਨ ਗਰਗ, ਡਾ. ਜਸਪਾਲ ਜੀਤ, ਜੀਤ ਸਿੰਘ ਚਹਿਲ ਤੇ ਅਜਮੇਰ ਦੀਵਾਨਾ ਸ਼ਾਮਲ ਸਨ। ਗੁਰਦੇਵ ਖੋਖਰ ਨੇ ਆਪਣੇ ਪੇਪਰ ਵਿੱਚ ਨਾਵਲ ਬਾਰੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਇਹ ਨਾਵਲ ਮਨੁੱਖ ਦੇ ਆਦਿ ਤੋਂ ਲੈ ਕੇ ਸੱਤਾ ਤੱਕ ਪੁੱਜਣ ਦੀ ਵੱਖ-ਵੱਖ ਘਟਨਾਵਾਂ ਦਾ ਵਿਸਥਾਰ ਹੈ। ਹਰਪ੍ਰੀਤ ਜਟਾਣਾ, ਅਮਰਜੀਤ ਸਿੰਘ ਪੇਂਟਰ, ਮਾ. ਦਰਸ਼ਨ ਸਿੰਘ ਸਿੱਧੂ, ਹਰਿੰਦਰ ਹਨੀ ਤੇ ਦਰਸ਼ਨ ਪ੍ਰੀਤੀਮਾਨ ਨੇ ਵੀ ਨਾਵਲ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਪ੍ਰੋਗਰਾਮ ਦੀ ਸਫਲਤਾ ਲਈ ਪ੍ਰੈੱਸ ਸਕੱਤਰ ਕੁਲਦੀਪ ਮਤਵਾਲਾ, ਪ੍ਰਚਾਰ ਸਕੱਤਰ ਗੁਰਤੇਜ ਸਿੰਘ, ਗੁਰਮੀਤ ਕੁਮਾਰ, ਗੁਰਪ੍ਰੀਤ ਕੌਰ, ਸੱਤਪਾਲ ਸਿੰਘ ਗਿੱਲ, ਗੁਰਵਿੰਦਰ ਸਿੰਘ ਸਿੱਧੂ, ਗੁਰਮੇਲ ਸਿੰਘ ਮੇਲਾ, ਗੁਰਮੀਤ ਸਿੰਘ ਹਿਸਟੋਰੀਅਨ, ਬਲਰਾਜ ਚਹਿਲ, ਰਜਿੰਦਰ ਕੁਮਾਰ ਤੇ ਹਰਪ੍ਰੀਤ ਸਿੰਘ ਘੱਟਾ ਨੇ ਸਹਿਯੋਗ ਕੀਤਾ। ਇਸ ਮੌਕੇ ਰਣਵੀਰ ਰਾਣਾ, ਕਾਮਰੇਡ ਜਰਨੈਲ ਸਿੰਘ, ਬਲਵਿੰਦਰ ਸਿੰਘ ਭੁੱਲਰ, ਹਰਕ੍ਰਿਪਿੰਦਰ ਲਾਡੀ, ਪ੍ਰਿੰ. ਜਸਵੀਰ ਸਿੰਘ ਢਿੱਲੋਂ, ਕੈਪਟਨ ਬਾਬੂ ਰਾਮ, ਐਡਵੋਕੇਟ ਗੁਰਵਿੰਦਰ ਸਿੰਘ, ਹਰਿੰਦਰ ਸਿੰਘ ਭੁੱਲਰ, ਬੰਤ ਭੁਲਪੁਰੀ, ਮਾ. ਰੇਸ਼ਮ ਸਿੰਘ, ਗੁਰਚਰਨ ਸਿੰਘ ਲੋਪੋ, ਰਾਜਵਿੰਦਰ ਸਿੰਘ ਮੱਲੀ, ਮੀਤ ਬਠਿੰਡਾ, ਮਿੱਠੂ ਸਿੰਘ, ਮੈਡਮ ਸੱਚਪ੍ਰੀਤ ਖੀਵਾ, ਸਭਾ ਤੇ ਸ਼ਹੀਦ ਬਲਜਿੰਦਰ ਸਿੰਘ ਸਪੋਰਟਸ ਵੈੱਲਫੇਅਰ ਕਲੱਬ ਵੱਲੋਂ ਲੋੜਵੰਦਾਂ ਨੂੰ ਕੰਨਾਂ ਦੀਆਂ ਮਸ਼ੀਨਾਂ ਦਿੱਤੀਆਂ ਗਈਆਂ।

## ਨਿਰਭੈ ਸਿੰਘ 'ਤੇ ਕਾਤਲਾਨਾ ਹਮਲੇ ਦੇ ਦੋਸ਼ੀ ਗ੍ਰਿਫ਼ਤਾਰ ਕਰਾਉਣ ਲਈ ਸੰਗਰੂਰ 'ਚ ਗੱਜਣਗੇ ਕਿਸਾਨ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਕਿਰਤੀ ਕਿਸਾਨ ਯੂਨੀਅਨ ਦੇ ਸੀਨੀਅਰ ਜ਼ਿਲ੍ਹਾ ਮੀਤ ਪ੍ਰਧਾਨ ਭਜਨ ਸਿੰਘ ਢੱਡਰੀਆਂ ਦੀ ਅਗਵਾਈ ਹੇਠ ਪਿੰਡ ਰੱਤੋਕੇ, ਸਾਹੋਕੇ, ਢੱਡਰੀਆਂ ਤੇ ਤਕੀਪੁਰ ਵਿਖੇ ਪਿੰਡ ਇਕਾਈਆਂ ਦੀਆਂ ਮੀਟਿੰਗਾਂ ਕਰਕੇ 25 ਜੁਲਾਈ ਨੂੰ ਜਨਤਕ ਜਥੇਬੰਦੀਆਂ ਵੱਲੋਂ ਸੰਗਰੂਰ ਵਿਖੇ ਕੀਤੀ ਜਾ ਰਹੀ ਜਬਰ ਵਿਰੋਧੀ ਰੈਲੀ ਦੀਆਂ ਤਿਆਰੀਆਂ ਦੀ ਵਿਉਂਤਬੰਦੀ ਕੀਤੀ ਗਈ।ਭਜਨ ਸਿੰਘ ਢੱਡਰੀਆਂ ਨੇ ਦੱਸਿਆ ਕਿ 25 ਅਪ੍ਰੈਲ ਨੂੰ ਕਿਰਤੀ ਕਿਸਾਨ ਯੂਨੀਅਨ ਦੇ ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਨਿਰਭੈ ਸਿੰਘ ਖਾਈ ਉੱਪਰ ਅਨਸਰਾਂ ਵੱਲੋਂ ਕਾਤਲਾਨਾ ਹਮਲਾ ਕਰਕੇ ਉਨ੍ਹਾਂ ਦੀਆਂ ਲੱਤਾਂ ਤੋੜ ਦਿੱਤੀਆਂ ਗਈਆਂ ਸਨ, ਮੁੱਖ ਦੋਸ਼ੀਆਂ ਨੂੰ ਅਜੇ ਤੱਕ ਪੁਲਿਸ ਨੇ ਗ੍ਰਿਫਤਾਰ ਨਹੀਂ ਕੀਤਾ ਤੇ ਇਨ੍ਹਾਂ ਦੋਸ਼ੀਆਂ ਦੀ ਗ੍ਰਿਫਤਾਰੀ ਅਤੇ ਇਸੇ ਤਰ੍ਹਾਂ ਜੀਂਦ ਰਿਆਸਤ ਦੇ ਰਾਜੇ ਦੀ 927 ਏਕੜ ਜ਼ਮੀਨ ਸੀਲਿੰਗ ਐਕਟ ਮੁਤਾਬਕ ਲੋਕਾਂ ਵਿੱਚ ਵੰਡਣ ਦੀ ਮੰਗ ਕਰਦੇ ਮਜ਼ਦੂਰ ਆਗੂਆਂ ਨੂੰ ਝੂਠੇ ਕੇਸਾਂ ਤਹਿਤ ਜੇਲ੍ਹਾਂ ਵਿੱਚ ਬੰਦ ਕਰਨ ਤੇ ਉਨ੍ਹਾਂ ਦੇ ਧਰਨੇ ਮੁਜਾਰਿਆਂ 'ਤੇ ਅਣਐਲਾਨੀ ਪਾਬੰਦੀ ਲਾਉਣ ਤੇ ਪੰਜਾਬ ਨੂੰ ਪੁਲਿਸ ਰਾਜ ਬਣਾਉਣ ਦੇ ਖਿਲਾਫ਼ ਅਨਾਜ ਮੰਡੀ ਸੰਗਰੂਰ ਵਿਖੇ ਜਨਤਕ ਜਥੇਬੰਦੀਆਂ ਵੱਲੋਂ 25 ਜੁਲਾਈ ਨੂੰ ਵਿਸ਼ਾਲ ਰੈਲੀ ਅਤੇ ਸ਼ਹਿਰ ਵਿੱਚ ਰੋਸ਼ ਮੁਜ਼ਾਹਰਾ ਕੀਤਾ ਜਾਵੇਗਾ, ਜਿਸ ਦੀਆਂ ਵੱਡੇ ਪੱਧਰ ਤੇ ਪਿੰਡਾਂ ਵਿੱਚ ਤਿਆਰੀਆਂ ਚੱਲ ਰਹੀਆਂ ਹਨ, ਇਨ੍ਹਾਂ ਤਿਆਰੀਆਂ ਸਬੰਧੀ ਹੀ ਪਿੰਡ ਇਕਾਈਆਂ ਦੀਆਂ ਮੀਟਿੰਗਾਂ ਕੀਤੀਆਂ ਗਈਆਂ।ਇਸ ਤੋਂ ਬਾਅਦ ਪਿੰਡਾਂ ਵਿੱਚ ਲੋਕਾਂ ਦੇ ਵੱਡੇ ਇਕੱਠ ਤੇ ਰੈਲੀਆਂ ਕਰਕੇ ਲੋਕਾਂ ਨੂੰ ਲਾਮਬੰਦ ਕੀਤਾ ਜਾਵੇਗਾ।

## ਨਿਹਾਲ ਸਿੰਘ ਵਾਲਾ ਵਿਖੇ ਸਾਹਿਤਕ ਤੇ ਸਨਮਾਨ ਸਮਾਰੋਹ ਕਰਵਾਇਆ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਮੰਡੀ ਨਿਹਾਲ ਸਿੰਘ ਵਾਲਾ ਦੇ ਕਾਮਰੇਡ ਸੱਗੜ ਸਿੰਘ ਯਾਦਗਾਰੀ ਭਵਨ ਵਿਖੇ ਨਾਮਵਰ ਲੇਖਕ ਯਸ਼ ਪੱਤੋ ਦੀ ਰਹਿਨੁਮਾਈ ਹੇਠ ਉੱਘੇ ਕਵੀ ਜੀਤ ਜਗਪਾਲ ਗਾਜੀਆਣਾ, ਅੰਤਰਰਾਸ਼ਟਰੀ ਕਬੱਡੀ ਖਿਡਾਰੀ ਕਾਲਾ ਗਾਜੀਆਣਾ, ਜੀਤ ਗਾਜੀਆਣਾ, ਰਾਜਾ ਗਾਜੀਆਣਾ, ਗੀਤਕਾਰ ਗੋਰਾ ਭੱਟੀ ਗਾਜੀਆਣਾ ਤੇ ਲੱਖੀ ਬਰਾੜ ਗਾਜੀਆਣਾ ਵੱਲੋਂ ਇਲਾਕੇ ਦੇ ਸਾਹਿਤਕਾਰਾਂ, ਲੇਖਕਾਂ ਤੇ ਬੁੱਧੀਜੀਵੀਆਂ ਦੇ ਵਿਸ਼ੇਸ਼ ਸਹਿਯੋਗ ਨਾਲ ਸਾਹਿਤਕ ਤੇ ਸਨਮਾਨ ਸਮਾਰੋਹ ਕਰਵਾਇਆ ਗਿਆ।

ਮੰਚ ਸੰਚਾਲਕ ਯਸ਼ ਪੱਤੋ ਨੇ ਹਾਜ਼ਰੀਨ ਦਾ ਸਵਾਗਤ ਕਰਦਿਆਂ ਲੇਖਕ ਰਾਜਪਾਲ ਪੱਤੋ ਦੇ ਖ਼ੂਬਸੂਰਤ ਗੀਤ ਨਾਲ ਸਮਾਗਮ ਦੀ ਸ਼ੁਰੂਆਤ ਕਰਵਾਈ।ਇਸ ਉਪਰੰਤ ਪ੍ਰਧਾਨਗੀ ਮੰਡਲ 'ਚ ਉੱਘੇ ਗੀਤਕਾਰ ਜਸਵੰਤ ਬੋਪਾਰਾਏ, ਕਾਮਰੇਡ ਦਰਸ਼ਨ ਸਿੰਘ ਗਾਜੀਆਣਾ, ਗੀਤਾ ਦਿਆਲਪੁਰਾ, ਅਮਰਜੀਤ ਸਿੰਘ ਫੌਜੀ ਦੀਨਾ, ਰਮੇਸ਼ ਬਰੇਟਾ, ਪ੍ਰਮਜੀਤ ਸਿੰਘ ਖਾਲਸਾ, ਅਮਨਦੀਪ ਕੌਰ ਹਾਕਮ ਸਿੰਘ ਵਾਲਾ, ਕਾਲਾ ਗਾਜੀਆਣਾ ਤੇ ਜੀਤ ਜਗਪਾਲ ਗਾਜੀਆਣਾ ਸੁਸ਼ੋਭਤ ਹੋਏ।ਇਸ ਸਮੇਂ ਅਮਰਜੀਤ ਸਿੰਘ ਫੌਜੀ ਦੀਨਾਂ ਨੇ ਗੀਤਕਾਰ ਗੀਤਾ ਦਿਆਲਪੁਰਾ ਬਾਰੇ ਬੋਲਦਿਆਂ ਆਖਿਆ ਕਿ ਗੀਤਾ ਦਿਆਲਪੁਰਾ ਦੇ ਗੀਤ ਜਿੱਥੇ ਮੇਜਰ ਰਾਜਸਥਾਨੀ, ਧਰਮਪ੍ਰੀਤ, ਅੰਮ੍ਰਿਤਾ ਵਿਰਕ, ਨਛੱਤਰ ਛੱਤਾ, ਹਰਦੇਵ ਮਾਹੀ ਨੰਗਲ, ਬਲਕਾਰ ਸਿੱਧੂ ਤੇ ਗੋਰਾ ਚੱਕ ਵਾਲਾ ਵਰਗੇ ਉੱਚਕੋਟੀ ਦੇ ਗਾਇਕਾਂ ਨੇ ਗਾਏ ਹਨ, ਉੱਥੇ ਇਨ੍ਹਾਂ ਨੇ 'ਨਿਰਦੋਸ਼ ਕਾਤਿਲ' ਨਾਮਕ ਇੱਕ ਨਾਵਲ ਸਮੇਤ ਗੀਤਾਂ ਦੀਆਂ ਕਈ ਪੁਸਤਕਾਂ ਵੀ ਪ੍ਰਕਾਸ਼ਤ ਕਰਾਈਆਂ ਹਨ।ਗੀਤਾ ਦਿਆਲਪੁਰਾ ਨੇ ਹਮੇਸ਼ਾ ਸਾਫ ਸੁਥਰੇ ਤੇ ਸੱਭਿਆਚਾਰਕ ਗੀਤਾਂ ਦੀ ਹੀ ਸਿਰਜਣਾ ਕੀਤੀ ਹੈ। ਜਸਵੰਤ ਬੋਪਾਰਾਏ ਨੇ ਗੀਤਕਾਰ ਰਮੇਸ਼ ਬਰੇਟਾ ਬਾਰੇ ਗੱਲ ਕਰਦਿਆਂ ਆਖਿਆ ਕਿ ਰਮੇਸ਼ ਬਰੇਟਾ ਨੇ ਸੱਭਿਅਕ ਤੇ ਮਿਆਰੀ ਗੀਤਾਂ ਦੀ ਸਿਰਜਣਾ ਕਰਕੇ ਆਪਣਾ ਨਾਂਅ ਪੰਜਾਬੀ ਮਾਂ ਬੋਲੀ ਦੇ ਹੋਣਹਾਰ ਪੁੱਤਰਾਂ ਦੀ ਸ਼੍ਰੇਣੀ 'ਚ ਸ਼ਾਮਲ ਕਰਵਾਇਆ ਹੈ।ਪ੍ਰਬੰਧਕਾਂ ਵੱਲੋਂ ਗੀਤਕਾਰ ਗੀਤਾ ਦਿਆਲਪੁਰਾ ਤੇ ਗੀਤਕਾਰ ਰਮੇਸ਼ ਬਰੇਟਾ ਦਾ ਸੁੰਦਰ ਟਰਾਫੀਆਂ ਤੇ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ।ਪ੍ਰੋਗਰਾਮ ਦੇ ਅਗਲੇ ਪੜਾਅ 'ਚ ਕਵੀ ਦਰਬਾਰ ਹੋਇਆ, ਜਿਸ 'ਚ ਲੋਕ ਗਾਇਕ ਬਾਜ ਸਿੰਘ ਬਾਜ, ਬੀਬਾ ਸੁਖਵਿੰਦਰ ਸੁੱਖੀ, ਲੋਕ ਗਾਇਕ ਸਿੱਧੂ ਹਸਨਪੁਰੀ, ਲੋਕ ਗਾਇਕ ਐੱਸ. ਸੁਖਵੀਰ, ਲੋਕ ਗਾਇਕ ਸੁੱਖਾ ਸੁਖਵੀਰ, ਲੱਖੀ ਬਰਾੜ ਗਾਜੀਆਣਾ, ਅਮਨਦੀਪ ਕੌਰ ਹਾਕਮ ਸਿੰਘ ਵਾਲਾ, ਮੰਗਲ ਮੀਤ ਪੱਤੋ, ਜਸਵਿੰਦਰ ਸਿੰਘ ਖਾਲਸਾ, ਜਸਪਾਲ ਸਿੰਘ ਭੱਟੀ, ਸੋਨੂੰ ਪੱਤੋ, ਗੁਰਚਰਨ ਰਾਜੂ ਪੱਤੋ, ਅਮਰਜੀਤ ਸਿੰਘ ਫੌਜੀ ਦੀਨਾਂ, ਯਸ਼ ਪੱਤੋ, ਜੀਤ ਜਗਪਾਲ ਗਾਜੀਆਣਾ, ਗੋਰਾ ਭੱਟੀ ਗਾਜੀਆਣਾ, ਰਾਜਪਾਲ ਪੱਤੋ, ਨਿਰਮਲ ਸਿੰਘ ਰਣਸੀਂਹ, ਪ੍ਰਮਜੀਤ ਸਿੰਘ ਖਾਲਸਾ, ਗੁਰਤੇਜ ਸਿੰਘ ਕੋਟਲਾ ਸੰਗਰੂਰ, ਜਸਵੰਤ ਬੋਪਾਰਾਏ, ਕਬੱਡੀ ਖਿਡਾਰੀ ਜਗਰੂਪ ਸਿੰਘ ਬੁਰਜ ਗਿੱਲ ਤੇ ਹਰਪਾਲ ਸਿੰਘ ਫੌਜੀ ਆਦਿ ਹਾਜ਼ਰ ਸਨ।ਪ੍ਰੋਗਰਾਮ ਦੇ ਆਖੀਰ 'ਚ ਕਵੀ ਜੀਤ ਜਗਪਾਲ ਗਾਜੀਆਣਾ ਨੇ ਸਮਾਗਮ 'ਚ ਪਹੁੰਚੇ ਪਤਵੰਤਿਆਂ ਦਾ ਧੰਨਵਾਦ ਕੀਤਾ।

## ਜੀ ਹੋਲੀ ਹਾਰਟ ਪਬਲਿਕ ਸਕੂਲ 'ਚ ਵਣ-ਮਹਾਂਉਤਸਵ ਮਨਾਇਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ, ਬਲਵਿੰਦਰ ਵਜੀਦਕੇ)**-ਜੀ. ਹੋਲੀ ਹਾਰਟ ਪਬਲਿਕ ਸਕੂਲ ਮਹਿਲ ਕਲਾਂ ਵਿਖੇ ਮੈਨੇਜਿੰਗ ਡਾਇਰੈਕਟਰ ਸੁਸ਼ੀਲ ਗੋਇਲ ਦੀ ਅਗਵਾਈ ਹੇਠ ਵਣ-ਮਹਾਂਉਤਸਵ ਜੋਸ਼ੋ ਖਰੋਸ਼ ਨਾਲ ਮਨਾਇਆ ਗਿਆ।ਇਹ ਪ੍ਰੋਗਰਾਮ ਪ੍ਰਿੰਸੀਪਲ ਗੀਤਿਕਾ ਸ਼ਰਮਾ ਦੇ ਯੋਗ ਮਾਰਗਦਰਸ਼ਨ ਹੇਠ ਹੋਇਆ।ਸਕੂਲ ਦੇ ਲਿਟਲ ਗਿਗਲਜ਼ ਤੋਂ ਲੈ ਕੇ 12ਵੀਂ ਕਲਾਸ ਤੱਕ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ।ਸ਼ੁਰੂਆਤ ਇਕ ਸ਼ਕਤੀਸ਼ਾਲੀ ਪੌਦਾਰੋਪਣ ਮੁਹਿੰਮ ਨਾਲ ਹੋਈ, ਜਿਸ ਵਿੱਚ ਵਿਦਿਆਰਥੀਆਂ ਨੇ ਸਕੂਲ ਕੰਪਲੈਕਸ ਅੰਦਰ ਵਿਭਿੰਨ ਹਿੱਸਿਆਂ ਵਿੱਚ ਬੂਟੇ ਲਗਾਏ ਗਏ।ਹਰ ਇਕ ਬੂਟਾ ਇੱਕ ਹਰੇ-ਭਰੇ ਭਵਿੱਖ ਦਾ ਵਾਅਦਾ ਸੀ।ਹਰ ਵਿਦਿਆਰਥੀ ਦੇ ਚਿਹਰੇ 'ਤੇ ਖੁਸ਼ੀ ਤੇ ਕੁਦਰਤ ਨਾਲ ਜੁੜਾਅ ਸਾਫ਼ ਝਲਕ ਰਿਹਾ ਸੀ।ਇਸੇ ਤਰ੍ਹਾਂ ਵਿਦਿਆਰਥੀਆਂ ਨੇ ਇੱਕ ਵਾਤਾਵਰਨ ਦੀ ਸੁਰੱਖਿਆ ਦਾ ਸੰਕਲਪ ਵੀ ਲਿਆ।ਇਸ ਮੌਕੇ ਵਿਦਿਆਰਥੀਆਂ ਨੇ ਕੁਦਰਤ ਨਾਲ ਨਜ਼ਦੀਕਤਾ ਮਹਿਸੂਸ ਕਰਨ ਲਈ ਇੱਕ ਤਾਜ਼ਗੀ ਭਰੀ ਨੇਚਰ ਵਾਕ ਕੀਤੀ।9 ਤੋਂ 12ਵੀਂ ਸ਼੍ਰੇਣੀ ਤੱਕ ਦੇ ਵਿਦਿਆਰਥੀਆਂ ਨੇ ਆਪਣੀ ਕਲਾ ਰਚਨਾਤਮਕਤਾ 'ਚ ਦਰਸਾਈ। ਪੋਸਟਰ ਮੇਕਿੰਗ ਮੁਕਾਬਲੇ ਰਾਹੀਂ ਉਨ੍ਹਾਂ ਨੇ ਦਰੱਖ਼ਤ ਬਚਾਉਣ, ਪ੍ਰਦੂਸ਼ਣ ਘਟਾਉਣ ਤੇ ਟਿਕਾਊ ਵਿਕਾਸ ਨੂੰ ਉਤਸ਼ਾਹਤ ਕਰਨ ਵਾਲੇ ਸਸ਼ਕਤ ਸੰਦੇਸ਼ ਦਿੱਤੇ।ਸਕੂਲ 'ਚ ਉਤਸ਼ਾਹ ਤੇ ਭਾਵਨਾਵਾਂ ਦੀ ਲਹਿਰ ਦੌੜ ਗਈ ਜਦੋਂ ਵਿਦਿਆਰਥੀਆਂ ਨੇ ਨਾਚ ਨਾਟਿਕਾ, ਭੂਮਿਕਾਵਾਂ (ਰੋਲ ਪਲੇਅ) ਤੇ ਛੋਟੀਆਂ ਪਰਿਆਵਰਣੀਕ ਝਲਕੀਆਂ ਰਾਹੀਂ ਦਰਸ਼ਕਾਂ ਨੂੰ ਪ੍ਰਭਾਵਤ ਕੀਤਾ।ਪ੍ਰਿੰਸੀਪਲ ਗੀਤਿਕਾ ਸ਼ਰਮਾ ਨੇ ਸਭ ਨੂੰ ਪਰਿਆਵਰਣਕ ਜ਼ਿੰਮੇਵਾਰੀ ਬਾਰੇ ਸੰਦੇਸ਼ ਦਿੱਤਾ।ਲਿਟਲ ਗਿਗਲਜ਼ ਦੇ ਨੰਨ੍ਹੇ ਬੱਚਿਆਂ ਨੇ ਕੁਦਰਤ ਤੇ ਸੰਰਕਸ਼ਣ 'ਤੇ ਇੱਕ ਮਾਇਮ ਐਕਟ ਰਾਹੀਂ ਹਰੇਕ ਦੇ ਦਿਲਾਂ ਨੂੰ ਛੂਹ ਲਿਆ।ਇਸ ਮੌਕੇ ਕਿਰਿਆਸ਼ੀਲਤਾ, ਜਾਗਰੂਕਤਾ ਤੇ ਕਲਾਤਮਕਤਾ ਦਾ ਸੋਹਣਾ ਮਿਲਾਪ ਸੀ, ਜਿਸ ਨੇ ਹੋਲੀ ਹਾਰਟ ਪਬਲਿਕ ਸਕੂਲ ਦੀ ਇਸ ਵਚਨਬੱਧਤਾ ਨੂੰ ਦੁਹਰਾਇਆ ਕਿ ਉਹ ਪਰਿਆਵਰਣ-ਪ੍ਰੇਮੀ, ਜ਼ਿੰਮੇਵਾਰ ਤੇ ਵਿਸ਼ਵ ਪੱਧਰੀ ਨਾਗਰਿਕਾਂ ਦੀ ਪੀੜ੍ਹੀ ਤਿਆਰ ਕਰਨ ਲਈ ਵਚਨਬੱਧ ਹੈ।

## ਰਾਜਾ ਗਿੱਲ ਦੀ ਅਗਵਾਈ ਹੇਠ ਕਾਂਗਰਸੀ ਵਰਕਰਾਂ ਨੇ ਧਰਨੇ 'ਚ ਕੀਤੀ ਸ਼ਮੂਲੀਅਤ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਲੁਧਿਆਣਾ ਗਲਾਡਾ ਦਫ਼ਤਰ ਵਿਖੇ ਕਾਂਗਰਸ ਪਾਰਟੀ ਵੱਲੋਂ ਕਿਸਾਨਾਂ ਦੀ ਜ਼ਮੀਨ ਐਕਵਾਇਰ ਕਰਨ ਦੇ ਵਿਰੋਧ ਵਿੱਚ ਦਿੱਤੇ ਜਾ ਰਹੇ ਧਰਨੇ ਵਿੱਚ ਹਲਕਾ ਸਮਰਾਲਾ ਤੋਂ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਦੀ ਅਗਵਾਈ ਹੇਠ ਇਲਾਕੇ ਦੇ ਕਾਂਗਰਸੀ ਆਗੂਆਂ ਤੇ ਵਰਕਰਾਂ ਨੇ ਸ਼ਮੂਲੀਅਤ ਕੀਤੀ। ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ ਨੇ ਦੱਸਿਆ ਕਿ ਇਸ ਧਰਨੇ ਵਿੱਚ ਮਾਛੀਵਾੜਾ ਇਲਾਕੇ ਤੋਂ ਵਰਕਰ ਕਾਫ਼ਲਿਆਂ ਵਿੱਚ ਰਵਾਨਾ ਹੋਏ ਤੇ ਇਸ ਜ਼ਮੀਨ ਐਕਵਾਇਰ ਕਰਨ ਦਾ ਸਰਕਾਰ ਨੂੰ ਵਿਰੋਧ ਜਿਤਾਇਆ। ਉਨ੍ਹਾਂ ਕਿਹਾ ਕਿ ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਸਾਨਾਂ ਦੇ ਹੱਕ ਵਿੱਚ ਨਿੱਤਰਦਿਆਂ ਕਿਹਾ ਕਿ ਉਹ ਕਿਸੇ ਵੀ ਕੀਮਤ 'ਤੇ ਕਿਸਾਨਾਂ ਨਾਲ ਧੱਕੇਸ਼ਾਹੀ ਬਰਦਾਸ਼ਤ ਨਹੀਂ ਕਰਨਗੇ। ਕਾਂਗਰਸੀ ਆਗੂ ਤਿਵਾੜੀ ਨੇ ਕਿਹਾ ਕਿ ਕਾਂਗਰਸੀ ਆਗੂ ਰਾਜਾ ਗਿੱਲ ਵੱਲੋਂ ਹਲਕਾ ਸਮਰਾਲਾ ਦੀ ਜ਼ਮੀਨ ਐਕਵਾਇਰ ਕੀਤੀ ਜਾ ਰਹੀ ਹੈ, ਉਸ ਸਬੰਧੀ ਵੀ ਕਿਸਾਨਾਂ ਨਾਲ ਰਾਬਤਾ ਕਾਇਮ ਕਰ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਦੀ ਜ਼ਮੀਨ ਦਾ ਇਕ ਇੰਚ ਵੀ ਐਕਵਾਇਰ ਨਹੀਂ ਹੋਣ ਦੇਣਗੇ। ਉਨ੍ਹਾਂ ਕਿਹਾ ਕਿ ਅੱਜ ਲੁਧਿਆਣਾ ਗਲਾਡਾ ਦਫ਼ਤਰ ਵਿਖੇ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਵਿਰੁੱਧ ਲਗਾਇਆ ਧਰਨਾ ਬੇਹੱਦ ਸਫ਼ਲ ਰਿਹਾ।

## ਰੋਟਰੀ ਕਲੱਬ ਸੁਨਾਮ ਸਟਾਰ ਵੱਲੋਂ ਕਰਾਇਆ ਗਿਆ ਤਾਜਪੋਸ਼ੀ ਸਮਾਰੋਹ




**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਰੋਟਰੀ ਕਲੱਬ ਵੱਲੋਂ ਤਾਜਪੋਸ਼ੀ ਤੇ ਪਰਵਾਰਕ ਮਿਲਣੀ ਸਮਾਰੋਹ ਪ੍ਰਧਾਨ ਰੋਟੇਰੀਅਨ ਨਿਤਿਸ਼ ਗਰਗ ਦੀ ਅਗਵਾਈ ਤੇ ਪ੍ਰੋਜੈਕਟ ਚੇਅਰਮੈਨ ਯਦੂਨੰਦਨ ਗਰਗ ਅਤੇ ਯਸ਼ ਗਰਗ ਦੀ ਦੇਖ-ਰੇਖ ਹੇਠ ਕਰਾਇਆ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਰਾਸ਼ਟਰੀ ਗੀਤ ਨਾਲ ਕੀਤੀ ਗਈ।ਇਸ ਤੋਂ ਬਾਅਦ ਵਿਨੇ ਜਿੰਦਲ ਸੈਕਟਰੀ (2024-25) ਨੇ ਇਸ ਸਾਲ ਦੌਰਾਨ ਕਲੱਬ ਵੱਲੋਂ ਕੀਤੇ ਗਏ ਸਮਾਜ ਸੇਵੀ ਕੰਮਾਂ ਬਾਰੇ ਚਾਨਣਾ ਪਾਇਆ।ਪ੍ਰਧਾਨ ਨਿਤਿਸ਼ ਗਰਗ ਨੇ ਕਲੱਬ ਦੀਆਂ ਗਤੀਵਿਧੀਆਂ ਵਿੱਚ ਸਹਿਯੋਗ ਦੇਣ ਲਈ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ।ਇਸ ਤੋਂ ਬਾਅਦ ਨਿਤਿਸ਼ ਗਰਗ ਤੇ ਅਸਿਸਟੈਂਟ ਗਵਰਨਰ ਸਚਿਨ ਗਰਗ ਵੱਲੋਂ ਸਾਲ 2025-26 ਲਈ ਪ੍ਰਧਾਨ ਚੁਣੇ ਗਏ ਰੋਟੇਰੀਅਨ ਦੀਪਕ ਸਿੰਗਲਾ ਨੂੰ ਕਾਲਰ ਪਹਿਨਾ ਕੇ ਕਾਰਜਭਾਰ ਸੌਂਪਿਆ।ਪ੍ਰਧਾਨ ਦੀਪਕ ਸਿੰਗਲਾ ਨੇ ਉਨ੍ਹਾਂ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣਨ ਲਈ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ।ਦੀਪਕ ਸਿੰਗਲਾ ਨੇ ਕਿਹਾ ਕਿ ਉਹ ਸਾਰੇ ਮੈਂਬਰਾਂ ਦੇ ਸਹਿਯੋਗ ਨਾਲ ਕਲੱਬ ਤੇ ਸਮਾਜ ਦੀ ਬਿਹਤਰੀ ਲਈ ਕੰਮ ਕਰਨਗੇ।ਪ੍ਰਧਾਨ ਦੀਪਕ ਸਿੰਗਲਾ ਨੇ ਆਪਣੀ ਟੀਮ ਦਾ ਐਲਾਨ ਕਰਦੇ ਹੋਏ ਜਤਿੰਦਰ ਗੋਇਲ ਵਾਇਸ ਪ੍ਰਧਾਨ, ਨਿਸ਼ਾਨ ਗਰਗ ਸੈਕਟਰੀ, ਪੁਨੀਤ ਜਿੰਦਲ ਜੁਆਇੰਟ ਸੈਕਟਰੀ, ਸੌਰਭ ਬਾਂਸਲ ਕੈਸ਼ੀਅਰ, ਨਵੀਨ ਸਿੰਗਲਾ ਸਾਰਜੈਂਟ ਤੇ ਮਨਦੀਪ ਗੋਇਲ ਨੂੰ ਗ੍ਰੀਟਿੰਗ ਚੇਅਰਮੈਨ ਵਜੋਂ ਨਿਯੁਕਤ ਕੀਤਾ।ਦੀਪਕ ਸਿੰਗਲਾ ਤੇ ਨਿਤਿਸ਼ ਗਰਗ ਵੱਲੋਂ ਕਲੱਬ ਵਿੱਚ ਸ਼ਾਮਲ ਹੋਏ ਨਵੇਂ ਮੈਂਬਰ ਸ਼ੁਭਮ ਗਰਗ ਨੂੰ ਲੇਪਲ ਪਿੰਨ ਲਾ ਕੇ ਸਵਾਗਤ ਕੀਤਾ ਗਿਆ।ਸਾਰਿਆਂ ਨੇ ਤੰਬੋਲਾ ਅਤੇ ਹੋਰ ਖੇਡਾਂ ਦਾ ਆਨੰਦ ਮਾਣਿਆ। ਇਹ ਸਮਾਰੋਹ ਯਾਦਗਾਰੀ ਹੋ ਨਿਬੜਿਆ। ਇਸ ਮੌਕੇ ਹਨੀਸ਼ ਸਿੰਗਲਾ, ਅਵਿਨਾਸ਼ ਕੁਮਾਰ, ਨਿਖਿਲ ਗਰਗ, ਰਜਤ ਜੈਨ, ਮੋਹਿਤ ਜਿੰਦਲ, ਆਕਾਸ਼ ਗਰਗ, ਰੋਬਿਨ ਜਿੰਦਲ, ਚੰਦਰ ਗੋਇਲ ਆਦਿ ਮੈਂਬਰ ਹਾਜ਼ਰ ਸਨ।

## ਪਾਰਕਿੰਗਾਂ 'ਚ ਖੜੇ ਵਾਹਨਾਂ ਦੀ 'ਵਾਹਨ ਐਪ' ਰਾਹੀਂ ਜਾਂਚ

**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਡਾ. ਪ੍ਰਗਿਆ ਜੈਨ ਆਈ.ਪੀ.ਐਸ ਐਸ.ਐਸ.ਪੀ ਦੀ ਨਿਗਰਾਨੀ ਹੇਠ ਜ਼ਿਲ੍ਹੇ ਅੰਦਰ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਤੇ ਸ਼ੱਕੀ ਗਤੀਵਿਧੀਆਂ ਉੱਪਰ ਤਿੱਖੀ ਨਜ਼ਰ ਰੱਖਣ ਲਈ ਲਗਾਤਾਰ ਕਦਮ ਉਠਾਏ ਜਾਂਦੇ ਹਨ।ਇਸੇ ਤਹਿਤ ਪੁਲਸ ਟੀਮਾਂ, ਜਿਨ੍ਹਾਂ ਵਿੱਚ ਐਂਟੀ-ਸਾਬੋਟੇਜ ਤੇ ਡੌਗ ਸਕਾਡ ਟੀਮਾਂ ਵੀ ਸ਼ਾਮਲ ਸਨ, ਜਿਨ੍ਹਾਂ ਨੇ ਰੇਲਵੇ ਸਟੇਸ਼ਨਾਂ 'ਤੇ ਗਹਿਰਾਈ ਨਾਲ ਜਾਂਚ ਕੀਤੀ।ਇਸ ਦੌਰਾਨ ਸ਼ੱਕੀ ਵਿਅਕਤੀਆਂ ਨੂੰ ਰੋਕ ਕੇ ਪੁੱਛਗਿੱਛ ਕੀਤੀ ਗਈ ਤੇ ਉਨ੍ਹਾਂ ਦੀ ਪਛਾਣ ਦੀ ਜਾਂਚ ਕੀਤੀ ਗਈ। ਇਸ ਦੌਰਾਨ ਜੀ.ਆਰ.ਪੀ ਪੁਲਸ ਦੇ ਕ੍ਰਮਚਾਰੀਆਂ ਦੇ ਸਹਿਯੋਗ ਨਾਲ ਯਾਤਰੀਆਂ ਦੇ ਸਮਾਨ ਦੀ ਵੀ ਜਾਂਚ ਕੀਤੀ ਗਈ ਤੇ ਬਿਨਾਂ ਕਿਸੇ ਵਜ੍ਹਾ ਦੇ ਰੇਲਵੇ ਸਟੇਸ਼ਨ ਵਿੱਚ ਘੁੰਮਣ ਵਾਲੇ ਵਿਅਕਤੀਆਂ ਨੂੰ ਰੋਕ ਕੇ ਉਨ੍ਹਾਂ ਦੀ ਪਛਾਣ ਦੀ ਜਾਂਚ ਕੀਤੀ ਗਈ।ਇਸ ਦੇ ਨਾਲ ਹੀ ਰੇਲਵੇ ਸਟੇਸ਼ਨ ਦੀਆਂ ਪਾਰਕਿੰਗਾਂ ਵਿੱਚ ਖੜੇ ਵਾਹਨਾਂ ਦੀ ਵੀ ਵਾਹਨ ਐਪ ਰਾਹੀਂ ਜਾਂਚ ਕੀਤੀ ਗਈ।ਡਾ. ਪ੍ਰਗਿਆ ਜੈਨ ਐਸ.ਐਸ.ਪੀ ਵੱਲੋਂ ਦੱਸਿਆ ਕਿ ਫ਼ਰੀਦਕੋਟ ਪੁਲਸ ਵੱਲੋਂ ਜ਼ਿਲ੍ਹੇ 'ਚ ਅਮਨ-ਚੈਨ ਤੇ ਕਾਨੂੰਨ ਵਿਵਸਥਾ ਨੂੰ ਬਰਕਰਾਰ ਰੱਖਣ ਲਈ ਨਿਰੰਤਰ ਤੌਰ 'ਤੇ ਸ਼ਰਾਰਤੀ ਅਤੇ ਮਾੜੇ ਅਨਸਰਾਂ ਉੱਪਰ ਨਿਗਰਾਨੀ ਰੱਖੀ ਜਾ ਰਹੀ ਹੈ।ਰੇਲਵੇ ਸਟੇਸ਼ਨ 'ਤੇ ਐਂਟੀ-ਸਾਬੋਟੇਜ ਟੀਮਾਂ ਅਤੇ ਸਨੀਫਰ ਡੌਗ ਦੀ ਮਦਦ ਨਾਲ ਵਿਸ਼ੇਸ਼ ਜਾਂਚ ਮੁਹਿੰਮ ਚਲਾਈ ਗਈ, ਜਿਸ ਦੌਰਾਨ ਸ਼ੱਕੀ ਵਿਅਕਤੀਆਂ ਦੀ ਪਛਾਣ ਦੀ ਜਾਂਚ ਅਤੇ ਯਾਤਰੀਆਂ ਦੇ ਸਮਾਨ ਦੀ ਵੀ ਵਿਸਥਾਰ ਨਾਲ ਜਾਂਚ ਕੀਤੀ ਗਈ।

## ਚਰਚ 'ਚ ਪ੍ਰਾਰਥਨਾ ਸਭਾ ਦੌਰਾਨ ਹਾਦਸਾ, ਨੌਜਵਾਨ ਦੀ ਮੌਤ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਤੇਜ਼ ਹਨੇਰੀ ਕਾਰਨ ਇੱਕ ਭਿਆਨਕ ਹਾਦਸਾ ਵਾਪਰਿਆ ਹੈ।ਥਾਣਾ ਬਖਸ਼ੀਵਾਲਾ ਅਧੀਨ ਪੈਂਦੇ ਪਿੰਡ ਸਿੱਧੂਵਾਲ ਵਿੱਚ ਇੱਕ ਚਰਚ 'ਚ ਪ੍ਰਾਰਥਨਾ ਸਭਾ ਦੌਰਾਨ ਵਾਈ-ਫਾਈ ਟਾਵਰ ਡਿੱਗਣ ਨਾਲ ਇੱਕ ਨੌਜਵਾਨ ਦੀ ਮੌਤ ਹੋ ਗਈ।ਥਾਣਾ ਬਖਸ਼ੀਵਾਲਾ ਦੇ ਐਸਐਚਓ ਸੁਖਦੇਵ ਸਿੰਘ ਨੇ ਦੱਸਿਆ ਕਿ ਦੁਪਹਿਰ ਵੇਲੇ ਅਚਾਨਕ ਤੇਜ਼ ਮੀਂਹ ਤੇ ਹਨੇਰੀ ਕਾਰਨ ਚਰਚ ਵਿੱਚ ਲਾਇਆ ਗਿਆ ਵਾਈ-ਫਾਈ ਟਾਵਰ ਡਿੱਗ ਗਿਆ, ਜਿਸ ਕਾਰਨ ਇਹ ਹਾਦਸਾ ਹੋਇਆ ਤੇ ਰਜਿੰਦਰ ਸਿੰਘ ਨਾਂਅ ਦੇ ਨੌਜਵਾਨ ਦੀ ਮੌਕੇ 'ਤੇ ਹੀ ਮੌਤ ਹੋ ਗਈ।ਉਨ੍ਹਾਂ ਕਿਹਾ ਕਿ ਹਾਦਸੇ ਤੋਂ ਤੁਰੰਤ ਬਾਅਦ ਰਜਿੰਦਰ ਸਿੰਘ ਨੂੰ ਰਜਿੰਦਰਾ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।ਐਸਐਚਓ ਨੇ ਕਿਹਾ ਕਿ ਮ੍ਰਿਤਕ ਦੇ ਮਾਪੇ ਵਿਦੇਸ਼ ਵਿੱਚ ਹਨ ਤੇ ਕੱਲ੍ਹ ਤੱਕ ਵਾਪਸ ਆ ਜਾਣਗੇ, ਜਿਸ ਤੋਂ ਬਾਅਦ ਉਨ੍ਹਾਂ ਦੇ ਬਿਆਨ ਦੇ ਆਧਾਰ 'ਤੇ ਅਗਲੀ ਕਾਰਵਾਈ ਕੀਤੀ ਜਾਵੇਗੀ।ਦੂਜੇ ਪਾਸੇ ਮ੍ਰਿਤਕ ਨੌਜਵਾਨ ਦੇ ਰਿਸ਼ਤੇਦਾਰ ਮੌਤ ਦੀ ਖ਼ਬਰ ਮਿਲਣ ਤੋਂ ਬਾਅਦ ਗੁੱਸੇ ਵਿੱਚ ਆ ਗਏ।ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਬੱਚੇ ਦੀ ਮੌਤ ਬਾਰੇ 3 ਘੰਟੇ ਬਾਅਦ ਸੂਚਿਤ ਕੀਤਾ ਗਿਆ, ਜੋ ਬਹੁਤ ਗ਼ਲਤ ਹੈ।ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਮਾਮਲੇ ਵਿੱਚ ਸਹੀ ਕਾਰਵਾਈ ਨਾ ਕੀਤੀ ਗਈ ਤੇ ਇਨਸਾਫ਼ ਨਾ ਦਿੱਤਾ ਗਿਆ ਤਾਂ ਉਹ ਵਿਰੋਧ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਣਗੇ।

## ਬਰਨਾਲਾ 'ਚ 3 ਅਗਸਤ ਦੀ ਸੂਬਾ ਪੱਧਰੀ ਕਨਵੈਨਸ਼ਨ ਲਈ ਤਿਆਰੀਆਂ ਜ਼ੋਰਾਂ 'ਤੇ



**ਦੋਰਾਹਾ (ਹਰਮਿੰਦਰ ਸੇਠ)**-ਡਾ. ਅੰਬੇਦਕਰ ਭਵਨ ਖੰਨਾ ਵਿਖੇ ਵੱਖ-ਵੱਖ ਜਥੇਬੰਦੀਆਂ ਦੇ ਅਧਾਰਤ ਬਣੇ ਸਯੁੰਕਤ ਦਲਿਤ ਮੋਰਚਾ ਪੰਜਾਬ ਦੀ ਮੀਟਿੰਗ ਮਜ਼ਦੂਰ ਆਗੂ ਗੁਰਦੀਪ ਸਿੰਘ ਕਾਲ਼ੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜ਼ਮੀਨ ਹੱਦਬੰਦੀ ਕਾਨੂੰਨ ਲਾਗੂ ਕਰਾਉਣ ਸਮੇਤ ਹੋਰ ਦਲਿਤ ਮਸਲਿਆਂ ਤੇ ਅੰਦੋਲਨ ਤੇਜ਼ ਕਰਨ ਲਈ 3 ਅਗਸਤ ਨੂੰ ਬਰਨਾਲਾ ਤਰਕਸ਼ੀਲ ਭਵਨ ਵਿਖੇ ਰੱਖੀ ਸੂਬਾ ਪੱਧਰੀ ਕਨਵੈਨਸ਼ਨ ਦੀ ਸਫਲਤਾ ਲਈ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਦੀ ਡਿਊਟੀ ਲਾਈ ਗਈ।ਮੀਟਿੰਗ ਦੌਰਾਨ ਮਤਾ ਪਾਸ ਕਰਕੇ ਖੰਨਾ ਪੁਲਸ ਪ੍ਰਸ਼ਾਸਨ ਵੱਲੋਂ ਮਜ਼ਦੂਰ ਆਗੂ ਗੁਰਦੀਪ ਸਿੰਘ ਕਾਲ਼ੀ ਤੇ ਸਾਥੀਆਂ ਉਪਰ ਦਰਜ ਝੂਠੇ ਪੁਲਸ ਪਰਚੇ ਨੂੰ ਰੱਦ ਕਰਨ ਦੀ ਮੰਗ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸਯੁੰਕਤ ਦਲਿਤ ਮੋਰਚਾ ਦੇ ਕੋਰ ਕਮੇਟੀ ਮੈਂਬਰ ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓ, ਹਾਸ਼ੀਆ ਲੋਕ ਦਲ ਦੇ ਸੂਬਾ ਕੁਆਡੀਨੇਟਰ ਡਾ ਕਸ਼ਮੀਰ ਸਿੰਘ ਖੂੰਡਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਸਮੇਤ ਮੌਜੂਦਾ 'ਆਪ' ਸਰਕਾਰ ਨੇ ਪੰਜਾਬ ਦੇ 40% ਐਸ.ਸੀ ਸਮਾਜ ਸਿਰਫ਼ ਵੋਟ ਬੈਂਕ ਵਜੋਂ ਹੀ ਵਰਤਿਆ ਹੈ।ਉਨ੍ਹਾਂ ਕਿਹਾ ਕਿ ਆਪ ਦੇ ਰਾਜ ਵਿੱਚ ਦਲਿਤਾਂ ਉਪਰ ਅੱਤਿਆਚਾਰਾਂ 'ਚ ਲਗਾਤਾਰ ਵਾਧਾ ਹੋ ਰਿਹਾ ਤੇ ਸਮਾਜਿਕ ਤੇ ਸਰਕਾਰੀ ਜਬਰ ਦਾ ਸ਼ਿਕਾਰ ਦਲਿਤਾਂ ਨੂੰ ਇਨਸਾਫ ਲਈ ਦਰ-ਦਰ ਠੋਕਰਾਂ ਖਾਣ ਲਈ ਮਜਬੂਰ ਹੋਣਾ ਪੈ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਐਸ.ਸੀ ਕਮਿਸਨ ਨੂੰ ਕਮਜ਼ੋਰ ਕਰਨ ਸਮੇਤ ਦਲਿਤਾਂ ਦੇ ਸੰਵਿਧਾਨਕ ਹੱਕਾਂ ਨੂੰ ਖ਼ਤਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਸੰਯੁਕਤ ਦਲਿਤ ਮੋਰਚਾ ਜ਼ਮੀਨ ਹੱਦਬੰਦੀ ਕਾਨੂੰਨ ਲਾਗੂ ਕਰਾਉਣ ਅਤੇ ਦਲਿਤ ਅਧਿਕਾਰਾਂ ਲਈ ਜਥੇਬੰਦਕ ਪਾਵਰ ਖੜੀ ਕਰੇਗਾ।ਉਨ੍ਹਾਂ ਕਿਹਾ ਕਿ ਐਸ, ਸੀ ਸਮਾਜ ਦੀਆਂ ਜਥੇਬੰਦੀਆਂ ਰਾਜਨੀਤੀ ਤੋਂ ਉੱਪਰ ਉੱਠ ਸਯੁੰਕਤ ਦਲਿਤ ਮੋਰਚਾ 'ਚ ਸ਼ਾਮਲ ਹੋਣ।ਉਨ੍ਹਾਂ ਕਿਹਾ ਭਾਜਪਾ ਮੋਦੀ ਸਰਕਾਰ ਭਾਰਤੀਆਂ ਨੂੰ ਆਪਣੇ ਦੇਸ਼ ਵਿਚ ਹੀਂ ਬਗਾਨੇ ਸ਼ਾਬਤ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਸੰਯੁਕਤ ਦਲਿਤ ਮੋਰਚਾ ਐਸ, ਸੀ ਸਮਾਜ ਤੇ ਹੋ ਰਹੇ ਅੱਤਿਆਚਾਰਾਂ ਨੂੰ ਬਰਦਾਸ਼ਤ ਨਹੀਂ ਕਰੇਗਾ।ਉਨ੍ਹਾਂ ਪੰਜਾਬ ਦੀਆਂ ਐਸ.ਸੀ ਸਮਾਜ ਦੀਆਂ ਜਥੇਬੰਦੀਆਂ ਨੂੰ 3 ਅਗਸਤ ਨੂੰ ਬਰਨਾਲਾ ਕਨਵੈਨਸ਼ਨ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ।

## ਬਲਾਕ ਮੂਨਕ ਦੇ ਦਿਹਾਤੀ ਖੇਤਰਾਂ 'ਚ ਸਿਹਤ ਸਹੂਲਤਾਂ ਮੁਹੱਈਆ ਕਰਾਏਗੀ ਮੋਬਾਈਲ ਮੈਡੀਕਲ ਯੂਨਿਟ

### *15 ਤੋਂ 31 ਜੁਲਾਈ ਤੱਕ ਵੱਖੋ-ਵੱਖ ਪਿੰਡਾਂ 'ਚ ਜਾਵੇਗੀ ਮੋਬਾਈਲ ਮੈਡੀਕਲ ਬੱਸ*

**ਮੂਨਕ (ਰਾਜਪਾਲ ਸਿੰਗਲਾ)**-ਪੰਜਾਬ ਸਰਕਾਰ ਦਿਹਾਤੀ ਖੇਤਰਾਂ ਵਿੱਚ ਵਸਦੇ ਲੋਕਾਂ ਨੂੰ ਵੀ ਸ਼ਹਿਰੀ ਤਰਜ਼ 'ਤੇ ਸਿਹਤ ਸੁਵਿਧਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।ਪਿੰਡਾਂ ਦੇ ਨਿਵਾਸੀਆਂ ਨੂੰ ਉਨ੍ਹਾਂ ਦੇ ਘਰਾਂ ਨਜ਼ਦੀਕ ਵੱਖ-ਵੱਖ ਮੈਡੀਕਲ ਸੇਵਾਵਾਂ ਪ੍ਰਦਾਨ ਕਰਨ ਲਈ ਜ਼ਿਲ੍ਹਾ ਸਿਹਤ ਵਿਭਾਗ ਵੱਲੋਂ ਮੁਫ਼ਤ ਮੋਬਾਈਲ ਮੈਡੀਕਲ ਬੱਸ ਚਲਾਈ ਜਾਂਦੀ ਹੈ, ਜੋ ਹਰ ਮਹੀਨੇ ਵੱਖ-ਵੱਖ ਬਲਾਕਾਂ ਵਿੱਚ ਜਾ ਕੇ ਲੋਕਾਂ ਦੀ ਸਿਹਤ ਸੁਰੱਖਿਆ ਲਈ ਆਪਣਾ ਯੋਗਦਾਨ ਪਾ ਰਹੀ ਹੈ।ਇਸ ਬਾਰੇ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਸੰਜੈ ਕਾਮਰਾ ਨੇ ਦੱਸਿਆ ਕਿ ਇਹ ਮੋਬਾਈਲ ਮੈਡੀਕਲ ਯੂਨਿਟ 15 ਜੁਲਾਈ ਨੂੰ ਪਿੰਡ ਸ਼ਾਹਪੁਰ ਖੇੜੀ, 16 ਜੁਲਾਈ ਨੂੰ ਗੋਬਿੰਦਪੁਰਾ ਜਵਾਹਰਵਾਲਾ, 17 ਜੁਲਾਈ ਨੂੰ ਸ਼ਾਦੀਹਰੀ, 18 ਜੁਲਾਈ ਨੂੰ ਭੂਟਾਲ ਕਲਾਂ, 19 ਜੁਲਾਈ ਨੂੰ ਘੋੜੇਨਾਬ, 21 ਜੁਲਾਈ ਨੂੰ ਚੋਟੀਆਂ, 22 ਜੁਲਾਈ ਨੂੰ ਗਿੱਦੜਾਣੀ, 23 ਜੁਲਾਈ ਨੂੰ ਬਖੋਰਾ ਕਲਾਂ, 24 ਜੁਲਾਈ ਨੂੰ ਸੰਗਤਪੁਰਾ, 25 ਜੁਲਾਈ ਨੂੰ ਬਖੋਰਾ ਖੁਰਦ, 26 ਜੁਲਾਈ ਨੂੰ ਬਿਰਧ ਆਸ਼ਰਮ ਮਸਤੂਆਣਾ ਸਾਹਿਬ ਤੇ ਬਹਾਦਰਪੁਰ, 28 ਜੁਲਾਈ ਨੂੰ ਭਾਈ ਕੀ ਪਿਸ਼ੌਰ, 29 ਜੁਲਾਈ ਨੂੰ ਰੋੜੇਵਾਲ, 30 ਜੁਲਾਈ ਨੂੰ ਅੜਕਵਾਸ ਤੇ 31 ਜੁਲਾਈ ਨੂੰ ਜਲੂਰ ਵਿਖੇ ਜਾਵੇਗੀ।ਸਿਵਲ ਸਰਜਨ ਨੇ ਕਿਹਾ ਕਿ ਮੋਬਾਈਲ ਮੈਡੀਕਲ ਬੱਸ ਵੱਲੋਂ ਆਮ ਚੈੱਕਅਪ ਤੋਂ ਇਲਾਵਾ ਐਕਸ-ਰੇਅ, ਈ.ਸੀ.ਜੀ. ਤੇ ਐੱਚ. ਬੀ., ਸ਼ੂਗਰ ਆਦਿ ਦੇ ਟੈਸਟ ਵੀ ਕੀਤੇ ਜਾਂਦੇ ਹਨ।ਉਨ੍ਹਾਂ ਦੱਸਿਆ ਕਿ ਇਸ ਯੂਨਿਟ ਦੁਆਰਾ ਮੁਫ਼ਤ ਵਿੱਚ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

## ਲੱਕੀ ਸ਼ੇਖਾਵਤ ਨੇ ਬਾਬਾ ਖੇਤਰਪਾਲ ਮੰਦਰ 'ਚ ਭਜਨ ਨਾਲ ਖ਼ੂਬ ਰੰਗ ਬੰਨ੍ਹਿਆ

### *ਪ੍ਰਧਾਨ ਸੰਜੀਵ ਗਰਗ, ਚੇਅਰਮੈਨ ਵਿਜੇ ਬਾਂਸਲ ਨੇ ਲੱਕੀ ਸ਼ੇਖਾਵਤ ਨੂੰ ਦਿੱਤੀ ਵਧਾਈ*



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਾਬਾ ਖੇਤਰਪਾਲ ਮੰਦਰ ਵਿਖੇ ਬਾਬਾ ਖੇਤਰਪਾਲ ਸੇਵਾ ਸੰਮਤੀ ਦੇ ਪ੍ਰਧਾਨ ਸੰਜੀਵ ਗਰਗ, ਚੇਅਰਮੈਨ ਵਿਜੇ ਬਾਂਸਲ ਦੀ ਦੇਖ ਰੇਖ ਹੇਠ ਇਕ ਧਾਰਮਿਕ ਸਮਾਗਮ ਕੀਤਾ ਗਿਆ, ਜਿਸ ਵਿੱਚ ਪ੍ਰਸਿੱਧ ਧਾਰਮਿਕ ਗਾਇਕ ਲੱਕੀ ਸ਼ੇਖਾਵਤ ਜਲਾਲਾਬਾਦ ਦੀ ਮੰਡਲੀ ਵੱਲੋਂ ਮੰਦਰ ਵਿਖੇ ਬਾਬਾ ਖੇਤਰਪਾਲ ਜੀ ਦੇ ਭਜਨ ਨਾਲ ਖ਼ੂਬ ਰੰਗ ਬੰਨ੍ਹਿਆ।ਲੱਕੀ ਸ਼ੇਖਾਵਤ ਦੀ ਟੀਮ ਵੱਲੋਂ ਭਜਨ 'ਬਾਬਾ ਜੀ ਦੇ ਕੀਰਤਨ ਦੀ ਸਭ ਨੂੰ ਵਧਾਈ' ਦੀ ਮੰਦਰ ਵਿੱਚ ਸ਼ੂਟਿੰਗ ਕੀਤੀ ਗਈ, ਜਿਸ ਵਿੱਚ ਵੱਡੀ ਗਿਣਤੀ 'ਚ ਸ਼ਰਧਾਲੂਆਂ ਨੇ ਸ਼ਾਮਲ ਹੋ ਕੇ ਸ਼ੂਟਿੰਗ ਵਿੱਚ ਹਿੱਸਾ ਲਿਆ ਅਤੇ ਖੁਸ਼ੀ ਪ੍ਰਗਟ ਕੀਤੀ।ਪ੍ਰਧਾਨ ਸੰਜੀਵ ਗਰਗ, ਚੇਅਰਮੈਨ ਵਿਜੇ ਬਾਂਸਲ ਨੇ ਦੱਸਿਆ ਕਿ ਬਾਬਾ ਜੀ ਦੇ ਅਸ਼ੀਰਵਾਦ ਨਾਲ ਮੰਦਰ ਵਿਖੇ ਸ਼ਰਧਾਲੂਆਂ ਵੱਲੋਂ ਸਮੇਂ ਸਮੇਂ ਸਿਰ ਯੋਗਦਾਨ ਪਾਇਆ ਜਾ ਰਿਹਾ ਹੈ ਅਤੇ ਮੰਦਰ ਵਿਖੇ ਸਮਾਗਮ ਲਈ ਵੱਡਾ ਹਾਲ ਤਿਆਰ ਕੀਤਾ ਗਿਆ ਹੈ। ਹਰ ਐਤਵਾਰ ਸ਼ਾਮ ਨੂੰ ਸ਼ਰਧਾਲੂਆਂ ਦੇ ਸਹਿਯੋਗ ਨਾਲ ਲੰਮੇ ਸਮੇਂ ਤੋਂ ਲੰਗਰ ਸੇਵਾ ਸ਼ੁਰੂ ਕੀਤੀ ਗਈ ਹੈ।ਇਸ ਮੌਕੇ ਪੁਜਾਰੀ ਮੁਕੇਸ਼ ਸ਼ਰਮਾ, ਪਵਨ ਗੁਪਤਾ, ਰਜਿੰਦਰ ਗੋਇਲ, ਅਜੇ ਪੁਰੀ, ਪ੍ਰਦੀਪ ਗਰਗ, ਦਵਿੰਦਰ ਚੀਕਾ, ਸੰਜੀਵ ਗੋਇਲ ਪਿੰਕਾ, ਪ੍ਰਸਿੰਨ ਜਿੰਦਲ, ਨਵੀਨ ਗੋਇਲ, ਮੁਕੇਸ਼ ਗੋਇਲ, ਗੈਰੀ ਸਿੰਗਲਾ ਤੇ ਹੋਰ ਸ਼ਾਮਲ ਸਨ।

## ਸੇਫ਼ ਸਕੂਲ ਵਾਹਨ ਨੀਤੀ ਤਹਿਤ ਨੋਟਿਸ ਜਾਰੀ, 10 ਦਿਨ 'ਚ ਨਿਯਮ ਪਾਲਣਾ ਯਕੀਨੀ ਬਣਾਉਣ ਦੇ ਨਿਰਦੇਸ਼




**ਸਮਾਣਾ/ਪਟਿਆਲਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਰੀਜ਼ਨਲ ਟਰਾਂਸਪੋਰਟ ਅਫ਼ਸਰ ਬਬਨਦੀਪ ਸਿੰਘ ਵਾਲੀਆ ਨੇ ਦੱਸਿਆ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੇਫ਼ ਸਕੂਲ ਵਾਹਨ ਨੀਤੀ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਸਮਾਣਾ ਦੇ ਸਕੂਲਾਂ ਨੂੰ ਨੋਟਿਸ ਜਾਰੀ ਕਰਕੇ 10 ਦਿਨਾਂ ਦੇ ਅੰਦਰ-ਅੰਦਰ ਨਿਯਮਾਂ ਦਾ ਪਾਲਣ ਕਰਨ ਦੀ ਹਦਾਇਤ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਨਿਰਦੇਸ਼ਾਂ ਮੁਤਾਬਕ ਐਸ.ਡੀ.ਐਮ ਰਿਚਾ ਗੋਇਲ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਰੂਪਵੰਤ ਕੌਰ ਤੇ ਟਰਾਂਸਪੋਰਟ ਵਿਭਾਗ ਅਤੇ ਟ੍ਰੈਫਿਕ ਪੁਲਸ ਦੀ ਟੀਮ ਵੱਲੋਂ ਸਮਾਣਾ ਸਬ ਡਵੀਜਨ ਅੰਦਰ ਪੈਂਦੇ 8 ਪ੍ਰਾਈਵੇਟ ਸਕੂਲਾਂ ਦੇ ਵਾਹਨਾਂ ਦੀ ਚੈਕਿੰਗ ਕੀਤੀ ਗਈ।ਇਸ ਦੌਰਾਨ ਸੇਫ ਸਕੂਲ ਵਾਹਨ ਨੀਤੀ ਤਹਿਤ ਸਾਹਮਣੇ ਆਈਆਂ ਖਾਮੀਆਂ ਕਰਕੇ 82 ਤੇ 66 ਚਲਾਨ ਕੱਟੇ ਗਏ ਤੇ 4 ਵਾਹਨ ਬਾਊਂਡ ਕੀਤੇ ਗਏ ਹਨ, ਜਦਕਿ 1 ਲੱਖ 75 ਹਜ਼ਾਰ ਰੁਪਏ ਦੇ ਜੁਰਮਾਨੇ ਵੀ ਕੀਤੇ ਗਏ ਹਨ।ਐਸ.ਡੀ.ਐਮ. ਰਿਚਾ ਗੋਇਲ ਨੇ ਦੱਸਿਆ ਕਿ 7, 9 ਤੇ 11 ਜੁਲਾਈ ਨੂੰ ਕ੍ਰਮਵਾਰ 2, 4 ਤੇ 2 ਸਕੂਲਾਂ ਦੀ ਚੈਕਿੰਗ ਕੀਤੀ ਗਈ।ਇਸ ਤੋਂ ਬਿਨਾਂ ਇਨ੍ਹਾਂ ਸਕੂਲਾਂ ਵਿੱਚ ਪੋਕਸੋ ਐਕਟ ਤੇ ਸਕੂਲ ਬੈਗ ਬਾਰੇ ਨੀਤੀ ਤਹਿਤ ਚੈਕਿੰਗ ਕੀਤੀ ਗਈ ਤੇ ਲੈਕਚਰ ਵੀ ਕਰਾਏ ਗਏ ਹਨ।ਉਨ੍ਹਾਂ ਕਿਹਾ ਕਿ ਸਕੂਲਾਂ ਨੂੰ ਵਾਰ-ਵਾਰ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾ ਰਹੇ ਹਨ ਕਿ ਸਕੂਲੀ ਬੱਚਿਆਂ ਦੀ ਸੁਰੱਖਿਅਤ ਆਵਾਜਾਈ ਯਕੀਨੀ ਬਣਾਉਣ ਲਈ ਕੋਈ ਕੁਤਾਹੀ ਨਾ ਕੀਤੀ ਜਾਵੇ।ਉਨ੍ਹਾਂ ਕਿਹਾ ਗਿਆ ਕਿ ਜੇਕਰ ਸਕੂਲਾਂ ਦੇ ਵਾਹਨਜ ਜਾਂ ਪ੍ਰਾਈਵੇਟ ਵਾਹਨ ਹਰ ਪਖੋਂ ਸਹੀ ਹੋਣਗੇ ਤਾਂ ਹੀ ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਂਈ ਜਾ ਸਕਦੀ ਹੈ।ਬੱਚਿਆਂ ਦੀ ਸੁਰੱਖਿਆ ਪ੍ਰਸ਼ਾਸਨ, ਸਕੂਲਾਂ, ਮਾਪਿਆਂ ਆਦਿ ਸਭ ਦੀ ਸਮੂਹਿਕ ਜ਼ਿੰਮੇਵਾਰੀ ਹੈ।

## ...ਸ.ਫ਼ਾ 1 ਦੇ ਬਾਕੀ

### ਮੋਟਾਪੇ ਖਿਲਾਫ ਲੜਾਈ...

44.9 ਕਰੋੜ ਹੋਣ ਦਾ ਅਨੁਮਾਨ ਹੈ। ਇਸ ਨਾਲ ਭਾਰਤ ਦੁਨੀਆ 'ਚ ਦੂਜਾ ਸਭ ਤੋਂ ਵੱਧ ਬੋਝ ਵਾਲਾ ਦੇਸ਼ ਬਣ ਜਾਵੇਗਾ।

ਮੋਟਾਪਾ ਸ਼ੂਗਰ, ਹਾਈ ਬਲੱਡ ਪ੍ਰੈਸ਼ਰ, ਦਿਲ ਦੀ ਬਿਮਾਰੀ ਅਤੇ ਕੁਝ ਕੈਂਸਰ ਵਰਗੀਆਂ ਗੈਰ-ਸੰਚਾਰੀ ਬਿਮਾਰੀਆਂ ਦੇ ਜੋਖਮ ਨੂੰ ਮਹੱਤਵਪੂਰਨ ਤੌਰ 'ਤੇ ਵਧਾਉਂਦਾ ਹੈ। ਇਹ ਮਾਨਸਕ ਸਿਹਤ, ਗਤੀਸ਼ੀਲਤਾ ਅਤੇ ਜੀਵਨ ਦੀ ਗੁਣਵੱਤਾ ਨੂੰ ਵੀ ਪ੍ਰਭਾਵਤ ਕਰਦਾ ਹੈ ਅਤੇ ਵਧੇ ਹੋਏ ਸਿਹਤ ਸੰਭਾਲ ਖਰਚਿਆਂ ਕਾਰਨ ਭਾਰੀ ਆਰਥਕ ਬੋਝ ਪਾਉਂਦਾ ਹੈ। ਇਨ੍ਹਾਂ ਰੁਝਾਨਾਂ ਨੂੰ ਬਦਲਣ ਲਈ ਸ਼ੁਰੂਆਤੀ ਰੋਕਥਾਮ ਅਤੇ ਸਿਹਤ ਪ੍ਰੋਤਸਾਹਨ ਬਹੁਤ ਜ਼ਰੂਰੀ ਹਨ। ਸ੍ਰੀਵਾਸਤਵ ਨੇ ਜੀਵਨ ਸ਼ੈਲੀ ਵਿੱਚ ਤਬਦੀਲੀਆਂ ਨਾਲ ਮੋਟਾਪੇ ਨਾਲ ਲੜਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਪੀਲ ਦਾ ਜ਼ਿਕਰ ਕੀਤਾ ਹੈ।

### ਬੇਅਦਬੀ ਰੋਕਥਾਮ ਬਿੱਲ...

ਮਾਮਲਿਆਂ ਵਿੱਚ ਸਜ਼ਾ ਦੀ ਵਿਵਸਥਾ ਕਰਕੇ ਇਸ ਕਾਨੂੰਨੀ ਖਲਾਅ ਨੂੰ ਭਰਨਾ ਹੈ। ਇਸ ਤਜਵੀਜ਼ਤ ਕਾਨੂੰਨ ਤਹਿਤ ਬੇਅਦਬੀ ਦਾ ਦੋਸ਼ੀ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਨੂੰ 10 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਜ਼ਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਅਪਰਾਧ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਵੀ ਤਿੰਨ ਤੋਂ ਪੰਜ ਸਾਲ ਦੀ ਕੈਦ ਤੱਕ ਦੀ ਸਜ਼ਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਦਕਿ ਅਪਰਾਧ ਲਈ ਉਕਸਾਉਣ ਵਾਲਿਆਂ ਨੂੰ ਅਪਰਾਧ ਦੇ ਮੁਤਾਬਕ ਸਜ਼ਾ ਮਿਲੇਗੀ।

ਮੰਤਰੀ ਮੰਡਲ ਨੇ 'ਪੰਜਾਬ ਰੈਗੂਲੇਸ਼ਨ ਆਫ਼ ਕਰੱਸ਼ਰ ਯੂਨਿਟਸ, ਐਂਡ ਸਟਾਕਿਸਟਸ ਐਂਡ ਰਿਟੇਲਰ ਰੂਲਜ਼-2025' ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕਰੱਸ਼ਰ ਯੂਨਿਟ, ਮਾਲ ਵਿਕਰੇਤਾ ਅਤੇ ਪ੍ਰਚੂਨ ਵਿਕਰੇਤਾ ਨਿਰਧਾਰਤ ਢਾਂਚੇ ਦੇ ਅੰਦਰ ਕੰਮ ਕਰਨ। ਇਹ ਨਿਯਮ ਪੰਜਾਬ ਰੈਗੂਲੇਸ਼ਨ ਆਫ਼ ਕਰੱਸ਼ਰ ਯੂਨਿਟਸ, ਐਂਡ ਸਟਾਕਿਸਟਸ ਐਂਡ ਰਿਟੇਲਰ ਐਕਟ-2025 ਦੇ ਅਨੁਸਾਰ ਤਿਆਰ ਕੀਤੇ ਗਏ ਹਨ, ਜੋ ਕਿ ਕਰੱਸ਼ਰ ਯੂਨਿਟਾਂ ਦੁਆਰਾ ਗੈਰ-ਕਾਨੂੰਨੀ ਤੌਰ 'ਤੇ ਮਾਈਨਿੰਗ ਕੀਤੀ ਗਈ ਰੇਤ ਅਤੇ ਬੱਜਰੀ ਦੀ ਖਰੀਦ ਨੂੰ ਰੋਕਣ ਲਈ ਲਾਗੂ ਕੀਤਾ ਗਿਆ ਸੀ।

ਨਵੇਂ ਨਿਯਮ ਐਕਟ ਦੇ ਪ੍ਰਭਾਵਸ਼ਾਲੀ, ਪਾਰਦਰਸ਼ੀ ਅਤੇ ਜਵਾਬਦੇਹ ਢੰਗ ਨਾਲ ਲਾਗੂ ਕਰਨ ਦੀ ਸਹੂਲਤ ਲਈ ਵਿਸਥਾਰਤ ਪ੍ਰਕਿਰਿਆਵਾਂ, ਨਿਰਧਾਰਤ ਫਾਰਮ, ਸਮਾਂ-ਸੀਮਾਵਾਂ, ਅਧਿਕਾਰੀਆਂ ਅਤੇ ਪਾਲਣਾ ਵਿਧੀਆਂ ਨੂੰ ਪਰਿਭਾਸ਼ਿਤ ਕਰਦੇ ਹਨ। ਇਨ੍ਹਾਂ ਦਾ ਉਦੇਸ਼ ਕਾਰਜਸ਼ੀਲ ਪ੍ਰਕਿਰਿਆਵਾਂ ਵਿੱਚ ਅਸਪੱਸ਼ਟਤਾ ਨੂੰ ਖਤਮ ਕਰਨਾ, ਰਾਇਲਟੀ ਚੋਰੀ ਅਤੇ ਗੈਰ-ਕਾਨੂੰਨੀ ਖਣਿਜ ਵਪਾਰ ਨੂੰ ਰੋਕਣਾ ਅਤੇ ਵਾਤਾਵਰਣ ਪੱਖੋਂ ਟਿਕਾਊ ਅਤੇ ਕਾਨੂੰਨੀ ਤੌਰ 'ਤੇ ਅਨੁਕੂਲ ਵਪਾਰਕ ਕਾਰਜਾਂ ਨੂੰ ਉਤਸ਼ਾਹਿਤ ਕਰਨਾ ਹੈ। ਇਸ ਤੋਂ ਇਲਾਵਾ ਇਨ੍ਹਾਂ ਨਿਯਮਾਂ ਨਾਲ ਸੂਬਾ ਭਰ ਵਿੱਚ ਪਾਰਦਰਸ਼ਤਾ ਵਧਾਉਣ ਅਤੇ ਗੈਰ-ਕਾਨੂੰਨੀ ਮਾਈਨਿੰਗ ਦੀਆਂ ਕਾਰਵਾਈਆਂ ਰੁਕਣ ਦੀ ਉਮੀਦ ਹੈ।

### ਪੰਜਾਬ ਬਣਿਆ ਕਤਲੋਗਾਰਦ, ਫਿਰੌਤੀਆਂ ਤੇ ਨਸ਼ਿਆਂ ਦਾ ਸੂਬਾ : ਭੁੱਲਰ

**ਫ਼ਿਰੋਜ਼ਪੁਰ (ਗੁਰਬਚਨ ਸਿੰਘ)**-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪੀ ਏ ਸੀ ਮੈਂਬਰ ਤੇ ਜ਼ਿਲ੍ਹਾ ਪ੍ਰਧਾਨ ਗੁਰਚਰਨ ਸਿੰਘ ਭੁੱਲਰ ਦੀ ਪ੍ਰਧਾਨਗੀ ਹੇਠ ਕੀਤੀ ਗਈ, ਜਿਸ ਵਿੱਚ ਪੰਜਾਬ ਦੇ ਹਾਲਾਤ ਬਿਹਾਰ ਨਾਲੋਂ ਵੱਧ ਖਤਰਨਾਕ ਹੋਣ 'ਤੇ ਚਿੰਤਾ ਜ਼ਾਹਰ ਕੀਤੀ ਗਈ। ਉਨ੍ਹਾਂ ਕਿਹਾ ਕਿ ਪਹਿਲਾਂ ਪੰਜਾਬ ਦੇ ਹਾਲਾਤ ਖਾੜਕੂਵਾਦ ਸਮੇਂ ਵੀ ਏਨੇ ਨਹੀਂ ਵਿਗੜੇ ਸੀ, ਜਿੰਨੇ ਅੱਜ ਵਿਗੜ ਗਏ ਹਨ।

ਲੋਕਾਂ ਦੇ ਜਾਨ-ਮਾਲ ਦੀ ਰਾਖੀ ਕਰਨ ਵਾਲੀ ਸਰਕਾਰ ਦੇ ਕੁੱਝ ਲੀਡਰ, ਅਫ਼ਸਰ, ਮੁਲਾਜ਼ਮ ਭ੍ਰਿਸ਼ਟਾਚਾਰ ਵਿੱਚ ਲਿਪਤ ਹਨ ਤੇ ਹਰ ਦਫ਼ਤਰਾਂ ਵਿੱਚ ਰਿਸ਼ਵਤਖੋਰੀ ਦੀ ਖੁੱਲ੍ਹ ਦਿੱਤੀ ਹੋਈ ਹੈ।ਦਫ਼ਤਰਾਂ ਵਿੱਚ ਜੋ ਲੰਮੇ ਸਮੇਂ ਤੋਂ ਰਿਸ਼ਵਤ ਲੈ ਰਹੇ ਹਨ, ਉਨ੍ਹਾਂ ਨੂੰ ਵਾਰ-ਵਾਰ ਉਸੇ ਜਗ੍ਹਾ 'ਤੇ ਲਵਾ ਕੇ ਲੋਕਾਂ ਦੀ ਲੁੱਟ ਹੋ ਰਹੀ ਹੈ।ਸਰਕਾਰ ਦੇ ਬਣਾਏ ਸਰਪੰਚ ਆਤਮਹੱਤਿਆ ਕਰ ਰਹੇ ਹਨ, ਵਪਾਰੀਆਂ ਦੇ ਕਤਲ ਹੋ ਰਹੇ ਹਨ ਤੇ ਲੋਕਾਂ ਤੋਂ ਫਿਰੌਤੀਆਂ ਲਈਆਂ ਜਾ ਰਹੀਆਂ ਹਨ ਤੇ ਲੋਕ ਡਰ ਦੇ ਮਾਹੌਲ ਵਿੱਚ ਜੀਅ ਰਹੇ ਹਨ।ਲੋਕ ਸ਼ਰੇਆਮ ਲੀਡਰਾਂ ਦੀ ਲੁੱਟ ਦਾ ਸਬੂਤ ਦੇ ਰਹੇ ਹਨ, ਪਰ ਕਿਸੇ ਤੇ ਕੋਈ ਕਾਰਵਾਈ ਨਹੀਂ।

## ਸੈਕੰਡਰੀ ਪੁਆਇੰਟਾਂ 'ਤੇ ਕੂੜੇ ਨੂੰ ਰੋਕਣ ਵਾਲੇ ਹੋਣਗੇ ਸਿੱਧੇ ਤੌਰ 'ਤੇ ਜ਼ਿੰਮੇਵਾਰ : ਅਰੁਣ ਗਿੱਲ



**ਜਗਰਾਉਂ (ਅਮਿਤ ਖੰਨਾ)**-ਨਗਰ ਕੌਂਸਲ ਅੰਦਰ ਕੂੜੇ ਦੇ ਮਸਲੇ ਦਾ ਕੋਈ ਵੀ ਹੱਲ ਨਹੀਂ ਨਿਕਲ ਰਿਹਾ ਹੈ।ਇਸ ਦੇ ਮੁੱਖ ਕਾਰਨ ਬਾਰੇ ਸਫ਼ਾਈ ਸੇਵਕ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਅਰੁਣ ਗਿੱਲ ਨੇ ਦੱਸਿਆ ਕਿ ਸਫਾਈ ਸੇਵਕਾਂ ਨੂੰ ਘਰਾਂ ਤੋਂ ਕੂੜੇ ਨੂੰ ਲਿਆ ਕੇ ਅੱਗੇ ਸੈਕੰਡਰੀ ਪੁਆਇੰਟਾਂ ਤੇ ਇਕੱਠਾ ਕਰਨਾ ਹੁੰਦਾ ਹੈ।ਸੈਕੰਡਰੀ ਪੁਆਇੰਟਾਂ ਉੱਪਰ ਕੂੜੇ ਨੂੰ ਲਿਆ ਕੇ ਕੂੜੇ ਦੀ ਸੈਗਰੀਗੇਸ਼ਨ ਅਤੇ ਸਾਂਭ ਸੰਭਾਲ ਲਈ ਪ੍ਰਬੰਧ ਕਰਨਾ ਹੁੰਦਾ।ਨਗਰ ਕੌਂਸਲ ਵੱਲੋਂ 9 ਜੁਲਾਈ ਰਾਹੀਂ ਸ਼ਹਿਰ ਵਿੱਚ ਸਫਾਈ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕੂੜੇ ਦੇ ਪੁਰਾਣੇ ਬੰਦ ਕੀਤੇ ਗਏ ਸੈਕੰਡਰੀ ਪੁਆਇੰਟਾਂ ਨੂੰ ਮੁੜ ਤੋਂ ਚਾਲੂ ਕਰਨ ਲਈ ਸਰਬ ਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਸੀ, ਪਰ ਇਨ੍ਹਾਂ ਸੈਕੰਡਰੀ ਪੁਆਇੰਟਾਂ ਤੇ ਕੂੜਾ ਸੁੱਟਣ ਤੋਂ ਨਗਰ ਕੌਂਸਲ ਦੇ ਕੁਝ ਕੌਂਸਲਰ ਤੇ ਸ਼ਹਿਰ ਵਾਸੀਆਂ ਵੱਲੋਂ ਰੋਕਿਆ ਜਾ ਰਿਹਾ ਹੈ, ਜਿਸ ਕਾਰਨ ਸਫਾਈ ਸੇਵਕਾਂ ਨੂੰ ਵੱਡੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਸਮੂਹ ਸਫਾਈ ਸੇਵਕਾਂ ਵੱਲੋਂ ਕਾਰਜ ਸਾਧਕ ਅਫਸਰ ਨਗਰ ਕੌਂਸਲ ਨੂੰ ਜਾਣੂ ਕਰਾਇਆ ਗਿਆ।ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਪਾਸ ਕੀਤੇ ਮਤੇ ਅਨੁਸਾਰ ਸੈਕੰਡਰੀ ਪੁਆਇੰਟਾਂ ਨੂੰ ਚਾਲੂ ਕਰਾਇਆ ਜਾਵੇ। ਜੇਕਰ ਪੁਆਇੰਟ ਚਾਲੂ ਨਹੀਂ ਹੁੰਦੇ ਤਾਂ ਕੂੜੇ ਕਰਕੇ ਕੋਈ ਵੀ ਅਣਸਖਾਵੀਂ ਘਟਨਾ ਵਾਪਰਦੀ ਹੈ ਤਾਂ ਉਸ ਲਈ ਨਗਰ ਕੌਂਸਲ ਦੇ ਅਧਿਕਾਰੀ ਤੇ ਸੈਕੰਡਰੀ ਪੁਆਇੰਟਾਂ ਤੋਂ ਕੂੜਾ ਨੂੰ ਇਕੱਠਾ ਕਰਨ ਲਈ ਰੋਕਣ ਵਾਲੇ ਕੌਂਸਲਰ ਉਸ ਵਾਰਡ ਦੇ ਕੂੜੇ ਨੂੰ ਰੋਕਣ ਵਾਲੇ ਲੋਕ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੋਣਗੇ। ਸਫ਼ਾਈ ਯੂਨੀਅਨ ਦੇ ਪ੍ਰਧਾਨ ਅਤੇ ਸਮੂਹ ਸਫਾਈ ਸੇਵਕਾਂ ਵੱਲੋਂ ਕੌਂਸਲਰ ਸਾਹਿਬਾਨਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਆਪਣੇ ਆਪਣੇ ਵਾਰਡ ਅੰਦਰ ਕੂੜੇ ਦੀ ਸਾਂਭ ਸੰਭਾਲ ਤੇ ਸੈਗਰੀਗੇਸ਼ਨ ਕਰਨ ਲਈ ਜਗ੍ਹਾ ਦਾ ਪ੍ਰਬੰਧ ਕਰਕੇ ਦਿੱਤਾ ਜਾਵੇ ਤਾਂ ਜੁ ਸਫਾਈ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

CMYK

# ਪਲੇਸਮੈਂਟ ਕੈਂਪ ਅੱਜ ਤੇ ਭਲਕੇ

**ਮੋਹਾਲੀ, (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਦੇ 'ਮਿਸ਼ਨ ਘਰ-ਘਰ ਰੋਜ਼ਗਾਰ' ਤਹਿਤ, ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ (ਡੀ ਬੀ ਈ ਈ), ਐਸ ਏ ਐਸ ਨਗਰ ਵੱਲੋਂ 15 ਜੁਲਾਈ (ਮੰਗਲਵਾਰ) ਅਤੇ 16 ਜੁਲਾਈ (ਬੁੱਧਵਾਰ) ਨੂੰ ਪਲੇਸਮੈਂਟ ਕੈਂਪਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ।ਇਹ ਕੈਂਪ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਕਮਰਾ ਨੰਬਰ 453-61, ਤੀਜੀ ਮੰਜ਼ਲ, ਸੈਕਟਰ-76 ਵਿਖੇ ਸਵੇਰੇ 10:00 ਵਜੇ ਤੋਂ ਦੁਪਹਿਰ 1:00 ਵਜੇ ਤੱਕ ਲਗਾਏ ਜਾਣਗੇ।ਡਿਪਟੀ ਡਾਇਰੈਕਟਰ ਹਰਪ੍ਰੀਤ ਸਿੰਘ ਮਾਨਸ਼ਾਹੀਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਦੀ ਵਚਨਬੱਧਤਾ ਅਨੁਸਾਰ ਇਹ ਕੈਂਪ ਲਗਾਏ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ 15 ਜੁਲਾਈ ਨੂੰ ਭਾਗ ਲੈਣ ਵਾਲੀਆਂ ਕੰਪਨੀਆਂ 'ਚ ਕਨਿਕਾ ਨਰਸਿੰਗ ਅਕੈਡਮੀ, ਏਅਰਟੈਲ, ਐਡੇਕੋ, ਆਈ-ਪ੍ਰੋਸੈਸ ਸ਼ਾਮਲ ਹੋਣਗੀਆਂ ਜਦਕਿ 16 ਜੁਲਾਈ ਨੂੰ ਐੱਸ.ਆਈ.ਐੱਸ. ਇੰਡੀਆ ਲਿਮਿਟਡ ਵੱਲੋਂ ਭਰਤੀ ਕੀਤੀ ਜਾਵੇਗੀ।ਪਹਿਲੇ ਦਿਨ ਨਰਸਿੰਗ ਟਿਊਟਰ, ਸੇਲਜ਼, ਟੈਲੀਕਾਲਿੰਗ ਅਤੇ ਇੰਜੀਨੀਅਰ ਦੀਆਂ ਅਸਾਮੀਆਂ ਲਈ ਅਤੇ ਦੂਸਰੇ ਦਿਨ ਸਕਿਊਰਟੀ ਗਾਰਡ ਦੀ ਅਸਾਮੀ ਲਈ ਇੰਟਰਵਿਊ ਕੀਤਾ ਜਾਵੇਗਾ।16 ਜੁਲਾਈ ਨੂੰ ਹੋਣ ਵਾਲੀ ਸਕਿਊਰਟੀ ਗਾਰਡ ਅਸਾਮੀਆਂ ਦੀ ਇੰਟਰਵਿਊ ਲਈ ਘੱਟੋ-ਘੱਟ ਯੋਗਤਾ 10ਵੀਂ ਪਾਸ, ਉਮਰ 19 ਤੋਂ 40 ਸਾਲ, ਕੱਦ ਘੱਟੋ-ਘੱਟ 5 ਫੁੱਟ 6 ਇੰਚ, ਭਾਰ ਘੱਟੋ-ਘੱਟ 54 ਕਿਲੋ, ਛਾਤੀ 80 ਤੋਂ 85 ਸੈ.ਮੀ. ਹੋਣੀ ਚਾਹੀਦੀ ਹੈ।

# ਮੀਂਹ ਵਰ੍ਹਦੇ 'ਚ ਬਿਜਲੀ ਅਦਾਰੇ ਦੇ ਨਿੱਜੀਕਰਨ ਖਿਲਾਫ ਐੱਸ ਸੀ ਪਾਵਰਕਾਮ ਦੇ ਦਫ਼ਤਰ ਅੱਗੇ ਲੱਗਾ ਧਰਨਾ

**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨਤਾਰਨ ਦੇ ਸੀਨੀਅਰ ਮੀਤ ਜਰਨੈਲ ਸਿੰਘ ਨੂਰਦੀ, ਫਤਿਹ ਸਿੰਘ ਪਿੱਦੀ, ਰੇਸ਼ਮ ਸਿੰਘ ਘੁਰਕਵਿੰਡ ਦੀ ਅਗਵਾਈ ਹੇਠ ਪਾਵਰਕਾਮ ਦੇ ਐੱਸ ਸੀ ਦਫ਼ਤਰ ਵਿਖੇ ਵਰ੍ਹਦੇ ਮੀਂਹ ਵਿੱਚ ਧਰਨਾ ਲਾਗਾ।ਧਰਨੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਤਰਨ ਤਾਰਨ ਦੇ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ ਅਤੇ ਸੂਬਾ ਆਗੂ ਤੇ ਜ਼ਿਲ੍ਹਾ ਸਕੱਤਰ ਹਰਜਿੰਦਰ ਸਿੰਘ ਸ਼ਕਰੀ ਨੇ ਕਿਹਾ ਕਿ ਕੇਂਦਰ ਸਰਕਾਰ ਨਾਲ ਰਲ ਕੇ ਪੰਜਾਬ ਸਰਕਾਰ ਵੱਲੋਂ ਬਿਜਲੀ ਵਿਭਾਗ ਨੂੰ ਪੂਰੀ ਤਰ੍ਹਾਂ ਨਿੱਜੀ ਹੱਥਾਂ ਵਿੱਚ ਦਿੱਤਾ ਜਾ ਰਿਹਾ ਹੈ ।ਕੇਂਦਰ ਸਰਕਾਰ ਨੇ ਫੈਸਲਾ ਕਰਕੇ ਹੁਣ ਬਿਜਲੀ ਬੋਰਡ ਨੂੰ ਪੂਰੀ ਤਰ੍ਹਾਂ ਨਿੱਜੀ ਹੱਥਾਂ ਵਿੱਚ ਦੇਣ ਦਾ ਐਲਾਨ ਕਰ ਦਿੱਤਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਪਾਵਰਕਾਮ ਨੂੰ ਵੇਚਿਆ ਜਾਵੇਗਾ ਅਤੇ ਪੰਜਾਬ ਸਰਕਾਰ ਵੀ ਕੇਂਦਰ ਨਾਲ ਖੜੀ ਹੈ।ਹਰਬਿੰਦਰਜੀਤ ਸਿੰਘ ਕੰਗ, ਰਣਯੋਧ ਸਿੰਘ ਗੱਗੋਬੂਆ ਅਤੇ ਬਲਵਿੰਦਰ ਸਿੰਘ ਚੋਹਲਾ ਨੇ ਕਿਹਾ ਕਿ ਅਗਰ ਇਸਦਾ ਪਿਛੋਕੜ ਦੇਖਿਆ ਜਾਵੇ ਤਾਂ 1948 ਦਾ ਬਿਜਲੀ ਐਕਟ 2003 ਵਿੱਚ ਬਦਲਿਆ ਗਿਆ ਕਿਉਂਕਿ 1948 ਦੇ ਬਿਜਲੀ ਐਕਟ ਵਿੱਚ 3% ਤੋਂ ਵੱਧ ਖਪਤਕਾਰਾਂ ਕੋਲੋਂ ਮੁਨਾਫਾ ਲੈਣ ਦੀ ਮਨਾਹੀ ਸੀ ।ਬਿਜਲੀ ਬੋਰਡ ਇੱਕ ਜਨਤਕ ਅਦਾਰਾ ਹੋਣ ਕਾਰਨ ਨੋ ਪ੍ਰੋਫਿਟ ਨੋ ਲੋਸ ਦੇ ਤਹਿਤ ਕੰਮ ਕਰਦਾ ਸੀ, ਫਿਰ ਕਾਰਪੋਰੇਟ ਘਰਾਣਿਆਂ ਨੂੰ ਬਿਜਲੀ ਬਣਾਉਣ ਦੇ ਅਧਿਕਾਰ ਦੇ ਲਈ ਬਿਜਲੀ ਐਕਟ 2003 ਲਿਆਂਦਾ ਜਿਸ ਵਿੱਚ ਘੱਟੋ-ਘੱਟ ਮੁਨਾਫਾ ਕਮਾਉਣ ਦੀ ਸੀਮਾ 16% ਅਤੇ ਵੱਧ ਤੋਂ ਵੱਧ ਦਾ ਕੋਈ ਮਾਪਦੰਡ ਨਹੀਂ ਸੀ, ਪ੍ਰਾਈਵੇਟ ਕੰਪਨੀਆਂ ਨੇ ਮੁਨਾਫਾ ਕਮਾਉਣ ਲਈ ਬਿਜਲੀ ਪੈਦਾ ਕਰਨ ਲਈ ਪੰਜਾਬ ਅੰਦਰ ਪੰਜਾਬ ਤੇ ਕੇਂਦਰ ਦੀਆਂ ਸਰਕਾਰਾਂ ਨੇ ਨਵੇਂ ਥਰਮਲ ਪਲਾਂਟ ਲਗਵਾਏ ਅਤੇ ਅੱਜ ਵੀ ਜਨਤਾ ਦੇ ਟੈਕਸਾਂ ਦਾ ਪੈਸਾ ਲੁਟਾਉਂਦੇ ਹੋਏ ਮਹਿੰਗੀ ਬਿਜਲੀ ਖਰੀਦੀ ਜਾ ਰਹੀ।ਬੀਬੀ ਰਣਜੀਤ ਕੌਰ ਕੱਲਾ ਅਤੇ ਦਵਿੰਦਰ ਕੌਰ ਪਿੱਦੀ ਨੇ ਕਿਹਾ ਕਿ ਆਉਣ ਵਾਲੇ ਮਾਨਸੂਨ ਸੈਸ਼ਨ ਵਿੱਚ ਬਿਜਲੀ ਸੋਧ ਬਿੱਲ ਜੋ ਕਿ ਲੰਬੇ ਅਰਸੇ ਤੋਂ ਲਟਕ ਰਿਹਾ ਸੀ ਓਸਨੂੰ ਲਿਆਉਣ ਦੀ ਤਿਆਰੀ ਹੋ ਰਹੀ ਹੈ, ਜਿਸ ਨਾਲ ਬਿਜਲੀ ਵੇਚਣ ਦਾ ਅਧਿਕਾਰ ਵੀ ਪ੍ਰਾਈਵੇਟ ਕੰਪਨੀਆਂ ਨੂੰ ਦਿੱਤਾ ਜਾ ਰਿਹਾ ਹੈ।ਪ੍ਰੀਪੇਡ ਮੀਟਰ ਲਗਾ ਕੇ ਪ੍ਰਾਈਵੇਟ ਕੰਪਨੀਆਂ ਦੇ ਬਿੱਲ ਉਗਰਾਹੀ ਨੂੰ ਸੌਖਾਲਾ ਕਰਨ ਦੀ ਕਵਾਇਦ ਤੇਜ਼ ਹੋ ਗਈ ਹੈ।ਆਉਂਦੇ ਦਿਨਾਂ ਵਿੱਚ ਬਿਜਲੀ ਵਿਭਾਗ ਪੂਰੀ ਤਰ੍ਹਾਂ ਨਿੱਜੀ ਹੱਥਾਂ ਵਿੱਚ ਵੇਚ ਦਿੱਤਾ ਜਾਵੇਗਾ। ਨਿੱਜੀਕਰਨ ਦੀ ਨੀਤੀ ਵਾਪਿਸ ਲੈਣ ਦੀ ਮੰਗ ਦੇ ਨਾਲ ਨਾਲ, ਬਿਜਲੀ ਸਬੰਧੀ ਭਾਰੇ ਜੁਰਮਾਨਿਆਂ, ਐਵਰੇਜ ਨਾਲ ਭੇਜੇ ਜਾ ਰਹੇ ਭਾਰੀ ਬਿੱਲਾਂ, ਬਿਜਲੀ ਵਿਭਾਗ ਵਿਚ ਵਿਆਪਕ ਪੱਧਰ ਤੇ ਫੈਲੀ ਕੁਰਪਸ਼ਨ ਅਤੇ ਪੰਜਾਬ ਵਿੱਚ ਲੱਗ ਰਹੇ ਬਿਜਲੀ ਕੱਟਾਂ ਦੇ ਮਸਲੇ ਵਿਚ ਧਰਨੇ ਦੀਆਂ ਮੰਗਾਂ ਦਾ ਹਿੱਸਾ ਹੋਣਗੇ।ਉਨ੍ਹਾਂ ਕਿਹਾ ਕਿ ਬਿਜਲੀ ਦਾ ਮਸਲਾ ਇਕੱਲਾ ਕਿਸਾਨਾਂ ਮਜ਼ਦੂਰਾਂ ਦਾ ਨਹੀਂ, ਵਿਦਿਆਰਥੀਆਂ, ਸ਼ਹਿਰੀਆਂ, ਦੁਕਾਨਦਾਰਾਂ ਨੇ ਵੀ ਬਿਜਲੀ ਦੀ ਵਰਤੋਂ ਕਰਨੀ ਹੈ। ਜੇ ਬਿਜਲੀ ਬੋਰਡ ਨੂੰ ਨਿੱਜੀ ਹੱਥਾਂ ਵਿੱਚ ਵੇਚ ਦਿੱਤਾ ਗਿਆ ਤਾਂ ਸਭ ਲਈ ਮੁਸੀਬਤ ਬਣੇਗੀ, ਇਸ ਕਰਕੇ ਪੂਰੇ ਪੰਜਾਬੀਆਂ ਨੂੰ ਅਪੀਲ ਕਰਦੇ ਹਾਂ ਕਿ ਇਸ ਘੋਲ ਵਿੱਚ ਸਾਰੇ ਸ਼ਾਮਲ ਹੋਣ।ਇਸ ਮੌਕੇ ਸਲਵਿੰਦਰ ਸਿੰਘ ਜੀਉਬਾਲਾ, ਪਰਮਜੀਤ ਸਿੰਘ ਛੀਨਾ, ਕੁਲਵਿੰਦਰ ਸਿੰਘ ਕੈਰੋਵਾਲ, ਮਨਜਿੰਦਰ ਸਿੰਘ ਗੋਹਲਵੜ, ਇਕਬਾਲ ਸਿੰਘ ਵੜਿੰਗ, ਸਤਨਾਮ ਸਿੰਘ ਖੋਜਕੀਪੁਰ, ਸੁਖਚੈਨ ਸਿੰਘ ਅੱਲੋਵਾਲ, ਮਨਜੀਤ ਸਿੰਘ ਕਰਮੂਵਾਲਾ, ਕੁਲਵੰਤ ਸਿੰਘ ਭੈਲ, ਕੁਲਵੰਤ ਸਿੰਘ ਢੋਟੀਆਂ, ਸੁਖਵਿੰਦਰ ਸਿੰਘ ਦੁੱਗਲ ਵਾਲਾ, ਗੁਰਭੇਜ ਸਿੰਘ ਧਾਰੀਵਾਲ, ਆਤਮਾ ਸਿੰਘ ਘਰਿਆਲੀ, ਦਿਲਬਾਗ ਸਿੰਘ ਪਹੂਵਿੰਡ, ਨਰੰਜਨ ਸਿੰਘ ਬਰਗਾੜੀ, ਸਲਵਿੰਦਰ ਸਿੰਘ ਡਾਲੇਕੇ ਆਦਿ ਆਗੂ ਹਾਜ਼ਰ ਸਨ।



# ਪੰਜਾਬ ਨੈਸ਼ਨਲ ਬੈਂਕ ਨਵਾਂ ਨੰਗਲ ਤੋਂ ਮੌਜੋਵਾਲ ਤਬਦੀਲ

**ਭਲਾਣ (ਹਰਭਜਨ ਢਿੱਲੋਂ)**- ਪੰਜਾਬ ਨੈਸ਼ਨਲ ਬੈਂਕ ਮੌਜੋਵਾਲ ਦੀ ਨਵੀਂ ਬਿਲਡਿੰਗ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਉਣ ਉਪਰੰਤ ਪੰਕਜ ਆਨੰਦ ਸਰਕਲ ਹੈੱਡ ਪੰਜਾਬ ਨੈਸ਼ਨਲ ਬੈਂਕ ਵੱਲੋਂ ਉਦਘਾਟਨ ਕੀਤਾ ਗਿਆ। ਮੈਨੇਜਰ ਰਾਜ ਕੁਮਾਰ ਰਾਣਾ ਦੀ ਦੇਖ ਰੇਖ ਹੇਠ ਪੂਰੇ ਸਿਸਟਮ ਨੂੰ ਫਿੱਟ ਕਰਕੇ ਬਰਾਂਚ ਦਾ ਲੈਣ ਦੇਣ ਸ਼ੁਰੂ ਕੀਤਾ ਗਿਆ।ਵੱਖ ਵੱਖ ਪਿੰਡਾਂ ਅਤੇ ਸ਼ਹਿਰਾਂ ਦੇ ਖਾਤਾਧਾਰਕ ਵੱਡੀ ਗਿਣਤੀ ਵਿੱਚ ਆਏ, ਉਨ੍ਹਾਂ ਦਾ ਠੰਢਾ, ਚਾਹ ਅਤੇ ਮਠਿਆਈ ਨਾਲ ਸਵਾਗਤ ਕੀਤਾ ਗਿਆ। ਪੰਜਾਬ ਨੈਸ਼ਨਲ ਬੈਂਕ ਮੌਜੋਵਾਲ ਦੀ ਬਰਾਂਚ ਪਿਛਲੇ ਲੰਮੇ ਸਮੇਂ ਤੋਂ ਸ਼ਿਵਾਲਿਕ ਕਾਲਜ ਨਵਾਂ ਨੰਗਲ ਦੀ ਬਿਲਡਿੰਗ ਵਿੱਚ ਚੱਲ ਰਹੀ ਸੀ। ਬਿਲਡਿੰਗ ਦੀ ਖਸਤਾ ਹਾਲਤ ਨੂੰ ਦੇਖਦਿਆਂ ਬੈਂਕ ਹਾਈ ਕਮਾਂਡ ਨੇ ਪਿੰਡ ਮੌਜੋਵਾਲ ਵਿਖੇ ਨਵੀਂ ਬਣੀ ਬਿਲਡਿੰਗ ਕਿਰਾਏ 'ਤੇ ਲੈ ਕੇ ਬਰਾਂਚ ਖੋਲ੍ਹ ਦਿੱਤੀ । ਇਸ ਮੌਕੇ ਹੈਡ ਕੈਸ਼ੀਅਰ ਜਸਵੰਤ ਸਿੰਘ ਸੈਣੀ, ਪ੍ਰਧਾਨ ਐਡਵੋਕੇਟ ਨਵਦੀਪ ਸਿੰਘ ਹੀਰਾ ਬਾਰ ਐਸੋਸੀਏਸ਼ਨ ਨੰਗਲ, ਸਾਬਕਾ ਮੈਨੇਜਰ ਮੱਖਣ ਸਿੰਘ, ਸਾਬਕਾ ਮੈਨੇਜਰ ਜੀਐਸ ਸੇਠੀ, ਸਰਪੰਚ ਦੀਪਕ ਕੁਮਾਰ ਹੈਪੀ ਮੌਜੋਵਾਲ, ਡਾਕਟਰ ਰਜਿੰਦਰ ਕੁਮਾਰ ਮੌਜੋਵਾਲ, ਡਿਪਟੀ ਮੈਨੇਜਰ ਕੌਸ਼ਲ ਕੁਮਾਰ, ਪ੍ਰੋਫੈਸਰ ਚੱਠਾ, ਹਰਪਾਲ ਸਿੰਘ ਸੈਣੀ, ਜਥੇ: ਹਰਪਾਲ ਸਿੰਘ ਭੱਲੜੀ ਅਤੇ ਬਲਵਿੰਦਰ ਸਿੰਘ ਇਲੈਕਟੀਸ਼ਨ ਆਦਿ ਹਾਜ਼ਰ ਸਨ।

# ਬਹਿਰਾਮਪੁਰ ਚੌਕ ਵਾਲੇ ਬੱਸ ਸਟਾਪ 'ਤੇ ਸ਼ੈੱਡ ਤੇ ਸਪੀਡ ਬਰੇਕਰ ਨਾ ਹੋਣ ਕਾਰਨ ਲੋਕ ਪ੍ਰੇਸ਼ਾਨ



**ਗੁਰਦਾਸਪੁਰ, (ਜਨਕ ਮਹਾਜਨ)**

ਗੁਰਦਾਸਪੁਰ ਤੋਂ 8 ਕਿਲੋਮੀਟਰ ਦੂਰ ਪੈਂਦੇ ਕਸਬਾ ਬਹਿਰਾਮਪੁਰ ਦੇ ਬੱਸ ਅੱਡਾ ਚੌਕ ਵਿੱਚ ਕੋਈ ਵੀ ਸਹੂਲਤ ਨਾ ਹੋਣ ਕਰਕੇ ਇਲਾਕਾ ਵਾਸੀਆਂ ਦਾ ਪ੍ਰਸ਼ਾਸ਼ਨ ਖਿਲਾਫ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਕਸਬਾ ਪਾਕਿਸਤਾਨ ਬਾਰਡਰ ਏਰੀਏ ਦਾ ਮਸ਼ਹੂਰ ਕਸਬਾ ਹੈ। ਵੱਡੀ ਗਿਣਤੀ ਵਿੱਚ ਪਿੰਡ ਇਸ ਨਾਲ ਲੱਗਦੇ ਹਨ। ਲੋਕਾਂ ਨੇ ਦੱਸਿਆ ਕਿ ਇਸ ਚੌਕ ਵਿਚੋਂ ਰੋਜ਼ਾਨਾ ਵੱਡੀ ਗਿਣਤੀ ਵਿੱਚ ਬੱਸਾਂ ਦੀਨਾਨਗਰ, ਦੋਰਾਂਗਲਾ, ਗਾਹਲੜੀ, ਝਬਕਰਾ ਅਤੇ ਗੁਰਦਾਸਪੁਰ ਆਦਿ ਸ਼ਹਿਰਾਂ ਤੇ ਕਸਬਿਆਂ ਨੂੰ ਆਉਂਦੀਆਂ ਜਾਂਦੀਆਂ ਹਨ। ਬੱਸਾਂ ਦੀ ਗਿਣਤੀ ਕਾਫੀ ਹੋਣ ਦੇ ਬਾਵਜੂਦ ਬੱਸਾਂ ਦੀ ਉਡੀਕ ਕਰਨ ਵਾਲੇ ਲੋਕਾਂ ਲਈ ਕੋਈ ਬੱਸ ਸ਼ੈਡ ਇੱਥੇ ਨਹੀਂ ਹੈ ਜਿਸ ਕਾਰਨ ਲੋਕਾਂ ਨੂੰ ਅੱਤ ਦੀ ਗਰਮੀ ਅਤੇ ਭਾਰੀ ਠੰਡ ਵਿੱਚ ਬੱਸਾਂ ਦੀ ਉਡੀਕ ਖੁੱਲ੍ਹੇ ਅਸਮਾਨ ਹੇਠ ਕਰਨੀ ਪੈਂਦੀ ਹੈ। ਇਸ ਚੌਕ ਵਿੱਚ ਕੋਈ ਵੀ ਸਪੀਡ ਬਰੇਕਰ ਵੀ ਨਹੀਂ ਹੈ ਅਤੇ ਵਾਹਨ ਚਾਲਕ ਤੇਜ਼ ਰਫ਼ਤਾਰ ਨਾਲ ਇਥੋਂ ਗੁਜ਼ਰਦੇ ਹਨ ਜਿਸ ਕਾਰਨ ਕਿਸੇ ਵੀ ਕੋਈ ਹਾਦਸਾ ਵਗੈਰਾ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ। ਲੋਕਾਂ ਨੇ ਦੱਸਿਆ ਕਿ ਕਈ ਵਾਰ ਇਸ ਚੌਕ ਵਿਚ ਹਾਦਸੇ ਵੀ ਵਾਪਰ ਚੁੱਕੇ ਹਨ। ਲੋਕਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਬਹਿਰਾਮਪੁਰ ਚੌਕ ਵਿਚ ਕੋਈ ਪੱਕਾ ਬੱਸ ਅੱਡਾ ਬਣਾਉਣ ਤੋਂ ਇਲਾਵਾ ਲੋਕਾਂ ਦੀ ਸਹੂਲਤ ਲਈ ਬਾਕੀ ਵੀ ਪ੍ਰਬੰਧ ਕੀਤੇ ਜਾਣ।

# ਕੰਪਨੀਆਂ ਦੇ ਸ਼ੋਸ਼ਣ ਨੂੰ ਬਰਦਾਸ਼ਤ ਨਹੀਂ ਕਰਨਗੇ ਪੋਲਟਰੀ ਫਾਰਮਰ : ਗੁਰਦੀਪ ਸਿੰਘ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਪੋਲਟਰੀ ਫਾਰਮਰ ਯੂਨੀਅਨ ਇਕਾਈ ਰੋਪੜ ਵਲੋਂ ਇੱਕ ਹੰਗਾਮੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਰੂਪਨਗਰ ਦੀ ਪ੍ਰਧਾਨਗੀ ਹੇਠ ਪੰਜ ਪਿਆਰਾ ਪਾਰਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਤੀ ਗਈ। ਇਸ ਦੌਰਾਨ ਵੱਖ ਵੱਖ ਬਲਾਕਾਂ ਤੋਂ ਹਾਜ਼ਰ ਹੋਏ ਪੋਲਟਰੀ ਫਾਰਮਰਾਂ ਵਲ੍ਹੋਂ ਕਾਰਪੋਰੇਟ ਕੰਪਨੀਆਂ ਦੀ ਮਨ ਮਰਜ਼ੀ ਅਤੇ ਫਾਰਮਰਾਂ ਦੇ ਆਰਥਿਕ ਅਤੇ ਸਮਾਜਿਕ ਸੋਸ਼ਣ ਵਾਰੇ ਖੁੱਲ੍ਹ ਕੇ ਗੱਲਬਾਤ ਕੀਤੀ ਗਈ। ਪ੍ਰਧਾਨ ਗੁਰਦੀਪ ਸਿੰਘ ਨੇ ਕਿਹਾ ਕਿ ਗਰਮੀਆਂ ਵਿੱਚ ਮਹੀਨਾ ਜੂਨ ਦੇ ਦੌਰਾਨ ਕੰਪਨੀਆਂ ਵਲੋਂ ਫਾਰਮਰਾਂ ਨੂੰ ਚਿਕਸ ਦਾ ਘੱਟੋ - ਘੱਟ ਸਮਰਥਨ ਮੁੱਲ ਨਹੀਂ ਦਿੱਤਾ ਗਿਆ ਜਿਸ ਦਾ ਕਿ ਪੋਲਟਰੀ ਫਾਰਮਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਹਨਾਂ ਇਹ ਵੀ ਕਿਹਾ ਕਿ ਪਿਛਲੇ ਲਗਭਗ 15 ਸਾਲਾਂ ਤੋਂ ਮਹਿੰਗਾਈ 2 ਤੋਂ 3 ਗੁਣਾ ਵਧ ਚੁੱਕੀ ਹੈ ਪਰ ਕੰਪਨੀ ਵਲੋਂ ਫਾਰਮਰਾਂ ਨੂੰ ਪਿਛਲੇ ਹਿਸਾਬ ਨਾਲ਼ ਹੀ ਗਰੋਇੰਗ ਚਾਰਜਜ਼ 6 ਤੋਂ 7 ਰੁਪਏ ਹੀ ਦਿੱਤੇ ਜਾ ਰਹੇ ਹਨ। ਯੂਨੀਅਨ ਆਗੂਆਂ ਨੇ ਕਿਹਾ ਕਿ ਸ਼੍ਰੀ ਗੁਰੂ ਅੰਗਦ ਦੇਵ ਯੂਨੀਵਰਸਿਟੀ ਦੀਆਂ ਸਿਫਾਰਸ਼ਾਂ ਅਨੁਸਾਰ ਪੋਲਟਰੀ ਫਾਰਮਰਾਂ ਨੂੰ ਜੀ. ਸੀ ਮੁੱਲ 10 ਤੋਂ 12 ਰੁਪਏ ਕੀਤਾ ਜਾਣਾ ਚਾਹੀਦਾ ਹੈ। ਪਰ ਕੰਪਨੀਆਂ ਇਸ ਮਸਲੇ ਪ੍ਰਤੀ ਗੰਭੀਰ ਨਹੀਂ ਹਨ ਅਤੇ ਟਾਲ਼ ਮਟੋਲ਼ ਦੀ ਨੀਤੀ ਅਪਣਾਈ ਜਾ ਰਹੀ ਹੈ। ਇਸ ਸਬੰਧੀ ਪਿਛਲੇ ਸਮਿਆਂ ਵਿੱਚ ਕਈ ਜ਼ਿਲ੍ਹਿਆਂ ਵਿੱਚ ਸੂਬਾ ਕਮੇਟੀ ਵਲੋਂ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰਾਂ ਨਾਲ਼ ਪੋਲਟਰੀ ਫਾਰਮਰਾਂ ਅਤੇ ਕੰਪਨੀ ਦੇ ਨੁਮਾਇੰਦਿਆਂ ਦੀਆਂ ਮੀਟਿੰਗਾਂ ਕਰਵਾਈਆਂ ਗਈਆਂ। ਪ੍ਰੰਤੂ ਕੰਪਨੀਆਂ ਵਲ੍ਹੋਂ ਕੋਈ ਵੀ ਢੁੱਕਵੀਂ ਕਾਰਵਾਈ ਨਹੀਂ ਕੀਤੀ ਗਈ। ਕਈ ਕੰਪਨੀਆਂ ਆਪਣੇ ਖਰਚੇ ਬਚਾਉਣ ਲਈ ਫੀਡ ਦੀ ਪੈਕਿੰਗ 60 ਕਿਲੋਗ੍ਰਾਮ ਵਿੱਚ ਭੇਜ ਰਹੀਆਂ ਹਨ ਪਰ ਫਾਰਮਰਾਂ ਵਲੋਂ ਇਸ ਨੂੰ ਕੈਰੀ ਕਰਨਾ ਬਹੁਤ ਮੁਸ਼ਕਿਲ ਹੈ ਅਤੇ ਇਸ ਦਾ ਕਈ ਵਾਰ ਪੋਲਟਰੀ ਫਾਰਮਰਾਂ ਨੇ ਵਿਰੋਧ ਵੀ ਕੀਤਾ ਹੈ। ਪਰ ਕੰਪਨੀਆਂ ਵਲੋਂ ਇਸ ਉੱਤੇ ਵੀ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਜ਼ਿਲ੍ਹਾ ਰੂਪਨਗਰ ਇਕਾਈ ਵਲ੍ਹੋਂ ਕਿਹਾ ਗਿਆ ਕਿ ਜੇਕਰ ਕੰਪਨੀਆਂ ਨੇ ਉਪਰੋਕਤ ਮੰਗਾਂ ਵੱਲ੍ਹ ਧਿਆਨ ਨਾ ਦਿੱਤਾ ਤਾਂ ਆਉਣ ਵਾਲ਼ੇ ਦਿਨਾਂ ਵਿੱਚ ਕੰਪਨੀਆਂ ਵਿਰੁੱਧ ਸਖਤ ਐਕਸ਼ਨ ਉਲੀਕੇ ਜਾਣਗੇ ਜਿਸ ਦੀ ਨਿਰੋਲ ਜਿੰਮੇਵਾਰੀ ਕੰਪਨੀਆਂ ਦੀ ਹੋਵੇਗੀ। ਇਸ ਮੌਕੇ ਭੁਪਿੰਦਰ ਸਿੰਘ ਝੱਜ ਸਕੱਤਰ, ਸੁਖਵਿੰਦਰ ਸਿੰਘ ਸੂਬਾ ਵਾਈਸ ਪ੍ਰਧਾਨ, ਖਜਾਨਚੀ ਸੁੱਚਾ ਸਿੰਘ, ਵਲਿੰਦਰ ਸਿੰਘ ਰਾਣਾ, ਨਰਿੰਦਰਦੀਪ ਸਿੰਘ, ਕੁਲਵਿੰਦਰ ਸਿੰਘ, ਅਮਨਦੀਪ ਸਿੰਘ, ਸੁਰਜਣ ਸਿੰਘ, ਲਖਵੀਰ ਸਿੰਘ, ਅਭੀ ਰਾਣਾ, ਅਮਿਤ ਸਿੰਘ, ਗੁਰਦੀਪ ਸਿੰਘ, ਗੁਲਜਾਰ ਸਿੰਘ, ਗੋਰਵ ਰਾਣਾ, ਹਰਜੀਤ ਸਿੰਘ ਅਤੇ ਬਲਜੀਤ ਸਿੰਘ ਆਦਿ ਹਾਜ਼ਰ ਸਨ।



# ਪਾਬੰਦੀ ਦੇ ਬਾਵਜੂਦ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਜ਼ੋਰਾਂ 'ਤੇ, ਸਬੰਧਿਤ ਵਿਭਾਗ ਬੇਖਬਰ

**ਗੁਰਦਾਸਪੁਰ, (ਜਨਕ ਮਹਾਜਨ)**

ਪੰਜਾਬ ਸਰਕਾਰ ਵੱਲੋਂ ਪਲਾਸਟਿਕ ਦੇ ਲਿਫਾਫਿਆਂ 'ਤੇ ਪੂਰਨ ਪਾਬੰਦੀ ਲਗਾਉਣ ਦੇ ਬਾਵਜੂਦ ਇਨ੍ਹਾਂ ਦੀ ਵਰਤੋਂ ਧੜੱਲੇ ਨਾਲ ਕੀਤੀ ਜਾ ਰਹੀ ਹੈ ਕਿਉਂ ਜੋ ਪ੍ਰਸ਼ਾਸਨ ਵੱਲੋਂ ਇਸ ਦੀ ਵਿਕਰੀ 'ਤੇ ਵਰਤੋਂ ਉਪਰ ਸਖਤੀ ਨਾਲ ਪਾਬੰਦੀ ਨਾ ਲਗਾਉਣ ਕਰਕੇ ਲਗਭਗ ਹਰ ਰੇਹੜੀ ਵਾਲਾ ਤੇ ਦੁਕਾਨਦਾਰ ਖੁੱਲ੍ਹੇਆਮ ਇਸ ਦੀ ਵਰਤੋਂ ਕਰ ਰਿਹਾ ਹੈ। ਪ੍ਰਸ਼ਾਸਨ ਚਾਹੇ ਤਾਂ ਇਸ ਦੀ ਵਰਤੋਂ ਰੁਕ ਸਕਦੀ ਹੈ ਜਿਸ ਦੀ ਮਿਸਾਲ ਨੇੜਲੇ ਸੂਬੇ ਹਿਮਾਚਲ ਵਿੱਚ ਵੇਖਣ ਨੂੰ ਮਿਲਦੀ ਹੈ ਜਿੱਥੋਂ ਕੋਈ ਵੀ ਦੁਕਾਨਦਾਰ ਰੇਹੜੀ ਵਾਲਾ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਨਹੀਂ ਕਰ ਰਿਹਾ। ਉਥੇ ਕੇਵਲ ਸਰਕਾਰ ਵੱਲੋਂ ਪਾਸ ਕੀਤਾ ਲਿਫਾਫਾ ਹੀ ਵਰਤਿਆ ਜਾ ਰਿਹਾ ਹੈ ਜਦਕਿ ਸਾਡੇ ਪੰਜਾਬ ਵਿੱਚ ਰੇਹੜੀ ਵਾਲੇ, ਢਾਬੇ ਵਾਲੇ ਅਤੇ ਦੁਕਾਨਦਾਰ ਪਲਾਸਟਿਕ ਦੇ ਲਫਾਫਿਆਂ ਵਿਚ ਦਾਲ, ਸਬਜ਼ੀ, ਕਰਿਆਨਾ, ਡੇਅਰੀਆਂ 'ਤੇ ਦੁੱਧ, ਦਹੀ ਗਾਹਕਾਂ ਨੂੰ ਵੇਚ ਰਹੇ ਹਨ ਜੋ ਕਾਨੂੰਨ ਦੇ ਖਿਲਾਫ ਹੈ। ਹਨੂੰਮਾਨ ਚੌਕ, ਲਾਇਬ੍ਰੇਰੀ ਰੋਡ 'ਤੇ ਫਾਸਟ ਫੂਡ ਦੀਆਂ ਰੇਹੜੀਆਂ 'ਤੇ ਰੋਜ਼ਾਨਾ ਪਲਾਸਟਿਕ ਲਿਫਾਫਿਆਂ ਦੀ ਵਰਤੋਂ ਆਮ ਹੀ ਦੇਖੀ ਜਾ ਸਕਦੀ ਹੈ। ਲੋਕਾਂ ਨੇ ਨਗਰ ਕੌਂਸਲ ਗੁਰਦਾਸਪੁਰ ਦੇ ਅਧਿਕਾਰੀਆਂ ਪਾਸੋਂ ਮੰਗ ਕੀਤੀ ਕਿ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਨਾਲ ਲੈ ਕੇ ਰੇਹੜੀਆਂ, ਦੁਕਾਨਾਂ 'ਤੇ ਛਾਪੇਮਾਰੀ ਕਰਕੇ ਅਜਿਹੇ ਘਟੀਆ ਮਿਆਰ ਵਾਲੇ ਲਿਫਾਫਿਆਂ ਨੂੰ ਜ਼ਬਤ ਕਰਨ ਤੋਂ ਬਾਅਦ ਇਨ੍ਹਾਂ ਦੀ ਵਿਕਰੀ ਕਰਨ ਵਾਲਿਆਂ ਦੇ ਚਲਾਨ ਕੀਤੇ ਜਾਣ।



# ਸ੍ਰੀ ਅਨੰਦਪੁਰ ਸਾਹਿਬ ਵਿਖੇ 'ਇੱਕ ਸ਼ਾਮ ਬਾਬੇ ਮਸਤਾਂ ਦੇ ਨਾਮ' ਧਾਰਮਿਕ ਸੰਧਿਆ

**ਸ੍ਰੀ ਆਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਬੀਤੀ ਰਾਤ ਸ੍ਰੀ ਆਨੰਦਪੁਰ ਸਾਹਿਬ ਦੇ ਚਰਣ ਗੰਗਾ ਸਟੇਡੀਅਮ (ਪਾਰਕਿੰਗ) ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਇੱਕ ਸ਼ਾਮ ਬਾਬੇ ਮਸਤਾਂ ਦੇ ਨਾਮ ਤਹਿਤ ਇੱਕ ਧਾਰਮਿਕ ਸੰਧਿਆ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਜਿੱਥੇ ਸਵਾਮੀ ਅਨਮੋਲਕਾ ਨੰਦ ਮਹਾਰਾਜ ਝੱਜ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਉੱਥੇ ਹੀ ਸਾਈਂ ਸੁਰਿੰਦਰ ਸ਼ਾਹ ਬਾਕਰਪੁਰ ਵਾਲੇ ਅਤੇ ਪ੍ਰਸਿੱਧ ਸੂਫੀ ਗਾਇਕ ਹਰਮੇਸ਼ ਰੰਗੀਲਾ ਅਤੇ ਓਂਕਾਰ ਵਾਲੀਆ ਵਲੋਂ ਲੋਕ ਗੀਤਾਂ,ਸੂਫ਼ੀ ਕਲਾਮਾਂ ਅਤੇ ਕਵਾਲੀਆਂ ਨਾਲ ਮੌਜੂਦ ਸੰਗਤਾਂ ਨੂੰ ਵਾਰ ਵਾਰ ਨੱਚਣ ਲਈ ਮਜਬੂਰ ਕਰ ਦਿੱਤਾ।ਇਸ ਦੋ ਰੋਜ਼ਾ ਧਾਰਮਿਕ ਸਮਾਗਮ ਦੀ ਸ਼ੁਰੂਆਤ ਸ੍ਰੀ ਰਮਾਇਣ ਜੀ ਦੇ ਪਾਠ ਨਾਲ ਕੀਤੀ ਗਈ ।ਜਿਸਦੇ ਭੋਗ ਪਾਉਣ ਤੋਂ ਬਾਅਦ ਹਵਨ ਯੱਗ ਕੀਤਾ ਗਿਆ ਅਤੇ ਕੰਜਕ ਪੂਜਨ ਤੋਂ ਬਾਅਦ ਵਿਸ਼ਾਲ ਭੰਡਾਰਾ ਲਗਾਇਆ ਗਿਆ। ਰਾਤ 9.30 ਵਜੇ ਤੋਂ ਦੇਰ ਰਾਤ ਤੱਕ ਇੱਕ ਸ਼ਾਮ ਬਾਬੇ ਮਸਤਾਂ ਦੇ ਨਾਂਅ ਧਾਰਮਿਕ ਸੰਧਿਆ ਆਯੋਜਿਤ ਕੀਤੀ ਗਈ। ਮੰਚ ਸੰਚਾਲਨ ਦੀ ਭੂਮਿਕਾ ਪ੍ਰਸਿੱਧ ਐਂਕਰ ਸੰਦੀਪ ਭਾਰਦਵਾਜ ਵੱਲੋਂ ਆਪਣੇ ਸ਼ਾਇਰਾਨਾ ਅੰਦਾਜ਼ 'ਚ ਬਾਖੂਬੀ ਨਿਭਾਈ ਗਈ। ਇਸ ਤੋਂ ਪਹਿਲਾਂ ਬਾਬਾ ਮਸਤ ਜਗਤ ਰਾਮ ਦੀ ਸਮਾਧ (ਮੰਦਿਰ) ਵਿਖੇ ਵਿਸ਼ਾਲ ਭੰਡਾਰਾ ਵੀ ਆਯੋਜਿਤ ਕੀਤਾ ਗਿਆ ਜਿੱਥੇ ਸੰਗਤਾਂ ਨੂੰ ਲੰਗਰ ਸਮੇਤ ਫਲ, ਮਠਿਆਈਆਂ, ਆਇਸ ਕਰੀਮ ਅਤੇ ਕੁਲਫੀਆਂ ਦਾ ਪ੍ਰਸ਼ਾਦ ਵੀ ਵੰਡਿਆ ਗਿਆ।

# ਖਾਲਸਾ ਅਕੈਡਮੀ ਮਹਿਤਾ ਵਿਖੇ ਸਰਟੀਫਿਕੇਟ ਵੰਡ ਸਮਾਰੋਹ ਕਰਵਾਇਆ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**

ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਅਕੈਡਮੀ ਮਹਿਤਾ ਚੌਕ ਵਿਖੇ ਸਰਟੀਫਿਕੇਟ ਵੰਡ ਸਮਾਰੋਹ ਕਰਵਾਇਆ ਗਿਆ ਜਿਸ ਦੀ ਸ਼ੁਰੂਆਤ ਖਾਲਸਾ ਅਕੈਡਮੀ ਦੇ ਬੱਚਿਆਂ ਨੇ ਸ਼ਬਦ ਗਾਇਨ ਕਰ ਕੇ ਕੀਤੀ।ਇਹ ਸਮਾਰੋਹ ਸਾਲ 2024-25 ਦੌਰਾਨ ਬਾਰ੍ਹਵੀਂ ਜਮਾਤ ਵਿਚੋਂ ਚੰਗੇ ਅੰਕ ਲੈ ਕੇ ਪਾਸ ਹੋਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡਣ ਸਬੰਧੀ ਆਯੋਜਿਤ ਕੀਤਾ ਗਿਆ ਜਿਸ ਦੌਰਾਨ ਜਥੇਦਾਰ ਬਾਬਾ ਅਜੀਤ ਸਿੰਘ ਮੁਖੀ ਤਰਨਾਦਲ ਮਹਿਤਾ ਵਿਸ਼ੇਸ਼ ਤੌਰ 'ਤੇ ਪਹੁੰਚੇ।ਉਨ੍ਹਾਂ ਦੇ ਨਾਲ ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਜਤਿੰਦਰ ਸ਼ਰਮਾ, ਕਾਲਜ ਪ੍ਰਿੰਸੀਪਲ ਗੁਰਦੀਪ ਸਿੰਘ, ਹਰਸ਼ਦੀਪ ਸਿੰਘ ਰੰਧਾਵਾ (ਮੈਂਬਰ ਚੀਫ਼ ਖਾਲਸਾ ਦੀਵਾਨ), ਅਵਤਾਰ ਸਿੰਘ ਬੁਟਰ (ਮੈਂਬਰ ਚੀਫ਼ ਖਾਲਸਾ ਦੀਵਾਨ) ਮੈਡਮ ਹਰਜੀਤ ਕੌਰ ਪ੍ਰਿੰਸੀਪਲ ਨਰਸਿੰਗ ਕਾਲਜ, ਮੈਡਮ ਗੀਤਾ ਸ਼ਰਮਾ ਕੁਆਡੀਨੇਟਰ ਖਾਲਸਾ ਪ੍ਰੀਮੀਅਮ ਸਕੂਲ, ਮੈਡਮ ਜਸਬੀਰ ਕੌਰ, ਐਡਵੋਕੇਟ ਗੁਰਏਜਲ ਸਿੰਘ ਤੇ ਡਾਕਟਰ ਸਿਮਰਨਪ੍ਰੀਤ ਕੌਰ ਨੇ ਸਾਂਝੇ ਤੌਰ 'ਤੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਤਕਸੀਮ ਕੀਤੇ।ਇਸ ਸਮੇਂ ਪ੍ਰਿੰਸੀਪਲ ਡਾ. ਜਤਿੰਦਰ ਸ਼ਰਮਾ ਨੇ ਸਾਰੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਭਵਿੱਖ ਵਿਚ ਹੋਰ ਵੀ ਉੱਚੇ ਮੁਕਾਮ ਹਾਸਲ ਕਰਨ ਲਈ ਸ਼ੁਭ ਇੱਛਾਵਾਂ ਦਿੱਤੀਆਂ।

# ਯਾਦਗਾਰਾਂ ਤੇ ਸਮਾਰਕਾਂ ਉੱਪਰ ਮਸ਼ਹੂਰੀ ਦੇ ਪੋਸਟਰ ਲਗਾਉਣ ਵਾਲਿਆਂ ਖ਼ਿਲਾਫ਼ ਹੋਵੇਗੀ ਕਾਨੂੰਨੀ ਕਾਰਵਾਈ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਕਮਾਂਡਰ ਬਲਜਿੰਦਰ ਵਿਰਕ (ਰਿਟਾ.), ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਗੁਰਦਾਸਪੁਰ ਨੇ ਦੱਸਿਆ ਕਿ ਦੇਸ਼ ਦੀਆਂ ਸਰਹੱਦਾਂ ਤੇ ਸ਼ਹੀਦ ਹੋਣ ਵਾਲੇ ਸੈਨਿਕਾਂ ਦੀ ਯਾਦ ਨੂੰ ਤਾਜ਼ਾ ਰੱਖਣ ਹਿਤ ਉਨ੍ਹਾਂ ਦੇ ਨਾ ਤੇ ਸੜਕ, ਗੇਟ, ਸਕੂਲ, ਕਾਲਜ ਜਾਂ ਬੁੱਤ ਆਦਿ ਯਾਦਗਾਰਾਂ ਬਣਾਈਆਂ ਗਈਆਂ ਹਨ।ਅਜਿਹੀਆਂ ਯਾਦਗਾਰਾਂ ਅਤੇ ਸਮਾਰਕ ਦੇਸ਼ ਦੇ ਧਰੋਹਰ ਹੁੰਦੇ ਹਨ, ਇਸ ਲਈ ਇਨ੍ਹਾਂ ਤੇ ਪੋਸਟਰ ਲਗਾਉਣ ਨਾਲ ਜਿੱਥੇ ਸ਼ਹੀਦਾਂ ਦਾ ਅਪਮਾਨ ਹੁੰਦਾ ਹੈ ਓਥੇ ਨਾਲ ਹੀ ਇਹ ਕਾਨੂੰਨੀ ਅਪਰਾਧ ਹੈ।ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਨੇ ਕਿਹਾ ਕਿ ਇਹ ਆਮ ਤੌਰ ਤੇ ਵੇਖਣ ਵਿੱਚ ਆਇਆ ਹੈ ਕਿ ਜਦੋਂ ਵੀ ਕਿਸੇ ਵੱਲੋਂ ਕੋਈ ਸਤਿਸੰਗ ਜਾਂ ਧਾਰਮਿਕ ਸਮਾਗਮ ਕਰਵਾਇਆ ਜਾਂਦਾ ਹੈ, ਪ੍ਰਾਈਵੇਟ ਸਕੂਲਾਂ ਵਿੱਚ ਦਾਖਲਾ ਸ਼ੁਰੂ ਹੁੰਦਾ ਹੈ ਜਾਂ ਕਿਸੇ ਦੁਕਾਨਦਾਰ ਵੱਲੋਂ ਆਪਣੇ ਸਾਮਾਨ ਦੇ ਪ੍ਰਚਾਰ ਸਬੰਧੀ ਮਸ਼ਹੂਰੀ ਕੀਤੀ ਜਾਂਦੀ ਹੈ ਤਾਂ ਪੋਸਟਰ ਇਨ੍ਹਾਂ ਯਾਦਗਾਰਾਂ ਤੇ ਚਿਪਕਾ ਦਿੱਤੇ ਜਾਂਦੇ ਹਨ ਜੋ ਕਿ ਗੈਰ-ਕਾਨੂੰਨੀ ਹਨ।ਉਨ੍ਹਾਂ ਕਿਹਾ ਕਿ ਜਦੋਂ ਇਸ ਸਬੰਧੀ ਸਬੰਧਿਤ ਧਿਰ ਨੂੰ ਪੁੱਛਿਆ ਜਾਂਦਾ ਹੈ ਤਾਂ ਉਹ ਸਾਰੀ ਜ਼ਿੰਮੇਵਾਰੀ ਪੋਸਟਰ ਲਗਾਉਣ ਵਾਲੀ ਲੇਬਰ ਉਪਰ ਸੁੱਟ ਦਿੰਦੇ ਹਨ।ਉਨ੍ਹਾਂ ਕਿਹਾ ਕਿ ਜਿਸ ਕਿਸੇ ਵੱਲੋਂ ਵੀ ਪੋਸਟਰ ਲਗਵਾਏ ਜਾਂਦੇ ਹਨ ਇਹ ਉਸ ਦੀ ਨਿੱਜੀ ਜ਼ਿੰਮੇਵਾਰੀ ਹੈ ਕਿ ਪੋਸਟਰ ਸਿਰਫ਼ ਨਿਰਧਾਰਿਤ ਥਾਵਾਂ ਉੱਪਰ ਹੀ ਲਗਾਏ ਜਾਣ। ਉਨ੍ਹਾਂ ਕਿਹਾ ਕਿ ਪੋਸਟਰ ਲਗਾਉਣ ਵਾਲੀ ਲੇਬਰ ਨੂੰ ਪਹਿਲਾਂ ਮਸ਼ਹੂਰੀ ਕਰਵਾਉਣ ਵਾਲੀ ਫ਼ਰਮ ਵੱਲੋਂ ਚੰਗੀ ਤਰਾਂ ਸਮਝਾਇਆ ਜਾਵੇ ਕਿ ਉਹ ਕਿਸ ਥਾਂ ਉੱਪਰ ਪੋਸਟਰ ਲਗਾ ਸਕਦੇ ਹਨ ਅਤੇ ਕਿੱਥੇ ਨਹੀਂ।ਉਨ੍ਹਾਂ ਕਿਹਾ ਭਵਿੱਖ ਵਿੱਚ ਜੇਕਰ ਕਿਸੇ ਵੀ ਸ਼ਹੀਦੀ ਯਾਦਗਾਰ ਜਾਂ ਸਮਾਰਕ ਉਪਰ ਕੋਈ ਮਸ਼ਹੂਰੀ ਦਾ ਪੋਸਟਰ ਲੱਗਾ ਦਿਖਾਈ ਦਿੱਤਾ ਤਾਂ ਮਸ਼ਹੂਰੀ ਕਰਵਾਉਣ ਵਾਲੀ ਸਬੰਧਿਤ ਧਿਰ ਖ਼ਿਲਾਫ਼ ਕਾਨੂੰਨੀ ਕਰਵਾਈ ਕੀਤੀ ਜਾਵੇਗੀ। ਉਨ੍ਹਾਂ ਸਮੂਹ ਪਬਲਿਕ ਨੂੰ ਵੀ ਅਪੀਲ ਕੀਤੀ ਕਿ ਸ਼ਹੀਦਾਂ ਦੀਆਂ ਯਾਦਗਾਰਾਂ ਤੇ ਸਮਾਰਕਾਂ ਦਾ ਪੂਰਾ ਸਨਮਾਨ ਕੀਤਾ ਜਾਵੇ।



# ਜ਼ਿਲ੍ਹਾ ਰੋਜ਼ਗਾਰ ਦਫ਼ਤਰ ਗੁਰਦਾਸਪੁਰ ਵਿਖੇ ਪਲੇਸਮੈਂਟ ਕੈਂਪ 17 ਨੂੰ

**ਗੁਰਦਾਸਪੁਰ, (ਜਨਕ ਮਹਾਜਨ)**-ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵਿੱਚ ਬੇਰੁਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਹਿਤ ਰੋਜ਼ਗਾਰ ਮੇਲੇ ਲਗਾਏ ਜਾ ਰਹੇ ਹਨ। ਇਸ ਸਬੰਧੀ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਪਰਸ਼ੋਤਮ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਿਤੀ 17 ਜੁਲਾਈ 2025 ਦਿਨ ਵੀਰਵਾਰ ਨੂੰ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵਿਖੇ ਮੈਕਡਾਨਲ ਅਤੇ ਸਵਤੰਤਰਤਾ ਮਾਈਕਰੋ ਫਾਈਨੈਂਸ ਵੱਲੋਂ ਕਰਿਊ ਮੈਂਬਰ, ਡਲਿਵਰੀ ਬੁਆਏ, ਰਿਲੇਸ਼ਨਸ਼ਿਪ ਅਫ਼ਸਰ ਤੇ ਫ਼ੀਲਡ ਅਫ਼ਸਰ ਦੀ ਨੌਕਰੀ ਲਈ ਕੰਪਨੀ ਵਿੱਚ ਰੈਗੂਲਰ ਅਤੇ ਪਾਰਟ ਟਾਈਮ ਕੰਮ ਕਰਨ ਲਈ ਖ਼ਾਲੀ ਅਸਾਮੀਆਂ ਵਾਸਤੇ ਲੜਕੇ ਅਤੇ ਲੜਕੀਆਂ ਦੀ ਚੋਣ ਕੀਤੀ ਜਾਵੇਗੀ। ਇਨ੍ਹਾਂ ਵੱਖ-ਵੱਖ ਅਸਾਮੀਆਂ ਲਈ ਯੋਗਤਾ 10ਵੀਂ, 12ਵੀਂ ਪਾਸ, ਗਰੈਜੂਏਸ਼ਨ ਹੋਣੀ ਚਾਹੀਦੀ ਹੈ। ਇਨ੍ਹਾਂ ਕੰਪਨੀਆਂ ਦੇ ਵਿੱਚ ਇੰਟਰਵਿਊ ਦੇਣ ਲਈ ਉਮਰ ਦੀ ਹੱਦ 21 ਤੋਂ 37 ਸਾਲ ਹੈ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਨੇ ਪ੍ਰਾਰਥੀਆਂ ਨੂੰ ਵੱਖ-ਵੱਖ ਕੰਪਨੀਆਂ ਵੱਲੋਂ ਯੋਗਤਾ ਅਨੁਸਾਰ ਸੈਲਰੀ ਦਿੱਤੀ ਜਾਵੇਗੀ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਪਰਸ਼ੋਤਮ ਸਿੰਘ ਨੇ ਕਿਹਾ ਕਿ ਇੰਟਰਵਿਊ ਦੇਣ ਦੇ ਚਾਹਵਾਨ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਵਿਖੇ ਸੰਪਰਕ ਕਰ ਸਕਦੇ ਹਨ।



# ਕਿਸਾਨਾਂ ਨੂੰ ਜਾਣਕਾਰੀ ਦੇਣ ਲਈ ਖੇਤੀਬਾੜੀ ਵਿਭਾਗ ਨੇ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਲਾਇਆ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**

ਸਾਉਣੀ ਦੀਆਂ ਫਸਲਾਂ ਦੀ ਤਕਨੀਕੀ ਜਾਣਕਾਰੀ ਦੇਣ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਜ਼ਿਲ੍ਹਾ ਅੰਮ੍ਰਿਤਸਰ ਵੱਲੋਂ ਮਹਾਰਾਜਾ ਫਾਰਮ ਵੇਰਕਾ ਵਿਖੇ ਖੇਤੀਬਾੜੀ ਮੰਤਰੀ ਸ: ਗੁਰਮੀਤ ਸਿੰਘ ਖੁੱਡੀਆਂ ਦੇ ਦਿਸ਼ਾ-ਨਿਰਦੇਸ਼ਾਂ ਅਤੇ ਡਾਇਰੈਕਟਰ ਖੇਤੀਬਾੜੀ ਪੰਜਾਬ ਸ: ਜਸਵੰਤ ਸਿੰਘ ਦੀ ਸੁਚੱਜੀ ਅਗਾਵਾਈ ਹੇਠ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਅਤੇ ਖੇਤੀਬਾੜੀ ਨਾਲ ਸਬੰਧਤ ਪ੍ਰਦਰਸ਼ਨੀਆਂ ਲਗਾਈਆਂ ਗਈਆਂ।ਇਸ ਕੈਂਪ ਦਾ ਉਦਘਾਟਨ ਸ: ਕੁਲਦੀਪ ਸਿੰਘ ਧਾਲੀਵਾਲ ਹਲਕਾ ਵਿਧਾਇਕ ਅਜਨਾਲਾ ਵੱਲੋਂ ਕੀਤਾ ਗਿਆ।ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅੰਮ੍ਰਿਤਸਰ ਪਰਮਜੀਤ ਕੌਰ ਨੇ ਇਸ ਸਮਾਗਮ ਦੀ ਪ੍ਰਧਾਨਗੀ ਕੀਤੀ।ਮੁੱਖ ਖੇਤੀਬਾੜੀ ਅਫਸਰ ਅੰਮ੍ਰਿਤਸਰ ਡਾ: ਬਲਜਿੰਦਰ ਸਿੰਘ ਭੁੱਲਰ ਨੇ ਵੱਖ ਵੱਖ ਵਿਭਾਗਾਂ ਤੋਂ ਆਏ ਅਧਿਕਾਰੀਆਂ/ਕਰਮਚਾਰੀਆਂ ਅਤੇ ਕਿਸਾਨਾਂ ਨੂੰ ਜੀ ਆਇਆ ਆਖਿਆ। ਉਨ੍ਹਾਂ ਜ਼ਿਲੇ ਵਿੱਚ ਚੱਲ ਰਹੀਆਂ ਵੱਖ-ਵੱਖ ਰਾਜ ਅਤੇ ਕੇਂਦਰ ਪ੍ਰਯੋਜਿਤ ਸਕੀਮਾਂ ਸੰਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਜ਼ਿਲੇ ਵਿੱਚ 1.80 ਲੱਖ ਹੈਕਟੇਅਰ ਰਕਬੇ ਵਿੱਚ ਝੋਨੇ ਦੀ ਬਿਜਾਈ ਹੋਣ ਦਾ ਅਨੁਮਾਨ ਹੈ ਜਿਸ ਵਿੱਚੋਂ 1.40 ਲੱਖ ਹੈਕਟੇਅਰ ਰਕਬਾ ਬਾਸਮਤੀ ਕਿਸਮਾਂ ਹੇਠ ਲਿਆਂਦਾ ਜਾਵੇਗਾ।ਇਸ ਮੌਕੇ ਕੁਲਦੀਪ ਸਿੰਘ ਧਾਰੀਵਾਲ ਨੇ ਆਏ ਹੋਏ ਕਿਸਾਨਾਂ ਨੂੰ ਕਿਹਾ ਕਿ ਖਾਦ ਅਤੇ ਦਵਾਈਆਂ ਦੀ ਬੇਲੋੜੀ ਵਰਤੋਂ ਨਾ ਕਰਨ ਅਤੇ ਖੇਤੀ ਮਾਹਿਰਾਂ ਨਾਲ ਤਾਲਮੇਲ ਕਰਕੇ ਹੀ ਸਿਫਾਰਸ਼ਾਂ ਅਨੁਸਾਰ ਖਾਦ ਅਤੇ ਦਵਾਈਆਂ ਵਰਤੀਆਂ ਜਾਣ।ਉਨ੍ਹਾਂ ਨੇ ਆਏ ਹੋਏ ਕਿਸਾਨਾ ਨੂੰ ਖੇਤੀਬਾੜੀ ਵਿਭਾਗ ਵੱਲੋਂ ਲਗਾਏ ਜਾਂਦੇ ਕੈਂਪਾਂ ਵਿੱਚ ਸ਼ਮੂਲੀਅਤ ਕਰਕੇ ਖੇਤੀ ਨਾਲ ਸਬੰਧਤ ਨਵੀਨਤਮ ਤਕਨੀਕਾਂ ਬਾਰੇ ਜਾਣਕਾਰੀ ਇਕੱਤਰ ਕਰਨ ਲਈ ਕਿਹਾ। ਧਾਲੀਵਾਲ ਨੇ ਕਿਸਾਨਾਂ ਨੂੰ ਫਸਲੀ ਰਹਿੰਦ ਖੂੰਹਦ ਨੂੰ ਅੱਗ ਨਾ ਲਗਾ ਕੇ ਖੇਤ ਵਿੱਚ ਵਾਹੁਣ ਦੀ ਅਪੀਲ ਕੀਤੀ ਤਾਂ ਜੋ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਿਆ ਜਾ ਸਕੇ।ਵੱਖ-ਵੱਖ ਖੇਤੀ ਮਾਹਿਰਾਂ ਨੇ ਖਾਦਾਂ ਦੀ ਅੰਧਾ ਧੁੰਦ ਵਰਤੋਂ ਨੂੰ ਰੋਕਣ ਲਈ ਕਿਸਾਨਾਂ ਨੂੰ ਮਿੱਟੀ ਪਰਖ ਦੇ ਅਧਾਰ ਤੇ ਸਿਫਾਰਸ਼ ਅਨੁਸਾਰ ਹੀ ਖਾਦਾਂ ਦੀ ਵਰਤੋਂ ਕਰਨ ਲਈ ਕਿਹਾ।ਕਿਸਾਨਾਂ ਨੂੰ ਖੇਤੀ ਦੇ ਨਾਲ ਨਾਲ ਸਹਾਇਕ ਧੰਦੇ ਅਪਨਾਉਣ ਲਈ ਕਿਹਾ ਗਿਆ ਤਾਂ ਜੋ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋ ਸਕੇ।ਮਾਹਿਰਾਂ ਵੱਲੋਂ ਕਿਸਾਨਾਂ ਨੂੰ ਪਰਾਲੀ ਨੂੰ ਖੇਤ ਤੋਂ ਬਾਹਰ ਕੱਢ ਕੇ ਜਾਂ ਖੇਤ ਵਿੱਚ ਹੀ ਵਾਹ ਕੇ ਅਗਲੀ ਫਸਲ ਦੀ ਬਿਜਾਈ ਕਰਨ ਅਤੇ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਤਾਕੀਦ ਕੀਤੀ।ਉਨ੍ਹਾਂ ਵੱਲੋਂ ਕਿਸਾਨਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਯੋਗ ਉਪਰਾਲੇ ਕਰਨ ਲਈ ਕਿਹਾ ਗਿਆ।



# ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਮਾਂਗਟ ਦੀਆਂ ਸੰਗਤਾਂ ਵੱਲੋਂ ਲੰਗਰ 20 ਨੂੰ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**

ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਅਤੇ ਗ੍ਰਾਮ ਪੰਚਾਇਤ ਮਾਂਗਟ ਦੀ ਵਿਸ਼ੇਸ਼ ਮੀਟਿੰਗ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਵਿਖੇ ਹੋਈ। ਗ੍ਰਾਮ ਪੰਚਾਇਤ ਪਿੰਡ ਮਾਂਗਟ (ਲੁਧਿਆਣਾ) ਵਲੋਂ ਸਮੂਹ ਦੇਸ਼ ਵਿਦੇਸ਼ ਅਤੇ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ 20 ਜੁਲਾਈ ਨੂੰ ਸਤਿਗੁਰੂ ਰਵਿਦਾਸ ਇਤਿਹਾਸਕ ਆਦਿ ਧਰਮ ਸਤਿਸੰਗ ਅਸਥਾਨ ਸੱਚਖੰਡ ਸ੍ਰੀ ਖੁਰਾਲਗੜ ਵਿਖੇ ਲੰਗਰਾਂ ਦੀ ਸੇਵਾ ਆਰੰਭ ਕੀਤੀ ਜਾਵੇਗੀ।ਸੰਤ ਚਰਨ ਦਾਸ ਮਾਂਗਟ, ਸਰਪੰਚ ਕਮਲ ਚੰਦ ਧੀਰ ਅਤੇ ਮਾਸਟਰ ਨਜ਼ੀਰ ਦਾਸ ਨੇ ਦੱਸਿਆ ਕਿ 20 ਜੁਲਾਈ ਜੇਠੇ ਐਤਵਾਰ ਨੂੰ ਸਤਿਗੁਰੂ ਰਵਿਦਾਸ ਇਤਿਹਾਸਕ ਆਦਿ ਧਰਮ ਸਤਿਸੰਗ ਅਸਥਾਨ ਸ੍ਰੀ ਖੁਰਾਲਗੜ ਵਿਖੇ ਮਹਾਨ ਆਦਿ ਧਰਮ ਸਤਿਸੰਗ ਸਮਾਗਮ ਕਰਵਾਏ ਜਾ ਰਹੇ ਹਨ ਜਿਸ ਵਿਚ ਦੇਸ਼ ਵਿਦੇਸ਼ ਦੀਆਂ ਸੰਗਤਾਂ ਤੋਂ ਇਲਾਵਾ ਕੌਮ ਦੇ ਸੰਤ, ਬੁੱਧੀਜੀਵੀ ਆਦਿ ਧਰਮ ਲਹਿਰ ਸਬੰਧੀ ਵਿਚਾਰ ਪੇਸ਼ ਕਰਨਗੇ। ਇਸ ਮੌਕੇ ਜਗਦੀਸ਼ ਸਿੰਘ, ਰਣਜੀਤ ਸਿੰਘ, ਮਨਿੰਦਰਪਾਲ, ਬੂਟਾ ਸਿੰਘ, ਹਰਬੰਸ ਸਿੰਘ, ਜਤਿੰਦਰ ਮਾਂਗਟ, ਨਿਰਮਲ ਸਿੰਘ, ਇੰਦਰਜੀਤ, ਦੇਵ ਰਾਜ, ਸੋਮ ਨਾਥ, ਪ੍ਰੀਤਮ ਦਾਸ , ਵਿਜੈ ਕੁਮਾਰ, ਕਮਲਜੀਤ ਅਤੇ ਹੋਰ ਸੰਗਤਾਂ ਹਾਜਰ ਸਨ।

# ਆਦਰਸ਼ ਭਾਰਤੀ ਮਹਾਂਵਿਦਿਆਲਾ ਪਠਾਨਕੋਟ ਬਣਿਆ ਵਿਦਿਆਰਥੀਆਂ ਦੀ ਪਹਿਲੀ ਪਸੰਦ

**ਪਠਾਨਕੋਟ (ਦਵਿੰਦਰ ਸਿੰਘ)**

ਆਦਰਸ਼ ਭਾਰਤੀ ਮਹਾਵਿਦਿਆਲਾ ਪਠਾਨਕੋਟ ਦੇ ਸੈਸ਼ਨ 2025-26 ਲਈ ਵਿਦਿਆਰਥੀਆਂ ਦਾ ਜ਼ਬਰਦਸਤ ਰੁਝਾਨ ਹੈ ਅਤੇ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣਿਆ ਹੋਇਆ। ਇਹ ਗੱਲ ਕਾਲਜ ਦੇ ਪ੍ਰਸ਼ਾਸਕ ਐੱਸਡੀਐੱਮ ਪਠਾਨਕੋਟ ਸਰਦਾਰ ਅਰਸ਼ਦੀਪ ਸਿੰਘ ਲੁਬਾਣਾ ਅਤੇ ਪ੍ਰਿੰਸੀਪਲ ਕੁਲਦੀਪ ਗੁਪਤਾ ਨੇ ਕਹੀ।ਉਨ੍ਹਾਂ ਨੇ ਕਿਹਾ ਕਿ ਆਦਰਸ਼ ਭਾਰਤੀ ਮਹਾਵਿਦਿਆਲਾ 1974 ਤੋਂ ਲੈ ਕੇ ਹੁਣ ਤੱਕ ਸਿੱਖਿਆ ਦੇ ਖੇਤਰ ਵਿੱਚ ਪਠਾਨਕੋਟ ਵਿੱਚ ਆਪਣੀਆਂ ਨਿਰੰਤਰ ਉੱਤਮ ਸੇਵਾਵਾਂ ਦੇ ਰਿਹਾ ਹੈ ਅਤੇ ਇਸਦੇ ਵਿਦਿਆਰਥੀ ਹਰ ਖੇਤਰ ਵਿੱਚ ਅੱਗੇ ਹਨ।ਉਨ੍ਹਾਂ ਕਿਹਾ ਕਿ ਕਾਲਜ ਦੇ ਵਿਦਿਆਰਥੀ ਵਿੱਦਿਅਕ, ਸੱਭਿਆਚਾਰਕ, ਖੇਡਾਂ ਵਿੱਚ ਯੂਨੀਵਰਸਿਟੀ ਵਿੱਚ ਆਪਣਾ ਖਾਸ ਮੁਕਾਮ ਬਣਾਉਂਦੇ ਹਨ ਅਤੇ ਕਾਲਜ ਵਿੱਚ ਕਈ ਪ੍ਰੋਗਰਾਮਾਂ ਦੇ ਜ਼ਰੀਏ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਹਰ ਸਾਲ ਕੰਮ ਕੀਤਾ ਜਾਂਦਾ ਹੈ।ਪ੍ਰਿੰਸੀਪਲ ਕੁਲਦੀਪ ਗੁਪਤਾ ਨੇ ਕਿਹਾ ਕਿ ਵਿਦਿਆਰਥੀ ਆਰਟਸ, ਕਾਮਰਸ, ਸਾਇੰਸ, ਕੰਪਿਊਟਰ ਦੀਆਂ ਕਲਾਸਾਂ ਲਈ ਚੰਗੇ ਅਨੁਸ਼ਾਸਨ ਦੇ ਸਦਕਾ ਇਹ ਕਾਲਜ ਵਿਦਿਆਰਥੀਆਂ ਦੀ ਪਹਿਲੀ ਪਸੰਦ 'ਚ ਸ਼ੁਮਾਰ ਹੈ। ਉਨ੍ਹਾਂ ਕਿਹਾ ਕਿ ਆਦਰਸ਼ ਭਾਰਤੀ ਮਹਾਵਿਦਿਆਲਾ ਦਾ ਸਟਾਫ਼ ਬਹੁਤ ਹੀ ਮਿਹਨਤੀ ਅਤੇ ਕਾਬਲ ਹੈ, ਜੋ ਵਿਦਿਆਰਥੀਆਂ ਦੀ ਬਹੁਮੁਖੀ ਪ੍ਰਤਿਭਾ ਨੂੰ ਸੰਵਾਰਨ ਲਈ ਹਮੇਸ਼ਾ ਯਤਨਸ਼ੀਲ ਰਹਿੰਦਾ।



# ਤਖ਼ਤਾਂ ਵਿਚਾਲਾ ਵਿਵਾਦ ਦੂਰ ਹੋਣਾ ਸਵਾਗਤਯੋਗ : ਬਾਬਾ ਬਲਬੀਰ ਸਿੰਘ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਹੈ ਕਿ ਸਿੱਖ ਪੰਥ ਵਿੱਚ ਸਿੱਖ ਤਖ਼ਤਾਂ ਦੀ ਆਪਣੀ ਵਿਸ਼ੇਸ਼ ਮਹੱਤਤਾ ਹੈ।ਇਨ੍ਹਾਂ ਨੂੰ ਹਰ ਸਿੱਖ ਬੜੇ ਸਨਮਾਨ ਦੀ ਦ੍ਰਿਸ਼ਟੀ ਨਾਲ ਵੇਖਦਾ ਹੈ।ਸਿੱਖਾਂ ਲਈ ਗੁਰੂ ਸਾਹਿਬ ਸੱਚੇ ਪਾਤਸ਼ਾਹ ਹਨ ਅਤੇ ਉਨ੍ਹਾਂ ਦਾ ਸਥਾਨ ਬਾਦਸ਼ਾਹਾਂ ਦੇ ਤਖ਼ਤਾਂ ਤੋਂ ਵੀ ਵੱਧ ਸਤਿਕਾਰਯੋਗ ਹੈ। ਸਾਧ ਸੰਗਤ ਨੂੰ 'ਦਰਬਾਰ' ਵਰਗਾ ਮਾਣ ਪ੍ਰਾਪਤ ਹੈ।ਸਿੱਖ ਪੰਥ ਦੇ ਪੰਜ ਤਖ਼ਤ ਧਾਰਮਿਕ ਸਮਾਜਕ ਅਤੇ ਰਾਜਸੀ ਫੈਸਲਿਆਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।ਪਹਿਲਾਂ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਦੂਜਾ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬਿਹਾਰ ਹੈ। ਇਨ੍ਹਾਂ ਦੋਹਾਂ ਤਖ਼ਤਾਂ ਦਰਮਿਆਨ ਜੋ ਮਰਯਾਦਾ ਪੱਖੋਂ ਅਤੀਤ ਵਿੱਚ ਖਿਚੋਤਾਣ ਪੈਦਾ ਹੋਈ ਸੀ ਉਹ ਅੱਜ ਦੋਹਾਂ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਵੱਲੋਂ ਇਕ ਦੂਜੇ ਵਿਰੁੱਧ ਕੀਤੇ ਆਦੇਸ਼ ਵਾਪਸ ਲੈ ਲਏ ਜਾਣ ਨਾਲ ਕੌਮੀ ਦੁਬਿਧਾ ਦੂਰ ਹੋਈ ਹੈ।ਇਸ ਫੈਸਲੇ ਦਾ ਬੁੱਢਾ ਦਲ ਪੰਜਵਾਂ ਤਖ਼ਤ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿੱਖ ਤਖ਼ਤ ਸਾਹਿਬਾਨ ਵਿਚ ਆਪਸੀ ਟਕਰਾਅ ਮੰਦਭਾਗਾ ਹੈ। ਇਹ ਨਹੀਂ ਹੋਣਾ ਚਾਹੀਦਾ।ਉਨ੍ਹਾਂ ਕਿਹਾ ਕਿ ਸਿੱਖ ਸੰਸਥਾਵਾਂ, ਜਥੇਬੰਦੀਆਂ ਵਿੱਚ ਮਤਭੇਦ ਪੈਦਾ ਹੋਣ ਨਾਲ ਪੰਥਕ ਵਿਹਾਰ ਨੂੰ ਸੱਟ ਵਜਦੀ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਦੀ ਨਿਯੁਕਤੀ ਅਤੇ ਮਰਯਾਦਾ ਸਬੰਧੀ ਖੜੇ ਵਿਵਾਦ ਨੂੰ ਵੀ ਸ਼੍ਰੋਮਣੀ ਕਮੇਟੀ ਫੌਰੀ ਹੱਲ ਕਰੇ ਜਿਸ ਨਾਲ ਸਾਰੇ ਦਲਾਂ, ਜਥੇਬੰਦੀਆਂ ਅਤੇ ਸਮੁੱਚੇ ਖਾਲਸਾ ਪੰਥ ਅੰਦਰ ਸਦਭਾਵਨਾ ਬਣ ਸਕੇ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਪ੍ਰਤੀ ਟਿੱਪਣੀਆਂ ਨਿੰਦਣਯੋਗ : ਹੀਰਾ ਵਾਲੀਆ



**ਬਟਾਲਾ, (ਤਰਲੋਕ ਬੱਗਾ)**

ਭਾਜਪਾ ਵੱਲੋਂ ਜ਼ਿਲ੍ਹਾ ਪ੍ਰਧਾਨ ਹਰਸਿਮਰਨ ਸਿੰਘ ਹੀਰਾ ਵਾਲੀਆ ਦੀ ਅਗਵਾਈ ਹੇਠ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਫੂਕਿਆ ਗਿਆ।ਇਸ ਮੌਕੇ ਹੀਰਾ ਵਾਲੀਆ ਨੇ ਕਿਹਾ ਕਿ ਬੀਤੇ ਦਿਨ ਵਿਧਾਨ ਸਭਾ ਵਿਚ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਜੋ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਲਈ ਜੋ ਸ਼ਬਦਾਵਲੀ ਵਰਤੀ ਗਈ ਹੈ ਉਹ ਬਹੁਤ ਹੀ ਨਿੰਦਣਯੋਗ ਹੈ।ਉਨ੍ਹਾਂ ਕਿਹਾ ਕਿ ਜਿਸ ਪ੍ਰਧਾਨ ਮੰਤਰੀ ਨੇ ਪੂਰੀ ਦੁਨੀਆ ਵਿਚ ਭਾਰਤ ਨੂੰ ਮਜ਼ਬੂਤ ਕੀਤਾ ਅਤੇ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿਚ ਪ੍ਰਧਾਨ ਮੰਤਰੀ ਮੋਦੀ ਦੇ ਪਹੁੰਚਣ 'ਤੇ ਭਰਵਾਂ ਸਵਾਗਤ ਹੁੰਦਾ ਹੈ ਅਜਿਹੇ ਪ੍ਰਧਾਨ ਮੰਤਰੀ ਲਈ ਜੋ ਟਿੱਪਣੀਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕੀਤੀਆਂ ਹਨ ਉਸਦੀ ਭਾਜਪਾ ਕੜੇ ਸ਼ਬਦਾਂ ਵਿਚ ਨਿੰਦਾ ਕਰਦੀ ਹੈ।ਉਨ੍ਹਾਂ ਕਿਹਾ ਕਿ ਖੁਦ ਤਾਂ ਭਗਵੰਤ ਮਾਨ ਨੇ ਪੰਜਾਬ ਲਈ ਕੁਝ ਨਹੀਂ ਕੀਤਾ ਪਰੰਤੂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਿੱਥੇ ਦੇਸ਼ ਨੂੰ ਆਰਥਿਕ ਪੱਖੋਂ ਮਜ਼ਬੂਤ ਕਰ ਰਹੇ ਹਨ ਉਥੇ ਹੀ ਦੁਨੀਆ ਪੱਧਰ 'ਤੇ ਭਾਰਤ ਨੂੰ ਅੱਗੇ ਵਧਾਉਣ ਲਈ ਯਤਨ ਕਰ ਰਹੇ ਹਨ। ਭਗਵੰਤ ਮਾਨ ਨੇ ਜੋ ਸ਼ਬਦਾਵਲੀ ਵਰਤੀ ਉਸ ਨਾਲ ਹਰ ਭਾਰਤੀ ਦਾ ਦਿਲ ਦੁਖਿਆ ਹੈ ਜਿਸਦੇ ਰੋਸ ਵਜੋਂ ਅਸੀਂ ਸਥਾਨਕ ਸੁੱਖਾ ਸਿੰਘ ਮਹਿਤਾਬ ਸਿੰਘ ਚੌਕ ਵਿਖੇ ਅਰਥੀ ਫੂਕ ਮੁਜ਼ਾਹਰਾ ਕਰਨ ਪਹੁੰਚੇ ਹਾਂ।ਇਸ ਮੌਕੇ ਜ਼ਿਲ੍ਹਾ ਜਨਰਲ ਸੈਕਟਰੀ ਰੋਸ਼ਨ ਲਾਲ, ਭੂਸ਼ਣ ਬਜਾਜ, ਬਲਵਿੰਦਰ ਮਹਿਤਾ, ਦੀਪਕ ਜੋਸ਼ੀ, ਪੰਕਜ ਸ਼ਰਮਾ, ਅਨਿਲ ਭੱਟੀ, ਹਰਪ੍ਰੀਤ ਸਿੰਘ ਬੇਦੀ, ਜਸਪਾਲ ਸਿੰਘ, ਬਾਲਕਿਸ਼ਨ, ਦੀਪਕ ਕੁਮਾਰ, ਰਾਜੂ ਗੌਂਸਪੁਰੀਆ, ਅਮਿਤਪਾਲ ਸਿੰਘ, ਰਮਨ ਨੰਦਾ, ਵਿਜੇ ਮੱਟੂ, ਗਗਨ ਮਸੀਹ, ਸੂਰਜ ਪ੍ਰਕਾਸ਼, ਸੁਵਿੰਦਰ ਸਿੰਘ ਖਹਿਰਾ, ਸੁਰਿੰਦਰ ਕੁਮਾਰ, ਵਿਜੇ ਭਾਟੀਆ, ਗੁਰਿੰਦਰ ਸਿੰਘ, ਰਕੇਸ਼ ਕੁਮਾਰ ਚੱਠਾ, ਆਦਿ ਹਾਜ਼ਰ ਸਨ।

# ਰਾਸ਼ਟਰੀ ਸਿਖਲਾਈ ਪ੍ਰੋਗਰਾਮ ਤਹਿਤ ਬੀ ਐੱਲ ਓਜ਼ ਲਈ ਦੋ ਰੋਜ਼ਾ ਵਿਸ਼ੇਸ਼ ਟਰੇਨਿੰਗ ਸੈਸ਼ਨ ਸ਼ੁਰੂ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਦਲਵਿੰਦਰਜੀਤ ਸਿੰਘ ਆਈਏਐੱਸ. ਦੀ ਅਗਵਾਈ ਹੇਠ ਜ਼ਿਲ੍ਹਾ ਗੁਰਦਾਸਪੁਰ ਦੇ 07 ਵਿਧਾਨ ਸਭਾ ਚੋਣ ਹਲਕਿਆਂ ਵਿੱਚ ਨਿਯੁਕਤ ਬੂਥ ਲੈਵਲ ਅਫ਼ਸਰਾਂ ਨੂੰ ਵੋਟਰ ਸੂਚੀਆਂ ਅਤੇ ਚੋਣਾਂ ਸਬੰਧੀ ਕੰਮਾਂ ਬਾਰੇ ਸਿਖਲਾਈ ਦੇਣ ਲਈ 2 ਰੋਜ਼ਾ ਵਿਸ਼ੇਸ਼ ਟਰੇਨਿੰਗ ਸੈਸ਼ਨ ਲਗਾਏ ਜਾ ਰਹੇ ਹਨ।ਇਸ ਟਰੇਨਿੰਗ ਪ੍ਰੋਗਰਾਮ ਦੇ ਪਹਿਲੇ ਦਿਨ ਅੱਜ ਵਿਧਾਨ ਸਭਾ ਹਲਕਾ 10-ਡੇਰਾ ਬਾਬਾ ਨਾਨਕ ਦੇ ਬੀਐੱਲਓਜ਼ ਦੀ ਟਰੇਨਿੰਗ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਡੇਰਾ ਬਾਬਾ ਨਾਨਕ ਵਿਖੇ ਕਰਵਾਈ ਗਈ।ਇਸੇ ਤਰ੍ਹਾਂ ਵਿਧਾਨ ਸਭਾ ਹਲਕਾ 07-ਬਟਾਲਾ ਦੇ ਬੀਐੱਲਓਜ਼ ਦੀ ਟਰੇਨਿੰਗ ਸ਼ਿਵ ਬਟਾਲਵੀ ਆਡੀਟੋਰੀਅਮ, ਬਟਾਲਾ ਵਿਖੇ ਅਤੇ ਵਿਧਾਨ ਸਭਾ ਹਲਕਾ 08- ਸ੍ਰੀ ਹਰਗੋਬਿੰਦਪੁਰ (ਅ.ਜ.) ਦੇ ਬੀਐੱਲਓਜ਼ ਦੀ ਟਰੇਨਿੰਗ ਬਾਬਾ ਨਾਮਦੇਵ ਯੂਨੀਵਰਸਿਟੀ ਕਾਲਜ, ਕਿਸ਼ਨਕੋਟ ਵਿਖੇ ਲਗਾਈ ਗਈ।ਜ਼ਿਲ੍ਹਾ ਚੋਣ ਅਫ਼ਸਰ ਦਲਵਿੰਦਰਜੀਤ ਸਿੰਘ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਟਰੇਨਿੰਗ ਸੈਸ਼ਨ ਦੇ ਪਹਿਲੇ ਦਿਨ ਜ਼ਿਲ੍ਹਾ ਗੁਰਦਾਸਪੁਰ ਦੇ ਤਿੰਨ ਵਿਧਾਨ ਸਭਾ ਹਲਕਿਆਂ 10-ਡੇਰਾ ਬਾਬਾ ਨਾਨਕ, 07-ਬਟਾਲਾ ਅਤੇ 08 ਸ੍ਰੀ ਹਰਗੋਬਿੰਦਪੁਰ (ਅ.ਜ.) ਦੇ ਬੀਐੱਲਓਜ਼ ਨੂੰ ਸਿਖਲਾਈ ਦਿੱਤੀ ਗਈ ਹੈ।ਇਹ ਟਰੇਨਿੰਗ 50-50 ਬੀਐੱਲਓਜ਼ ਦੇ ਬੈਚ ਵਿੱਚ ਕਰਵਾਈ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਸਬੰਧਿਤ ਚੋਣਕਾਰ ਰਜਿਸਟਰੇਸ਼ਨ ਅਫ਼ਸਰਾਂ ਅਤੇ ਮਾਸਟਰ ਟਰੇਨਰਾਂ ਵੱਲੋਂ ਇਸ ਟਰੇਨਿੰਗ ਦੌਰਾਨ ਵੋਟਰ ਸੂਚੀਆਂ ਦੀ ਸੁਧਾਈ, ਅਪਡੇਸ਼ਨ, ਘਰ-ਘਰ ਜਾ ਕੇ ਵੋਟਰ ਵੈਰੀਫਿਕੇਸ਼ਨ, ਵੋਟਰ ਸ਼ਨਾਖ਼ਤੀ ਕਾਰਡ, ਡਿਜੀਟਲ ਟੈਕਨਾਲੋਜੀ ਦੀ ਵਰਤੋਂ, ਚੋਣ ਪ੍ਰਕਿਰਿਆ ਦੌਰਾਨ ਭਰੇ ਜਾਣ ਵਾਲੇ ਫਾਰਮਾਂ, ਬੀਐੱਲਓ ਐਪ, ਵੋਟਰ ਹੈਲਪਲਾਈਨ ਮੋਬਾਈਲ ਐਪ ਆਦਿ ਦੇ ਕੰਮਕਾਜ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ।ਜ਼ਿਲ੍ਹਾ ਚੋਣ ਅਧਿਕਾਰੀ ਨੇ ਅੱਗੇ ਦੱਸਿਆ ਕਿ ਭਲਕੇ 15 ਜੁਲਾਈ ਨੂੰ ਵਿਧਾਨ ਸਭਾ ਹਲਕਾ 04-ਗੁਰਦਾਸਪੁਰ ਦੇ ਬੀਐੱਲਓਜ਼ ਦੀ ਟਰੇਨਿੰਗ ਪੰਡਤ ਮੋਹਨ ਲਾਲ ਐੱਸਡੀ ਕਾਲਜ ਫ਼ਾਰ ਵਿਮੈਨ ਗੁਰਦਾਸਪੁਰ ਵਿਖੇ ਹੋਵੇਗੀ।ਇਸੇ ਤਰਾਂ ਹੀ 15 ਜੁਲਾਈ ਨੂੰ ਵਿਧਾਨ ਸਭਾ ਹਲਕਾ 05-ਦੀਨਾਨਗਰ (ਅ.ਜ.) ਦੇ ਬੀਐੱਲਓਜ਼ ਦੀ ਟਰੇਨਿੰਗ ਐੱਸਐੱਸਐੱਮ. ਕਾਲਜ, ਦੀਨਾਨਗਰ ਵਿਖੇ, ਵਿਧਾਨ ਸਭਾ ਹਲਕਾ 06-ਕਾਦੀਆਂ ਦੇ ਬੀਐੱਲਓਜ਼ ਦੀ ਟਰੇਨਿੰਗ ਸਿੱਖ ਨੈਸ਼ਨਲ ਕਾਲਜ, ਕਾਦੀਆਂ ਵਿਖੇ ਅਤੇ ਵਿਧਾਨ ਸਭਾ ਹਲਕਾ 09-ਫ਼ਤਿਹਗੜ੍ਹ ਚੂੜੀਆਂ ਦੇ ਬੀਐੱਲਓਜ਼. ਦੀ ਟਰੇਨਿੰਗ ਸਰਕਾਰੀ ਆਈਟੀਆਈ. (ਇਸਤਰੀਆਂ), ਫ਼ਤਿਹਗੜ੍ਹ ਚੂੜੀਆਂ ਵਿਖੇ ਹੋਵੇਗੀ।



ਨਵਾਂ ਜ਼ਮਾਨਾ
ਮੰਗਲਵਾਰ, 15 ਜੁਲਾਈ 2025

# ਭਾਸ਼ਾ ਦੇ ਨਾਂਅ ’ਤੇ...

ਭਾਰਤ, ਜਿਸ ਦੀਆਂ ਰਗਾਂ ਵਿੱਚ ਅਨੇਕਾਂ ਭਾਸ਼ਾਵਾਂ ਵਹਿੰਦੀਆਂ ਹਨ, ਅੱਜ ਇੱਕ ਅਜੀਬ ਸੰਕਟ ਵਿੱਚੋਂ ਲੰਘ ਰਿਹਾ ਹੈ। ਭਾਸ਼ਾ ਨੂੰ ਸੰਵਾਦ ਦੇ ਜ਼ਰੀਏ ਦੀ ਥਾਂ ਪਛਾਣ ਦੀ ਕੰਧ ਬਣਾਇਆ ਜਾ ਰਿਹਾ ਹੈ। ਹਾਲ ਹੀ ਵਿੱਚ ਮਹਾਰਾਸ਼ਟਰ ’ਚ ਹੋਈਆਂ ਘਟਨਾਵਾਂ ਨੇ ਸਥਿਤੀ ਹੋਰ ਗੰਭੀਰ ਬਣਾ ਦਿੱਤੀ ਹੈ, ਜਿੱਥੇ ਲੋਕਾਂ ’ਤੇ ਸਿਰਫ ਇਸ ਲਈ ਹਮਲੇ ਕੀਤੇ ਜਾ ਰਹੇ ਹਨ ਕਿ ਉਹ ਮਰਾਠੀ ਨਹੀਂ ਬੋਲ ਸਕਦੇ। ਮਹਾਰਾਸ਼ਟਰ ਦੇ ਮੁੱਖ ਮੰਤਰੀ ਦਵਿੰਦਰ ਫੜਨਵੀਸ ਨੇ ਬਿਆਨ ਦਿੱਤਾ ਹੈ ਕਿ ਸੂਬੇ ਵਿੱਚ ਰਹਿਣ ਵਾਲੇ ਤੋਂ ਮਰਾਠੀ ਬੋਲਣ ਦੀ ਆਸ ਤਾਂ ਕੀਤੀ ਜਾ ਸਕਦੀ ਹੈ, ਪਰ ਕੁੱਟ ਕੇ ਉਸ ਨੂੰ ਮਜਬੂਰ ਨਹੀਂ ਕੀਤਾ ਜਾ ਸਕਦਾ, ਪਰ ਮਾਮਲਾ ਸਿਰਫ ਬਿਆਨ ਦੇ ਕੇ ਹੱਲ ਹੋਣ ਵਾਲਾ ਨਹੀਂ, ਸਰਕਾਰ ਨੂੰ ਮਰਾਠੀ ਦੇ ਅਜਿਹੇ ਵਕੀਲਾਂ ਨਾਲ ਸਖਤੀ ਨਾਲ ਪੇਸ਼ ਆਉਣਾ ਚਾਹੀਦਾ ਹੈ। ਭਾਯੰਦਰ (ਠਾਣੇ) ਵਿੱਚ ਮਹਾਰਾਸ਼ਟਰ ਨਵਨਿਰਮਾਣ ਸੈਨਾ ਦੇ ਕਾਰਕੁਨਾਂ ਨੇ ਇੱਕ ਫੂਡ ਸਟਾਲ ਮਾਲਕ ’ਤੇ ਹਮਲਾ ਕਰ ਦਿੱਤਾ, ਕਿਉਂਕਿ ਉਹ ਮਰਾਠੀ ਨਹੀਂ ਬੋਲ ਸਕਿਆ। ਸ਼ਿਵ ਸੈਨਾ (ਊਬਾਠਾ) ਦੇ ਕਾਰਕੁਨ ਨੇ ਮਰਾਠੀ ਨਾ ਬੋਲਣ ਵਾਲੇ ਆਟੋ ਚਾਲਕ ਨੂੰ ਥੱਪੜ ਜੜ ਦਿੱਤੇ। ਇਹ ਪਹਿਲੀ ਵਾਰ ਨਹੀਂ ਹੋਇਆ ਕਿ ਭਾਸ਼ਾ ਨੂੰ ਹਥਿਆਰ ਬਣਾ ਕੇ ਸਭ ਤੋਂ ਵੱਧ ਹਮਲੇ ਹਮੇਸ਼ਾ ਗਰੀਬ ਤੇ ਕਮਜ਼ੋਰ ਲੋਕਾਂ ’ਤੇ ਹੀ ਹੁੰਦੇ ਹਨ। ਦੁੱਖ ਦੀ ਗੱਲ ਹੈ ਕਿ ਦੇਸ਼ ਦੇ ਹਰ ਕੋਨੇ ਦੇ ਲੋਕਾਂ ਨੂੰ ਅਪਣਾਉਣ ਤੇ ਅੱਗੇ ਵਧਾਉਣ ਵਾਲਾ ਮਹਾਰਾਸ਼ਟਰ ਹੁਣ ਤੰਗਨਜ਼ਰ ਸਿਆਸਤ ਦੇ ਜਾਲ ਵਿੱਚ ਉਲਝਦਾ ਜਾ ਰਿਹਾ ਹੈ। ਮੁੰਬਈ ਨੂੰ ਮਾਇਆ ਨਗਰੀ ਬਣਾਉਣ ਵਿੱਚ ਉੱਤਰ ਭਾਰਤੀਆਂ, ਗੁਜਰਾਤੀਆਂ, ਮਾਰਵਾੜੀਆਂ, ਦੱਖਣੀ ਭਾਰਤੀਆਂ ਤੇ ਮਰਾਠੀ ਸਮਾਜ ਸਭ ਦਾ ਬਰਾਬਰ ਯੋਗਦਾਨ ਰਿਹਾ ਹੈ। ਸ਼ੇਅਰ ਬਾਜ਼ਾਰ ਤੋਂ ਲੈ ਕੇ ਬਾਲੀਵੁੱਡ ਤੱਕ ਹਰ ਥਾਂ ਇਸ ਗੰਗਾ-ਜਮਨੀ ਸੰਸਕ੍ਰਿਤੀ ਦੀ ਝਲਕ ਮਿਲਦੀ ਹੈ। ਇਹ ਵੰਨਸੁਵੰਨਤਾ ਮੁੰਬਈ ਦੀ ਅਸਲੀ ਤਾਕਤ ਹੈ ਤੇ ਅੱਜ ਇਸ ’ਤੇ ਚੋਟ ਕੀਤੀ ਜਾ ਰਹੀ ਹੈ।

ਇਤਿਹਾਸ ਦੱਸਦਾ ਹੈ ਕਿ ਸ਼ਿਵਾ ਜੀ ਨੇ ਮਰਾਠੀ ਨੂੰ ਮਜ਼ਬੂਤੀ ਨਾਲ ਅੱਗੇ ਵਧਾਇਆ, ਪਰ ਕਦੇ ਹੋਰਨਾਂ ਭਾਸ਼ਾਵਾਂ ਦੀ ਤੌਹੀਨ ਨਹੀਂ ਕੀਤੀ। ਮਹਾਤਮਾ ਗਾਂਧੀ ਤੇ ਡਾ. ਭੀਮ ਰਾਓ ਅੰਬੇਡਕਰ ਨੇ ਵੀ ਭਾਸ਼ਾ ਨੂੰ ਜੋੜਨ ਦਾ ਜ਼ਰੀਆ ਮੰਨਿਆ, ਤੋੜਨ ਦਾ ਨਹੀਂ। ਭਾਰਤ ਦੀ ਆਤਮਾ ਇਸ ਦੀ ਭਾਸ਼ਾਈ ਵੰਨਸੁਵੰਨਤਾ ਵਿੱਚ ਵਸਦੀ ਹੈ। ਅਸਾਮੀ, ਬੰਗਾਲੀ, ਗੁਜਰਾਤੀ, ਹਿੰਦੀ, ਕਸ਼ਮੀਰੀ, ਕੰਨੜ, ਮੈਥਿਲੀ, ਮਲਿਆਲਮ, ਮਨੀਪੁਰੀ, ਮਰਾਠੀ, ਪੰਜਾਬੀ, ਸੰਸਕ੍ਰਿਤ, ਸਿੰਧੀ, ਤਾਮਿਲ, ਤੇਲਗੂ, ਉਰਦੂ ਸਿਰਫ ਸ਼ਬਦ ਨਹੀਂ ਹਨ, ਸਾਡੀ ਸੰਸਕ੍ਰਿਤੀ ਦੇ ਫੁੱਲ ਹਨ।

ਵਿਡੰਬਨਾ ਦੇਖੋ, ਜਦੋਂ ਕਿਸਾਨ ਆਤਮ ਹੱਤਿਆਵਾਂ ਕਰ ਰਹੇ ਹਨ (ਸਿਰਫ ਮਹਾਰਾਸ਼ਟਰ ਵਿੱਚ ਹੀ ਇਸ ਸਾਲ 776 ਕਿਸਾਨ ਜਾਨ ਦੇ ਚੁੱਕੇ ਹਨ), ਜਦ ਹਜ਼ਾਰਾਂ ਪਿੰਡਾਂ ਵਿੱਚ ਸਕੂਲ ਨਹੀਂ ਹਨ, ਤਦ ਨੇਤਾ ਭਾਸ਼ਾ ’ਤੇ ਸਿਆਸਤ ਕਰ ਰਹੇ ਹਨ। ਅਸਲੀ ਸਮੱਸਿਆਵਾਂ ਤੋਂ ਧਿਆਨ ਹਟਾ ਕੇ ਲੋਕਾਂ ਨੂੰ ਵੰਡ ਰਹੇ ਹਨ। ਭਾਰਤ ਦੇ ਕਰੀਬ ਸਾਢੇ 6 ਲੱਖ ਪਿੰਡਾਂ ਵਿੱਚੋਂ ਹਰ ਸੱਤਵੇਂ ਪਿੰਡ ਵਿੱਚ ਸਕੂਲ ਨਹੀਂ। ਨੇਤਾਵਾਂ ਨੇ ਪਹਿਲਾਂ ਧਰਮ ਦੇ ਨਾਂਅ ’ਤੇ ਲੜਾਇਆ, ਫਿਰ ਜਾਤ ਦੇ ਨਾਂਅ ’ਤੇ ਅਤੇ ਹੁਣ ਭਾਰਤ ਦੇ ਨਾਂਅ ’ਤੇ ਲੜਾ ਰਹੇ ਹਨ। ਭਾਰਤ ਦਾ ਸੰਵਿਧਾਨ 22 ਭਾਸ਼ਾਵਾਂ ਨੂੰ ਮਾਨਤਾ ਦਿੰਦਾ ਹੈ। ਭਾਸ਼ਾ ਕਿਸੇ ਇੱਕ ਵਿਅਕਤੀ ਜਾਂ ਇੱਕ ਪਾਰਟੀ ਦੀ ਜਗੀਰ ਨਹੀਂ, ਇਹ ਤਾਂ ਉਹ ਨਦੀ ਹੈ, ਜਿਹੜੀ ਦਿਲਾਂ ਵਿੱਚ ਵਹਿੰਦੀ ਹੈ ਅਤੇ ਲੋਕਾਂ ਨੂੰ ਜੋੜਦੀ ਹੈ। ਲੋੜ ਹੈ ਕਿ ਅਸੀਂ ਭਾਸ਼ਾ ਦੀਆਂ ਕੰਧਾਂ ਢਾਹ ਦੇਈਏ, ਨਾ ਕਿ ਉਸ ਨੂੰ ਹਥਿਆਰ ਬਣਾਈਏ। ਇਹ ਸਵਾਲ ਸਭ ਲਈ ਹੈ : ਕੀ ਅਸੀਂ ਭਾਸ਼ਾ ਨੂੰ ਪਛਾਣ ਦੀ ਬੰਦ ਕੋਠੜੀ ਬਣਾਵਾਂਗੇ ਜਾਂ ਸੰਵਾਦ ਦਾ ਪੁਲ? ਕੀ ਅਸੀਂ ਹਰ ਭਾਸ਼ਾ ਨੂੰ ਉਸ ਦੀ ਸੁੰਦਰਤਾ ਤੇ ਯੋਗਦਾਨ ਲਈ ਸਨਮਾਨ ਦੇਵਾਂਗੇ ਜਾਂ ਫਿਰ ਹਰ ਰਾਜ ਨੂੰ ਅਜਿਹਾ ਗੜ੍ਹ ਬਣਾ ਦੇਵਾਂਗੇ, ਜਿੱਥੇ ਬਾਹਰੀ ਲਈ ਕੋਈ ਥਾਂ ਨਾ ਹੋਵੇ? ਭਾਰਤ ਦੀ ਅਸਲੀ ਤਾਕਤ ਇਸ ਦੀ ਇੱਕਰੂਪਤਾ ਵਿੱਚ ਨਹੀਂ, ਬਹੁਰੂਪਤਾ ਵਿੱਚ ਹੈ। ਭਾਸ਼ਾ ਭਾਵਨਾ ਹੈ, ਹਥਿਆਰ ਨਹੀਂ।

## ਮੁੱਛ-ਮਰੋੜੂ ਹੰਕਾਰ ?

ਸ਼ਕਲ ਦੇਖਦੇ ਸਾਰ ‘ਬੂਹ’ ਕਰਨ ਲੋਕੀ,
ਜਿਹੜੇ ਲੈਣ ਬਦਨਾਮੀਆਂ ਖੱਟ ਮੀਆਂ।
ਥੋੜ੍ਹਾ ਚਿਰ ਹੀ ਦਾਦੇ ਦੀਆਂ ਚਲਦੀਆਂ ਨੇ,
‘ਪੋਤੇ’ ਛੱਜ ਵਿੱਚ ਦਿੰਦੇ ਐ ‘ਛੱਟ’ ਮੀਆਂ।
ਬਦਅਸੀਸਾਂ ਵੀ ਸੌ-ਸੌ ਉਹ ਦੇਣ ਲੋਕੀ,
ਲੱਗੇ ਜਿਨ੍ਹਾਂ ਦੇ ਸੀਨੇ ਵਿੱਚ ‘ਫੱਟ’ ਮੀਆਂ।
ਉਹ ‘ਵਕਤ’ ਵੀ ਹੁੰਦਾ ਨਹੀਂ ਦੂਰ ਬਹੁਤਾ,
ਮਾਲਕ ਦਿੰਦਾ ਜਦ ਜੜ੍ਹਾਂ ਤੋਂ ਪੱਟ ਮੀਆਂ।
ਜੇਲ੍ਹ ਵੜਦਿਆਂ ‘ਸਿਹਤ ਖਰਾਬ’ ਹੋ ਜਏ,
ਬਣ ਗਏ ਹੁੰਦੇ ਜੋ ਖਾ-ਖਾ ਕੇ ਮੱਟ ਮੀਆਂ।
ਆਕੜ ਅਤੇ ਹੰਕਾਰ ਹੀ ‘ਸ਼ੋਅ’ ਕਰਦੇ,
ਚਾੜ੍ਹੀ ਜਾਣ ਜੋ ‘ਮੁੱਛਾਂ ਨੂੰ ਵੱਟ’ ਮੀਆਂ!

-ਤਰਲੋਚਨ ਸਿੰਘ ਦੁਪਾਲਪੁਰ, 78146-92724

# ਇਸ ਤਰ੍ਹਾਂ ਦਾ ਸਿਰਜਿਆ ਜਾਵੇਗਾ ਲੋਕਾਂ ਦਾ ਭਵਿੱਖ ?


ਗੁਰਚਰਨ ਸਿੰਘ ਨੂਰਪੁਰ

ਹੁਣ ਲੋਕਾਂ ਦੀ ਕਿਸਮਤ ਸਾਡੀਆਂ ਚੁਣੀਆਂ ਹੋਈਆਂ ਸਰਕਾਰਾਂ ਨਹੀਂ, ਬਲਕਿ ਪੂੰਜੀਵਾਦੀ ਤਾਕਤਾਂ ਆਪਣੀ ਮਰਜ਼ੀ ਅਨੁਸਾਰ ਲਿਖਣਗੀਆਂ ‘ਲੋਕਤੰਤਰ ਦੀ, ਲੋਕਾਂ ਦੁਆਰਾ, ਲੋਕਾਂ ਲਈ ਚੁਣੀ ਹੋਈ ਸਰਕਾਰ ਦਾ ਯੁੱਗ ਸ਼ਾਇਦ ਹੁਣ ਬੀਤ ਗਿਆ ਹੈ। ਅਸੀਂ ਹੁਣ ਲੋਕਤੰਤਰ ਦੇ ਉਸ ਦੌਰ ਵਿੱਚ ਪਹੁੰਚ ਗਏ ਹਾਂ, ਜਿੱਥੇ ਲੋਕਤੰਤਰ ਦੀਆਂ, ਲੋਕਾਂ ਦੁਆਰਾ ਚੁਣੀਆਂ ਸਰਕਾਰਾਂ ਪੂੰਜੀਪਤੀਆਂ ਦੇ ਅਧੀਨ ਕੰਮ ਕਰਨਗੀਆਂ। ਮੌਜੂਦਾ ਦੌਰ ਵਿੱਚ ਸਰਕਾਰਾਂ ਲੋਕਪੱਖੀ ਫੈਸਲੇ ਲੈਣਗੀਆਂ ਅਤੇ ਇਸ ’ਤੇ ਸੁਹਿਰਦਤਾ ਨਾਲ ਕੰਮ ਕਰਨਗੀਆਂ, ਇਹ ਭਰਮ ਹਰ ਪੰਜ ਸਾਲ ਬਾਅਦ ਸਿਰਜਿਆ ਜਾਂਦਾ ਹੈ, ਪਰ ਲੋਕਾਂ ਨੂੰ ਇਸ ਭਰਮ ਤੋਂ ਬਾਹਰ ਨਿਕਲ ਆਉਣਾ ਚਾਹੀਦਾ ਹੈ।

ਦੁਨੀਆ ਉਸ ਦੌਰ ਵਿੱਚ ਪ੍ਰਵੇਸ਼ ਕਰ ਗਈ ਹੈ, ਜਿੱਥੇ ਲੋਕਾਂ ਨੂੰ ਜ਼ਿਹਨੀ ਤੌਰ ’ਤੇ ਗੁਲਾਮ ਅਤੇ ਸਾਧਨਹੀਣ ਬਣਾ ਕੇ ਪੂੰਜੀਵਾਦੀ ਕਿੱਲਿਆਂ ਨਾਲ ਬੰਨ੍ਹਣ ਦੀ ਹਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਦੇ ਅਮਲ ਲਈ ਜਿਹੜੀਆਂ ਤਰਜੀਹਾਂ ਦੀ ਲੋੜ ਹੈ, ਉਨ੍ਹਾਂ ’ਤੇ ਬੜੀ ਤੇਜ਼ੀ ਨਾਲ ਕੰਮ ਹੋ ਰਿਹਾ ਹੈ।

ਆਪਣੇ ਸਾਧਨਾਂ ਨੂੰ ਬਚਾਉਣ ਅਤੇ ਰੋਜ਼ੀ-ਰੋਟੀ ਕਮਾਉਣ ਲਈ ਜੇਕਰ ਕੋਈ ਧਿਰ ਆਪਣੇ ਹੱਕਾਂ ਦੀ ਗੱਲ ਕਰਦੀ ਹੈ ਤਾਂ ਇਸ ਨੂੰ ਸਟੇਟ ਦੇ ਕੰਮਾਂ ਵਿੱਚ ਬੇਲੋੜੀ ਨਾ ਬਰਦਾਸ਼ਤ ਕਰਨਯੋਗ ਦਖਲ-ਅੰਦਾਜ਼ੀ ਸਮਝਿਆ ਜਾਣ ਲੱਗਾ ਹੈ। ਪੂੰਜੀਵਾਦੀ ਮਾਨਸਿਕਤਾ ਦੀ ਇਹ ਕੋਸ਼ਿਸ਼ ਹੈ ਕਿ ਕਿਸੇ ਜਨਤਕ ਧਿਰ ਕੋਲ ਜੋ ਕੁਝ ਹੈਗਾ ਹੈ, ਇਹ ਸਭ ਕੁਝ ਇਸ ਤੋਂ ਹਥਿਆ ਲਿਆ ਜਾਵੇ। ਜਦੋਂ ਲੋਕਾਂ ਕੋਲ ਕੋਈ ਸਾਧਨ, ਕੋਈ ਰੋਜ਼ਗਾਰ, ਕੋਈ ਕਾਰੋਬਾਰ ਹੋਵੇਗਾ ਹੀ ਨਹੀਂ ਤਾਂ ਲੋਕ ਆਪਣੇ ਹੱਕਾਂ, ਹਿੱਤਾਂ ਦੀ ਗੱਲ ਨਹੀਂ ਕਰਨਗੇ। ਲੋਕ ਹਿੱਤਾਂ ਦੇ ਵਿਰੋਧ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੋਵੇਗਾ। ਪੂੰਜੀਵਾਦੀ ਤਾਕਤਾਂ ਨੂੰ ਨਿਰਵਿਰੋਧ ਕੰਮ ਕਰਨ ਲਈ ਕਿਸਾਨ, ਵਪਾਰੀ, ਦੁਕਾਨਦਾਰ ਨਹੀਂ, ਬਲਕਿ ਕਰਿੰਦੇ ਚਾਹੀਦੇ ਹਨ ਅਤੇ ਇਸ ਲਈ ਕਿਸੇ ਵੀ ਖੇਤਰ ਵਿੱਚ ਆਪਣੇ ਕਾਰੋਬਾਰ ਦਾ ਫੈਲਾਅ ਕਰਨ ਲਈ ਜ਼ਮੀਨਾਂ ਚਾਹੀਦੀਆਂ ਹਨ। ਇੱਕ ਮੁਲਕ ਤੋਂ ਦੁਨੀਆ ਦੇ ਕਈ ਦੇਸ਼ਾਂ ਨੂੰ ਜੋੜਦੀਆਂ ਸੜਕਾਂ ਚਾਹੀਦੀਆਂ ਹਨ ਅਤੇ ਆਪਣੀਆਂ ਨਿੱਜੀ ਬੰਦਰਗਾਹਾਂ ਚਾਹੀਦੀਆਂ ਹਨ। ਸਾਡੀਆਂ ਸਰਕਾਰਾਂ ਇਹਨਾਂ ਤਰਜੀਹਾਂ ਨੂੰ ਅੱਗੇ ਵਧਾਉਣ ਲਈ ਸਿਰਤੋੜ ਯਤਨ ਕਰ ਰਹੀਆਂ ਹਨ।

ਪੂੰਜੀਵਾਦੀ ਤਾਕਤਾਂ ਦਾ ਮਾਸਟਰ ਮਾਈਂਡ ਫਰਾਇਡਮੈਨ ਇਸ ਗੱਲ ’ਤੇ ਜ਼ੋਰ ਦਿੰਦਾ ਹੈ ਕਿ ਸਟੇਟ ਨੂੰ ਆਪਣਾ ਕੰਮ ਕਰਨ ਲਈ ਸਭ ਤਰ੍ਹਾਂ ਦੇ ਸਾਧਨ ਕਾਰਪੋਰੇਟ ਕੰਪਨੀਆਂ ਨੂੰ ਸੌਂਪ ਦੇਣੇ ਚਾਹੀਦੇ ਹਨ। ਇਸ ਲਈ ਉਹ ਜੋ ਅਣਮਨੁੱਖੀ ਅਮਾਨਵੀ ਢੰਗ ਅਪਣਾਉਣ ਦੀ ਵਕਾਲਤ ਕਰਦਾ ਹੈ, ਉਹ ਆਖਦਾ ਹੈ ਲੋਕ ਕੁਦਰਤੀ ਸਦਮਿਆਂ, ਮੁਸ਼ਕਲਾਂ ਔਕੜਾਂ ਵਿੱਚ ਜਦੋਂ ਘਿਰੇ ਹੋਣ ਤਾਂ ਪੂੰਜੀਵਾਦ ਤਾਕਤਾਂ ਦੇ ਕੰਮ ਕਰਨ ਦਾ ਇਹ ਸੁਨਹਿਰੀ ਸਮਾਂ ਹੁੰਦਾ ਹੈ। ਨਾਲ ਹੀ ਅੱਗੇ ਉਹ ਸਲਾਹ ਦਿੰਦਾ ਹੈ ਜੇਕਰ ਲੋਕਾਂ ਨੂੰ ਕੁਦਰਤੀ ਮੁਸੀਬਤਾਂ, ਔਕੜਾਂ ਨਾ ਹੋਣ ਤਾਂ ਸਰਕਾਰਾਂ ਨੂੰ ਫੌਜ ਅਤੇ ਪੁਲਸ ਦੀ ਮਦਦ ਨਾਲ ਅਜਿਹੇ ਹਾਲਾਤ ਬਣਾ ਦਿੱਤੇ ਜਾਣੇ ਚਾਹੀਦੇ ਹਨ ਕਿ ਲੋਕ ਸਦਮੇ ਵਿੱਚ ਆ ਜਾਣ ਅਤੇ ਹਰ ਤਰ੍ਹਾਂ ਦੇ ਕਾਨੂੰਨ, ਨੇਮ ਮੰਨਣ ਲਈ ਮਜਬੂਰ ਹੋ ਜਾਣ। ਉਹ ਇਹ ਵੀ ਸਲਾਹ ਦਿੰਦਾ ਹੈ ਕਿ ਲੋਕਾਂ ਨੂੰ ਮਸਨੂਈ (ਬਣਾਉਟੀ) ਸਦਮੇ ਦਿੱਤੇ ਜਾਣ, ਜਿਸ ਨਾਲ ਉਹ ਨਿੱਸਲ ਹੋ ਜਾਣਗੇ। ਇਸ ਸਮੇਂ ਪੂੰਜੀਵਾਦੀ ਤਾਕਤਾਂ ਦੀ ਪੂਰੀ ਦੁਨੀਆ ਵਿੱਚ ਇਹ ਕੋਸ਼ਿਸ਼ ਹੈ ਕਿ ਜ਼ਮੀਨ ਦੀ ਮਾਲਕੀ ਕਿਸਾਨ ਕੋਲ ਨਾ ਹੋਵੇ। ਇਹੋ ਵਿਹਾਰ ਦੁਕਾਨਦਾਰ, ਕਾਰੋਬਾਰੀ ਅਤੇ ਕਾਰਖਾਨੇਦਾਰ ਆਦਿ ਧਿਰਾਂ ਨਾਲ ਵੀ ਹੋਣ ਜਾ ਰਿਹਾ ਹੈ, ਪਰ ਇਹਨਾਂ ਧਿਰਾਂ ਵੱਲੋਂ ਅਜੇ ਸ਼ਾਇਦ ਇਸ ਵਰਤਾਰੇ ਵੱਲੋਂ ਸਮਝਿਆ ਜਾਣਾ ਬਾਕੀ ਹੈ। ਸਰਕਾਰੀ ਅਦਾਰਿਆਂ ਜਿਵੇਂ ਬਿਜਲੀ, ਪਾਣੀ, ਸੜਕ ਆਵਾਜਾਈ, ਨਹਿਰ ਵਿਭਾਗ, ਰੇਲਵੇ, ਬੈਂਕ, ਬੰਦਰਗਾਹਾਂ, ਖਣਿੱਜ ਤੇਲ ਤੇ ਹੋਰ ਖਣਿਜ ਪਦਾਰਥ, ਰਬੜ ਦੇ ਜੰਗਲ, ਸੰਚਾਰ ਸਾਧਨ, ਸਿੱਖਿਆ, ਸਿਹਤ, ਸੁਰੱਖਿਆ ਆਦਿ ਖੇਤਰਾਂ ਵਿੱਚ ਲੋਕਾਂ ਦੀ ਭੂਮਿਕਾ ਮਨਫੀ ਕਰ ਦਿੱਤੀ ਗਈ ਹੈ ਅਤੇ ਭਵਿੱਖ ਵਿੱਚ ਇਹ ਉੱਕਾ ਹੀ ਖਤਮ ਕਰ ਦਿੱਤੀ ਜਾਵੇਗੀ। ਇਸ ਸਭ ਕੁਝ ਵਿੱਚ ਬੜੀ ਤੇਜ਼ੀ ਨਾਲ ਲੋਕਾਂ ਦੀ ਸ਼ਮੂਲੀਅਤ ਘੱਟ ਕਰ ਦਿੱਤੀ ਗਈ ਹੈ। ਉਦਾਹਰਣ ਵਜੋਂ ਇੱਕ ਚਿੱਪ ਲਾਉਣ ਨਾਲ ਬਿਜਲੀ ਮੀਟਰ ਦੀ ਰੀਡਿੰਗ ਆਪਣੇ ਆਪ ਕੰਪਿਊਟਰ ਤੱਕ ਆ ਜਾਵੇਗੀ ਅਤੇ ਕੰਪਿਊਟਰ ਇਸ ਦਾ ਮੈਸੇਜ਼ ਬਣਾ ਕੇ ਖਪਤਕਾਰ ਦੇ ਮੋਬਾਇਲ ਫੋਨ ’ਤੇ ਭੇਜ ਦੇਵੇਗਾ। ਮੀਟਰ ਦੀ ਰੀਡਿੰਗ ਲੈਣ ਵਾਲੇ ਅਤੇ ਬਿੱਲ ਵੰਡਣ ਵਾਲੇ ਲੱਖਾਂ ਬੰਦਿਆਂ ਦੀਆਂ ਲੱਖਾਂ ਨੌਕਰੀਆਂ ਖਤਮ। ਰੇਲਵੇ ਸਟੇਸ਼ਨ ਦੀ ਖਿੜਕੀ ’ਤੇ ਜਿੱਥੇ ਟਿਕਟਾਂ ਦਿੱਤੀਆਂ ਜਾਂਦੀਆਂ ਸਨ, ਉਸ ਬੰਦੇ ਨੂੰ ਬੁੱਤ ਦੇ ਰੂਪ ਵਿੱਚ ਰੇਲਵੇ ਦੇ ਅਜਾਇਬ ਘਰ ਵਿੱਚ ਹੁਣ ਅਸੀਂ ਵੇਖ ਸਕਾਂਗੇ, ਖਿੜਕੀ ’ਤੇ ਨਹੀਂ, ਕਿਉਂਕਿ ਟਿਕਟ ਬੁੱਕ ਹੁਣ ਤੁਹਾਡੇ ਮੋਬਾਇਲ ਫੋਨ ਤੋਂ ਹੀ ਹੋ ਜਾਂਦੀ ਹੈ। ਇਸ ਨੂੰ ਬੁੱਕ ਕਰਦਿਆਂ ਕੁਝ ਮਸ਼ਹੂਰੀਆਂ ਤੁਸੀਂ ਫਰੀ ਵਿੱਚ ਵੇਖ ਸਕਦੇ ਹੋ। ਇੱਥੇ ਵੱਡਾ ਸਵਾਲ ਪੈਦਾ ਹੁੰਦਾ ਹੈ ਕਿ ਮੀਟਰ ਚੈੱਕ ਕਰਨ ਵਾਲਾ, ਬਿੱਲ ਵੰਡਣ ਵਾਲਾ ਅਤੇ ਟਿਕਟਾਂ ਦੇਣ ਵਾਲਾ ਇਹ ਤਿੰਨੇ ਬੰਦੇ ਬੇਕਾਰ ਹੋ ਗਏ, ਪਰ ਇਹਨਾਂ ਲਈ ਸਾਡੀਆਂ ਸਰਕਾਰਾਂ ਨੇ ਕੁਝ ਨਵੇਂ ਰੋਜ਼ਗਾਰ ਦਾ ਪ੍ਰਬੰਧ ਕੀ ਕੀਤਾ? ਇਸ ਅਮਲ ਦਾ ਇੱਕ ਦੂਜਾ ਪਾਸਾ ਵੀ ਹੈ, ਜਿਸ ਨੂੰ ਸਮਝਿਆ ਜਾਣਾ ਅਜੇ ਬਾਕੀ ਹੈ, ਉਹ ਇਹ ਕਿ ਇਹਨਾਂ ਅਦਾਰਿਆਂ ਨੂੰ ਹੁਣ ਜਨਤਕ ਨਹੀਂ ਰਹਿਣ ਦਿੱਤਾ ਜਾਵੇਗਾ, ਇਹ ਪ੍ਰਾਈਵੇਟ ਹੱਥਾਂ ਵਿੱਚ ਵੀ ਦਿੱਤੇ ਜਾ ਰਹੇ ਹਨ। ਲੋਕਾਂ ਦੁਆਰਾ ਉਸਾਰੇ ਗਏ ਇਹ ਅਦਾਰੇ ਹੁਣ ਕਿਸੇ ਇੱਕ ਪੂੰਜੀਪਤੀ ਜਗੀਰ ਬਣ ਰਹੇ ਹਨ। ਜਦੋਂ ਲੋਕਾਂ ਦੀ ਸ਼ਮੂਲੀਅਤ ਇਹਨਾਂ ਵਿੱਚੋਂ ਮਨਫੀ ਕਰ ਦਿੱਤੀ ਜਾਵੇਗੀ ਤਾਂ ਕਿਹੜੇ ਲੋਕਾਂ ਦੇ ਰੋਜ਼ਗਾਰ? ਕਿਹੜੇ ਲੋਕਾਂ ਦੇ ਹੱਕ? ਤੇ ਕਿਹੜੇ ਹੱਕਾਂ ਦੀ ਮੰਗ? ਇਹ ਸਭ ਕੁਝ ਨਾਲੋ-ਨਾਲ ਹੀ ਖਤਮ ਹੁੰਦਾ ਅਸੀਂ ਅੱਜ ਵੀ ਵੇਖ ਰਹੇ ਹਾਂ।

ਹਰ ਤਰ੍ਹਾਂ ਦੀਆਂ ਲੋੜਾਂ/ਵਸਤਾਂ, ਜੋ ਲੋਕਾਂ ਨੇ ਵਰਤਣੀਆਂ ਹਨ, ਇਹਨਾਂ ਦੀ ਪੈਦਾਵਾਰ ਹੁਣ ਜਦੋਂ ਪੂੰਜੀਵਾਦੀ ਹੱਥਾਂ ਵਿੱਚ ਜਾ ਰਹੀ ਹੈ ਤਾਂ ਇਸ ਲਈ ਇਹ ਵੀ ਬੜਾ ਜ਼ਰੂਰੀ ਹੈ ਕਿ ਇਹਨਾਂ ਨੂੰ ਲੋਕਾਂ ਤੱਕ ਲੈ ਕੇ ਜਾਣ ਦਾ ਜ਼ਰੀਆ ਵੀ ਪੂੰਜੀਪਤੀ ਹੀ ਹੋਵੇ। ਇਸ ਲਈ ਛੋਟੇ-ਵੱਡੇ ਦੁਕਾਨਦਾਰ ਅਤੇ ਵਪਾਰੀ ਪੂੰਜੀਵਾਦ ਦੇ ਇਸ ਗਲਬੇ ਤੋਂ ਬਚੇ ਨਹੀਂ ਰਹਿਣਗੇ। ਆਨ ਲਾਈਨ ਚੀਜ਼ਾਂ ਦੇ ਬਾਜ਼ਾਰ ਦੀ ਅਜੇ ਫਿਲਹਾਲ ਸ਼ੁਰੂਆਤ ਹੈ। ਇਹ ਬਾਜ਼ਾਰ ਇੰਨਾ ਫੈਲ ਜਾਣਾ ਹੈ ਕਿ ਅਸੀਂ ਘਰ ਬੈਠੇ ਆਪਣੇ ਘਰ ਦੀ ਕੰਧ ’ਤੇ ਕਿਸੇ ਦੁਕਾਨ ਵਿੱਚ ਪਈਆਂ ਚੀਜ਼ਾਂ ਨੂੰ ਵੇਖ ਕੇ ਖਰੀਦ ਸਕਾਂਗੇ, ਭਾਵ ਹਰ ਤਰ੍ਹਾਂ ਦੀਆਂ ਬਾਜ਼ਾਰੂ ਵਸਤਾਂ ਸਾਡੇ ਘਰ ਮੌਜੂਦ ਹੋਣਗੀਆਂ। ਇਹ ਸਭ ਕੁਝ ਬੜੀ ਜਲਦੀ ਹੋਣ ਜਾ ਰਿਹਾ ਹੈ। ਛੋਟੇ ਦੁਕਾਨਦਾਰ ਜਲਦੀ ਹੀ ਪੂੰਜੀਵਾਦ ਦੀ ਮਨਸ਼ਾ ਅਨੁਸਾਰ ਮਾਲ ਬਾਜ਼ਾਰ ਵਾਲਿਆਂ ਦੇ ਕਰਿੰਦੇ ਬਣ ਜਾਣਗੇ। ਵਪਾਰੀਆਂ ਨੂੰ ਕੰਪਨੀਆਂ ਦੇ ਕਰਿੰਦੇ ਬਣ ਕੇ ਕੰਮ ਕਰਨਾ ਪਵੇਗਾ। ਛੋਟੇ ਕਾਰੋਬਾਰੀਆਂ, ਦੁਕਾਨਦਾਰਾਂ ਦਾ ਖਾਤਮਾ ਹੋਣਾ ਸ਼ੁਰੂ ਹੋ ਜਾਵੇਗਾ। ਇਸ ਸਭ ਕੁਝ ਨੂੰ ਹੁਣ ਵੀ ਸਮਝਿਆ-ਪਰਖਿਆ ਜਾ ਸਕਦਾ ਹੈ। ਛੋਟੇ-ਵੱਡੇ ਸ਼ਹਿਰਾਂ ਵਿੱਚ ਕਾਰਾਂ, ਮੋਟਰਾਂ ਦੀ ਮੁਰੰਮਤ ਕਰਨ ਵਾਲੇ ਕਾਰੀਗਰ, ਵੈਲਡਰ ਆਦਿ ਦੇ ਕਾਰੋਬਾਰ ਖਤਮ ਹੋ ਗਏ ਹਨ। ਇਹਨਾਂ ਦੀ ਥਾਂ ਕੰਪਨੀਆਂ ਨੇ ਆਪਣੇ ਵੱਡੇ-ਵੱਡੇ ਗੈਰਜ਼ ਬਣਾ ਲਏ ਹਨ ਅਤੇ ਛੋਟੇ ਕਾਰੀਗਰ ਇਹਨਾਂ ਵਿੱਚ ਕਰਿੰਦਿਆਂ ਦੇ ਰੂਪ ਵਿੱਚ ਕੰਮ ਕਰਨ ਲੱਗ ਪਏ ਹਨ। ਪੰਜਾਬ ਵਿੱਚ ਬੜੀ ਤੇਜ਼ੀ ਨਾਲ ਜ਼ਮੀਨ ਜ਼ਿਆਦਾ ਹੱਥਾਂ ਤੋਂ ਥੋੜੇ ਹੱਥਾਂ ਵਿੱਚ ਜਾ ਰਹੀ ਹੈ। ਜ਼ਮੀਨ ਓਨੀ ਹੀ ਹੈ, ਪਰ ਜੋਤਾਂ ਘਟ ਰਹੀਆਂ ਹਨ। ਕਿਸਾਨੀ ਲਈ ਇਹ ਇੱਕ ਤਰ੍ਹਾਂ ਨਾਲ ਖਤਰੇ ਦੀ ਘੰਟੀ ਹੈ। ਥੋੜ੍ਹੇ ਲੋਕਾਂ ਕੋਲ ਜ਼ਮੀਨ ਹੋਵੇਗੀ ਤਾਂ ਇਸ ਦਾ ਸਿੱਧਾ ਅਰਥ ਹੈ ਪੂੰਜੀਵਾਦੀ ਨੀਤੀਆਂ ਖਿਲਾਫ ਲੜਨ ਵਾਲੇ ਥੋੜ੍ਹੇ ਲੋਕ ਹੋਣਗੇ। ਥੋੜ੍ਹੇ ਲੋਕਾਂ ਨਾਲ ਸਮਝੌਤੇ ਕਰਨ ਜਾਂ ਉਹਨਾਂ ਨੂੰ ਡਰਾ-ਧਮਕਾ ਕੇ ਉਹਨਾਂ ਤੋਂ ਜ਼ਮੀਨਾਂ ਖੋਹਣੀਆਂ ਖੱਬੇ ਹੱਥ ਦੀ ਖੇਡ ਰਹਿ ਜਾਵੇਗੀ। ਖੇਤੀ ਕਰਨ ਵਾਲੀਆਂ ਵਾਹੀਯੋਗ ਜ਼ਮੀਨਾਂ ਦੇ ਭਵਿੱਖ ਵਿੱਚ ਹੋਰ ਮਹਿੰਗੇ ਹੋਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ ਖੇਤੀ ਵਿੱਚ ਕਿਸਾਨਾਂ ਦੀ ਖੱਜਲ-ਖੁਆਰੀ ਹਰ ਦਿਨ ਵਧਾਈ ਜਾਵੇਗੀ। ਇੱਕ ਤਰ੍ਹਾਂ ਨਾਲ ਥਾਣੇ ਵਿੱਚ ਫੜੇ ਮੁਜਰਮ ਤੋਂ ਜੁਰਮ ਇਕਬਾਲ ਕਰਾਉਣ ਵਰਗੀ ਸਥਿਤੀ ਬਣਾਈ ਜਾਵੇਗੀ। ਇੱਕ ਪਾਸੇ ਕਿਸਾਨ ਦੀ ਹਰ ਦਿਨ ਖੱਜਲ-ਖੁਆਰੀ ਵਧਦੀ ਜਾਵੇਗੀ, ਦੂਜੇ ਪਾਸੇ ਜ਼ਮੀਨਾਂ ਦੇ ਮਹਿੰਗੇ ਭਾਅ ਦਾ ਵੱਡਾ ਲਾਲਚ ਹੋਵੇਗਾ। ਕਿਸਾਨ ਦੀ ਹਾਲਤ ਪਤਲੀ ਬਣ ਰਹੀ ਹੈ। ਕਿਸਾਨ ਨੂੰ ਆਪਣਾ ਮਾਲ ਵੇਚਣ ਲਈ ਵੀ ਤਰਲੇ ਕਰਨੇ ਪੈਂਦੇ ਹਨ ਅਤੇ ਖਾਦ-ਬੀਜ ਲੈਣ ਲਈ ਵੀ ਉਸ ਨੂੰ ਲਾਈਨਾਂ ਵਿੱਚ ਲੱਗਣਾ ਪੈ ਰਿਹਾ ਹੈ। ਜਿਸ ਤਰ੍ਹਾਂ ਦਾ ਵਿਹਾਰ ਕਿਸਾਨ ਨਾਲ ਕੀਤਾ ਜਾ ਰਿਹਾ ਹੈ, ਸ਼ਾਇਦ ਹੀ ਕਿਸੇ ਹੋਰ ਖੇਤਰ ਵਿੱਚ ਖਰੀਦਦਾਰ ਅਤੇ ਗ੍ਰਾਹਕ ਦਾ ਅਜਿਹਾ ਵਿਹਾਰ ਹੋਵੇ।

ਲੋਕਾਂ ਦਾ ਭਵਿੱਖ ਅਜਿਹਾ ਸਿਰਜਿਆ ਜਾ ਰਿਹਾ ਹੈ ਕਿ ਲੋਕਾਂ ਕੋਲੋਂ ਹਰ ਤਰ੍ਹਾਂ ਦੇ ਸਾਧਨ ਲੈ ਲਏ ਜਾਣ। ਹਰ ਤਰ੍ਹਾਂ ਦੇ ਕਾਰੋਬਾਰ ਜੋ ਸਾਡੇ ਲੋਕ ਕਰਦੇ ਸਨ, ਚਾਹੇ ਉਹ ਕੋਈ ਦੁਕਾਨਦਾਰੀ ਸੀ, ਕੋਈ ਨੌਕਰੀ ਸੀ, ਖੇਤੀ ਸੀ, ਜਲ-ਜੰਗਲ ਅਤੇ ਊਰਜਾ ਦੇ ਸਾਧਨ ਆਦਿ ਸਨ, ਇਹ ਸਭ ਕੁਝ ਹੁਣ ਪੂੰਜੀਵਾਦ ਦੇ ਗਲਬੇ ਹੇਠ ਜਾ ਰਹੇ ਹਨ। ਦੁਨੀਆ ਭਰ ਦੇ ਲੋਕ ਚਾਹੇ ਉਹ ਦੁਨੀਆ ਦੇ ਕਿਸੇ ਵੀ ਖਿੱਤੇ ਵਿੱਚ ਕਿਉਂ ਨਾ ਹੋਣ ਉਹ ਕੇਵਲ ਧਰਤੀ ’ਤੇ ਰਹਿਣ, ਖਾਣ-ਪੀਣ, ਸੌਣ ਅਤੇ ਮੋਬਾਇਲ ਦਾ ਡਾਟਾ ਵਰਤਣ ਤੱਕ ਸੀਮਤ ਹੋਣਗੇ। ਕਿਸਾਨ, ਦੁਕਾਨਦਾਰ, ਫੈਕਟਰੀ ਮਾਲਕ ਅਤੇ ਵਪਾਰੀ ਇਹਨਾਂ ਸਭ ਦੀ ਔਲਾਦਾਂ ਨੂੰ ਹੁਣ ਅਗਲੇ ਕਰਿੰਦਿਆਂ ਦੇ ਰੂਪ ਵਿੱਚ ਵੇਖਿਆ ਜਾਣ ਲੱਗਿਆ ਹੈ। ਪੂਰੀ ਦੁਨੀਆ ਭਰ ਵਿੱਚ ਨਸ਼ਿਆ ਦਾ ਪ੍ਰਚਲਣ ਅਜੇ ਹੋਰ ਵਧੇਗਾ, ਜੋ ਲੋਕ ਨਸ਼ਾ ਕਰਨਾ ਚਾਹੁੰਦੇ ਹਨ, ਬਿਨਾਂ ਰੋਕ-ਟੋਕ ਕਰਨ ਅਤੇ ਮਰਨ। ਅਮਰੀਕਾ ਕੈਨੇਡਾ ਵਰਗੇ ਮੁਲਕਾਂ ਵਿੱਚ ਘਾਤਕ ਤੋਂ ਘਾਤਕ ਨਸ਼ਾ ਥੋੜ੍ਹੀ ਮਾਤਰਾ ਵਿੱਚ ਆਪਣੇ ਕੋਲ ਰੱਖਣਾ ਕਾਨੂੰਨੀ ਜੁਰਮ ਨਹੀਂ। ਇਹਨਾਂ ਦੇਸ਼ਾਂ ਵਿੱਚ ਬੱਚਿਆਂ ਨੇ ਸੁਰੱਖਿਅਤ ਨਸ਼ਾ ਕਿਵੇਂ ਲੈਣਾ ਹੈ, ਸਕੂਲਾਂ ਕਾਲਜਾਂ ਵਿੱਚ ਇਸ ਦੀ ਸਿੱਖਿਆ ਵੀ ਦਿੱਤੀ ਜਾ ਰਹੀ ਹੈ। ਸਾਡੇ ਲੋਕ ਰੌਲਾ ਪਾਉਂਦੇ ਹਨ ਕਿ ਨਸ਼ਾ ਪਿੰਡਾਂ-ਸ਼ਹਿਰਾਂ ਵਿੱਚੋਂ ਬੰਦ ਨਹੀਂ ਹੋ ਰਿਹਾ ਇਹ ਫਿਲਹਾਲ ਬੰਦ ਨਹੀਂ ਹੋਵੇਗਾ। ਉਸ ਦੇ ਬਾਰੀਕ ਕਾਰਨ ਹਨ, ਉਹਨਾਂ ਧਿਰਾਂ ਨੂੰ, ਜੋ ਧਿਰਾਂ ਪੂੰਜੀਵਾਦੀ ਨੀਤੀਆਂ ਅਤੇ ਸਟੇਟ ਨਾਲ ਟੱਕਰ ਲੈ ਸਕਦੀਆਂ ਹਨ, ਨੂੰ ਜਿੱਥੇ ਵੱਧ ਤੋਂ ਵੱਧ ਖਦੇੜਨ ਦੀ ਲੋੜ ਹੈ, ਉੱਥੇ ਵੱਧ ਤੋਂ ਵੱਧ ਸਾਹ ਸਤਹੀਣ ਬਣਾਏ ਜਾਣ ਦੀ ਵੀ ਵੱਡੀ ਲੋੜ ਹੈ।

ਜੀਵਨ ਲਈ ਤਬਾਹਕੁੰਨ ਇਹਨਾਂ ਨੀਤੀਆਂ ਦਾ ਵਿਰੋਧ ਕਰਨ ਲਈ ਲੋਕਾਂ ਨੂੰ ਲਾਮਬੰਦ ਹੋਣਾ ਪਵੇਗਾ। ਹਰ ਵਰਗ ਨੂੰ ਇਹਨਾਂ ਲੋਕ ਮਾਰੂ ਨੀਤੀਆਂ ਖਿਲਾਫ ਵੱਡੀ ਲੜਾਈ ਲੜਨੀ ਪਵੇਗੀ। ਦੁਨੀਆ ਦਾ ਇਤਿਹਾਸ ਦੱਸਦਾ ਹੈ ਕਿ ਕਿਸੇ ਖਿੱਤੇ ਦੇ ਲੋਕ ਹੀ ਸਭ ਤੋਂ ਵੱਡੀ ਤਾਕਤ ਹੁੰਦੇ ਹਨ ਜਦੋਂ ਲੋਕ ਜਾਗਦੇ ਹਨ ਇਹ ਵੱਡੀਆਂ ਤੋਂ ਵੱਡੀਆਂ ਤਾਕਤਵਰ ਸਲਤਨਤਾਂ ਨੂੰ ਵੀ ਆਪਣੇ ਪੈਰਾਂ ਵਿੱਚ ਝੁਕਾ ਲੈਂਦੇ ਹਨ।

# ਸੰਪਰਕ : 98550-51099

# ਸਿਆਸਤ ਨੂੰ ਪਾਸੇ ਰੱਖ ਕੇ ਨਸ਼ਿਆਂ ਖਿਲਾਫ ਇਕੱਠੇ ਹੋਈਏ

ਅਮੀਰ ਸਿੰਘ ਜੋਸਨ

ਅੱਜ ਇੱਕ ਪੁੱਤ ਮਰ ਗਿਆ। ਪਿਉ ਨੇ ਆਪਣੇ ਪੁੱਤਰ ਦੀ ਲਾਸ਼ ਕੋਲ ਖੜ੍ਹੇ ਹੋ ਕੇ ਗੁਰੂ ਮਹਾਰਾਜ ਦੇ ਭਾਣੇ ਵਿੱਚ ਅਰਦਾਸ ਕੀਤੀ, ਰੱਬਾ ਤੂੰ ਦਿੱਤਾ ਸੀ, ਤੇ ਤੂੰ ਆਪ ਹੀ ਲੈ ਲਿਆ ਤੇਰੀ ਮਰਜ਼ੀ ਤੇਰੇ ਅੱਗੇ ਕਿਸੇ ਦਾ ਕੀ ਜ਼ੋਰ ਨਸ਼ਿਆਂ ਦੀ ਭੇਟ ਚੜ੍ਹਿਆ ਇੱਕ ਨੌਜਵਾਨ। ਇਹੋ ਜਿਹੇ ਹਜ਼ਾਰਾਂ ਹੀ ਨੌਜਵਾਨ ਬੜੀ ਘੱਟ ਉਮਰ ਵਿੱਚ ਨਸ਼ਿਆਂ ਦੀ ਦਲਦਲ ਵਿੱਚ ਧੱਸ ਕੇ ਜਵਾਨੀ ਤੇ ਜ਼ਿੰਦਗਾਨੀ ਖਤਮ ਕਰ ਦਿੰਦੇ ਹਨ। ਇਨ੍ਹਾਂ ਮੌਤਾਂ ਦਾ ਜਵਾਬਦੇਹ ਕੌਣ ਹੈ? ਭਾਵੇਂ ਹਰ ਕੋਈ ਇਸ ਦਾ ਉੱਤਰ ਇਹ ਹੀ ਦੇਵੇਗਾ ਕਿ ਪੰਜਾਬ ਸਰਕਾਰ, ਡੀ ਜੀ ਪੀ ਪੰਜਾਬ ਪੁਲਸ। ਇਸ ਤੋਂ ਇਲਾਵਾ ਲੋਕ ਜਿਨ੍ਹਾਂ ਦੇ ਸਾਥ ਤੋਂ ਬਿਨਾਂ ਇਸ ਨਾਮੁਰਾਦ ਬਿਮਾਰੀ ਤੋਂ ਖਹਿੜਾ ਨਹੀਂ ਛੁਟਣਾ, ਪਰ ਲੋਕ ਤਾਂ ਬੇਨਤੀਆਂ ਕਰਦੇ ਗਲੀ-ਗਲੀ ਹੋਕਾ ਦਿੰਦੇ ਸ਼ੋਸ਼ਲ ਮੀਡੀਆ ’ਤੇ ਆਮ ਹੀ ਵੇਖੇ ਜਾ ਸਕਦੇ ਹਨ। ਉਹ ਇਸ ਕੋਹੜ ਤੋਂ ਬਚਣ ਲਈ ਪੂਰੀ ਵਾਹ ਲਾਉਂਦੇ ਨੇ ਪਰ ਪਤਾ ਨਹੀਂ ਕਿਉਂ ਸਰਕਾਰ ਤੇ ਪੁਲਸ ਇਸ ਨੂੰ ਬੰਦ ਕਰਨ ਲਈ ਬੇਵੱਸ ਨਜ਼ਰ ਆਉਂਦੀਆਂ ਨੇ ਜਾਂ ਤਾਂ ਨਸ਼ੇ ਦੇ ਵਪਾਰੀ ਬਹੁਤੇ ਤਾਕਤਵਰ ਨੇ ਤੇ ਜਾਂ ਇਹ ਲੋਕ ਗਦਾਰ ਹਨ, ਪਿੰਡ ਡੈਣਵਿੰਡ ਜ਼ਿਲ੍ਹਾ ਕਪੂਰਥਲਾ ਤੋਂ ਹਨ। ਇਹ ਸੁਨੱਖਾ ਨੌਜਵਾਨ ਜਿਸ ਦਾ ਫਰਵਰੀ ਦੇ ਆਖਰੀ ਹਫਤੇ ਵਿੱਚ ਵਿਆਹ ਹੋਇਆ ਸੀ। ਉਹ ਰਾਤ ਨੂੰ ਘਰੋਂ ਕੁਝ ਸਾਮਾਨ ਲੈਣ ਗਿਆ। ਮੁੜ ਕੇ ਵਾਪਸ ਨਹੀਂ ਪਰਤਿਆ। ਪਿਤਾ ਤੇ ਹੋਰ ਰਿਸ਼ਤੇਦਾਰ, ਨੌਜਵਾਨ ਸਾਰੀ ਰਾਤ ਲੱਭਦੇ ਰਹੇ। ਸੋ ਪੁਲਸ ਨੂੰ ਗੁੰਮਸ਼ੁਦਗੀ ਬਾਰੇ ਦੱਸਿਆ ਗਿਆ। ਸਵੇਰੇ ਤੜਕਸਾਰ ਪੁਲਸ ਵਾਲਿਆਂ ਨੇ ਫੋਨ ਕਰਕੇ ਦੱਸਿਆ ਕਿ ਕਪੂਰਥਲਾ ਸੜਕ ’ਤੇ ਇੱਕ ਅਣਪਛਾਤੇ ਨੌਜਵਾਨ ਦੀ ਲਾਸ਼ ਮਿਲੀ ਹੈ, ਆ ਕੇ ਸ਼ਨਾਖਤ ਕਰਿਓ। ਸੋਚੋ ਕੀ ਬੀਤੀ ਹੋਵੇਗੀ ਇਸ ਦੇ ਪਿਤਾ ’ਤੇ ਜਦੋਂ ਅਚਾਨਕ ਪੁੱਤਰ ਨੂੰ ਇਸ ਹਾਲ ਵਿੱਚ ਵੇਖਿਆ ਹੋਵੇਗਾ। ਵੈਸੇ ਤਾਂ ਹਰ ਪਿਤਾ, ਹਰ ਮਾਂ, ਹਰ ਭੈਣ, ਹਰ ਭਰਾ, ਹਰ ਉਸ ਪਤਨੀ ਨੂੰ ਇਨਸਾਫ ਚਾਹੀਦਾ ਹੈ, ਜਿੰਨ੍ਹਾਂ ਦੇ ਪਰਵਾਰ ਦਾ ਕੋਈ ਨਾ ਕੋਈ ਜੀਅ ਸਮੇਂ ਤੋਂ ਪਹਿਲਾਂ ਨਸ਼ਿਆਂ ਦੀ ਦਲਦਲ ਵਿੱਚ ਫਸ ਕੇ ਪਰਵਾਰ ਨੂੰ ਇਕੱਲੇ ਛੱਡ ਕੇ ਤੁਰ ਗਿਆ। ਉਨ੍ਹਾਂ ਬੱਚਿਆਂ ਨੂੰ ਜਿਨ੍ਹਾਂ ਨੂੰ ਹਾਲੇ ਪਿਉ ਦੀ ਬਹੁਤ ਜ਼ਰੂਰਤ ਹੁੰਦੀ ਹੈ, ਇਹ ਨਿੱਕੇ-ਨਿੱਕੇ ਬੱਚੇ ਦੇਖਦੇ ਹਨ ਕਿਵੇਂ ਮਕਾਣਾ ਆਉਂਦੀਆਂ ਹਨ, ਭਾਵੇਂ ਉਨ੍ਹਾਂ ਨੂੰ ਇਹ ਪਤਾ ਨਹੀਂ ਹੁੰਦਾ, ਪਰ ਉਹ ਹੈਰਾਨੀ ਭਰੀਆ ਨਜ਼ਰਾਂ ਨਾਲ ਵੇਖਦੇ ਨੇ ਕਿ ਚਿੱਟੇ ਸੂਟ ਲੰਮੇ ਜਿਹੇ ਘੁੰਡ ਆਲੀਆਂ ਬੁੜ੍ਹੀਆਂ ਕਿਉ ਰੋ ਰਹੀਆਂ ਹਨ, ਪਰ ਇਹ ਅਣਆਈਆਂ ਮੌਤਾਂ ਰੁਕਣ ਦਾ ਨਾਂਅ ਨਹੀਂ ਲੈ ਰਹੀਆਂ। ਉਸ ਮਾਂ ਦੇ ਦਿਲ ’ਤੇ ਕੀ ਬੀਤਦੀ ਹੋਵੇਗੀ, ਜਿਸ ਦੇ ਪੁੱਤਰ ਦੀ ਲਾਸ਼ ਸਸਕਾਰ ਲਈ ਮੋਰਚਰੀ ’ਚੋਂ ਬਾਹਰ ਆਵੇਗੀ। ਉਸ ਪਤਨੀ ਦਾ ਕੀ ਹਾਲ ਹੋ ਜਾਵੇਗਾ ਜਿਸ ਦੇ ਹੱਥਾਂ ਵਿੱਚ ਅਜੇ ਤੱਕ ਵਿਆਹ ਦੀ ਮਹਿੰਦੀ ਤੇ ਚੂੜੇ ਦਾ ਰੰਗ ਵੀ ਫਿੱਕਾ ਨਹੀਂ ਪਿਆ। ਜਿਨ੍ਹਾਂ ਨੂੰ ਚਿੱਟੀਆਂ ਚੁੰਨੀਆਂ ਸਿਰ ’ਤੇ ਲੈਣੀਆਂ ਪੈ ਜਾਂਦੀਆਂ ਨੇ, ਉਨ੍ਹਾਂ ਦੇ ਸੁਪਨੇ ਜੋ ਸਮੋਏ ਹੁੰਦੇ ਹਨ, ਉਹ ਦੁੱਖਾਂ ਦੇ ਪਹਾੜ ਵਾਂਗ ਲੱਗਣ ਲੱਗ ਪੈਂਦੇ ਹਨ। ਕਿਹਾ ਜਾਂਦਾ ਹੈ ਕਿ ਅੱਜ ਦਾ ਪੰਜਾਬੀ ਨੌਜਵਾਨ ਅਭਿਲਾਸ਼ੀ, ਤਜਰਬੇਕਾਰ, ਜੋਸ਼ੀਲਾ ਤੇ ਕਾਬਲ ਹੈ, ਪਰ ਅਫ਼ਸੋਸ ਇਹ ਹੈ ਕਿ ਉਹ ਆਪਣੀ ਸਮਰੱਥਾ, ਆਪਣੀ ਊਰਜਾ, ਅਤੇ ਆਪਣਾ ਭਵਿੱਖ ਬਾਹਰਲੇ ਮੁਲਕਾਂ ਦੀ ਧੁੰਦ ਵਿੱਚ ਲੱਭ ਰਿਹਾ ਹੈ। ਇਮੀਗ੍ਰੇਸ਼ਨ ਦੀ ਲਹਿਰ ਅਤੇ ਬਾਹਰਲੀ ਚਕਾਚੌਂਧ ਨੇ ਉਸ ਨੂੰ ਆਪਣੀ ਜਨਮ ਭੂਮੀ ਦੀ ਬਜਾਏ ਇਹ ਵਿਸ਼ਵਾਸ ਦਿਵਾ ਦਿੱਤਾ ਹੈ ਕਿ ਖੁਸ਼ਹਾਲੀ ਸਿਰਫ਼ ਵਿਦੇਸ਼ਾਂ ਵਿੱਚ ਹੀ ਹੈ, ਜਦ ਕਿ ਸੱਚ ਇਹ ਹੈ ਕਿ ਕਿਤੇ ਵੀ ਜਾਵੋ, ਪੰਜਾਬ ਜੋ ਗੁਰੂਆਂ ਦੀ ਧਰਤੀ ਹੈ, ਪਰ ਅੱਜ ਜੋ ਹਾਲਾਤ ਹਨ, ਉਸ ਮੁਤਾਬਿਕ ਇਹ ਪੰਜਾਬ ਦੇ ਗੱਭਰੂਆਂ ਨੂੰ ਆਵਾਜ਼ਾਂ ਮਾਰਦੀ ਤੇ ਹਾੜੇ ਕੱਢਦੀ ਹੀ ਨਜ਼ਰ ਆਉਂਦੀ ਹੈ। ਭਾਵੇਂ ਮੁੱਖ ਮੰਤਰੀ ਭਗਵੰਤ ਮਾਨ ਨੇ ਭਾਵੁਕ ਹੋ ਕੇ ਕਿਹਾ ਕਿ ਨਸ਼ਿਆਂ ਕਰਕੇ ਹਜ਼ਾਰਾਂ ਮਾਵਾਂ ਦੇ ਪੁੱਤ ਮਰ ਗਏ ਹਨ ਅਤੇ ਉਹ ਕਿਸੇ ਨੂੰ ਵੀ ਨਹੀਂ ਬਖ਼ਸ਼ਣਗੇ ਜੋ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਹਨ। ਉਨ੍ਹਾਂ ਨੇ ਇਸ਼ਾਰਾ ਕੀਤਾ ਕਿ ਕਈ ਵੱਡੇ ਚਿਹਰੇ ਅਤੇ ਸਿਆਸੀ ਨੇਤਾ ਇਸ ਮੰਦਕਰਮ ਦੇ ਪਿੱਛੇ ਹਨ। ਇਸ ਮੌਕੇ ਉਨ੍ਹਾਂ ਨੇ ਸਿਹਤ ਸੰਬੰਧੀ ਇੱਕ ਵੱਡੇ ਇਵੈਂਟ ਦੌਰਾਨ ਨਸ਼ੇ ਖਿਲਾਫ ਆਪਣੀ ਜ਼ੋਰਦਾਰ ਆਵਾਜ਼ ਉਠਾਈ। ਸਰਕਾਰ ਨੇ ‘ਯੁੱਧ ਨਸ਼ਿਆਂ ਵਿਰੁੱਧ’ ਅਭਿਆਨ ਤਾਂ ਸ਼ੁਰੂ ਕੀਤਾ ਹੈ, ਪਰ ਪੰਜਾਬ ਦੀ ਨੌਜਵਾਨੀ ਤੋਂ ਬਿਨਾਂ ਇਹ ਕਾਮਯਾਬ ਹੋਵੇ, ਇਸ ਲਈ ਕੁਝ ਨਹੀਂ ਕਿਹਾ ਜਾ ਸਕਦਾ, ਪਰ ਜੇ ਕੋਸ਼ਿਸ਼ ਕਰੀਏ ਤਾਂ ਇਸ ਟਾਈਮ ਅੱਖਾਂ ਬੰਦ ਕਰ ਕਿਸੇ ਦੇ ਵਿਰੋਧ ’ਚ ਖੜੇ ਨਾ ਹੋਈਏ। ਜਿੱਥੇ ਉਹ ਸਹੀ ਆ, ਉਸ ਦਾ ਉਥੇ ਵੀ ਮੂਰਖਾਂ ਵਾਂਗ ਵਿਰੋਧ ਕਰੀ ਜਾਣਾ। ਦੂਜੇ ਪਾਸੇ ਜੋ ਗਲਤ ਹੈ, ਇਸ ਦਾ ਪਤਾ ਹੁੰਦੇ ਹੋਏ ਵੀ ਹਮਾਇਤ ਕਰਨੀ ਤੇ ਅੱਖਾਂ ਬੰਦ ਕਰ ਲੈਣੀਆਂ ਕੋਈ ਪੰਜਾਬ ਵਾਸਤੇ ਚੰਗਾ ਨਹੀਂ। ਲੋਕ ਕਿਤੇ ਸਾਨੂੰ ਇਸ ਤਰ੍ਹਾਂ ਨਾ ਕਹਿਣ ਕਿ ਅੰਨ੍ਹੇ ਐਵੇਂ ਜੈਕਾਰਾ ਹੀ ਛੱਡੀ ਜਾਂਦੇ ਹਨ ਇਨ੍ਹਾਂ ਅੰਨ੍ਹੇ ਭਗਤਾਂ ਤੋਂ ਪਾਸਾ ਵੱਟ ਕੇ ਪੰਜਾਬ ਦੇ ਭਵਿੱਖ ਲਈ ਜੋ ਸਹੀ ਹੈ, ਉਸ ਨੂੰ ਸਹੀ ਕਹੀਏ ਤੇ ਜੋ ਗਲਤ ਹੈ, ਉਸ ਨੂੰ ਗਲਤ ਇਹਨਾਂ ਲੋਕਾਂ ਦੇ ਕਰਕੇ ਅਸੀਂ ਆਪਣੀ ਹੀ ਅਗਲੀ ਪੀੜ੍ਹੀ ਦੇ ਭਵਿੱਖ ਦੀਆਂ ਜੜ੍ਹਾਂ ’ਚ ਹੋਰ ਤੇਲ ਚੋਣਾ ਸ਼ੁਰੂ ਕਰ ਦਿੱਤਾ ਹੋਇਆ ਹੈ। ਅਸੀਂ ਅਕਲ ਤੋਂ ਕੰਮ ਲੈਂਦੇ ਹੋਏ ਆਪਣੇ ਆਪ ਨੂੰ ਬਦਲੀਏ, ਜੇ ਕੋਈ ਪੰਜਾਬੀਆਂ ਦੇ ਭਲੇ ਲ਼ਈ ਕੰਮ ਕਰੇ ਤਾਂ ਉਸ ਦੀ ਕੋਈ ਚੰਗਿਆਈ ਤੇ ਵਿਰੋਧ ਵਿੱਚ ਖੜੇ ਨਾ ਹੋਈਏ ਉਸ ਦੀ ਬੁਰਾਈ ਜਦੋਂ ਤੱਕ ਆਪਣੇ ਹੱਥ ਨਾ ਆਵੇ, ਉਸ ਸਮੇਂ ਤੱਕ ਚੁੱਪਚਾਪ ਰਹੀਏ, ਹੋ ਸਕਦਾ ਹੈ ਚੁੱਪ ਕੰਮ ਆ ਜਾਵੇ। ਪੰਜਾਬ ਦੇ ਕੁਝ ਲੀਡਰਾ ਵੱਲੋ ਵੱਡੇ ਮਗਰਮੱਛਾ ਦੀ ਗ੍ਰਿਫਤਾਰੀ ਦਾ ਵਿਰੋਧ ਕੀਤਾ ਗਿਆ, ਪਰ ਜਿਵੇਂ ਕਿਹਾ ਜਾਂਦਾ ਹੈ ਨਾ ਕਿ ਦਰਦਮੰਦਾਂ ਦੀਆਂ ਆਹੀਂ ਸੁਣ ਕੇ ਆਪ ਖ਼ੁਦਾਵੰਦ ਡਰਿਆ ਲੋਕਾਂ ਦੇ ਗੁੱਸੇ ਤੋਂ ਡਰਦੇ ਇਹ ਕਹਿਣਾ ਪਿਆ ਕਿ ਲਫਜ਼ਾਂ ਦੀ ਹੇਰ-ਫੇਰ ਹੋਈ ਹੈ। ਅਸੀ ਗ੍ਰਿਫ਼ਤਾਰੀਆਂ ਦੇ ਹੱਕ ਵਿੱਚ ਹਾਂ। ਆਮ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੰਜਾਬੀਆਂ ਨੂੰ ਨਿਰੰਤਰ ਕਾਰਜਸ਼ੀਲ ਹੋਣਾ ਪੈਣਾ ਹੈ। ਇਕੱਠੇ ਹੋ ਕੇ ਸਾਰਿਆਂ ਨਾਲ ਸੁਚਾਰੂ ਤਾਲਮੇਲ ਬਣਾ ਕੇ ਨਸ਼ਿਆਂ, ਮਾਫੀਆ, ਗੈਂਗਸਟਰ ਅਤੇ ਹੋਰ ਮਾਮਲਿਆਂ ਬਾਰੇ ਹਰ ਮੁੱਦੇ ਉੱਤੇ ਸਾਂਝ ਪਾ ਕੇ ਅਤੇ ਮੋਹਤਬਰਾਂ ਤੇ ਆਮ ਲੋਕਾਂ ਤੋਂ ਸੁਝਾਅ ਲੈ ਕੇ ਜਿੰਨਾ ਜਲਦੀ ਹੋ ਸਕੇ, ਸਰਕਾਰ ’ਤੇ ਦਬਾਅ ਬਣਾ ਕੇ ਇਨ੍ਹਾਂ ਗੈਰ ਸਮਾਜਿਕ ਤੱਤਾਂ ਨੂੰ ਪੁਲਸ ਦੀ ਗ੍ਰਿਫਤ ਵਿੱਚ ਲਿਆਂਦਾ ਜਾ ਸਕੇ। ਇਹ ਲੋਕਾਂ ਦੇ ਸਹਿਯੋਗ ਨਾਲ ਹੀ ਅਪਰਾਧਾਂ, ਨਸ਼ਿਆਂ ਨੂੰ ਕਾਬੂ ਕੀਤਾ ਜਾ ਸਕਦਾ ਹੈ। ਇਸ ਟੀਚੇ ਨੂੰ ਅਸੀਂ ਸਾਰੇ ਇਕੱਠੇ ਤੇ ਇਕਮਤ ਹੋ ਕੇ ਮਿਸਾਲ ਪੈਦਾ ਕਰਦੇ ਹੋਏ ਆਪਸੀ ਭਾਈਚਾਰੇ ਨੂੰ ਲੋਕਾਂ ਦੀ ਸੁਰੱਖਿਆ ਲਈ ਵਚਨਬੱਧ ਹੋਈਏ।

# ਸੰਪਰਕ : 94179-15875

# ਭਾਗਵਤ ਦਾ 75 ਸਾਲ ਵਾਲਾ ਬਿਆਨ ਹਕੀਕਤ ਜਾਂ ਸ਼ਗੂਫਾ


ਮੁਹੰਮਦ ਅੱਬਾਸ ਧਾਲੀਵਾਲ

ਜਦੋਂ ਨਰਿੰਦਰ ਮੋਦੀ ਨੇ 2014 ਵਿੱਚ ਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਆਪਣੀ ਪਹਿਲੀ ਪਾਰੀ ਦੀ ਸ਼ੁਰੂਆਤ ਕੀਤੀ ਸੀ ਤਾਂ ਨਿਰਸੰਦੇਹ ਉਸ ਸਮੇਂ ਪਾਰਟੀ ’ਚ ਕਈ ਅਜਿਹੇ ਪਹਿਲੀ ਕਤਾਰ ਵਾਲੇ ਕੱਦਾਵਰ ਆਗੂ ਮੌਜੂਦ ਸਨ, ਜੋ ਪ੍ਰਧਾਨ ਮੰਤਰੀ ਦੀ ਰੇਸ ਵਿੱਚ ਬਣੇ ਹੋਏ ਸਨ।

ਕਿਉਂਕਿ 2014 ਦੀਆਂ ਚੋਣਾਂ ਨਰਿੰਦਰ ਮੋਦੀ ਦਾ ਚਿਹਰਾ ਸਾਹਮਣੇ ਰੱਖਦੇ ਹੋਏ ‘ਅੱਛੇ ਦਿਨ ਆਨੇ ਵਾਲੇ ਹੈਂ’ ਜਿਹੇ ਸਲੋਗਨਾਂ ਤਹਿਤ ਲੜੀਆਂ ਗਈਆਂ ਸਨ ਅਤੇ ਲੋਕਾਂ ਵਿੱਚ ਵੀ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਵਜੋਂ ਵੇਖਣ ਦਾ ਵੱਡਾ ਚਾਅ ਸੀ, ਸ਼ਾਇਦ ਇਹੋ ਵਜਾਹ ਸੀ ਕਿ ਉਸ ਸਮੇਂ ਮੋਦੀ ਦੀ ਅਗਵਾਈ ਹੇਠ ਪਹਿਲੀ ਵਾਰ ਪਾਰਟੀ 280 ਤੋਂ ਉੱਪਰ ਸੀਟਾਂ ਤੇ ਜਿੱਤ ਪ੍ਰਾਪਤ ਕਰਦਿਆਂ ਪੂਰਨ ਬਹੁਮਤ ਨਾਲ ਸਰਕਾਰ ਬਣਾਉਣ ਵਿੱਚ ਸਫਲ ਰਹੀ ਸੀ। ਇਸ ਦੇ ਨਾਲ ਹੀ ਦੇਸ਼ ਵਿੱਚ ਕਈ ਦਹਾਕਿਆਂ ਬਾਅਦ ਭਾਜਪਾ ਦੀ ਅਗਵਾਈ ’ਚ ਬਣਨ ਵਾਲੀ ਸਰਕਾਰ ਅਜਿਹੀ ਸਰਕਾਰ ਸੀ, ਜੋ ਬਿਨਾਂ ਗੱਠਜੋੜ ਕੀਤਿਆਂ ਵੀ ਆਪਣੀ ਸਰਕਾਰ ਬਣਾਉਣ ਦੇ ਸਮਰਥ ਸੀ, ਪਰ ਫਿਰ ਮੋਦੀ ਨੇ ਕੁਝ ਖੇਤਰੀ ਪਾਰਟੀਆਂ ਨਾਲ ਗੱਠਜੋੜ ਜਾਰੀ ਰੱਖਦਿਆਂ ਐੱਨ ਡੀ ਏ ਸਰਕਾਰ ਬਣਾਈ ਸੀ।

2019 ਦੀਆਂ ਚੋਣਾਂ ਦੌਰਾਨ ਲਾਲ ਕ੍ਰਿਸ਼ਨ ਅਡਵਾਨੀ ਅਤੇ ਮੁਰਲੀ ਮਨੋਹਰ ਜੋਸ਼ੀ ਜਿਹੇ ਦਿਗਜ਼ ਲੀਡਰਾਂ ਨੂੰ ਟਿਕਟ ਦੇਣ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਗਿਆ ਅਖੇ 75 ਸਾਲ ਤੋਂ ਉੱਪਰ ਵਾਲੇ ਲੀਡਰ ਤਾਂ ਸਾਡੇ ਮਾਰਗ-ਦਰਸ਼ਕ ਹਨ।

ਪਿਛਲੇ ਸਾਲ ਜਦੋਂ ਲੋਕ ਸਭਾ ਦੀਆਂ ਚੋਣਾਂ ਹੋਈਆਂ ਸਨ ਤਾਂ ਪ੍ਰਚਾਰ ਦੌਰਾਨ ਅਰਵਿੰਦ ਕੇਜਰੀਵਾਲ ਨੇ ਇੱਕ ਵਾਰ ਫਿਰ ਤੋਂ ਇਸ ਮੁੱਦੇ ਨੂੰ ਮੀਡੀਆ ਵਿੱਚ ਇਹ ਕਹਿ ਕੇ ਉਛਾਲਿਆ ਕਿ ਨਰਿੰਦਰ ਮੋਦੀ ਅਗਲੇ ਸਾਲ 75 ਸਾਲ ਦੇ ਹੋ ਰਹੇ ਹਨ, ਸੋ ਇਹ ਚੋਣਾਂ ਉਹ ਆਪਣੇ ਜਾਨਸ਼ੀਨ ਲਈ ਲੜ ਰਹੇ ਹਨ। ਕੁਝ ਦਿਨਾਂ ਤੱਕ ਅਰਵਿੰਦ ਕੇਜਰੀਵਾਲ ਦੇ ਇਸ ਬਿਆਨ ’ਤੇ ਸੋਸ਼ਲ ਮੀਡੀਆ ਸਮੇਤ ਵੱਖ-ਵੱਖ ਯੂ ਟਿਊਬ ਚੈਨਲਾਂ ’ਤੇ ਖ਼ੂਬ ਦੰਦ ਘਿਸਾਈ ਹੋਈ, ਪਰ ਇਸ ਦੌਰਾਨ ਭਾਜਪਾ ਦੀ ਉਚ ਲੀਡਰਸ਼ਿਪ ਨੇ ਉਸ ਸਮੇਂ ਕੇਜਰੀਵਾਲ ਦੀਆਂ ਤਮਾਮ ਗੱਲਾਂ ਨੂੰ ਮਹਿਜ਼ ਕਿਆਸ-ਅਰਾਈਆਂ ਕਰਾਰ ਦਿੰਦਿਆਂ ਸਾਫ਼ ਕੀਤਾ ਕਿ ਨਰਿੰਦਰ ਮੋਦੀ 2029 ਤੱਕ ਪ੍ਰਧਾਨ ਮੰਤਰੀ ਦੇ ਅਹੁਦੇ ’ਤੇ ਬਣੇ ਰਹਿਣਗੇ ਤੇ ਅਤੇ ਇਸ ਤੋਂ ਬਾਅਦ ਵੀ ਉਹ ਪਾਰਟੀ ਲਈ ਕੰਮ ਕਰਦੇ ਰਹਿਣਗੇ। ਇਸ ਪ੍ਰਕਾਰ ਉਹ ਗੱਲ ਵੀ ਆਈ ਗਈ ਹੋ ਗਈ।

ਬੀਤੇ ਦਿਨੀਂ ਆਰ ਐੱਸ ਐੱਸ ਮੁਖੀ ਮੋਹਨ ਭਾਗਵਤ ਵੱਲੋਂ ਇੱਕ ਵਾਰ ਫਿਰ ਤੋਂ 75 ਸਾਲ ਵਾਲਾ ਸ਼ਗੂਫਾ ਛੱਡ ਕੇ ਰਾਜਨੀਤੀ ਨੂੰ ਗਰਮ ਕਰ ਦਿੱਤਾ ਗਿਆ ਹੈ।

ਦਰਅਸਲ ਰਾਸ਼ਟਰੀ ਸੋਇਮਸੇਵਕ ਸੰਘ ਮੁਖੀ ਮੋਹਨ ਭਾਗਵਤ ਨੇ ਕਿਸੇ ਵੀ ਲੀਡਰ ਦਾ ਨਾਂਅ ਲਏ ਬਿਨਾਂ ਕਿਹਾ ਹੈ ਕਿ 75 ਦੀ ਉਮਰ ਹੋਣ ਦੇ ਬਾਅਦ ਦੂਜਿਆਂ ਨੂੰ ਵੀ ਮੌਕਾ ਦੇਣਾ ਚਾਹੀਦਾ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਜਦੋਂ ਤੁਹਾਨੂੰ 75 ਸਾਲ ਪੂਰੇ ਹੋਣ ’ਤੇ ਸ਼ਾਲ ਓਢਾਈ ਜਾਂਦੀ ਹੈ ਤਾਂ ਇਸ ਦਾ ਮਤਲਬ ਹੁੰਦਾ ਹੈ ਕਿ ਤੁਹਾਡੀ ਉਮਰ ਹੋ ਚੁੱਕੀ ਹੈ, ਹੁਣ ਥੋੜ੍ਹਾ ਪਾਸੇ ਹੋ ਜਾਣਾ ਚਾਹੀਦਾ ਹੈ। ਭਾਗਵਤ ਨੇ ਇਹ ਗੱਲ ਬੀਤੀ 9 ਜੁਲਾਈ ਨੂੰ ਰਾਮ ਜਨਮ ਭੂਮੀ ਅੰਦੋਲਨ ਦੇ ਪ੍ਰੇਰਕ ਮਰਹੂਮ ਮੋਰੋਪੰਤ ਪਿੰਗਲੇ ’ਤੇ ਲਿਖੀ ਪੁਸਤਕ ਦੇ ਵਿਮੋਚਨ ਪ੍ਰੋਗਰਾਮ ਵਿੱਚ ਕਹੀ। ਜਿਵੇਂ ਕਿ ਇਸ ਦੌਰਾਨ ਭਾਗਵਤ ਨੇ ਮੋਦੀ ਦਾ ਨਾਂਅ ਨਹੀਂ ਲਿਆ, ਪਰ ਲੋਕ ਇਸ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਜੋੜ ਰਹੇ ਹਨ। ਜ਼ਿਕਰਯੋਗ ਹੈ ਕਿ ਮੋਦੀ ਤੇ ਭਾਗਵਤ ਇਸ ਸਾਲ ਸਤੰਬਰ ਵਿੱਚ 75 ਸਾਲ ਦੇ ਹੋ ਜਾਣਗੇ। ਭਾਗਵਤ 11 ਸਤੰਬਰ ਤੇ ਮੋਦੀ 17 ਸਤੰਬਰ ਨੂੰ 75 ਪੂਰੇ ਕਰਨਗੇ।

ਉਂਝ ਵੇਖਿਆ ਜਾਵੇ ਤਾਂ ਭਾਜਪਾ ਵਿੱਚ ਇੱਕ ਨਿਸਚਿਤ ਉਮਰ ਤੱਕ ਅਹੁਦੇ ’ਤੇ ਬਣੇ ਰਹਿਣ ਨੂੰ ਲੈ ਕੇ ਕੋਈ ਅਧਿਕਾਰਤ ਨਿਯਮ ਨਹੀਂ। ਹਾਲਾਂਕਿ ਕੁਝ ਪੱਧਰਾਂ ’ਤੇ ਉਮਰ ਸੀਮਾ ਲਾਗੂ ਕੀਤੀ ਗਈ ਹੈ। ਮਿਸਾਲ ਲਈ ਛੱਤੀਸਗੜ੍ਹ ਭਾਜਪਾ ਨੇ ਮੰਡਲ ਪ੍ਰਧਾਨ ਦੇ ਅਹੁਦੇ ਲਈ 35 ਤੋਂ 45 ਸਾਲ ਅਤੇ ਜ਼ਿਲ੍ਹਾ ਪ੍ਰਧਾਨ ਲਈ 45 ਤੋਂ 60 ਸਾਲ ਤੱਕ ਦੀ ਉਮਰ ਸੀਮਾ ਨਿਰਧਾਰਤ ਕੀਤੀ ਹੈ। ਉੱਥੇ ਭਾਜਪਾ ਨੇ 2019 ਦੀਆਂ ਲੋਕ ਸਭਾ ਚੋਣਾਂ ਵਿੱਚ 75 ਸਾਲ ਤੋਂ ਵੱਧ ਉਮਰ ਦੇ ਸੀਨੀਅਰ ਆਗੂਆਂ ਨੂੰ ਟਿਕਟ ਨਹੀਂ ਦਿੱਤੀ ਸੀ। ਇਨ੍ਹਾਂ ਵਿੱਚ ਲਾਲ ਕ੍ਰਿਸ਼ਨ ਅਡਵਾਨੀ, ਮੁਰਲੀ ਮਨੋਹਰ ਜੋਸ਼ੀ, ਸੁਮਿੱਤਰਾ ਮਹਾਜਨ ਤੇ ਕਲਰਾਜ ਮਿਸ਼ਰਾ ਵਰਗੇ ਕਈ ਆਗੂ ਸ਼ਾਮਲ ਸਨ।

ਜਦੋਂ ਕਿ 2014 ਦੀਆਂ ਲੋਕ ਸਭਾ ਚੋਣਾਂ ਦੇ ਬਾਅਦ ਭਾਵ ਨਰਿੰਦਰ ਮੋਦੀ ਦੇ ਬਤੌਰ ਪ੍ਰਧਾਨ ਮੰਤਰੀ ਕਾਰਜਕਾਲ ਵਿੱਚ 75 ਸਾਲ ਦੀ ਉਮਰ ਤੋਂ ਵੱਧ ਦੇ ਆਗੂਆਂ ਨੂੰ ਰਿਟਾਇਰ ਕਰਨ ਦਾ ਰੁਝਾਨ ਸ਼ੁਰੂ ਹੋਇਆ ਸੀ। ਪਹਿਲੀ ਵਾਰ ਪ੍ਰਧਾਨ ਮੰਤਰੀ ਬਣੇ ਨਰਿੰਦਰ ਮੋਦੀ ਨੇ ਆਪਣੀ ਕੈਬਨਿਟ ਵਿੱਚ ਇਸ ਤੋਂ ਘੱਟ ਉਮਰ ਦੇ ਆਗੂਆਂ ਨੂੰ ਹੀ ਥਾਂ ਦਿੱਤੀ ਸੀ। ਅਡਵਾਨੀ ਤੇ ਜੋਸ਼ੀ ਨੂੰ ਮਾਰਗ-ਦਰਸ਼ਕ ਮੰਡਲ ਵਿੱਚ ਸ਼ਾਮਲ ਕੀਤਾ ਗਿਆ। 2016 ਵਿੱਚ ਜਦ ਗੁਜਰਾਤ ਦੀ ਮੁੱਖ ਮੰਤਰੀ ਆਨੰਦੀ ਬੇਨ ਪਟੇਲ ਨੇ ਅਸਤੀਫਾ ਦਿੱਤਾ ਤਾਂ ਉਸ ਸਮੇਂ ਉਨ੍ਹਾ ਦੀ ਉਮਰ ਵੀ 75 ਸਾਲ ਸੀ। ਉਸੇ ਸਾਲ ਨਜ਼ਮਾ ਹੈਪਤੁਲਾ ਨੇ ਵੀ ਮੋਦੀ ਕੈਬਨਿਟ ਤੋਂ ਅਸਤੀਫਾ ਦਿੱਤਾ, ਜਿਨ੍ਹਾ ਦੀ ਉਮਰ 76 ਸਾਲ ਸੀ। 2019 ਲੋਕ ਸਭਾ ਚੋਣਾਂ ਤੋਂ ਪਹਿਲਾਂ ਵੇਲੇ ਦੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ 75 ਸਾਲ ਤੋਂ ਉੱਪਰ ਦੇ ਕਿਸੇ ਵੀ ਵਿਅਕਤੀ ਨੂੰ ਟਿਕਟ ਨਹੀਂ ਦਿੱਤੀ ਗਈ। ਇਹ ਪਾਰਟੀ ਦਾ ਫੈਸਲਾ ਹੈ।

ਇਸੇ ਤਰ੍ਹਾਂ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਰਜਿੰਦਰ ਅਗਰਵਾਲ, ਸੰਤੋਸ਼ ਗੰਗਵਾਰ, ਸੱਤਿਆਦੇਵ ਪਚੌਰੀ, ਰੀਟਾ ਬਹੁਗੁਣਾ ਜੋਸ਼ੀ ਦੀ ਟਿਕਟ 75 ਸਾਲ ਪਾਰ ਕਰ ਜਾਣ ਕਾਰਨ ਕੱਟ ਦਿੱਤੀ ਗਈ ਸੀ।

ਮਈ 2024 ਵਿੱਚ ਅਰਵਿੰਦ ਕੇਜਰੀਵਾਲ ਨੇ ਕਿਹਾ ਸੀ ਕਿ ਜੇ ਭਾਜਪਾ ਲੋਕ ਸਭਾ ਚੋਣ ਜਿੱਤ ਵੀ ਗਈ ਤਾਂ ਮੋਦੀ ਅਗਲੇ ਸਾਲ ਤੱਕ ਹੀ ਪ੍ਰਧਾਨ ਮੰਤਰੀ ਰਹਿਣਗੇ। ਮੋਦੀ ਨੇ ਖੁਦ 75 ਸਾਲ ਪੂਰੇ ਹੋਣ ’ਤੇ ਰਿਟਾਇਰਮੈਂਟ ਦਾ ਨਿਯਮ ਬਣਾਇਆ ਹੈ। ਉਸੇ ਦਿਨ ਅਮਿਤ ਸ਼ਾਹ ਨੇ ਕਿਹਾ ਸੀ ਮੈਂ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਭਾਜਪਾ ਦੇ ਸੰਵਿਧਾਨ ਵਿੱਚ ਅਜਿਹੀ ਕੋਈ ਮੱਦ ਨਹੀਂ ਹੈ। ਪ੍ਰਧਾਨ ਜੇ ਪੀ ਨੱਢਾ ਨੇ ਕਿਹਾ ਸੀ ਕਿ ਭਾਜਪਾ ਦੇ ਸੰਵਿਧਾਨ ਵਿੱਚ ਕਿਤੇ ਵੀ ਉਮਰ ਨੂੰ ਲੈ ਕੇ ਅਜਿਹੀ ਕੋਈ ਮੱਦ ਨਹੀਂ ਹੈ। ਅਗਲੇ ਪੰਜ ਸਾਲ ਦੇ ਕਾਰਜਕਾਲ ਵਿੱਚ ਮੋਦੀ ਜੀ ਦੇਸ਼ ਨੂੰ ਨਵੀਂਆਂ ਬੁਲੰਦੀਆਂ ਤੱਕ ਪਹੁੰਚਾਉਣਗੇ। ਮੋਦੀ ਜੀ ਸਾਡੇ ਆਗੂ ਹਨ। ਭਵਿੱਖ ਵਿੱਚ ਵੀ ਸਾਡੀ ਅਗਵਾਈ ਕਰਦੇ ਰਹਿਣਗੇ।

ਭਾਗਵਤ ਨੇ 75 ਸਾਲ ਵਾਲਾ ਸ਼ਗੂਫਾ ਛੱਡ ਕੇ ਰਾਜਨੀਤੀ ਦੇ ਗਲਿਆਰਿਆਂ ਵਿੱਚ ਫਿਰ ਤੋਂ ਇੱਕ ਤਰ੍ਹਾਂ ਨਾਲ ਚਰਚਾਵਾਂ ਦਾ ਬਾਜ਼ਾਰ ਗਰਮ ਕਰ ਦਿੱਤਾ ਹੈ, ਹਾਲਾਂਕਿ ਅਸੀਂ ਇਹ ਵੀ ਭਲੀਭਾਂਤ ਜਾਣਦੇ ਹਾਂ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਨ੍ਹੀਂ ਜਲਦੀ ਆਪਣੀ ਕੁਰਸੀ ਨੂੰ ਛੱਡਣ ਵਾਲੇ ਨਹੀਂ ਹਨ। ਸੋ ਜਿਹੜੇ ਲੋਕ ਇਹ ਖਿਆਲੀ ਪਲਾਓ ਪਕਾ ਰਹੇ ਹਨ ਕਿ ਨਰਿੰਦਰ ਮੋਦੀ 75 ਸਾਲ ਦੇ ਹੋਣ ਉਪਰੰਤ ਆਪਣੀ ਐਕਟਿਵ ਰਾਜਨੀਤੀ ਛੱਡ ਦੇਣਗੇ ਤੇ ਪਾਰਟੀ ਦੇ ਦੂਜੇ ਬਜ਼ੁਰਗ ਆਗੂਆਂ ਵਾਂਗ ਮਾਰਗ-ਦਰਸ਼ਕ ਮੰਡਲੀ ਵਿੱਚ ਹੋ ਜਾਣਗੇ ਤਾਂ ਮੈਂ ਸਮਝਦਾ ਹਾਂ ਕਿ ਉਹ ਸਿਰਫ ਤੇ ਸਿਰਫ ਗਲਤਫਹਿਮੀ ਦਾ ਸ਼ਿਕਾਰ ਹਨ।

ਸੰਪਰਕ :98552-59650

# ਕਿਸਾਨ-ਮਜ਼ਦੂਰ ਜਥੇਬੰਦੀ ਵੱਲੋਂ ਐੱਸ ਈ ਦਫਤਰ ਅੱਗੇ ਧਰਨਾ

## ਬਿਜਲੀ ਦਾ ਨਿੱਜੀਕਰਨ ਰੋਕਣ ਤੇ ਸਮਾਰਟ ਚਿੱਪ ਵਾਲੇ ਬਿਜਲੀ ਮੀਟਰ ਨਾ ਲੱਗਣ ਦੇਣ ਦਾ ਐਲਾਨ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਅਗਵਾਈ ਹੇਠ ਬਿਜਲੀ ਦੇ ਨਿੱਜੀਕਰਨ ਰੋਕਣ ਤੇ ਸਮਾਰਟ ਚਿੱਪ ਵਾਲੇ ਮੀਟਰਾਂ ਨੂੰ ਨਾ ਲੱਗਣ ਦੇਣ ਦੇ ਤਹਿਤ ਕੀਤੇ ਐਲਾਨ ਮੁਤਾਬਿਕ ਫਿਰੋਜ਼ਪੁਰ ਦੇ ਦਫਤਰ ਅੱਗੇ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ ਦੀ ਪ੍ਰਧਾਨਗੀ ਹੇਠ ਵਿਸਾਲ ਧਰਨਾ ਦਿੱਤਾ ਗਿਆ। ਇਸ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ, ਧਰਮ ਸਿੰਘ ਸਿੱਧੂ, ਗੁਰਮੇਲ ਸਿੰਘ ਫੱਤੇਵਾਲਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਮਾਨਸੂਨ ਸੈਸ਼ਨ ਦੌਰਾਨ ਬਿਜਲੀ ਸੋਧ ਬਿਲ 2025 ਲਿਆਉਣ ਦੀ ਤਿਆਰੀ ਹੈ, ਖਪਤਕਾਰਾਂ ਪੱਖੀ 1948 ਐਕਟ ਤਹਿਤ ਬਿਜਲੀ ਵਿੱਚੋਂ 3 ਪ੍ਰਤੀਸ਼ਤ ਮੁਨਾਫਾ ਕਮਾਉਣ ਤੇ ਨੌਜਵਾਨਾਂ ਨੂੰ ਵੱਧ ਨੌਕਰੀਆਂ ਦੇਣ ਤਹਿਤ ਬਿਜਲੀ ਬੋਰਡ ਵਿੱਚ 1 ਲੱਖ 35-40 ਦੇ ਕਰੀਬ ਮੁਲਾਜ਼ਮ ਸਨ, ਇਸ ਐਕਟ ਨੂੰ ਬਦਲ ਕੇ ਕਾਰਪੋਰੇਟ ਘਰਾਣਿਆਂ ਪੱਖੀ 2003 ਲਿਆਂਦਾ ਗਿਆ, ਜਿਸ ਵਿੱਚ ਪ੍ਰਾਈਵੇਟ ਕੰਪਨੀਆਂ ਨੂੰ 16 ਪ੍ਰਤੀਸ਼ਤ ਦੇ ਹਿਸਾਬ ਨਾਲ ਮੁਨਾਫੇ ਕਮਾਉਣ ਤੇ ਬਿਜਲੀ ਪੈਦਾ ਕਰਨ ਦੇ ਅਧਿਕਾਰ ਇਨ੍ਹਾਂ ਕਾਰਪੋਰੇਟਾਂ ਨੂੰ ਦੇ ਕੇ ਪਿੰਡਾਂ, ਸਹਿਰਾਂ ਵਿੱਚ ਚੱਲ ਰਹੇ ਪੁਰਾਣੇ ਮਕੈਨੀਕਲ ਮੀਟਰਾਂ ਦੀ ਥਾਂ ਸਮਾਰਟ ਚਿੱਪ ਵਾਲੇ ਪ੍ਰੀਪੇਡ ਮੀਟਰ ਲਾਉਣ ਦੀ ਖੁੱਲ੍ਹ ਇਨ੍ਹਾਂ ਪ੍ਰਾਈਵੇਟ ਕੰਪਨੀਆਂ ਨੂੰ ਦੇ ਦਿੱਤੀ ਗਈ ਹੈ। ਕਿਸਾਨ ਆਗੂਆਂ ਬਲਜਿੰਦਰ ਸਿੰਘ ਤਲਵੰਡੀ ਨਿਪਾਲਾਂ, ਨਰਿੰਦਰਪਾਲ ਸਿੰਘ ਜਤਾਲਾ, ਰਣਜੀਤ ਸਿੰਘ ਖੱਚਰਵਾਲਾ ਨੇ ਅੱਗੇ ਦੱਸਿਆ ਕਿ 2025 ਬਿਜਲੀ ਸੋਧ ਨਾਲ ਬਿਜਲੀ ਵੇਚਣ ਤੇ ਬਿਜਲੀ ਦੇ ਰੇਟ ਤੈਅ ਕਰਨ ਦਾ ਅਧਿਕਾਰ ਇਨ੍ਹਾਂ ਕੰਪਨੀਆਂ ਕੋਲ ਜਾਣ ਨਾਲ ਬਿਜਲੀ ਆਮ ਖਪਤਕਾਰਾਂ ਦੀ ਪਹੁੰਚ ਤੋਂ ਦੂਰ ਹੋ ਜਾਵੇਗੀ ਤੇ ਨਾਲ ਹੀ ਪੰਜਾਬ ਦੀ ਹਜ਼ਾਰਾਂ ਏਕੜ ਜ਼ਮੀਨ, ਜਿਸ 'ਤੇ ਬਿਜਲੀ ਅਦਾਰੇ ਬਣੇ ਹਨ, ਇਨ੍ਹਾਂ ਕਾਰਪੋਰੇਟ ਘਰਾਣਿਆਂ ਕੋਲ ਕੌਡੀਆਂ ਦੇ ਭਾਅ ਚਲੀ ਜਾਵੇਗੀ।

ਕਿਸਾਨ ਆਗੂਆਂ ਮੰਗ ਕੀਤੀ ਕਿ ਖਤਮ ਕੀਤੀਆਂ ਅਸਾਮੀਆਂ ਨੂੰ ਮੁੜ ਬਹਾਲ ਕਰਕੇ ਬਿਜਲੀ ਬੋਰਡ ਵਿੱਚ ਨਵੀਆਂ ਭਰਤੀਆਂ ਕੀਤੀਆਂ ਜਾਣ ਤੇ ਬਿਜਲੀ ਬੋਰਡ ਨੂੰ ਪਹਿਲੇ ਸਰੂਪ ਵਿਚ ਬਹਾਲ ਕੀਤਾ ਜਾਵੇ, ਖਰਾਬ ਟ੍ਰਾਂਸਫਾਰਮਰ 24 ਘੰਟੇ ਵਿੱਚ ਬਦਲ ਕੇ ਦਿੱਤੇ ਜਾਣ ਯਕੀਨੀ ਬਣਾਏ ਜਾਣ, ਦਫਤਰਾਂ ਵਿਚ ਭ੍ਰਿਸ਼ਟਾਚਾਰ ਨੂੰ ਖਤਮ ਕੀਤਾ ਜਾਵੇ ਤੇ ਭ੍ਰਿਸ਼ਟ ਮੁਲਾਜ਼ਮਾਂ ਨੂੰ ਸਖਤ ਸਜ਼ਾ ਦਿੱਤੀ ਜਾਵੇ, ਨਵੇਂ ਮੋਟਰਾਂ ਦੇ ਕੁਨੈਕਸ਼ਨ ਦਿੱਤੇ ਜਾਣ ਤੇ ਲੋਡ ਵਧਾਉਣ ਵਾਸਤੇ ਸਕੀਮ 1200 ਪ੍ਰਤੀ ਪਾਵਰ ਕਰਕੇ ਨਿਰੰਤਰ ਜਾਰੀ ਰਹੇ, ਜੁਰਮਾਨੇ ਪਾਉਣ ਦੀ ਵਿਧੀ ਸਰਲ ਕੀਤੀ ਜਾਵੇ ਤਾਂ ਜੋ ਲੋਕ ਮੌਕੇ 'ਤੇ ਭਰ ਸਕਣ। ਇਸ ਮੌਕੇ ਸੁਰਜੀਤ ਸਿੰਘ ਫੌਜੀ, ਅਮਨਦੀਪ ਸਿੰਘ ਕੱਚਰਭੰਨ, ਹਰਫੂਲ ਸਿੰਘ ਦੂਲੇਵਾਲਾ, ਵੀਰ ਸਿੰਘ ਨਿਜਾਮਦੀਨ ਵਾਲਾ, ਮੱਖਣ ਸਿੰਘ ਵਾੜਾ, ਬੂਟਾ ਸਿੰਘ ਕਰੀਕਲਾਂ, ਗੁਰਬਖਸ਼ ਸਿੰਘ ਪੰਜਗਰਾਈਂ, ਮੰਗਲ ਸਿੰਘ ਸਵਾਈਕੇ, ਬਲਰਾਜ ਸਿੰਘ ਫੇਰੋਕੇ, ਮੇਜਰ ਸਿੰਘ ਗਜਨੀਵਾਲਾ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।



# 1.407 ਕਿੱਲੋ ਹੈਰੋਇਨ, ਵਿਦੇਸ਼ੀ ਡਰੋਨ ਸਮੇਤ ਸਮੱਗਲਰ ਕਾਬੂ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਸਰਕਾਰ ਦੀ ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਨੂੰ ਉਸ ਵੇਲੇ ਵੱਡੀ ਸਫਲਤਾ ਹਾਸਲ ਹੋਈ, ਜਦੋਂ ਫਿਰੋਜ਼ਪੁਰ ਪੁਲਸ ਨੇ ਇੱਕ ਵੱਡੀ ਕਾਰਵਾਈ ਵਿੱਚ ਨਸ਼ਾ ਤਸਕਰੀ ਦੇ ਨੈੱਟਵਰਕ ਨੂੰ ਨੰਗਾ ਕਰਦਿਆਂ 1 ਕਿੱਲੋ 407 ਗ੍ਰਾਮ ਹੈਰੋਇਨ, ਇੱਕ ਅਤਿ-ਆਧੁਨਿਕ ਵਿਦੇਸ਼ੀ ਡਰੋਨ ਤੇ ਇਸ ਦੇ ਰਿਮੋਟ ਸਮੇਤ ਇੱਕ ਤਸਕਰ ਨੂੰ ਗ੍ਰਿਫਤਾਰ ਕੀਤਾ। ਇਸ ਸਫਲ ਕਾਰਵਾਈ ਨੇ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਸਪਲਾਈ ਦੀ ਇੱਕ ਵੱਡੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ। ਇਸ ਮਾਮਲੇ ਵਿੱਚ ਥਾਣਾ ਮਮਦੋਟ ਵਿਖੇ ਨਾਰਕੋਟਿਕਸ ਡਰੱਗਜ਼ ਐਂਡ ਸਾਈਕੋਟਰੋਪਿਕ ਸਬਸਟੈਂਸਿਜ਼ ਐੱਨ.ਡੀ.ਪੀ.ਐੱਸ. ਐਕਟ ਤੇ ਏਅਰਕ੍ਰਾਫਟ ਐਕਟ 1934 ਦੀਆਂ ਸਬੰਧਤ ਧਾਰਾਵਾਂ ਅਧੀਨ ਮਾਮਲਾ ਦਰਜ ਕੀਤਾ ਗਿਆ ਹੈ। ਜ਼ਿਲ੍ਹਾ ਪੁਲਸ ਮੁੱਖੀ ਭੁਪਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਥਾਣਾ ਮਮਦੋਟ ਦੇ ਇੰਸਪੈਕਟਰ ਗੁਰਵਿੰਦਰ ਕੁਮਾਰ ਦੀ ਅਗਵਾਈ ਵਿੱਚ ਪੁਲਸ ਟੀਮ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਗਸ਼ਤ ਦੌਰਾਨ ਤਸਕਰ ਜਸਵਿੰਦਰ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਫੱਤੇਵਾਲਾ ਉਰਫ ਜੱਲੋ ਕੇ ਨੂੰ ਕਾਬੂ ਕੀਤਾ। ਤਸਕਰ ਦੀ ਤਲਾਸ਼ੀ ਦੌਰਾਨ ਉਸ ਦੇ ਕਬਜ਼ੇ ਵਿੱਚੋਂ ਇਕ ਬੈਗ ਮਿਲਿਆ, ਜਿਸ ਵਿੱਚ 1.407 ਕਿੱਲੋ ਹੈਰੋਇਨ ਤੇ ਇੱਕ ਵਿਦੇਸ਼ੀ ਡਰੋਨ ਨਾਲ ਸਬੰਧਤ ਰਿਮੋਟ ਬਰਾਮਦ ਹੋਇਆ। ਐੱਸਐੱਸਪੀ ਸਿੱਧੂ ਨੇ ਦੱਸਿਆ ਕਿ ਫੜੇ ਗਏ ਤਸਕਰ ਤੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਤਾਂ ਜੋ ਇਸ ਨਸ਼ਾ ਤਸਕਰੀ ਦੇ ਨੈੱਟਵਰਕ ਦੀਆਂ ਸਾਰੀਆਂ ਕੜੀਆਂ ਦਾ ਪਤਾ ਲਗਾਇਆ ਜਾ ਸਕੇ। ਪੁਲਸ ਨੂੰ ਸ਼ੱਕ ਹੈ ਕਿ ਇਹ ਹੈਰੋਇਨ ਸਰਹੱਦ ਪਾਰੋਂ ਡਰੋਨ ਰਾਹੀਂ ਲਿਆਂਦੀ ਗਈ ਸੀ ਤੇ ਇਸ ਨੂੰ ਸੂਬੇ ਦੇ ਵੱਖ-ਵੱਖ ਹਿੱਸਿਆਂ ਵਿੱਚ ਸਪਲਾਈ ਕਰਨ ਦੀ ਯੋਜਨਾ ਸੀ। ਪੁਲਸ ਇਸ ਮਾਮਲੇ ਵਿਚ ਹੋਰ ਸੰਭਾਵੀ ਮੁਲਜ਼ਮਾਂ ਦੀ ਭਾਲ ਵਿੱਚ ਵੀ ਜੁਟੀ ਹੋਈ ਹੈ। ਐੱਸ ਐੱਸ ਪੀ ਸਿੱਧੂ ਨੇ ਕਿਹਾ ਕਿ ਇਹ ਸਾਡੀ ਨਸ਼ਾ ਵਿਰੋਧੀ ਮੁਹਿੰਮ ਦਾ ਅਹਿਮ ਹਿੱਸਾ ਹੈ। ਅਸੀਂ ਨਸ਼ਾ ਤਸਕਰੀ ਦੇ ਨੈੱਟਵਰਕ ਨੂੰ ਜੜ੍ਹੋਂ ਖਤਮ ਕਰਨ ਲਈ ਵਚਨਬੱਧ ਹਾਂ। ਪੁਲਸ ਅਧਿਕਾਰੀਆਂ ਨੇ ਜਨਤਾ ਨੂੰ ਅਪੀਲ ਕੀਤੀ ਹੈ ਕਿ ਉਹ ਨਸ਼ਿਆਂ ਵਿਰੁੱਧ ਲੜਾਈ ਵਿੱਚ ਸਹਿਯੋਗ ਦੇਣ ਤੇ ਕਿਸੇ ਵੀ ਸੰਭਾਵੀ ਸੂਚਨਾ ਨੂੰ ਪੁਲਸ ਨਾਲ ਸਾਂਝਾ ਕਰਨ। ਅਜਿਹੀਆਂ ਸੂਚਨਾਵਾਂ ਦੀ ਗੁਪਤਤਾ ਨੂੰ ਹਰ ਹਾਲ ਵਿੱਚ ਬਰਕਰਾਰ ਰੱਖਿਆ ਜਾਵੇਗਾ।

# ਵੱਲ੍ਹੇ ਸ਼ਾਹ ਹਿਠਾੜ ਦੇ ਬੱਚਿਆਂ ਨੂੰ ਦੂਸ਼ਿਤ ਪਾਣੀ 'ਚੋਂ ਲੰਘ ਕੇ ਜਾਣਾ ਪੈਂਦਾ ਸਕੂਲ

**ਫ਼ਾਜ਼ਿਲਕਾ (ਪਰਮਜੀਤ ਢਾਬਾਂ)**

ਜ਼ਿਲ੍ਹੇ ਦੇ ਸਰਹੱਦੀ ਪਿੰਡ ਵੱਲ੍ਹੇ ਸ਼ਾਹ ਹਿਠਾੜ ਦੇ ਵਾਸੀਆਂ ਤੇ ਇੱਥੇ ਬਣੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਸਾਹਮਣੇ ਜਮ੍ਹਾਂ ਹੋਏ ਸੀਵਰੇਜ ਦੇ ਦੂਸ਼ਿਤ ਪਾਣੀ ਕਾਰਨ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰ ਰਹੇ ਸਕੂਲੀ ਬੱਚਿਆਂ, ਅਧਿਆਪਕਾਂ ਅਤੇ ਆਮ ਲੋਕਾਂ ਤੋਂ ਲਾਇਆ ਜਾ ਸਕਦਾ ਹੈ।ਇਸ ਮੁਸ਼ਕਲ ਨਾਲ ਜੂਝ ਰਹੇ ਮੱਖਣ ਸਿੰਘ ਸਕੂਲ ਅਧਿਆਪਕ, ਪਿੰਡ ਵਾਸੀ ਰਾਮ ਸਿੰਘ, ਮੀਤੋ ਬਾਈ ਤੇ ਹੋਰਨਾਂ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਵਿੱਚ ਸੀਵਰੇਜ ਦੇ ਪਾਣੀ ਦੀ ਨਿਕਾਸੀ ਦਾ ਕੋਈ ਉੱਚਿਤ ਪ੍ਰਬੰਧ ਨਾ ਹੋਣ ਕਾਰਨ ਪਿਛਲੇ ਕਾਫੀ ਸਮੇਂ ਤੋਂ ਸੀਵਰੇਜ ਦਾ ਦੂਸ਼ਿਤ ਪਾਣੀ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਸਾਹਮਣੇ ਸੜਕ 'ਤੇ ਜਮ੍ਹਾਂ ਹੋ ਜਾਂਦਾ ਹੈ, ਜਿਸ ਨਾਲ ਜਿੱਥੇ ਆਮ ਰਾਹਗੀਰਾਂ ਨੂੰ ਭਾਰੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਦੂਜੇ ਪਾਸੇ ਨੰਨ੍ਹੇ-ਮੁੰਨੇ ਬੱਚਿਆਂ ਦੀ ਸਕੂਲ ਵਿੱਚ ਆਣ ਸਮੇਂ ਜ਼ਿੰਦਗੀ ਨਰਕ ਬਣੀ ਹੋਈ ਹੈ।

ਸਕੂਲ ਦੇ ਬੱਚੇ ਵਿੱਦਿਆ ਦੇ ਮੰਦਰ ਵਿੱਚ ਦਾਖਲ ਹੋਣ ਤੋਂ ਪਹਿਲਾਂ ਗੰਦਗੀ ਦੇ ਮੱਥੇ ਲੱਗਣ ਤੋਂ ਬਾਅਦ ਅੰਦਰ ਦਾਖਲ ਹੁੰਦੇ ਹਨ।ਸਰਹੱਦੀ ਪਿੰਡ ਵਾਸੀਆਂ ਨੇ ਕਿਹਾ ਕਿ ਉਨ੍ਹਾਂ ਨੇ ਕਈ ਵਾਰ ਇਸ ਮੁੱਦੇ ਤੇ ਰਾਜਸੀ ਆਗੂਆਂ ਅਤੇ ਪ੍ਰਸ਼ਾਸਨ ਤੱਕ ਪਹੁੰਚ ਕੀਤੀ ਹੈ, ਪ੍ਰੰਤੂ ਇਸ ਮਸਲੇ ਨੂੰ ਅਜੇ ਤੱਕ ਹੱਲ ਨਹੀਂ ਕੀਤਾ ਗਿਆ।ਪਿੰਡ ਵਾਸੀਆਂ ਦਾ ਦੋਸ਼ ਹੈ ਕਿ ਇੱਕ ਪਾਸੇ ਪੰਜਾਬ ਸਰਕਾਰ ਸਿੱਖਿਆ ਕ੍ਰਾਂਤੀ ਦੇ ਨਾਂ ਤੇ ਕੰਧਾਂ ਤੇ ਰੋਗਨ ਕਰਕੇ ਚੰਗੀ ਵਿੱਦਿਆ ਦੇਣ ਦਾ ਦਾਅਵਾ ਕਰ ਰਹੀ ਹੈ, ਦੂਜੇ ਪਾਸੇ ਉਨ੍ਹਾਂ ਦੇ ਪਿੰਡ ਦੇ ਬੱਚੇ ਨਰਕ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ।ਸਕੂਲ ਦੇ ਅਧਿਆਪਕ ਵੀ ਸਕੂਲ ਸਾਹਮਣੇ ਜਮ੍ਹਾਂ ਹੋਏ ਸੀਵਰੇਜ ਦੇ ਦੂਸ਼ਿਤ ਪਾਣੀ ਤੋਂ ਕਾਫੀ ਪ੍ਰੇਸ਼ਾਨ ਹਨ।ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਨਾਲ-ਨਾਲ ਸਕੂਲ ਵਿੱਚ ਪੜ੍ਹਦੇ ਬੱਚਿਆਂ ਨੂੰ ਵੀ ਇਸ ਦੂਸ਼ਿਤ ਪਾਣੀ ਵਿੱਚੋਂ ਹੀ ਲੰਘ ਕੇ ਸਕੂਲ ਆਉਣਾ ਪੈਂਦਾ ਹੈ।ਕਦੇ-ਕਦੇ ਤਾਂ ਸਕੂਲ ਆਉਣ ਜਾਣ ਦੌਰਾਨ ਕਈ ਬੱਚੇ ਇਸ ਦੂਸ਼ਿਤ ਪਾਣੀ ਵਿੱਚ ਡਿੱਗ ਜਾਂਦੇ ਹਨ, ਜਿਸ ਨਾਲ ਉਨ੍ਹਾਂ ਦੇ ਕੱਪੜਿਆਂ ਦੇ ਨਾਲ ਨਾਲ ਉਨ੍ਹਾਂ ਦੇ ਬੈਗ ਅਤੇ ਕਿਤਾਬਾਂ ਵੀ ਖਰਾਬ ਹੋ ਜਾਂਦੀਆਂ ਹਨ।ਪਿੰਡ ਵਾਸੀਆਂ ਜ਼ਿਲ੍ਹਾ ਪ੍ਰਸ਼ਾਸਨ ਤੇ ਹਲਕੇ ਦੇ ਵਿਧਾਇਕ ਤੋਂ ਮੰਗ ਕਰਦਿਆਂ ਕਿਹਾ ਕਿ ਸਕੂਲ ਸਾਹਮਣੇ ਜਮਾਂ ਹੋਏ ਸੀਵਰੇਜ ਦੇ ਦੂਸ਼ਿਤ ਪਾਣੀ ਦੀ ਨਿਕਾਸੀ ਦਾ ਹੱਲ ਕੀਤਾ ਜਾਵੇ।

ਲੋਕਾਂ ਦੇ ਇਸ ਮੁੱਦੇ ਨੂੰ ਗੰਭੀਰਤਾ ਨਾਲ ਉਠਾਉਂਦਿਆਂ ਇਨ੍ਹਾਂ ਪਿੰਡਾਂ ਦੇ ਬਲਾਕ ਸੰਮਤੀ ਮੈਂਬਰ ਕਾਮਰੇਡ ਸ਼ਬੇਗ ਝੰਗੜਭੈਣੀ ਸਰਬ ਭਾਰਤ ਨੌਜਵਾਨ ਸਭਾ ਦੇ ਬਲਾਕ ਪ੍ਰਧਾਨ ਕੁਲਦੀਪ ਬੱਖੂ ਸ਼ਾਹ, ਗੁਰਦਿਆਲ ਢਾਬਾਂ ਤੇ ਰਾਜਵਿੰਦਰ ਨਿਉਲਾ ਨੇ ਕਿਹਾ ਕਿ ਇੱਕ ਪਾਸੇ ਸਰਕਾਰ ਵੱਡੇ-ਵੱਡੇ ਵਿਕਾਸ ਕਾਰਜਾਂ ਦੇ ਦਾਅਵੇ ਕਰ ਰਹੀ ਹੈ ਤੇ ਲੱਖਾਂ ਰੁਪਏ ਦੇ ਨੀਂਹ ਪੱਥਰ ਰੱਖੇ ਜਾ ਰਹੇ ਹਨ, ਪ੍ਰੰਤੂ ਦੂਜੇ ਪਾਸੇ ਸਰਹੱਦੀ ਪਿੰਡਾਂ ਦੇ ਲੋਕਾਂ ਦਾ ਵਿਕਾਸ ਜਿਉਂ ਦਾ ਤਿਉਂ ਹੈ। ਆਗੂਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਮਸਲੇ ਦਾ ਤੁਰੰਤ ਹੱਲ ਨਾ ਕੱਢਿਆ ਗਿਆ ਤਾਂ ਉਹ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਣਗੇ।

ਵਿਧਾਇਕ ਨਰਿੰਦਰ ਪਾਲ ਸਵਨਾ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਸ ਬਾਰੇ ਮੇਰੇ ਕੋਲ ਪਿੰਡ ਦੀ ਪੰਚਾਇਤ ਨੇ ਫੰਡ ਮੰਗਿਆ ਸੀ ਤੇ ਉਨ੍ਹਾਂ ਨੂੰ ਕਰੀਬ 15 ਲੱਖ ਫੰਡ ਜਾਰੀ ਕਰਵਾ ਦਿੱਤਾ ਗਿਆ ਹੈ।ਪਿੰਡ ਦੇ ਛੱਪੜ ਦੇ ਪਾਣੀ ਦੀ ਨਿਕਾਸੀ ਲਈ ਪਾਈਪ ਲਾਈਨ ਪੈ ਚੁੱਕੀ ਹੈ।ਸਿਰਫ ਪਿੰਡ ਦੇ ਪਾਣੀ ਦੀ ਸਪਲਾਈ ਬਾਹਰ ਕੱਢਣੀ ਬਾਕੀ ਹੈ।ਇਹ ਸਮੱਸਿਆ ਦਾ ਜਲਦ ਹੱਲ ਹੋ ਜਾਵੇਗੀ।



## ਕਾਤਰਾਂ

### ਸਿਹਤ ਬੀਮਾ ਯੋਜਨਾ ਸੰਬੰਧੀ ਸਰਕਾਰ ਦਾ ਧੰਨਵਾਦ : ਪੱਪੂ ਪ੍ਰਧਾਨ



**ਬਠਿੰਡਾ (ਰਾਜੀਵ ਗੋਇਲ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਆਮ ਲੋਕਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਸਿਹਤ ਬੀਮਾ ਯੋਜਨਾ ਦਾ ਐਲਾਨ ਕੀਤਾ ਗਿਆ ਹੈ, ਜਿਸ ਨੂੰ ਲੈ ਕੇ ਭਗਤਾ ਭਾਈ ਕਾ ਦੀ ਆੜ੍ਹਤੀਆ ਯੂਨੀਅਨ ਦੇ ਆਗੂ ਵਿਜੈ ਕੁਮਾਰ ਪੱਪੂ ਵੱਲੋਂ ਮੁੱਖ ਮੰਤਰੀ ਮਾਨ ਦਾ ਧੰਨਵਾਦ ਕਰਦੇ ਹੋਏ ਕਿਹਾ ਗਿਆ ਹੈ ਕਿ ਇਸ ਯੋਜਨਾ ਨਾਲ ਇਲਾਜ਼ ਪੱਖੋਂ ਮਰਨ ਵਾਲੇ ਗ਼ਰੀਬ ਲੋਕਾਂ ਲਈ ਇਹ ਸਕੀਮ ਲਾਹੇਵੰਦ ਸਾਬਤ ਹੋਵੇਗੀ। ਉਨ੍ਹਾਂ ਮਾਨ ਨੂੰ ਅਪੀਲ ਕੀਤੀ ਕਿ ਇਸ ਸਕੀਮ ਦੇ ਨਾਲ-ਨਾਲ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਤੇ ਸਮਾਨ ਦੀ ਘਾਟ ਨੂੰ ਵੀ ਪੂਰਾ ਕਰਨਾ ਚਾਹੀਦਾ ਹੈ ਤਾਂ ਜੁ ਐਮਰਜੈਂਸੀ ਮਰੀਜ਼ਾਂ ਨੂੰ ਵਧੀਆ ਇਲਾਜ ਮਿਲ ਸਕੇ।

### ਵਰਲਡ ਕੇਅਰ ਕੈਂਸਰ ਵੱਲੋਂ ਜਾਂਚ ਕੈਂਪ ਅੱਜ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨੇੜਲੇ ਪਿੰਡ ਭਮਾ ਖੁਰਦ ਵਿਖੇ ਵਰਲਡ ਕੇਅਰ ਕੈਂਸਰ ਵੱਲੋਂ ਮੁਫ਼ਤ ਜਾਂਚ ਤੇ ਜਾਗਰੂਕਤਾ ਕੈਂਪ 15 ਜੁਲਾਈ ਨੂੰ ਗੁਰਦੁਆਰਾ ਸਾਹਿਬ ਵਿਖੇ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਧਰਮਿੰਦਰ ਢਿੱਲੋਂ ਨੇ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਲਗਾਏ ਜਾ ਰਹੇ ਇਸ ਕੈਂਪ ਵਿੱਚ ਕੈਂਸਰ ਜਾਗਰੂਕਤਾ, ਸ਼ੂਗਰ ਤੇ ਬੀ.ਪੀ. ਚੈੱਕਅਪ, ਡਾਕਟਰੀ ਸਲਾਹ, ਔਰਤਾਂ ਦੀ ਛਾਤੀ ਲਈ ਮੈਮੋਗ੍ਰਾਫੀ ਟੈਸਟ, ਔਰਤਾਂ ਦੀ ਬੱਚੇਦਾਨੀ ਲਈ ਪੈਪ ਸਮੇਅਰ ਟੈਸਟ, ਬੰਦਿਆਂ ਦੇ ਗਦੂਦਾਂ ਦੀ ਜਾਂਚ ਲਈ ਟੈਸਟ, ਬਲੱਡ ਕੈਂਸਰ ਦੀ ਜਾਂਚ ਲਈ ਟੈਸਟ, ਮੂੰਹ ਤੇ ਗਲੇ ਦੀ ਜਾਂਚ, ਹੱਡੀਆਂ ਦੀ ਜਾਂਚ, ਜਨਰਲ ਦਵਾਈਆਂ ਆਦਿ ਮੁਫ਼ਤ ਦਿੱਤੀ ਜਾਵੇਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਕੈਂਪ ਦਾ ਲਾਭ ਉਠਾਓ।

### ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ ਭਲਕੇ

**ਮਾਨਸਾ (ਆਤਮਾ ਸਿੰਘ ਪਮਾਰ)**-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਮਾਨਸਾ ਵਿਖੇ 16 ਜੁਲਾਈ ਨੂੰ ਮਿਡਲੈਂਡ ਮਾਈਕਰੋਫਿਨ ਪ੍ਰਾਈਵੇਟ ਲਿਮਟਡ ਵੱਲੋਂ ਸੈਂਟਰ ਅਫ਼ਸਰ ਤੇ ਟ੍ਰੇਨਿੰਗ ਸੈਂਟਰ ਅਫ਼ਸਰ ਦੀ ਭਰਤੀ ਲਈ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਅਫ਼ਸਰ ਸ੍ਰੀ ਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਕੇਵਲ ਲੜਕੇ ਹੀ ਭਾਗ ਲੈ ਸਕਦੇ ਹਨ। ਉਨ੍ਹਾਂ ਕਿਹਾ ਕਿ ਭਾਗ ਲੈਣ ਵਾਲੇ ਪ੍ਰਾਰਥੀਆਂ ਦੀ ਵਿੱਦਿਅਕ ਯੋਗਤਾ ਬਾਰਵੀਂ ਪਾਸ, ਉਮਰ ਸੀਮਾ 20 ਤੋਂ 29 ਸਾਲ ਤੱਕ ਹੋਣੀ ਚਾਹੀਦੀ ਹੈ। ਚਾਹਵਾਨ ਪ੍ਰਾਰਥੀ ਆਪਣੀ ਯੋਗਤਾ ਦੇ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ ਤੇ ਯੋਗਤਾ ਦਾ ਵੇਰਵਾ (ਰਜ਼ਿਊਮ) ਲੈ ਕੇ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ (ਨੇੜੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸੇਵਾ ਕੇਂਦਰ (ਪਹਿਲੀ ਮੰਜ਼ਿਲ) ਵਿਖੇ 10 ਵਜੇ ਪਹੁੰਚਣ।

### ਵਿਧਾਇਕ ਸਵਨਾ ਨੇ ਲੋੜਵੰਦ ਪਰਵਾਰਾਂ ਨੂੰ ਘਰ ਬਣਾਉਣ ਲਈ ਪ੍ਰਵਾਨਗੀ ਪੱਤਰ ਵੰਡੇ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਫਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਮਾਰਕੀਟ ਕਮੇਟੀ ਵਿਖੇ ਹੋਏ ਇੱਕ ਸਮਾਗਮ ਦੌਰਾਨ ਹਲਕੇ ਦੇ ਲੋੜਵੰਦ ਪਰਵਾਰਾਂ ਨੂੰ ਘਰ ਬਣਾਉਣ ਲਈ ਪ੍ਰਵਾਨਗੀ ਪੱਤਰ ਵੰਡੇ।ਇਨ੍ਹਾਂ ਪਰਵਾਰਾਂ ਨੂੰ ਪ੍ਰਤੀ ਪਰਵਾਰ ਇੱਕ ਲੱਖ 75 ਹਜ਼ਾਰ ਰੁਪਏ ਦੀ ਸਹਾਇਤਾ ਤਿੰਨ ਕਿਸ਼ਤਾਂ ਵਿੱਚ ਮਕਾਨ ਬਣਾਉਣ ਲਈ ਮਿਲੇਗੀ।ਇਸ ਮੌਕੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਕਿਹਾ ਕਿ ਸਰਕਾਰ ਲੋਕਾਂ ਦੀ ਭਲਾਈ ਲਈ ਦ੍ਰਿੜ੍ਹ ਸੰਕਲਪਤ ਹੈ ਤੇ ਸਮਾਜ ਦੇ ਹਰੇਕ ਵਰਗ ਦੇ ਹਿੱਤ ਵਿੱਚ ਕੰਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਇਨ੍ਹਾਂ ਪਰਿਵਾਰਾਂ ਦੀ ਚੋਣ ਪੂਰੇ ਪਾਰਦਰਸ਼ੀ ਤਰੀਕੇ ਨਾਲ ਕੀਤੀ ਗਈ ਹੈ।ਉਨਾਂ ਨੇ ਆਖਿਆ ਕਿ ਅੱਜ 35 ਪਰਵਾਰਾਂ ਨੂੰ ਇਹ ਪ੍ਰਵਾਨਗੀ ਪੱਤਰ ਵੰਡੇ ਗਏ ਹਨ।ਇਸ ਵਿੱਚ ਪਿੰਡ ਰੂਪ ਨਗਰ, ਬਾਰੇਕਾਂ, ਬਕੈਣ ਵਾਲਾ, ਢਾਣੀ ਹਰਚਰਨ ਸਿੰਘ ਰੰਧਾਵਾ ਤੇ ਬੋਦੀ ਵਾਲਾ ਪਿੰਡ ਦੇ ਲਾਭਪਾਤਰੀ ਸ਼ਾਮਲ ਹਨ।ਵਿਧਾਇਕ ਨੇ ਕਿਹਾ ਕਿ ਸਰਕਾਰ ਸਮਾਜ ਦੇ ਹਰ ਵਰਗ ਦਾ ਖਿਆਲ ਕਰ ਰਹੀ ਹੈ ਤੇ ਹਰੇਕ ਵਿਅਕਤੀ ਦੀਆਂ ਜ਼ਰੂਰਤਾਂ ਅਨੁਸਾਰ ਯੋਜਨਾਵਾਂ ਬਣਾ ਕੇ ਲਾਗੂ ਕਰ ਰਹੀ ਹੈ।ਇਸ ਮੌਕੇ ਪ੍ਰਵਾਨਗੀ ਪੱਤਰ ਮਿਲਣ 'ਤੇ ਲਾਭਪਾਤਰੀਆਂ ਨੇ ਸਰਕਾਰ ਦੇ ਸਹਿਯੋਗ ਲਈ ਧੰਨਵਾਦ ਕੀਤਾ ਤੇ ਕਿਹਾ ਕਿ ਹੁਣ ਉਨ੍ਹਾਂ ਦਾ ਪੱਕੇ ਮਕਾਨ ਦਾ ਸੁਪਨਾ ਹੁਣ ਸਾਕਾਰ ਹੋਵੇਗਾ।

# 25 ਦੀ ਸੰਗਰੂਰ ਰੈਲੀ 'ਚ ਕੀਤੀ ਜਾਵੇਗੀ ਭਰਵੀਂ ਸ਼ਮੂਲੀਅਤ : ਡੀ ਐੱਮ ਐੱਫ

## ਪੰਜਾਬ ਨੂੰ ਪੁਲਸ ਰਾਜ 'ਚ ਬਦਲਣ ਤੇ ਜਮਹੂਰੀ ਹੱਕਾਂ 'ਤੇ ਮਾਰੇ ਜਾ ਰਹੇ ਡਾਕੇ ਦਾ ਕੀਤਾ ਜਾਵੇਗਾ ਡਟਵਾਂ ਵਿਰੋਧ

**ਮੋਗਾ (ਇਕਬਾਲ ਸਿੰਘ ਖਹਿਰਾ)**-ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੀ ਸੂਬਾ ਕਮੇਟੀ ਮੀਟਿੰਗ ਫਰੀਡਮ ਫਾਈਟਰ ਹਾਲ ਮੋਗਾ ਵਿਖੇ ਕੀਤੀ ਗਈ।ਇਸ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਨੂੰ ਪੁਲਸ ਰਾਜ ਵਿੱਚ ਬਦਲਣ ਤੇ ਲੋਕਾਂ ਦੇ ਸੰਘਰਸ਼ ਕਰਨ ਦੇ ਜਮਹੂਰੀ ਹੱਕ ਉੱਤੇ ਮਾਰੇ ਜਾ ਰਹੇ ਡਾਕੇ ਖ਼ਿਲਾਫ਼ ਕਿਸਾਨ ਮਜ਼ਦੂਰ ਜਥੇਬੰਦੀਆਂ ਵੱਲੋਂ 25 ਜੁਲਾਈ ਨੂੰ ਸੰਗਰੂਰ ਵਿਖੇ ਕੀਤੀ ਜਾ ਰਹੀ ਵਿਸ਼ਾਲ ਰੈਲੀ ਤੇ ਰੋਸ ਮੁਜ਼ਾਹਰੇ ਵਿੱਚ ਵੱਡੇ ਪੱਧਰ 'ਤੇ ਸ਼ਮੂਲੀਅਤ ਕੀਤੀ ਜਾਵੇਗੀ।ਮੀਟਿੰਗ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਜਰਮਨਜੀਤ ਸਿੰਘ ਤੇ ਜਨਰਲ ਸਕੱਤਰ ਹਰਦੀਪ ਟੋਡਰਪੁਰ ਨੇ ਆਖਿਆ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਮੋਦੀ ਸਰਕਾਰ ਦੀ ਤਰਜ਼ 'ਤੇ ਵਿਰੋਧ ਦੀ ਹਰ ਆਵਾਜ਼ ਨੂੰ ਕੁਚਲਣ ਦਾ ਫ਼ੈਸਲਾ ਕਰ ਲਿਆ ਹੈ।ਪਿਛਲੇ ਸਮੇਂ ਦੌਰਾਨ ਸੰਯੁਕਤ ਕਿਸਾਨ ਮੋਰਚੇ ਦੇ ਚੰਡੀਗੜ੍ਹ ਕੂਚ ਨੂੰ ਗ੍ਰਿਫਤਾਰੀਆਂ ਦਾ ਦੌਰ ਚਲਾ ਕੇ ਫੇਲ ਕਰਨਾ, ਸ਼ੰਭੂ ਤੇ ਖਨੌਰੀ ਮੋਰਚਿਆਂ ਦੀ ਲੀਡਰਸ਼ਿਪ ਨੂੰ ਗੱਲਬਾਤ ਲਈ ਬੁਲਾ ਕੇ ਗ੍ਰਿਫ਼ਤਾਰ ਕਰਨ ਉਪਰੰਤ ਜਬਰੀ ਉਨ੍ਹਾਂ ਦੇ ਧਰਨੇ ਚੁਕਵਾਉਣਾ, ਸੰਗਰੂਰ ਵਿਖੇ ਬੇਗਮਪੁਰਾ ਵਸਾਉਣ ਲਈ ਜਾ ਰਹੇ ਸੈਂਕੜੇ ਮਜ਼ਦੂਰਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹਾਂ ਵਿੱਚ ਬੰਦ ਕਰਨਾ ਤੇ ਉਨ੍ਹਾਂ ਦੇ ਆਗੂਆਂ ਕੀਤੀ ਜਾ ਰਹੀ ਛਾਪੇਮਾਰੀ, ਬੇਰੁਜ਼ਗਾਰ ਅਧਿਆਪਕਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿੱਚ ਬੰਦ ਕਰਨਾ ਆਦਿ ਇਸ ਦੀਆਂ ਪ੍ਰਮੁੱਖ ਉਦਾਹਰਨਾਂ ਹਨ।ਇਸੇ ਤਰ੍ਹਾਂ ਇੱਕ ਪਾਸੇ ਪੰਜਾਬ ਪੁਲਸ ਨੂੰ ਅੰਨ੍ਹੇਵਾਹ ਤਾਕਤਾਂ ਦੇ ਕੇ ਨਿੱਤ ਦਿਨ ਝੂਠੇ ਪੁਲਸ ਮੁਕਾਬਲੇ ਬਣਾਏ ਜਾ ਰਹੇ ਹਨ, ਜਦਕਿ ਕਿਸਾਨ ਆਗੂ ਨਿਰਭੈ ਸਿੰਘ ਢਾਈ (ਜੋ ਪੇਸ਼ੇ ਵਜੋਂ ਇੱਕ ਅਧਿਆਪਕ ਹਨ), ਉੱਤੇ ਜਾਨਲੇਵਾ ਹਮਲਾ ਕਰਨ ਵਾਲੇ ਦੋਸ਼ੀਆਂ ਦੀ ਪੁਸ਼ਤਪਨਾਹੀ ਕੀਤੀ ਜਾ ਰਹੀ ਹੈ।ਇਸ ਲਈ ਵੱਖ-ਵੱਖ ਜਨਤਕ ਤੇ ਜਮਹੂਰੀ ਜਥੇਬੰਦੀਆਂ ਵੱਲੋਂ 25 ਜੁਲਾਈ ਨੂੰ ਸੰਗਰੂਰ ਵਿਖੇ ਕੀਤੀ ਜਾ ਰਹੀ ਵਿਸ਼ਾਲ ਰੈਲੀ ਵਿੱਚ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਵੱਡੇ ਪੱਧਰ ਤੇ ਸ਼ਮੂਲੀਅਤ ਕਰੇਗੀ।ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਤੇ ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ, ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ਼ ਯੂਨੀਅਨ ਦੇ ਸੂਬਾ ਪ੍ਰਧਾਨ ਮਹਿਮਾ ਸਿੰਘ ਧਨੌਲਾ, ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਦੇ ਸੂਬਾ ਕਨਵੀਨਰ ਅਤਿੰਦਰਪਾਲ ਘੱਗਾ, ਡੈਮੋਕ੍ਰੇਟਿਕ ਜੰਗਲਾਤ ਮੁਲਾਜ਼ਮ ਯੂਨੀਅਨ ਦੇ ਸੂਬਾ ਪ੍ਰਧਾਨ ਰਛਪਾਲ ਸਿੰਘ ਤੇ ਜਨਰਲ ਸਕੱਤਰ ਬਲਵੀਰ ਸਿਵੀਆ, ਮਿਡ-ਡੇ-ਮੀਲ ਵਰਕਰਜ਼ ਯੂਨੀਅਨ ਦੇ ਸੂਬਾ ਪ੍ਰਧਾਨ ਲਖਵਿੰਦਰ ਕੌਰ ਫ਼ਰੀਦਕੋਟ ਤੇ ਜਨਰਲ ਸਕੱਤਰ ਮਮਤਾ ਸ਼ਰਮਾ, ਡੈਮੋਕ੍ਰੇਟਿਕ ਆਸ਼ਾ ਵਰਕਰਜ਼ ਤੇ ਫੈਸਿਲੀਟੇਟਰ ਯੂਨੀਅਨ ਦੇ ਸੀਨੀਅਰ ਆਗੂ ਸਰਬਜੀਤ ਕੌਰ ਮਚਾਕੀ ਤੇ ਪਰਮਜੀਤ ਕੌਰ ਮਾਨ ਨੇ ਕਿਹਾ ਕਿ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਫੈਸਲੇ ਤਹਿਤ ਉਨ੍ਹਾਂ ਦੀਆਂ ਜਥੇਬੰਦੀਆਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਤੇ ਮਾਣਭੱਤਾ ਵਰਕਰਾਂ ਦੀ ਸੰਗਰੂਰ ਰੈਲੀ ਵਿੱਚ ਵੱਡੇ ਪੱਧਰ 'ਤੇ ਸ਼ਮੂਲੀਅਤ ਕਰਵਾਉਣ ਲਈ ਜ਼ਿਲ੍ਹਾ ਤੇ ਤਹਿਸੀਲ ਪੱਧਰ 'ਤੇ ਲਾਮਬੰਦੀ ਮੁਹਿੰਮ ਚਲਾਈ ਜਾਵੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਵਿੰਦਰ ਲੀਲ੍ਹ, ਮੁਕੇਸ਼ ਗੁਜਰਾਤੀ, ਅਸ਼ਵਨੀ ਅਵਸਥੀ, ਰਾਜੀਵ ਬਰਨਾਲਾ, ਗੁਰਪਿਆਰ ਕੋਟਲੀ, ਬੇਅੰਤ ਫੂਲੇਵਾਲ, ਹਰਜਿੰਦਰ ਗੁਰਦਾਸਪੁਰ, ਕੁਲਵਿੰਦਰ ਜੋਸ਼ਨ, ਜਗਪਾਲ ਬੰਗੀ, ਪਵਨ ਮੁਕਤਸਰ, ਗੁਰਬਿੰਦਰ ਖਹਿਰਾ, ਇੰਦਰ ਸੁਖਦੀਪ ਸਿੰਘ, ਦਲਜੀਤ ਸਫ਼ੀਪੁਰ, ਰਮਨ ਬਰਨਾਲਾ, ਗੁਰਮੁੱਖ ਲੋਕਪ੍ਰੇਮੀ ਆਦਿ ਨੇ ਵੀ ਸੰਬੋਧਨ ਕੀਤਾ।




# ਫਿਰੋਜ਼ਪੁਰ ਡਰੋਨ ਹਮਲੇ ਦੇ ਪੀੜਤ ਪਰਵਾਰ ਦੀ ਸਹਾਇਤਾ ਲਈ ਸਿਆਸੀ ਤੇ ਸਮਾਜਿਕ ਸੰਘਰਸ਼

## ਭਾਜਪਾ ਆਗੂਆਂ ਵੱਲੋਂ ਜਸਵੰਤ ਸਿੰਘ ਨੂੰ ਮੁਆਵਜ਼ਾ ਤੇ ਸਰਕਾਰੀ ਨੌਕਰੀ ਦੀ ਮੰਗ

**ਫਿਰੋਜ਼ਪੁਰ (ਅਸ਼ੋਕ ਸ਼ਰਮਾ, ਗੁਰਬਚਨ ਸਿੰਘ)**

ਫਿਰੋਜ਼ਪੁਰ-ਫਾਜ਼ਿਲਕਾ ਰੋਡ 'ਤੇ ਸਥਿਤ ਪਿੰਡ ਖਾਈ ਫੇਮੇ ਕੀ ਵਿਖੇ ਹੋਏ ਇੱਕ ਦੁੱਖਦਾਈ ਡਰੋਨ ਹਮਲੇ ਨੇ ਸਮੁੱਚੇ ਪੰਜਾਬ ਨੂੰ ਸਦਮੇ ਵਿੱਚ ਪਾ ਦਿੱਤਾ ਹੈ। ਇਸ ਭਿਆਨਕ ਘਟਨਾ ਵਿੱਚ ਲਖਵਿੰਦਰ ਸਿੰਘ ਤੇ ਉਸ ਦੀ ਪਤਨੀ ਸੁਖਵਿੰਦਰ ਕੌਰ ਦੀ ਜਾਨ ਚਲੀ ਗਈ, ਜਦਕਿ ਉਨ੍ਹਾਂ ਦਾ ਇਕੱਲਾ ਪੁੱਤਰ ਜਸਵੰਤ ਸਿੰਘ ਉਰਫ ਮੋਨੂੰ ਬੁਰੀ ਤਰ੍ਹਾਂ ਜ਼ਖਮੀ ਹੋਣ ਦੇ ਬਾਵਜੂਦ ਬਚ ਗਿਆ। ਇਸ ਘਟਨਾ ਨੇ ਨਾ ਸਿਰਫ ਪਰਵਾਰ ਨੂੰ ਤਬਾਹ ਕੀਤਾ, ਸਗੋਂ ਸਮਾਜਿਕ ਤੇ ਸਿਆਸੀ ਹਲਕਿਆਂ ਵਿੱਚ ਵੀ ਤੂਫਾਨ ਖੜ੍ਹਾ ਕਰ ਦਿੱਤਾ। ਪਿੰਡ ਵਾਸੀਆਂ ਤੇ ਸਥਾਨਕ ਨੇਤਾਵਾਂ ਨੇ ਸਰਕਾਰ ਦੀ ਸੁਰੱਖਿਆ ਵਿਵਸਥਾ 'ਤੇ ਸਵਾਲ ਉਠਾਉਂਦਿਆਂ ਪੀੜਤ ਪਰਵਾਰ ਲਈ ਤੁਰੰਤ ਮੁਆਵਜ਼ੇ ਤੇ ਸਹਾਇਤਾ ਦੀ ਮੰਗ ਕੀਤੀ ਹੈ। ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੀਨੀਅਰ ਆਗੂ ਰਾਣਾ ਗੁਰਮੀਤ ਸਿੰਘ ਸੋਢੀ ਨੇ ਇਸ ਦੁਖਦਾਈ ਘਟਨਾ ਦੇ ਬਾਅਦ ਜਸਵੰਤ ਸਿੰਘ ਦੇ ਘਰ ਪਹੁੰਚ ਕੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ। ਉਨ੍ਹਾਂ ਦੇ ਨਾਲ ਭਾਜਪਾ ਦੀ ਟੀਮ ਵਿੱਚ ਹਰਵਿੰਦਰ ਕੁੱਲ, ਦਵਿੰਦਰ ਜੰਗ, ਭਗਵਾਨ ਸਿੰਘ ਭੁੱਲਰ, ਰਾਜਵੀਰ ਭੁੱਲਰ ਤੇ ਹੋਰ ਕਾਰਕੁੰਨ ਸ਼ਾਮਲ ਸਨ। ਪਰਵਾਰ ਵਿੱਚੋਂ ਦਵਿੰਦਰ ਸਿੰਘ ਭੱਠੇ ਵਾਲੇ, ਮਹਿੰਦਰ ਸਿੰਘ, ਦਰਸ਼ਨ ਸਿੰਘ, ਰੋਹਿਤ ਕੰਬੋਜ, ਮਲਕੀਤ ਸਿੰਘ, ਗੁਰਬਚਨ ਸਿੰਘ ਤੇ ਬੋਹੜਾ ਸਿੰਘ ਮੌਜੂਦ ਸਨ। ਰਾਣਾ ਸੋਢੀ ਨੇ ਕਿਹਾ ਕਿ ਇਹ ਘਟਨਾ ਸਾਡੇ ਸਾਰਿਆਂ ਦੇ ਦਿਲਾਂ ਨੂੰ ਦਹਿਲਾਉਣ ਵਾਲੀ ਹੈ। ਅਸੀਂ ਜਸਵੰਤ ਸਿੰਘ ਤੇ ਉਸ ਦੇ ਪਰਵਾਰ ਦੇ ਨਾਲ ਹਰ ਪ੍ਰਕਾਰ ਦੀ ਮੁਸੀਬਤ ਵਿੱਚ ਖੜ੍ਹੇ ਹਾਂ। ਅਸੀਂ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਪੀੜਤ ਪਰਵਾਰ ਨੂੰ ਤੁਰੰਤ ਮੁਆਵਜ਼ਾ ਤੇ ਸਰਕਾਰੀ ਨੌਕਰੀ ਦਿੱਤੀ ਜਾਵੇ। ਰਾਣਾ ਸੋਢੀ ਨੇ ਜਸਵੰਤ ਸਿੰਘ ਦੇ ਪਰਵਾਰ ਨੂੰ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ ਤੇ ਵਾਅਦਾ ਕੀਤਾ ਕਿ ਉਹ ਇਸ ਮੁੱਦੇ ਨੂੰ ਸਰਕਾਰੀ ਤੇ ਸਮਾਜਿਕ ਪੱਧਰ 'ਤੇ ਜ਼ੋਰ-ਸ਼ੋਰ ਨਾਲ ਉਠਾਉਣਗੇ। ਉਨ੍ਹਾਂ ਸਮਾਜ ਦੇ ਸਾਰੇ ਵਰਗਾਂ ਨੂੰ ਅਪੀਲ ਕੀਤੀ ਕਿ ਉਹ ਪੀੜਤ ਪਰਵਾਰ ਦੇ ਨਾਲ ਇਕਜੁੱਟਤਾ ਦਿਖਾਉਣ ਤੇ ਸਰਕਾਰ 'ਤੇ ਦਬਾਅ ਪਾਉਣ, ਤਾਂ ਜੋ ਜਸਵੰਤ ਸਿੰਘ ਨੂੰ ਨਿਆਂ ਤੇ ਸਹਾਇਤਾ ਮਿਲ ਸਕੇ।



# ਪਾਵਰਕਾਮ ਦੀਆਂ ਜਥੇਬੰਦੀਆਂ 27 ਨੂੰ ਕਰਨਗੀਆਂ ਬਿਜਲੀ ਮੰਤਰੀ ਦੇ ਘਰ ਦਾ ਘਿਰਾਓ

**ਚੌਕੀਮਾਨ (ਇੰਜ. ਬਲਬੀਰ ਸਿੰਘ ਮਾਨ)**

ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਰਜਿ.) ਸਬੰਧਤ ਏਟਕ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਵਰਕਿੰਗ ਪ੍ਰਧਾਨ ਚਮਕੌਰ ਸਿੰਘ ਬਰਮੀ ਤੇ ਵਰਕਿੰਗ ਜਨਰਲ ਸਕੱਤਰ ਨਰਿੰਦਰ ਕੁਮਾਰ ਬੱਲ ਦੀ ਅਗਵਾਈ ਵਿੱਚ ਬਾਬਾ ਜਲਵੰਤ ਸਿੰਘ ਹਾਲ ਵਿਖੇ ਹੋਈ।ਮੀਟਿੰਗ ਦੌਰਾਨ ਸ਼ੁਰੂ ਵਿੱਚ ਵਿੱਛੜੇ ਸਾਥੀਆਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਦੋ ਮਿੰਟ ਦਾ ਮੋਨ ਧਾਰਨ ਕੀਤਾ ਗਿਆ।ਸੂਬੇ ਦੇ ਪ੍ਰਧਾਨ ਰਾਧੇ ਸ਼ਿਆਮ ਤੇ ਜਨਰਲ ਸਕੱਤਰ ਅਮਰੀਕ ਸਿੰਘ ਮਸੀਤਾਂ ਦੇ ਸਿਹਤਯਾਬ ਨਾ ਹੋਣ ਕਰਕੇ ਵਰਕਿੰਗ ਪ੍ਰਧਾਨ ਤੇ ਵਰਕਿੰਗ ਜਨਰਲ ਸਕੱਤਰ ਨੇ ਪਿਛਲੇ ਰੀਵਿਊ, ਸਾਲਾਨਾ ਮੈਂਬਰਸ਼ਿਪ, ਬਕਾਇਆ ਫੰਡ ਤੇ 27 ਜੁਲਾਈ ਨੂੰ ਸਾਂਝਾ ਫ਼ੋਰਮ, ਬਿਜਲੀ ਏਕਤਾ ਮੰਚ, ਪੈਨਸ਼ਨਰਜ਼ ਯੂਨੀਅਨ ਪੰਜਾਬ ਤੇ ਹੋਰ ਸਹਿਯੋਗੀ ਜਥੇਬੰਦੀਆਂ ਦੁਆਰਾ ਬਿਜਲੀ ਮੰਤਰੀ ਜਸਵੀਰ ਸਿੰਘ ਦੀ ਅੰਮ੍ਰਿਤਸਰ ਵਿਖੇ ਰਿਹਾਇਸ਼ ਦੇ ਘਿਰਾਓ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਪਾਵਰਕਾਮ ਤੇ ਟਰਾਂਸਕੋ ਦੀ ਮੈਨੇਜਮੈਂਟ ਦੁਆਰਾ ਬੀਤੇ ਸਮੇਂ ਦੌਰਾਨ ਮੀਟਿੰਗਾਂ ਵਿੱਚ ਮੰਨੀਆਂ ਮੰਗਾਂ ਲਾਗੂ ਕਰਵਾਉਣ ਲਈ, ਨਜਾਇਜ਼ ਲਗਾਏ ਜੱਜੀਆ ਟੈਕਸ ਬੰਦ ਕਰਵਾਉਣ ਲਈ, ਮੈਨੇਜਮੈਂਟ ਦੁਆਰਾ ਬਣਾਈ ਵੇਜ਼ ਫਾਰਮੂਲੇਸ਼ਨ ਕਮੇਟੀ ਵਿੱਚ ਨੁਮਾਇੰਦਗੀ ਲੈਣ ਲਈ ਤੇ ਪਿਛਲੇ ਮੰਗ ਪੱਤਰ ਦੀ ਲਗਾਤਾਰਤਾ ਵਿੱਚ ਪੱਤਰ ਵਿਹਾਰ ਕਰਕੇ ਬਕਾਇਆ ਮੰਗਾਂ ਦੀ ਪੂਰਤੀ ਲਈ ਜਥੇਬੰਦੀ ਮੈਨੇਜਮੈਂਟ ਅਧਿਕਾਰੀਆਂ ਨੂੰ ਮਿਲ ਕੇ ਮਸਲੇ ਹੱਲ ਕਰਵਾਉਣ ਦੀ ਕੋਸ਼ਿਸ਼ ਕਰੇਗੀ।ਜੇਕਰ ਹੁੰਗਾਰਾ ਨਾ-ਪੱਖੀ ਰਿਹਾ ਤਾਂ 15 ਅਗਸਤ ਤੋਂ ਬਾਅਦ ਤਿੱਖਾ ਸੰਘਰਸ਼ ਉਲੀਕ ਕੇ ਸੂਬੇ ਦੀ ਸਰਕਾਰ ਤੇ ਪਾਵਰਕਾਮ ਦੀ ਮੈਨੇਜਮੈਂਟ ਨੂੰ ਸਬਕ ਸਿਖਾਉਣ ਦੀ ਲੜਾਈ ਸ਼ੁਰੂ ਕੀਤੀ ਜਾਵੇਗੀ।ਇਸ ਮੌਕੇ ਵਿੱਤ ਸਕੱਤਰ ਸੁਖਜੰਟ ਸਿੰਘ ਬਰਨਾਲਾ, ਮੀਤ ਪ੍ਰਧਾਨ ਕੇਵਲ ਸਿੰਘ ਬਨਵੈਤ, ਸਕੱਤਰ ਗੁਰਮੇਲ ਸਿੰਘ ਨਾਹਰ, ਭਿੰਦਰ ਸਿੰਘ ਚਾਹਲ, ਰਾਜਿੰਦਰ ਸਿੰਘ, ਕਮਲਜੀਤ ਸਿੰਘ, ਚਰਨ ਸਿੰਘ ਰਾਜਪੁਰਾ, ਰਮਨ ਕੁਮਾਰ, ਤਿਲਕ ਰਾਜ, ਰਾਮ ਆਸਰਾ, ਚਰਨ ਦਾਸ, ਮਦਨ ਗੋਪਾਲ, ਮੋਨੂੰ ਰਾਮ ਨਵਾਂ ਸ਼ਹਿਰ, ਬਲਬੀਰ ਸਿੰਘ ਮਾਨ, ਜਸਵੀਰ ਸਿੰਘ, ਪੂਰਨ ਸਿੰਘ, ਨਰਿੰਦਰ ਬੇਦੀ ਤਰਨਤਾਰਨ, ਗੁਰਮੀਤ ਸਿੰਘ, ਜਗਦੇਵ ਸਿੰਘ, ਜਸਵਿੰਦਰ ਸਿੰਘ, ਭਜਨ ਸਿੰਘ, ਕੁਲਵੰਤ ਸਿੰਘ, ਜੋਗਿੰਦਰ ਸਿੰਘ, ਸੁਰਜੀਤ ਸਿੰਘ ਲਹਿਰਾ, ਜਗਦੇਵ ਸਿੰਘ ਬਾਹੀਆ, ਸੁਰਿੰਦਰ ਸਿੰਘ, ਜਗਜੀਤ ਸਿੰਘ, ਸੁਖਦੇਵ ਸਿੰਘ, ਬਿੱਕਰ ਸਿੰਘ, ਸੋਬਨ ਸਿੰਘ, ਅਵਤਾਰ ਸਿੰਘ ਕੰਡਾ, ਮਨਜੀਤ ਸਿੰਘ ਮਨਸੂਰਾਂ ਆਦਿ ਨੇ ਸਮੂਹ ਜਥੇਬੰਦੀਆਂ ਦੁਆਰਾ ਮੈਨੇਜਮੈਂਟ ਖਿਲਾਫ ਵਿੱਢੇ ਸੰਘਰਸ਼ ਦੀ ਹਮਾਇਤ ਕਰਦਿਆਂ ਵੱਡੀ ਪੱਧਰ 'ਤੇ ਕਾਫ਼ਲਿਆਂ ਦੇ ਰੂਪ ਵਿੱਚ ਇਕੱਠ ਕਰਕੇ ਸ਼ਾਮਲ ਹੋਣ ਦਾ ਵਿਸ਼ਵਾਸ ਦਿਵਾਇਆ।



# 2027 'ਚ ਪੰਜਾਬ 'ਚ ਭਾਜਪਾ ਦੀ ਸਰਕਾਰ ਬਣਨੀ ਯਕੀਨੀ : ਡਾ. ਸੀਮਾਂਤ ਗਰਗ

**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਜਪਾ ਦੇ ਸੂਬਾ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਅਗਵਾਈ ਹੇਠ 2027 ਵਿੱਚ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਨ ਤੋਂ ਕੋਈ ਨਹੀਂ ਰੋਕ ਸਕਦਾ ਤੇ ਪੰਜਾਬ ਵਿੱਚ ਸਰਕਾਰ ਬਣਾ ਕੇ ਭਾਜਪਾ ਪੰਜਾਬ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰੇਗੀ ਅਤੇ ਪੰਜਾਬ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਨੌਕਰੀਆਂ ਦੇਵੇਗੀ।ਇਸ ਦੇ ਨਾਲ ਹੀ ਪੰਜਾਬ ਵਿੱਚ ਵਿਗੜਦੀ ਕਾਨੂੰਨ ਵਿਵਸਥਾ, ਗੈਂਗਸਟਰਾਂ ਤੇ ਨਸ਼ਿਆਂ ਨੂੰ ਕਾਬੂ ਕਰਕੇ ਪੰਜਾਬ ਨੂੰ ਫਿਰ ਤੋਂ ਖੁਸ਼ਹਾਲ ਬਣਾਇਆ ਜਾਵੇਗਾ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਨੇ ਚੰਡੀਗੜ੍ਹ ਵਿਖੇ ਭਾਜਪਾ ਦੇ ਸੂਬਾ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ, ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ, ਭਾਜਪਾ ਦੇ ਸਾਬਕਾ ਸੂਬਾ ਜਨਰਲ ਸਕੱਤਰ ਜੀਵਨ ਗੁਪਤਾ ਤੇ ਹੋਰ ਆਗੂਆਂ ਨਾਲ ਚੰਡੀਗੜ੍ਹ ਵਿਖੇ ਸੂਬਾ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਦੇ ਤਾਜਪੋਸ਼ੀ ਸਮਾਗਮ ਮੌਕੇ ਮੁਲਾਕਾਤ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

ਇਸ ਮੌਕੇ ਭਾਜਪਾ ਦੇ ਸੀਨੀਅਰ ਆਗੂ ਨਿਧੜਕ ਸਿੰਘ ਬਰੜ, ਸਾਬਕਾ ਵਿਧਾਇਕ ਡਾ: ਹਰਜੋਤ ਕਮਲ, ਜਨਰਲ ਸਕੱਤਰ ਮੁਖਤਿਆਰ ਸਿੰਘ, ਜਨਰਲ ਸਕੱਤਰ ਵਿੱਕੀ ਸਿਤਾਰਾ, ਜਨਰਲ ਸਕੱਤਰ ਰਾਹੁਲ ਗਰਗ, ਆਈ.ਟੀ.ਸੈੱਲ ਇੰਚਾਰਜ ਮੁਕੇਸ਼ ਸ਼ਰਮਾ, ਮੰਡਲ ਪ੍ਰਧਾਨ ਬਾਘਾ ਪੁਰਾਣਾ ਦੀਪਕ ਤਲਵਾੜ, ਮੰਡਲ ਪ੍ਰਧਾਨ ਭੁਪਿੰਦਰ ਹੈਪੀ, ਜਤਿੰਦਰ ਚੱਢਾ, ਹੇਮੰਤ ਸੂਦ, ਯੂਥ ਆਗੂ ਸੁਖਬੀਰ ਸਿੰਘ ਧੌਂਜਵਾਨ, ਸੁਖਬੀਰ ਸਿੰਘ ਧੂਰੀ, ਪੰਕਜ ਸੂਦ, ਮਨਿੰਦਰ ਕੌਰ ਸਲੀਨਾ, ਸੁਕੇਸ਼ ਸੂਦ, ਸੰਜੀਵ ਕੁਮਾਰ, ਗਗਨ ਬਾਠਲਾ, ਨਵਦੀਪ ਤਲਵਾੜ, ਜਤਿਨ ਬਾਠਲਾ, ਡਾ: ਚਮਨ ਖੁਰਾਣਾ, ਨਰਿੰਦਰਪਾਲ ਸਾਥੀ ਆਦਿ ਹਾਜ਼ਰ ਸਨ। ਡਾ. ਸੀਮਾਂਤ ਗਰਗ ਨੇ ਕਿਹਾ ਕਿ ਪੰਜਾਬ ਵਿੱਚ ਕਾਨੂੰਨ ਵਿਵਸਥਾ ਵਿਗੜ ਗਈ ਹੈ ਤੇ ਵਪਾਰੀਆਂ, ਦੁਕਾਨਦਾਰਾਂ, ਡਾਕਟਰਾਂ ਤੇ ਆਮ ਲੋਕਾਂ ਨੂੰ ਦਿਨ-ਦਿਹਾੜੇ ਗੈਂਗਸਟਰਾਂ ਵੱਲੋਂ ਫਿਰੌਤੀ ਦੇ ਫੋਨ ਆ ਰਹੇ ਹਨ ਅਤੇ ਫਿਰੌਤੀ ਨਾ ਦੇਣ ਵਾਲਿਆਂ ਨੂੰ ਗੋਲੀਆਂ ਮਾਰੀਆਂ ਜਾ ਰਹੀਆਂ ਹਨ, ਜਿਸ ਕਾਰਨ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਡਰ ਦਾ ਮਾਹੌਲ ਹੈ।ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਰਾਜਸਥਾਨ, ਦਿੱਲੀ ਆਦਿ ਰਾਜਾਂ ਵਿੱਚ ਜਿੱਥੇ ਵੀ ਭਾਜਪਾ ਦੀ ਡਬਲ ਇੰਜਣ ਸਰਕਾਰ ਬਣੀ ਹੈ, ਉਹ ਰਾਜ ਤਰੱਕੀ ਦੇ ਰਾਹ 'ਤੇ ਚੱਲ ਰਹੇ ਹਨ ਤੇ ਬੇਰੁਜ਼ਗਾਰੀ ਦੀ ਸਮੱਸਿਆ ਖਤਮ ਹੋ ਗਈ ਹੈ ਅਤੇ ਲੋਕ ਅਤੇ ਰਾਜ ਆਰਥਿਕ ਤੌਰ 'ਤੇ ਮਜ਼ਬੂਤ ਹੋ ਗਏ ਹਨ ਅਤੇ ਰਾਜਾਂ ਵਿੱਚ ਵੱਡੇ ਪੱਧਰ 'ਤੇ ਉਦਯੋਗ ਸਥਾਪਤ ਕੀਤੇ ਜਾ ਰਹੇ ਹਨ ਅਤੇ ਲੋਕਾਂ ਨੂੰ ਰੁਜ਼ਗਾਰ ਦਿੱਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਵੀ ਡਬਲ ਇੰਜਣ ਸਰਕਾਰ ਲਿਆ ਕੇ ਪੰਜਾਬ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕੀਤਾ ਜਾ ਸਕਦਾ ਹੈ ਅਤੇ ਪੰਜਾਬ ਵਿੱਚ ਵੀ ਖੁਸ਼ਹਾਲੀ ਵਾਪਸ ਲਿਆਂਦੀ ਜਾ ਸਕਦੀ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ 2027 ਵਿੱਚ ਪੰਜਾਬ ਵਿੱਚ ਭਾਜਪਾ ਨਾਲ ਜੁੜ ਕੇ ਪਾਰਟੀ ਨੂੰ ਮਜ਼ਬੂਤ ਕਰਨ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਆਸ਼ੀਰਵਾਦ ਨਾਲ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਾਉਣ।ਉਨ੍ਹਾਂ ਕਿਹਾ ਕਿ ਅੱਜ ਚੰਡੀਗੜ੍ਹ ਵਿੱਚ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਦੇ ਤਾਜਪੋਸ਼ੀ ਸਮਾਰੋਹ ਵਿੱਚ ਪੰਜਾਬ ਭਰ ਤੋਂ ਹਜ਼ਾਰਾਂ ਭਾਜਪਾ ਅਧਿਕਾਰੀਆਂ ਤੇ ਵਰਕਰਾਂ ਵੱਲੋਂ ਦਿਖਾਇਆ ਗਿਆ ਉਤਸ਼ਾਹ ਦਰਸਾਉਂਦਾ ਹੈ ਕਿ ਹੁਣ ਇਹ ਸਪੱਸ਼ਟ ਹੋ ਗਿਆ ਹੈ ਕਿ ਭਾਜਪਾ 2027 ਵਿੱਚ ਬਹੁਮਤ ਨਾਲ ਸਰਕਾਰ ਬਣਾਏਗੀ।



# ਸੜਕਾਂ 'ਤੇ ਲੱਗੇ ਕੂੜੇ ਦੇ ਢੇਰਾਂ ਤੇ ਟੁੱਟੀਆਂ ਸੜਕਾਂ ਕਾਰਨ ਅਰਬਨ ਅਸਟੇਟ ਵਾਸੀ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ

## ਗੰਦਗੀ ਕਾਰਨ ਬਿਮਾਰੀਆਂ ਫੈਲਣ ਦਾ ਪੈਦਾ ਹੋਇਆ ਖਤਰਾ

**ਪਟਿਆਲਾ (ਰਾਜਿੰਦਰ ਥਿੰਦ)**-ਪੰਜਾਬ ਸਰਕਾਰ ਦਾ ਸ਼ਹਿਰੀ ਯੋਜਨਾਬੰਦੀ ਵਿਕਾਸ ਅਥਾਰਿਟੀ (ਪੁੱਡਾ) ਵੱਲੋਂ ਪਟਿਆਲਾ ਵਿਖੇ ਵਸਾਏ ਅਰਬਨ ਅਸਟੇਟ ਫੇਜ਼-1 ਤੇ 2 ਦੇ ਨਿਵਾਸੀ ਬੁਨਿਆਦੀ ਸਹੂਲਤਾਂ ਨਾ ਮਿਲਣ ਤੇ ਅਰਬਨ ਅਸਟੇਟ ਦੇ ਰਿਹਾਇਸ਼ੀ ਇਲਾਕਿਆਂ ਦੀਆਂ ਸੜਕਾਂ 'ਤੇ ਲੱਗੇ ਕੂੜੇ ਦੇ ਢੇਰਾਂ ਤੇ ਟੁੱਟੀਆਂ ਸੜਕਾਂ ਕਾਰਨ ਨਰਕ ਭਰੀ ਜ਼ਿੰਦਗੀ ਬਸਰ ਕਰਨ ਲਈ ਮਜਬੂਰ ਹਨ, ਕਿਉਂਕਿ ਪੁੱਡਾ ਪ੍ਰਸ਼ਾਸਨ ਵੱਲੋਂ ਲੰਮੇ ਸਮੇਂ ਤੋਂ ਅਰਬਨ ਅਸਟੇਟ ਦੇ ਇਨ੍ਹਾਂ ਨਿਵਾਸੀਆਂ ਨੂੰ ਨਾ ਤਾਂ ਬੁਨਿਆਦੀ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਤੇ ਨਾ ਹੀ ਸੜਕਾਂ ਬਣਾਈਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਸੜਕਾਂ ਤੇ ਖਾਲੀ ਥਾਵਾਂ/ਪਲਾਟਾਂ 'ਤੇ ਲਗਾਏ ਜਾ ਰਹੇ ਕੂੜੇ ਦੇ ਢੇਰਾਂ ਤੇ ਪੇਸ਼ ਆ ਰਹੀਆਂ ਮੁਸ਼ਕਲਾਂ ਤੋਂ ਰਾਹਤ ਨਹੀਂ ਦੁਆਈ ਜਾ ਰਹੀ, ਉਲਟਾ ਪੁੱਡਾ ਪ੍ਰਸ਼ਾਸਨ ਮੂਕ ਦਰਸ਼ਕ ਬਣ ਕੇ ਸਾਰਾ ਕੁੱਝ ਦੇਖ ਰਿਹਾ ਹੈ।

ਇਨ੍ਹਾਂ ਫੇਸਾਂ ਵਿੱਚ ਅਵਾਰਾ ਕੁੱਤਿਆਂ ਤੇ ਪਸ਼ੂਆਂ ਕਾਰਨ ਹਰ ਸਮੇਂ ਬੱਚਿਆਂ ਤੇ ਰਾਹਗੀਰਾਂ ਲਈ ਵਾਪਰਨ ਵਾਲੀਆਂ ਘਟਨਾਵਾਂ ਜਾਨ ਲਈ ਖਤਰਾ ਬਣ ਰਹੀਆਂ ਹਨ।ਇਨ੍ਹਾਂ ਕਾਲੋਨੀਆਂ ਵਿੱਚ ਪੁੱਡਾ ਵੱਲੋਂ ਲੋਕਾਂ ਨੂੰ ਮਹਿੰਗੇ ਭਾਅ 'ਤੇ ਪਲਾਟ ਵੇਚ ਕੇ ਕਰੋੜਾਂ ਰੁਪਏ ਤਾਂ ਇਕੱਠੇ ਕਰ ਲਏ ਗਏ ਹਨ, ਪ੍ਰੰਤੂ ਸਰਕਾਰੀ ਨਿਯਮਾਂ ਅਨੁਸਾਰ ਉਨ੍ਹਾਂ ਨੂੰ ਬੁਨਿਆਦੀ ਸਹੂਲਤਾਂ ਤੋਂ ਵਾਂਝਾ ਕੀਤਾ ਜਾ ਰਿਹਾ ਹੈ।ਪੁੱਡਾ ਦੇ ਅਧਿਕਾਰ ਖੇਤਰ ਅੰਦਰ ਵਿਭਾਗ ਵੱਲੋਂ ਕੂੜਾ ਸੁੱਟਣ ਲਈ ਕੋਈ ਸੁਰੱਖਿਅਤ ਥਾਂ-ਡੰਪ ਨਹੀਂ ਬਣਾਇਆ ਗਿਆ, ਜਿਸ ਕਾਰਨ ਘਰਾਂ ਵਿੱਚੋਂ ਕੂੜਾ ਇਕੱਠਾ ਕਰਨ ਵਾਲੇ ਲੋਕ ਗਾਹੇ-ਬਗਾਹੇ ਕੂੜਾ ਸੜਕਾਂ 'ਤੇ ਹੀ ਸੁੱਟ ਰਹੇ ਹਨ।ਇਸ ਤੋਂ ਇਲਾਵਾ ਪਾਰਕਾਂ ਵਿੱਚੋਂ ਘਾਹ ਕੱਟ ਕੇ ਤੇ ਬੂਟਿਆਂ ਦੀ ਕਾਂਟ ਨੂੰ ਦੂਰ ਸੁੱਟਣ ਦੀ ਥਾਂ ਸੜਕਾਂ 'ਤੇ ਹੀ ਸੁੱਟ ਕੇ ਗੰਦਗੀ ਫੈਲਾਈ ਜਾ ਰਹੀ ਹੈ। ਇਨ੍ਹਾਂ ਕਾਲੋਨੀਆਂ ਦੇ ਪਾਰਕਾਂ ਦੇ ਨਾਲ ਲੱਗਦੀਆਂ ਸੜਕਾਂ 'ਤੇ ਕੂੜੇ ਦੇ ਵੱਡੇ-ਵੱਡੇ ਢੇਰ ਲਗਾਏ ਜਾ ਰਹੇ ਹਨ।ਇਥੋਂ ਤੱਕ ਸੜਕਾਂ ਤੋਂ ਇਹ ਕੂੜਾ ਚੁੱਕਣ ਦੀ ਥਾਂ ਪੁੱਡਾ ਕਰਮਚਾਰੀਆਂ ਵੱਲੋਂ ਕੂੜੇ ਨੂੰ ਅੱਗ ਲਗਾ ਕੇ ਪ੍ਰਦੂਸ਼ਣ ਫੈਲਾਇਆ ਜਾ ਰਿਹਾ ਹੈ।ਇਥੇ ਹੀ ਬਸ ਨਹੀਂ ਬਰਸਾਤਾਂ ਦੇ ਇਨ੍ਹਾਂ ਦਿਨਾਂ ਵਿੱਚ ਇਨ੍ਹਾਂ ਰਿਹਾਇਸ਼ੀ ਕਾਲੋਨੀਆਂ ਵਿੱਚ ਲੱਗੇ ਕੂੜੇ ਦੇ ਢੇਰ ਜਿੱਥੇ ਡੇਂਗੂ ਵਰਗੀਆਂ ਨਾ-ਮੁਰਾਦ ਬਿਮਾਰੀਆਂ ਨੂੰ ਸੱਦਾ ਦੇ ਰਹੇ ਹਨ, ਉਥੇ ਇਹ ਮਾਡਰਨ ਕਾਲੋਨੀਆਂ ਪੱਛੜ ਕੇ ਪਿੰਡਾਂ ਦਾ ਰੂਪ ਧਾਰਨ ਕਰ ਚੁੱਕੀਆਂ ਹਨ।ਸੜਕਾਂ ਨੂੰ ਕੂੜੇ ਦੇ ਡੰਪਾਂ ਵਜੋਂ ਪ੍ਰਯੋਗ ਕਰਕੇ ਬਿਮਾਰੀਆਂ ਫੈਲਾਉਣ ਵਿੱਚ ਅਹਿਮ ਯੋਗਦਾਨ ਪਾਇਆ ਜਾ ਰਿਹਾ ਹੈ।ਫੇਜ਼ 1 ਤੇ 2 ਅੰਦਰ ਅਵਾਰਾ ਪਸ਼ੂਆਂ ਤੇ ਅਵਾਰਾ ਕੁੱਤਿਆਂ ਦੀ ਭਰਮਾਰ ਹੈ, ਸਫਾਈ ਦਾ ਕੋਈ ਧਿਆਨ ਨਹੀਂ ਰੱਖਿਆ ਜਾ ਰਿਹਾ ਹੈ।ਪੁੱਡਾ ਵੱਲੋਂ ਸਾਫ ਸਫਾਈ ਲਈ ਜੋ ਠੇਕੇਦਾਰ ਤਾਇਨਾਤ ਕੀਤੇ ਗਏ ਹਨ, ਉਨ੍ਹਾਂ ਤੋਂ ਕਾਗਜ਼ਾਂ ਵਿੱਚ ਹੀ ਫਰਜ਼ੀ ਤੌਰ 'ਤੇ ਕੰਮ ਲੈ ਕੇ ਖਜ਼ਾਨੇ ਨੂੰ ਲੱਖਾਂ ਰੁਪਏ ਦਾ ਚੂਨਾ ਲਗਾਇਆ ਜਾ ਰਿਹਾ ਹੈ।

ਅਰਬਨ ਅਸਟੇਟ ਅੰਦਰ ਫੈਲੀ ਗੰਦਗੀ ਤੋਂ ਇਲਾਵਾ ਰਿਹਾਇਸ਼ੀ ਕਾਲੋਨੀਆਂ ਵਿੱਚ ਘੁੰਮ ਰਹੀਆਂ ਗਾਵਾਂ ਤੇ ਸਾਨ੍ਹ ਲੋਕਾਂ ਦੀ ਜਾਨ ਲਈ ਖਤਰਾ ਬਣੇ ਹੋਏ ਹਨ।ਰਿਹਾਇਸ਼ ਕਾਲੋਨੀਆਂ ਅੰਦਰ ਘੁੰਮ ਰਹੇ ਅਵਾਰਾ ਪਸ਼ੂਆਂ ਨੂੰ ਰੋਕਣ ਤੇ ਸੜਕਾਂ ਉੱਤੇ ਕੂੜਾ ਕਰਕਟ ਨੂੰ ਸੁੱਟਣ ਤੋਂ ਰੋਕਣ ਲਈ ਬੇਸ਼ੱਕ ਪੁੱਡਾ ਵੱਲੋਂ ਸਕਿਓਰਿਟੀ ਗਾਰਡ ਤਾਇਨਾਤ ਕੀਤੇ ਗਏ ਹਨ, ਪ੍ਰੰਤੂ ਇਹ ਸਾਰੀ ਕਾਗਜ਼ੀ ਕਾਰਵਾਈ ਹੀ ਨਜ਼ਰ ਆਉਂਦੀ ਹੈ, ਕਿਉਂਕਿ ਇਨ੍ਹਾਂ ਕਾਲੋਨੀਆਂ ਵਿੱਚ ਘੁੰਮ ਰਹੇ ਦਰਜਨਾਂ ਪਸ਼ੂ ਤੇ ਕੁੱਤੇ ਇਸ ਗੱਲ ਦੀ ਗਵਾਹੀ ਭਰ ਰਹੇ ਹਨ ਕਿ ਉਨ੍ਹਾਂ ਨੂੰ ਰੋਕਣ ਵਾਲਾ ਕੋਈ ਨਹੀਂ ਹੈ।ਜੋ ਦਰਜਨਾਂ ਗਾਵਾਂ ਤੇ ਸਾਨ੍ਹ ਖੁੱਲ੍ਹੇ ਅੰਦਰ ਰਿਹਾਇਸ਼ੀ ਕਾਲੋਨੀਆਂ ਵਿੱਚ ਸੜਕਾਂ 'ਤੇ ਘੁੰਮਦੇ ਹੋਏ ਆਪਸ ਵਿੱਚ ਲੜਦੇ ਹੋਏ ਲੋਕਾਂ ਦੇ ਘਰਾਂ ਵਿੱਚ ਵੜ ਜਾਂਦੇ ਹਨ।ਇਸ ਤੋਂ ਇਲਾਵਾ ਛੋਟੇ ਬੱਚੇ ਤੇ ਵੱਡੇ ਵਿਅਕਤੀਆਂ ਲਈ ਇਹ ਖਤਰੇ ਦੀ ਘੰਟੀ ਬਣਦੇ ਜਾ ਰਹੇ ਹਨ, ਪ੍ਰੰਤੂ ਪੁੱਡਾ ਪ੍ਰਸ਼ਾਸਨ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ।

ਅਰਬਨ ਐਸਟੇਟ ਦੇ ਫੇਜ਼-1 ਤੇ 2 ਦੀਆਂ ਰਿਹਾਇਸ਼ੀ ਕਾਲੋਨੀਆਂ ਨੂੰ ਵੱਡੀ ਨਦੀ ਵਿੱਚ ਆਏ ਹੜ੍ਹ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੇ ਰਹੇ ਹਨ, ਪ੍ਰੰਤੂ ਇਨ੍ਹਾਂ ਕਾਲੋਨੀਆਂ ਅੰਦਰ ਵਸਦੇ ਨਿਵਾਸੀਆਂ ਨੂੰ ਭਵਿੱਖ ਵਿੱਚ ਆਉਣ ਵਾਲੇ ਹੜ੍ਹਾਂ ਤੋਂ ਰਾਹਤ ਦੁਆਉਣ ਲਈ ਪ੍ਰਸ਼ਾਸਨ ਵੱਲੋਂ ਕੋਈ ਪੁੱਖਤਾ ਪ੍ਰਬੰਧ ਨਹੀਂ ਕੀਤੇ ਗਏ, ਜਿਸ ਕਾਰਨ ਲੋਕਾਂ ਨੂੰ ਮੁੜ ਹੜ੍ਹ ਆਉਣ ਦਾ ਡਰ ਸਤਾ ਰਿਹਾ ਹੈ। ਜੇਕਰ ਫੇਜ਼-1, 2 ਤੇ ਵਿਚ ਪੈਂਦੀਆਂ ਰਿਹਾਇਸ਼ੀ ਕਾਲੋਨੀਆਂ ਦੀਆਂ ਸੜਕਾਂ ਵੱਲ ਨਜ਼ਰ ਮਾਰੀਏ ਤਾਂ ਸੜਕਾਂ ਵਿੱਚ ਦੋ-ਦੋ ਫੁੱਟ ਪਏ ਡੂੰਘੇ ਟੋਏ ਲੋਕਾਂ ਨੂੰ ਸਕੂਟਰ ਕਾਰਾਂ ਦੀ ਥਾਂ ਪੈਦਲ ਚੱਲਣ ਨੂੰ ਮਜਬੂਰ ਕਰ ਰਹੇ ਹਨ।ਪਿਛਲੇ ਸਮੇਂ ਦੌਰਾਨ ਇਨ੍ਹਾਂ ਫੇਜ਼ ਵਿੱਚ ਆਏ ਹੜ੍ਹਾਂ ਕਾਰਨ ਕਾਲੋਨੀਆਂ ਦੀਆਂ ਬਾਹਰਲੀਆਂ ਤੇ ਅੰਦਰੂਨੀ ਸੜਕਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਦਿੱਤਾ ਗਿਆ ਸੀ, ਪ੍ਰੰਤੂ ਇਨ੍ਹਾਂ ਖਸਤਾ ਹੋਈਆਂ ਸੜਕਾਂ ਨੂੰ ਨਵੇਂ ਸਿਰੇ ਤੋਂ ਬਣਾਉਣ ਲਈ ਯਤਨ ਤਾਂ ਕੀ ਕਰਨੇ ਸਨ, ਉਲਟਾ ਇਨ੍ਹਾਂ ਨੂੰ ਪੈਚ ਲਗਵਾ ਕੇ ਰਿਪੇਅਰ ਕਰਵਾਉਣਾ ਵੀ ਪਿਛਲੇ ਤਿੰਨ ਸਾਲਾਂ ਤੋਂ ਮੁਨਾਸਿਬ ਨਹੀਂ ਸਮਝਿਆ ਜਾ ਰਿਹਾ।ਇਹ ਇਲਾਕਾ ਮੌਜੂਦਾ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੇ ਅਧਿਕਾਰ ਖੇਤਰ ਵਿੱਚ ਆਉਣ ਕਾਰਨ ਇਨ੍ਹਾਂ ਕਾਲੋਨੀਆਂ ਦੀਆਂ ਰੈਜ਼ੀਡੈਂਸ ਕਾਲੋਨੀਆਂ ਵੱਲੋਂ ਆ ਰਹੀਆਂ ਮੁਸ਼ਕਲਾਂ ਤੋਂ ਰਾਹਤ ਦੁਆਉਣ ਲਈ ਉਨ੍ਹਾਂ ਨੂੰ ਦਰਜਨਾਂ ਵਾਰ ਗੁਹਾਰ ਲਗਾਈ ਜਾ ਚੁੱਕੀ ਹੈ, ਪਰ ਅਜੇ ਤੱਕ ਪਰਨਾਲਾ ਉਥੇ ਦਾ ਉਥੇ ਹੀ ਹੈ।ਵਰਨਣਯੋਗ ਹੈ ਕਿ ਬੀਤੇ ਦੋ ਸਾਲ ਪਹਿਲਾਂ ਸਿਹਤ ਮੰਤਰੀ ਬਲਬੀਰ ਸਿੰਘ ਵੱਲੋਂ ਟੁੱਟੀਆਂ ਸੜਕਾਂ ਦੀ ਮੁਰੰਮਤ ਕਰਵਾਉਣ ਤੇ ਇਨ੍ਹਾਂ ਫੇਜ਼ ਦੇ ਸਰਵਪੱਖੀ ਵਿਕਾਸ ਲਈ ਇੱਕੋ ਥਾਂ 'ਤੇ ਜੋ ਛੇ ਨੀਂਹ ਪੱਥਰ ਰੱਖੇ ਗਏ ਸਨ, ਇਨ੍ਹਾਂ ਨੀਂਹ ਪੱਥਰਾਂ ਅਨੁਸਾਰ ਕੰਮ ਤਾਂ ਕੀ ਕਰਵਾਇਆ ਜਾਣਾ ਸੀ। ਇਨ੍ਹਾਂ ਨੀਂਹ ਪੱਥਰਾਂ ਦੇ ਹੁਣ ਸਲਾਇਡ ਬੋਰਡ ਹੀ ਗਾਇਬ ਹੋ ਚੁੱਕੇ ਹਨ।ਅਰਬਨ ਐਸਟੇਟ ਫੇਜ਼-2 ਦੀ ਰੈਜ਼ੀਡੈਂਸ ਵੈੱਲਫੇਅਰ ਦੇ ਪ੍ਰਧਾਨ ਪਰਮਜੀਤ ਸਿੰਘ ਮਹਿਮੂਦਪੁਰ, ਸਾਬਕਾ ਆਈ. ਏ. ਐੱਸ. ਅਧਿਕਾਰੀ ਮਨਜੀਤ ਸਿੰਘ ਨਾਰੰਗ, ਆੜ੍ਹਤੀ ਐਸੋ. ਪੰਜਾਬ ਦੇ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਰਾਣਾ, ਨਵਦੀਪ ਸਿੰਘ ਬਿੱਟੂ, ਸ਼ਾਮ ਲਾਲ ਫੀਲਡ ਅਫ਼ਸਰ, ਲਾਲ ਸਿੰਘ ਇੰਸਪੈਕਟਰ ਪਨਸਪ, ਜਗਰੂਪ ਸਿੰਘ ਤੋਂ ਇਲਾਵਾ ਫੇਜ਼-3 ਦੇ ਨਿਵਾਸੀ, ਰਾਜਿੰਦਰ ਸਿੰਘ ਥਿੰਦ, ਪ੍ਰੇਮ ਸਿੰਘ ਸਰਪੰਚ ਸਵਾਈ ਸਿੰਘ ਵਾਲਾ, ਗੁਰਦੀਪ ਸਿੰਘ (ਡੀ. ਐੱਫ. ਐੱਸ. ਸੀ. ਰਿਟਾਇਰਡ), ਡਾ. ਮਲਕੀਤ ਸਿੰਘ ਮਾਨ, ਆਰ. ਕੇ. ਸੈਣੀ, ਜਸਬੀਰ ਸਿੰਘ ਗਿੱਲ, ਗੁਰਦੀਪ ਸਿੰਘ ਬੈਂਕ ਮੈਨੇਜਰ, ਮਨਮੋਹਨ ਸਿੰਘ ਅਰੋੜਾ, ਬੀ. ਐੱਸ. ਸਿੱਧੂ, ਅਮੋਲਕ ਸਿੰਘ ਫੀਲਡ ਅਫ਼ਸਰ, ਬੂਟਾ ਸਿੰਘ ਸਾਬਕਾ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ, ਰਾਜ ਕੁਮਾਰ ਇੰਸਪੈਕਟਰ, ਬੀ. ਐੱਸ. ਭੰਗੂ, ਡਾ. ਯਾਦਵਿੰਦਰ ਸਿੰਘ ਨੇ ਪੁੱਡਾ ਪ੍ਰਸ਼ਾਸਨ ਤੇ ਸਰਕਾਰ ਤੋਂ ਮੰਗ ਕੀਤੀ ਕਿ ਇਨ੍ਹਾਂ ਕਾਲੋਨੀਆਂ ਦੇ ਵਸਨੀਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਤੋਂ ਪਹਿਲ ਦੇ ਆਧਾਰ 'ਤੇ ਨਿਜਾਤ ਦੁਆਈ ਜਾਵੇ।



# ਜ਼ੋਨਲ ਪੱਧਰੀ ਐਥਲੈਟਿਕਸ ਮੁਕਾਬਲਿਆਂ 'ਚ ਵਿਜ਼ਡਮ ਸਕੂਲ ਨੇ ਜਿੱਤੇ ਮੈਡਲ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪ੍ਰਜਾ)-ਆਈ. ਸੀ. ਐੱਸ. ਈ. ਬੋਰਡ ਵੱਲੋਂ ਜ਼ੋਨਲ ਲੈਵਲ 'ਤੇ ਵੱਖ ਵੱਖ ਟੂਰਨਾਮੈਂਟ ਕਰਵਾਏ ਜਾ ਰਹੇ ਹਨ, ਜਿਨ੍ਹਾਂ ਵਿੱਚੋਂ ਸ਼ਨੀਵਾਰ ਨੂੰ ਮਾਲਵਾ ਸਕੂਲ ਵੱਲੋਂ ਬਾਦਲ ਸਟੇਡੀਅਮ ਵਿੱਚ ਐਥਲੈਟਿਕਸ ਟੂਰਨਾਮੈਂਟ ਕਰਵਾਇਆ ਗਿਆ।ਇਸ ਟੂਰਨਾਮੈਂਟ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ, ਜਿਸ ਵੱਲ ਵਿੱਚ ਵਿਜ਼ਡਮ ਵਰਲਡ ਸਕੂਲ ਥਾਂਦੇਵਾਲਾ ਦੇ ਵਿਦਿਆਰਥੀਆਂ ਨੇ ਵੀ ਭਾਗ ਲਿਆ।ਵਿਜ਼ਡਮ ਵਰਲਡ ਸਕੂਲ ਥਾਂਦੇਵਾਲਾ ਦੇ ਵਿਦਿਆਰਥੀਆਂ ਨੇ ਪ੍ਰਸ਼ੰਸਾਯੋਗ ਜਿੱਤਾਂ ਹਾਸਲ ਕੀਤੀਆਂ ਤੇ ਆਪਣੇ ਸਕੂਲ ਦਾ ਮਾਣ ਵਧਾਇਆ। ਇਸ ਵਿੱਚ ਦਿਲਜਾਨਪ੍ਰੀਤ ਸਿੰਘ ਨੇ 100 ਮੀਟਰ ਤੇ ਅਮਨਜੋਤ ਕੌਰ ਨੇ 200 ਮੀਟਰ ਦੌੜ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਗੋਲਡ ਮੈਡਲ ਹਾਸਲ ਕੀਤਾ। ਲੌਂਗ ਜੰਪ ਵਿੱਚ ਮਨਜੋਤ ਕੌਰ ਨੇ ਦੂਸਰਾ ਸਥਾਨ ਹਾਸਲ ਕਰਕੇ ਸਿਲਵਰ ਤੇ ਅਮਨਜੋਤ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕਰਕੇ ਬਰੌਂਜ਼ ਮੈਡਲ ਹਾਸਲ ਕੀਤਾ। ਸਕੂਲ ਦੇ ਚੇਅਰਮੈਨ ਜਸਵਿੰਦਰ ਸਿੰਘ ਨੇ ਦੱਸਿਆ ਕਿ ਇਹ ਸਭ ਪ੍ਰਾਪਤੀਆਂ ਬੱਚਿਆਂ ਦੀ ਮਿਹਨਤ ਤੇ ਲਗਨ ਸਦਕਾ ਹੀ ਹਾਸਲ ਹੋਈਆਂ ਹਨ।ਇਸ ਮੌਕੇ ਉਨ੍ਹਾਂ ਸਕੂਲ ਦੇ ਡੀ ਪੀ ਮਿਸਟਰ ਕੁਲਦੀਪ ਸ਼ਰਮਾ ਦਾ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਖੇਡਾਂ ਬੱਚਿਆਂ ਦੇ ਜੀਵਨ ਦਾ ਅਧਾਰ ਹਨ।ਬੱਚਿਆਂ ਨੂੰ ਖੇਡਾਂ ਦੇ ਨਾਲ ਨਾਲ ਪੜ੍ਹਾਈ ਵਿੱਚ ਵੀ ਹੁਸ਼ਿਆਰ ਹੋਣਾ ਚਾਹੀਦਾ।ਸਕੂਲ ਪ੍ਰਿੰਸੀਪਲ ਮੈਡਮ ਸੁਮਨ ਰਾਣੀ ਵੱਲੋਂ ਬੱਚਿਆਂ ਨੂੰ ਵਧਾਈ ਦਿੱਤੀ ਗਈ ਤੇ ਉਨ੍ਹਾਂ ਨੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਵੀ ਭਾਗ ਲੈਣ ਲਈ ਉਤਸ਼ਾਹਤ ਕੀਤਾ।ਅੰਤ ਵਿੱਚ ਸਕੂਲ ਮੈਨੇਜਮੈਂਟ ਵੱਲੋਂ ਸਕੂਲ ਦੇ ਸਟਾਫ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਉਪਰੋਕਤ ਤੋਂ ਇਲਾਵਾ ਸਕੂਲ ਦੇ ਵਾਈਸ ਪ੍ਰਿੰਸੀਪਲ ਮੈਡਮ ਸੋਨੀਆ, ਡੀ ਪੀ ਕੁਲਦੀਪ ਸਰ, ਪੂਨਮ ਸ਼ਰਮਾ ਤੇ ਸਮੂਹ ਸਟਾਫ ਮੌਜੂਦ ਸੀ।

# ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਸਮਰਪਤ ਬੂਟਿਆਂ ਦਾ ਲੰਗਰ

## ਪੌਦੇ ਮਨੁੱਖੀ ਸਰੀਰ ਦਾ ਅਨਿੱਖੜਵਾਂ ਅੰਗ ਹਨ : ਭਾਈ ਪ੍ਰਭ ਸਿਮਰਨਜੀਤ ਸਿੰਘ



ਮੋਗਾ (ਇਕਬਾਲ ਸਿੰਘ ਖਹਿਰਾ)-ਮੋਗਾ ਸ਼ਹਿਰ ਦੀ ਪ੍ਰਮੁੱਖ ਧਾਰਮਿਕ ਤੇ ਸਮਾਜਿਕ ਸੰਸਥਾ ਖਾਲਸਾ ਸੇਵਾ ਸੁਸਾਇਟੀ ਮੋਗਾ ਵੱਲੋਂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਸਮਰਪਤ ਠੰਢੀ ਛਾਂ ਦਾ ਲੰਗਰ ਜੀ ਟੀ ਰੋਡ ਮੋਗਾ ਵਿਖੇ ਵੱਡੇ ਪੱਧਰ 'ਤੇ ਲਗਾਇਆ ਗਿਆ।ਗੁਰਮੁੱਖ ਸਿੰਘ ਖਾਲਸਾ ਵੱਲੋਂ ਅਰਦਾਸ ਤੋਂ ਬਾਅਦ ਵਿਸ਼ੇਸ਼ ਤੌਰ 'ਤੇ ਪਹੁੰਚੇ ਮੋਟੀਵੇਸ਼ਨਲ ਸਪੀਕਰ ਭਾਈ ਪ੍ਰਭ ਸਿਮਰਨ ਜੀਤ ਸਿੰਘ ਨੇ ਇਸ ਬੂਟਿਆਂ ਦੇ ਲੰਗਰ ਦੀ ਸ਼ੁਰੂਆਤ ਰਿਬਨ ਕੱਟ ਕੇ ਕੀਤੀ ਅਤੇ ਜਜ਼ਬੇ ਨਾਲ ਭਰੇ ਸ਼ਬਦਾਂ ਨਾਲ ਉਨ੍ਹਾਂ ਦੱਸਿਆ ਕਿ ਰੁੱਖ ਜੀਵਿਤ ਆਤਮਾਵਾਂ ਹਨ।ਇਹ ਸਾਡੇ ਸਰੀਰ ਦਾ ਅਨਿੱਖੜਵਾਂ ਅੰਗ ਹਨ, ਇਨ੍ਹਾਂ ਤੋਂ ਬਿਨਾਂ ਜੀਵਨ ਦਾ ਅਨੁਮਾਨ ਨਹੀਂ ਲਗਾਇਆ ਜਾ ਸਕਦਾ। ਉਨ੍ਹਾਂ ਖਾਲਸਾ ਸੇਵਾ ਸੁਸਾਇਟੀ ਦੇ ਇਸ ਮਹਾਨ ਕਾਰਜ ਦੀ ਸ਼ਲਾਘਾ ਕੀਤੀ ਤੇ ਸੁਸਾਇਟੀ ਮੈਂਬਰਾਂ ਨੂੰ ਇਸ ਉਪਰਾਲੇ ਦੀ ਵਧਾਈ ਵੀ ਦਿੱਤੀ।ਸੁਸਾਇਟੀ ਮੈਂਬਰ ਗੁਰਪ੍ਰੀਤ ਸਿੰਘ ਮਾਸਟਰ ਪਵਨਜੀਤ ਸਿੰਘ ਤੇ ਮਾਸਟਰ ਪ੍ਰਦੀਪ ਰੌਜ਼ਰਾ ਤੇ ਭੈਣ ਰਮਨ ਵੱਲੋਂ ਬੂਟੇ ਲੈਣ ਵਾਲੀ ਸੰਗਤ ਦੇ ਨਾਮ ਨੰਬਰ ਨੋਟ ਕਰ ਕੇ ਪਰਚੀਆਂ ਕੱਟ ਕੇ ਦਿੱਤੀਆਂ, ਹਰ ਇੱਕ ਪਰਚੀ ਤੇ 2 ਬੂਟੇ ਦਿੱਤੇ ਗਏ।ਇਸ ਸਮੇਂ ਸੁਸਾਇਟੀ ਪ੍ਰਧਾਨ ਪਰਮਜੀਤ ਸਿੰਘ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਹੁਣ ਤੱਕ ਹਜ਼ਾਰਾਂ ਦੀ ਗਿਣਤੀ ਵਿੱਚ ਬੂਟੇ ਵੰਡੇ ਜਾ ਚੁੱਕੇ ਹਨ ਤੇ ਇਸ ਵਾਰ 4500 ਦੇ ਕਰੀਬ ਬੂਟੇ ਸੰਗਤ ਨੂੰ ਦਿੱਤੇ ਜਾ ਰਹੇ ਹਨ।ਸਤਨਾਮ ਸਿੰਘ ਕਾਰਪੇਂਟਰ, ਕੁਲਦੀਪ ਸਿੰਘ ਕਲਸੀ, ਦਲਜੀਤ ਸਿੰਘ ਔਲਖ ਨੇ ਦੱਸਿਆ ਕਿ ਇਸ ਵਾਰ ਅੰਬ, ਜਾਮਣ, ਅਮਰੂਦ, ਡੇਕ, ਨਿੰਮ, ਪਿੱਪਲ, ਬੋਹੜ, ਕਚਨਾਰ, ਕਨੇਰ, ਡ੍ਰੇਕਸ, ਬੋਤਲ ਬੁਰਸ਼, ਟਕੋਮਾ, ਨਿੰਬੂ, ਟਾਹਲੀ, ਸੁਖਚੈਨ, ਖੰਜੂਰ, ਚਾਂਦਨੀ, ਸੁਹੰਝਣਾ ਤੇ ਜਕਾਰਦੀ ਬੂਟੇ ਵੰਡੇ ਗਏ।ਸਤਿੰਦਰਪਾਲ ਸਿੰਘ, ਪਰਮਜੀਤ ਸਿੰਘ ਬਿੱਟੂ, ਹਰਦੀਪ ਸਿੰਘ ਮਠੀ ਨੇ ਜੋ ਵੀ ਬੂਟੇ ਲਗਾ ਕੇ ਉਸ ਦੇ ਫੋਟੋ ਭੇਜਣਗੇ, ਉਨ੍ਹਾਂ ਸਭ ਦਾ ਲੱਕੀ ਡਰਾਅ 25 ਜੁਲਾਈ ਨੂੰ ਕੱਢਿਆ ਜਾਵੇਗਾ, ਜਿਸ ਵਿੱਚ ਵੱਖ ਵੱਖ ਤਰ੍ਹਾਂ ਦੇ ਇਨਾਮ ਦਿੱਤੇ ਜਾਣਗੇ।ਗੁਰਜੰਟ ਸਿੰਘ, ਤ੍ਰਿਲਨਜੀਤ ਸਿੰਘ, ਮਾਨਵ ਸਿੱਧੂ ਤੇ ਲਵਪ੍ਰੀਤ ਸਿੰਘ ਆਦਿ ਵੀਰਾਂ ਵੱਲੋਂ ਠੰਡੀ ਛਾਂ ਦੇ ਲੰਗਰ ਤੇ ਨਾਲ ਨਾਲ ਠੰਡੇ ਮਿੱਠੇ ਜਲ ਦੀ ਛਬੀਲ ਦਾ ਉਪਰਾਲਾ ਵੀ ਕੀਤਾ ਗਿਆ।ਇਸ ਦੌਰਾਨ ਨਗਰ ਨਿਗਮ ਦੇ ਮੇਅਰ ਬਲਜੀਤ ਸਿੰਘ ਚਾਨੀ, ਐੱਮ ਸੀ ਅਰਵਿੰਦਰ ਸਿੰਘ ਕਾਹਨਪੁਰੀਆ, ਕੁਲਵੰਤ ਕੌਰ, ਗੁਰਨਾਮ ਸਿੰਘ ਲਵਲੀ, ਰਾਜਵੰਤ ਸਿੰਘ ਮਾਹਲਾ, ਕੁਲਵਿੰਦਰ ਸਿੰਘ ਸੰਧੂ, ਬਲਕਰਨ ਸਿੰਘ ਢਿੱਲੋਂ, ਬਲਜੀਤ ਸਿੰਘ ਖੀਵਾ, ਕ੍ਰਿਸ਼ਨ ਪ੍ਰਤਾਪ, ਸੁਖਮਣੀ ਸਟੀਲ, ਭੁਪਿੰਦਰ ਸਿੰਘ, ਸੁਖਚੈਨ ਸਿੰਘ ਰਾਮੂਵਾਲੀਆ, ਸੁਸ਼ੀਲ ਮਿੱਢਾ, ਬਲਜੀਤ ਸਿੰਘ ਵਿੱਕੀ, ਗੁਲਾਬੀਜਿੰਦਰ ਸਿੰਘ, ਹਰਜਿੰਦਰ ਸਿੰਘ ਚੌਹਾਨ, ਮਨਦੀਪ ਸਿੰਘ ਆਦਿ ਨੇ ਹਾਜ਼ਰੀ ਭਰੀ ਤੇ ਸੇਵਾ ਵਿੱਚ ਯੋਗਦਾਨ ਪਾਇਆ।ਇਸ ਤੋਂ ਇਲਾਵਾ ਰਸ਼ਪਾਲ ਸਿੰਘ, ਕੁਲਜੀਤ ਸਿੰਘ ਰਾਜਾ, ਜਸਪ੍ਰੀਤ ਸਿੰਘ, ਲਵਪ੍ਰੀਤ ਸਿੰਘ, ਪਰਮਜੀਤ ਸਿੰਘ ਪੰਮਾ, ਹਰਪ੍ਰੀਤ ਸਿੰਘ ਰੋਧ, ਗੁਰਜੰਟ ਸਿੰਘ ਸਾਹੋਕੇ, ਅਮਨਦੀਪ ਸਿੰਘ ਟੋਨੀ, ਰਮਨਦੀਪ ਸਿੰਘ, ਸੁਖਪਾਲ ਸਿੰਘ ਸੋਨੀ, ਦਿਲਬਾਗ ਸਿੰਘ, ਗੁਰਅੰਸ਼ਦੀਪ ਸਿੰਘ ਆਦਿ ਵੀਰ ਸੇਵਾ ਵਿਚ ਹਾਜ਼ਰ ਸਨ।

# ਚੇਅਰਮੈਨ ਥਿੰਦ ਨੇ ਓ ਬੀ ਸੀ ਭਾਈਚਾਰੇ ਦੀਆਂ ਮੁਸ਼ਕਲਾਂ ਸੁਣੀਆਂ



ਫ਼ਾਜ਼ਿਲਕਾ (ਨਿਸ਼ਾ ਸ਼ਰਮਾ)

ਪੰਜਾਬ ਰਾਜ ਪਛੜੀਆਂ ਸ਼੍ਰੇਣੀਆਂ ਕਮਿਸ਼ਨ ਦੇ ਚੇਅਰਮੈਨ ਮਲਕੀਤ ਸਿੰਘ ਥਿੰਦ ਨੇ ਸ਼ਹਿਰ ਦਾ ਦੌਰਾ ਕੀਤਾ, ਜਿਸ ਦੌਰਾਨ ਉਨ੍ਹਾਂ ਵੱਖ-ਵੱਖ ਸਮਾਜਿਕ ਸਥਬੰਧੀਆਂ ਤੇ ਓਬੀਸੀ ਭਾਈਚਾਰੇ ਦੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ।ਇਸ ਤੋਂ ਬਾਅਦ ਉਨ੍ਹਾਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਅਧਿਕਾਰੀਆਂ ਨਾਲ ਬੈਠਕ ਕਰਕੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਸਰਕਾਰ ਦੀਆਂ ਚੱਲ ਰਹੀਆਂ ਯੋਜਨਾਵਾਂ ਦੀ ਸਮੀਖਿਆ ਕੀਤੀ।

ਕਮਿਸ਼ਨ ਵੱਲੋਂ ਇੱਕ ਹੈਲਪਲਾਈਨ ਨੰਬਰ ਜਾਰੀ ਕੀਤਾ ਜਾਵੇਗਾ ਤਾਂ ਜੁ ਪੰਜਾਬ ਭਰ ਦੇ ਲੋਕ ਕਮਿਸ਼ਨ ਤੱਕ ਕਿਸੇ ਵੀ ਕੰਮ ਕਾਜ ਲਈ ਪਹੁੰਚ ਆਸਾਨੀ ਨਾਲ ਕਰ ਸਕਣ।ਉਨ੍ਹਾਂ ਆਖਿਆ ਕਿ ਸਰਕਾਰ ਵੱਲੋਂ ਪਿਛੜੇ ਵਰਗਾਂ ਦੀ ਭਲਾਈ ਲਈ ਵੱਖ-ਵੱਖ ਸਕੀਮਾਂ ਚਲਾਈਆਂ ਜਾ ਰਹੀਆਂ ਹਨ ਤੇ ਕਮਿਸ਼ਨ ਇਹ ਯਕੀਨੀ ਬਣਾਏਗਾ ਕਿ ਇਨ੍ਹਾਂ ਸਕੀਮਾਂ ਦਾ ਲਾਭ ਹਰ ਇੱਕ ਯੋਗ ਵਿਅਕਤੀ ਨੂੰ ਮਿਲੇ।ਸ੍ਰੀ ਮਲਕੀਤ ਸਿੰਘ ਥਿੰਦ ਨੇ ਆਖਿਆ ਕਿ ਪਹਿਲੀ ਵਾਰ ਹੈ ਕਿ ਬਤੌਰ ਕਮਿਸ਼ਨ ਚੇਅਰਮੈਨ ਕੋਈ ਜ਼ਿਲ੍ਹੇਵਾਰ ਦੌਰਾ ਕਰ ਰਿਹਾ ਹੈ, ਜਦਕਿ ਪਿਛਲੀਆਂ ਸਰਕਾਰਾਂ ਸਮੇਂ ਅਜਿਹਾ ਨਹੀਂ ਹੋਇਆ। ਬਾਅਦ 'ਚ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਉਨ੍ਹਾਂ ਨੇ ਅਧਿਕਾਰੀਆਂ ਨਾਲ ਬੈਠਕ ਕੀਤੀ, ਜਿਸ ਵਿੱਚ ਵਧੀਕ ਡਿਪਟੀ ਕਮਿਸ਼ਨਰ ਜਨਰਲ ਡਾ ਮਨਦੀਪ ਕੌਰ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸੁਭਾਸ਼ ਚੰਦਰ, ਐਸਡੀਐਮ ਵੀਰਪਾਲ ਕੌਰ, ਜ਼ਿਲ੍ਹਾ ਸਮਾਜਿਕ ਨਿਆਂ ਤੇ ਅਧਿਕਾਰਤਾ ਅਫ਼ਸਰ ਬਰਿੰਦਰ ਸਿੰਘ, ਡੀ ਐਸ ਪੀ ਸੋਮਨਾਥ, ਤਹਿਸੀਲ ਸਮਾਜਿਕ ਨਿਆਂ ਤੇ ਅਧਿਕਾਰਤਾ ਅਫ਼ਸਰ ਅਸ਼ੋਕ ਕੁਮਾਰ, ਸਿਵਲ ਸਰਜਨ ਰਾਜ ਕੁਮਾਰ, ਜੀਐਮਡੀ ਆਈ ਸੀ ਜੀਪੀਐਸ ਚਾਵਲਾ, ਜ਼ਿਲ੍ਹਾ ਸਿੱਖਿਆ ਅਫਸਰ ਅਜੇ ਸ਼ਰਮਾ, ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਗੁਰਦਾਸ ਸਿੰਘ ਆਦਿ ਵੀ ਹਾਜ਼ਰ ਸਨ।

ਮੀਟਿੰਗ ਦੌਰਾਨ ਜਿੱਥੇ ਚੇਅਰਮੈਨ ਨੇ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਰਕਾਰੀ ਸਕੀਮਾਂ ਦਾ ਲਾਭ ਲੋਕਾਂ ਤੱਕ ਪੁੱਜਦਾ ਕਰਨ ਲਈ ਜਾਗਰੂਕਤਾ ਗਤੀਵਿਧੀਆਂ ਕੀਤੀਆਂ ਜਾਣ।ਉਨ੍ਹਾਂ ਕਿਹਾ ਕਿ ਦਫਤਰਾਂ ਵਿੱਚ ਆਉਣ ਵਾਲੇ ਲੋਕਾਂ ਨੂੰ ਕੋਈ ਮੁਸ਼ਕਲ ਨਾ ਆਵੇ। ਬੈਠਕ ਵਿੱਚ ਡੀਐਮਈਓ ਡਾ ਐਰਿਕ ਨੇ ਦੱਸਿਆ ਕਿ ਜਨਨੀ ਸੁਰਕਸ਼ਾ ਯੋਜਨਾ ਤਹਿਤ ਜ਼ਿਲ੍ਹੇ ਵਿੱਚ 3440 ਲੋਕਾਂ ਨੂੰ ਲਾਭ ਦਿੱਤਾ ਗਿਆ ਹੈ।ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਵਜ਼ੀਫ਼ਾ ਸਕੀਮਾਂ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ।

# ਸ਼ਾਂਤੀ ਵਿੱਦਿਆ ਮੰਦਰ 'ਚ ਪੀ ਟੀ ਐੱਮ ਦੌਰਾਨ ਵੰਡੇ ਗਏ ਪੌਦੇ



ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸ਼ਾਂਤੀ ਵਿੱਦਿਆ ਮੰਦਰ ਵਿਖੇ ਪੇਰੈਂਟਸ-ਟੀਚਰਜ਼ (ਪੀ.ਟੀ.ਐੱਮ.) ਮੀਟਿੰਗ ਕੀਤੀ ਗਈ, ਜਿਸ ਦੌਰਾਨ ਸਕੂਲ ਦੀ ਪ੍ਰਬੰਧਕੀ ਕਮੇਟੀ ਵੱਲੋਂ ਵਿਦਿਆਰਥੀਆਂ ਦੇ ਮਾਪਿਆਂ ਨੂੰ ਪੌਦੇ ਵੰਡੇ ਗਏ। ਇਸ ਪਹਿਲਕਦਮੀ ਦਾ ਮੁੱਖ ਮਕਸਦ 'ਇੱਕ ਰੁੱਖ ਮਾਂ ਦੇ ਨਾਂ' ਮੁਹਿੰਮ ਨੂੰ ਅੱਗੇ ਵਧਾਉਣ ਸੀ, ਜਿਸ ਦੇ ਤਹਿਤ ਹਰੇਕ ਵਿਅਕਤੀ ਨੂੰ ਆਪਣੀ ਮਾਂ ਦੇ ਨਾਂ 'ਤੇ ਰੁੱਖ ਲਗਾ ਕੇ ਉਸ ਨੂੰ ਸਨਮਾਨਤ ਕਰਨ ਦੀ ਪ੍ਰੇਰਣਾ ਦਿੱਤੀ ਗਈ। ਇਸ ਮੌਕੇ ਸਕੂਲ ਦੇ ਅਧਿਆਪਕਾਂ ਨੇ ਵੀ ਪ੍ਰਿੰਸੀਪਲ ਰਜਨੀ ਮਡਾਹਰ ਦੀ ਅਗਵਾਈ ਵਿੱਚ ਇੱਕ-ਇੱਕ ਰੁੱਖ ਲਗਾਇਆ। ਇਸ ਪਹਿਲ ਦਾ ਉਦੇਸ਼ ਵਿਸ਼ਵਵਿਆਪੀ ਤਪਸ਼ (ਗਲੋਬਲ ਵਾਰਮਿੰਗ) ਦੀ ਸਮੱਸਿਆ ਨੂੰ ਘਟਾਉਣਾ ਤੇ ਧਰਤੀ ਨੂੰ ਭਵਿੱਖ ਦੀਆਂ ਪੀੜ੍ਹੀਆਂ ਲਈ ਸੁਰੱਖਿਅਤ ਰੱਖਣਾ ਸੀ। ਸਕੂਲ ਵਿੱਚ ਹਰ ਪੀ.ਟੀ.ਐੱਮ. ਦੌਰਾਨ ਮਾਪਿਆਂ ਲਈ ਮਨੋਰੰਜਕ ਗਤੀਵਿਧੀਆਂ ਦਾ ਪ੍ਰਬੰਧ ਕੀਤਾ ਜਾਂਦਾ ਹੈ, ਤਾਂ ਜੋ ਉਹ ਆਪਣੇ ਰੋਜ਼ਮਰ੍ਹਾ ਦੇ ਤਣਾਅ ਭਰੇ ਜੀਵਨ ਵਿੱਚੋਂ ਕੁਝ ਪਲ ਮਨੋਰੰਜਨ ਤੇ ਸਕੂਨ ਦੇ ਬਿਤਾ ਸਕਣ। ਪ੍ਰਿੰਸੀਪਲ ਰਜਨੀ ਮਡਾਹਰ ਨੇ ਕਿਹਾ ਕਿ ਸਕੂਲ ਵੱਲੋਂ ਭਵਿੱਖ ਵਿਚ ਵੀ ਅਜਿਹੇ ਸਮਾਜਿਕ ਤੇ ਵਾਤਾਵਰਣ ਸਬੰਧੀ ਕਾਰਜ ਜਾਰੀ ਰੱਖੇ ਜਾਣਗੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅਜਿਹੀਆਂ ਮੁਹਿੰਮਾਂ ਨਾਲ ਨਾ ਸਿਰਫ਼ ਵਿਦਿਆਰਥੀਆਂ ਤੇ ਮਾਪਿਆਂ ਵਿੱਚ ਵਾਤਾਵਰਣ ਪ੍ਰਤੀ ਜਾਗਰੂਕਤਾ ਵਧਦੀ ਹੈ, ਸਗੋਂ ਸਮਾਜ ਵਿੱਚ ਸਕਾਰਾਤਮਕ ਤਬਦੀਲੀ ਵੀ ਆਉਂਦੀ ਹੈ। ਇਸ ਮੌਕੇ ਮਾਪਿਆਂ ਨੇ ਸਕੂਲ ਦੇ ਇਸ ਸੰਵੇਦਨਸ਼ੀਲ ਤੇ ਪ੍ਰਗਤੀਸ਼ੀਲ ਕਾਰਜ ਦੀ ਸਰਾਹਨਾ ਕੀਤੀ।

# ਵਾਤਾਵਰਣ ਸੰਭਾਲ ਮੁਹਿੰਮ ਦਾ ਕਪੂਰੇ 'ਚ 300 ਬੂਟੇ ਲਗਾ ਕੇ ਕੀਤਾ ਆਗਾਜ਼



ਮੋਗਾ (ਇਕਬਾਲ ਸਿੰਘ ਖਹਿਰਾ)-ਸ੍ਰੀ ਅਕਾਲ ਤਖਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਵਾਤਾਵਰਣ ਸੰਭਾਲ ਤੇ ਧਾਰਮਿਕ ਜ਼ਿੰਮੇਵਾਰੀਆਂ ਦੀ ਪਾਲਣਾ ਕਰਦਿਆਂ ਜ਼ਿਲ੍ਹਾ ਮੋਗਾ ਦੇ ਹਲਕਾ ਧਰਮਕੋਟ ਦੇ ਸਰਕਲ ਮਹਿਣਾ ਵਿੱਚ ਇੱਕ ਵੱਡੀ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ।ਇਸ ਮਹਿੰਮ ਦੀ ਸ਼ੁਰੂਆਤ ਪਿੰਡ ਕਪੂਰੇ ਤੋਂ ਹੋਈ, ਜਿੱਥੇ 300 ਤੋਂ ਵੱਧ ਬੂਟੇ ਲਗਾਏ ਗਏ।ਇਸ ਵਿਸ਼ੇਸ਼ ਮੌਕੇ 'ਤੇ ਮਨਪ੍ਰੀਤ ਸਿੰਘ ਇਆਲੀ (ਐੱਮ ਐੱਲ ਏ ਦਾਖਾ) ਤੇ ਸ੍. ਬਰਜਿੰਦਰ ਸਿੰਘ ਮੱਖਣ ਬਰਾੜ (ਸਾਬਕਾ ਚੇਅਰਮੈਨ ਹੈਲਥ ਸਿਸਟਮ ਕਾਰਪੋਰੇਸ਼ਨ, ਮੈਂਬਰ ਪੰਜ ਮੈਂਬਰੀ ਭਰਤੀ ਕਮੇਟੀ) ਵੱਲੋਂ ਮੁਹਿੰਮ ਦੀ ਅਗਵਾਈ ਕੀਤੀ ਗਈ।ਦੋਹਾਂ ਆਗੂਆਂ ਨੇ ਹਰੇ ਭਰੇ ਪੰਜਾਬ ਵੱਲ ਕਦਮ ਵਧਾਉਂਦਿਆਂ ਸੰਗਤਾਂ ਨੂੰ ਵਾਤਾਵਰਣ ਸੰਭਾਲ ਲਈ ਉਤਸ਼ਾਹਤ ਕੀਤਾ।ਮਨਪ੍ਰੀਤ ਸਿੰਘ ਇਆਲੀ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਵਾਤਾਵਰਣ ਦੀ ਸੰਭਾਲ ਬਾਰੇ ਦਿੱਤੇ ਗਏ ਹੁਕਮ ਸਾਡੀ ਧਾਰਮਿਕ, ਸਮਾਜਿਕ ਤੇ ਆਗਾਮੀ ਪੀੜ੍ਹੀਆਂ ਲਈ ਜ਼ਿੰਮੇਵਾਰੀ ਨੂੰ ਯਾਦ ਕਰਾਉਂਦੇ ਹਨ।ਅਸੀਂ ਹਰ ਪਿੰਡ ਵਿੱਚ ਹਰਿਆਵਲੀ ਵਧਾ ਕੇ ਸਿਰਫ ਧਰਤੀ ਦੀ ਸੇਵਾ ਨਹੀਂ ਕਰਦੇ, ਸਗੋਂ ਗੁਰੂ ਸਾਹਿਬ ਦੇ ਹੁਕਮਾਂ ਦੀ ਪੂਰੀ ਨਿਭਾਣੀ ਕਰਦੇ ਹਾਂ।ਇਸ ਦੌਰਾਨ ਸੰਗਤਾਂ ਵੱਲੋਂ ਪੰਜ ਮੈਂਬਰੀ ਕਮੇਟੀ ਵੱਲੋਂ ਕੀਤੀ ਜਾ ਰਹੀ ਭਰਤੀ ਦੀ ਸੰਪੂਰਨਤਾ ਸੰਬੰਧੀ ਕਾਪੀਆਂ ਤੇ ਪੂਰਾ ਰਿਕਾਰਡ ਮਨਪ੍ਰੀਤ ਸਿੰਘ ਇਆਲੀ ਨੂੰ ਸੌਂਪਿਆ ਗਿਆ।ਮਨਪ੍ਰੀਤ ਸਿੰਘ ਇਆਲੀ ਨੇ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੱਚੀ ਸ਼ਰਧਾ ਤੇ ਇਕਜੁਟਤਾ ਨਾਲ ਪੰਜ ਮੈਂਬਰੀ ਕਮੇਟੀ ਦੀ ਭਰਤੀ ਮੁਹਿੰਮ ਦੀ ਸੰਪੂਰਨਤਾ ਸਿਰੇ ਲੱਗੀ ਹੈ।ਇਹ ਸਾਰੀ ਸੰਗਤ ਸ਼੍ਰੋਮਣੀ ਅਕਾਲੀ ਦਲ ਦੀ ਪੁਨਰਸੁਰਜੀਤ ਮੁਹਿੰਮ ਵਿੱਚ ਇੱਕ ਵੱਡਾ ਯੋਗਦਾਨ ਪਾ ਰਹੀ ਹੈ।ਬਰਜਿੰਦਰ ਸਿੰਘ ਮੱਖਣ ਬਰਾੜ ਨੇ ਕਿਹਾ ਕਿ ਇਹ ਸਿਰਫ਼ ਸ਼ੁਰੂਆਤ ਹੈ।ਜ਼ਿਲ੍ਹਾ ਮੋਗਾ ਦੇ ਹਰੇਕ ਪਿੰਡ ਤੱਕ ਇਹ ਵਾਤਾਵਰਣ ਸੰਭਾਲ ਤੇ ਧਾਰਮਿਕ ਜਾਗਰੂਕਤਾ ਦੀ ਲਹਿਰ ਲੈ ਜਾਈ ਜਾਵੇਗੀ।ਇਸ ਮੌਕੇ ਰਜਿੰਦਰ ਸਿੰਘ ਕਪੂਰ, ਬਲਦੇਵ ਸਿੰਘ ਮਾਣੂਕੇ, ਗੁਰਜੰਟ ਸਿੰਘ ਭੁੱਟੋ, ਕੁਲਦੀਪ ਸਿੰਘ ਏਡੀਓ, ਐਡਵੋਕੇਟ ਰਣਜੀਤ ਸਿੰਘ ਧਾਲੀਵਾਲ, ਸਾਬਕਾ ਜ਼ਿਲ੍ਹਾ ਪ੍ਰਧਾਨ ਦਵਿੰਦਰ ਸਿੰਘ ਰਣੀਆ, ਬਲਜੀਤ ਸਿੰਘ, ਭਗਵਾਨ ਸਿੰਘ ਅਟਾਰੀ, ਸਰਕਲ ਪ੍ਰਧਾਨ ਕਮਿੱਕਰ ਸਿੰਘ ਔਗੜ, ਹਰਪਿੰਦਰ ਸਿੰਘ ਲਾਡੀ ਬੁੱਟਰ, ਬਲਦੇਵ ਸਿੰਘ ਤਲਵੰਡੀ ਮਘੇਰੀਆਂ, ਹਰਪਾਲ ਸਿੰਘ ਮਹਿਣਾ, ਸਰਪੰਚ ਬਲਜੀਤ ਸਿੰਘ ਚਗਾਵਾਂ, ਇਕਬਾਲਦੀਪ ਸਿੰਘ ਹੈਰੀ, ਦਲਜੀਤ ਸਿੰਘ ਆਦਿ ਹਾਜ਼ਰ ਸਨ।

# ਸੂਬੇ ਦੀ ਤਰੱਕੀ ਲਈ ਸਰਕਾਰ ਕਰ ਰਹੀ ਮਿਸਾਲੀ ਕਾਰਜ : ਹਰਚੰਦ ਸਿੰਘ ਬਰਸਟ



ਪਟਿਆਲਾ (ਰਾਜਿੰਦਰ ਸਿੰਘ ਥਿੰਦ)

ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਵੱਲੋਂ ਪਟਿਆਲਾ ਦਫਤਰ ਵਿਖੇ ਲੋਕ ਮਿਲਣੀ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਬਰਸਟ ਵੱਲੋਂ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਸਮੇਤ ਲੋਕਾਂ ਨਾਲ ਮੁਲਾਕਾਤ ਕੀਤੀ ਗਈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ, ਜਿਨ੍ਹਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ। ਇਸ ਦੌਰਾਨ ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਇਸ ਲੋਕ ਮਿਲਣੀ ਪ੍ਰੋਗਰਾਮ ਦਾ ਮੁੱਖ ਉਦੇਸ਼ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਿੱਧੇ ਤੌਰ 'ਤੇ ਸੁਣਨਾ ਅਤੇ ਉਨ੍ਹਾਂ ਦਾ ਤੁਰੰਤ ਨਿਪਟਾਰਾ ਕਰਨਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀ ਆਪਣੀ ਸਰਕਾਰ ਹੈ, ਜੋ ਹਮੇਸ਼ਾ ਲੋਕ ਹਿੱਤ ਵਿੱਚ ਕੰਮ ਕਰਦੀ ਹੈ। ਉਨ੍ਹਾਂ ਕਿਹਾ ਕਿ ਅਸੀਂ ਹਮੇਸਾ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਵਚਨਬੱਧ ਹਾਂ। ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੀ ਤਰੱਕੀ ਅਤੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਲਈ ਲਗਾਤਾਰ ਕਾਰਜ ਕੀਤੇ ਜਾ ਰਹੇ ਹਨ। ਇਸ ਦੇ ਨਾਲ ਹੀ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਨਾ ਕਰਨੇ ਪਵੇ, ਇਸਦੇ ਲਈ ਵੀ ਪੰਜਾਬ ਸਰਕਾਰ ਪੂਰੀ ਤਰ੍ਹਾਂ ਨਾਲ ਕਾਰਜਸ਼ੀਲ ਹੈ। ਪੰਜਾਬ ਸਰਕਾਰ ਵੱਲੋਂ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਤੇ ਸੂਬੇ ਦੀ ਤਰੱਕੀ ਵਿੱਚ ਕਿਸੇ ਵੀ ਤਰ੍ਹਾਂ ਦੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ। ਬਰਸਟ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੇ 3 ਸਾਲਾਂ ਦੇ ਕਾਰਜਕਾਲ ਦੌਰਾਨ ਸਿੱਖਿਆ, ਸਿਹਤ, ਰੁਜ਼ਗਾਰ ਸਮੇਤ ਹਰ ਖੇਤਰ ਵਿੱਚ ਸ਼ਾਨਦਾਰ ਕੰਮ ਕਰਕੇ ਮਿਸਾਲ ਕਾਇਮ ਕੀਤੀ ਹੈ। ਲੋਕਾਂ ਨੂੰ ਚੰਗੀਆਂ ਸਿਹਤ ਸੇਵਾਵਾਂ ਮੁਹੱਈਆ ਕਰਾਉਣ ਦੇ ਉਦੇਸ਼ ਨਾਲ ਸੂਬਾ ਸਰਕਾਰ ਵੱਲੋਂ ਵਿਸ਼ੇਸ਼ ਪੱਧਰ ਤੇ ਕੰਮ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਦੀ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਸੂਬੇ ਦੇ 65 ਲੱਖ ਪਰਿਵਾਰਾਂ ਨੂੰ 10 ਲੱਖ ਰੁਪਏ ਤੱਕ ਦਾ ਮੁੱਫਤ ਅਤੇ ਕੈਸ਼ਲੈਸ ਇਲਾਜ ਮਿਲੇਗਾ, ਤਾਂ ਕਿ ਬਿਨਾਂ ਕਿਸੇ ਆਰਥਿਕ ਬੋਝ ਤੋਂ ਲੋਕ ਆਪਣਾ ਇਲਾਜ ਕਰਵਾ ਸਕਣ।

# ਦਸਮੇਸ਼ ਪਾਰਕ 'ਚ ਇੱਕ ਹਫਤੇ ਲਈ ਲੱਗੇਗਾ ਤੀਆਂ ਦਾ ਮੇਲਾ



ਮੋਗਾ (ਇਕਬਾਲ ਸਿੰਘ ਖਹਿਰਾ)-ਅੰਮ੍ਰਿਤਸਰ ਰੋਡ 'ਤੇ ਦਸਮੇਸ਼ ਪਾਰਕ ਮੋਗਾ ਵਿਖੇ ਇੱਕ ਹਫਤੇ ਲਈ ਬੀਬੀਆਂ ਵਾਸਤੇ 'ਤੀਆਂ ਦਾ ਮੇਲਾ' ਲਗਾਇਆ ਜਾਵੇਗਾ।ਇਹ ਫੈਸਲਾ ਹਰਜਿੰਦਰ ਸਿੰਘ ਬੇਦੀ ਦੀ ਪ੍ਰਧਾਨਗੀ ਹੇਠ ਹੋਈ ਦਸਮੇਸ਼ ਵੈੱਲਫੇਅਰ ਕਲੱਬ ਦੀ ਮੀਟਿੰਗ ਵਿਚ ਕੀਤਾ ਗਿਆ।ਸਮੂਹ ਕਲੱਬ ਮੈਂਬਰਾਂ ਨੇ ਸਰਬ-ਸੰਮਤੀ ਨਾਲ ਹਰ ਸਾਲ ਦੀ ਤਰਾਂ 'ਤੀਆਂ ਦਾ ਮੇਲਾ' ਮਨਾਉਣ ਦੇ ਫੈਸਲੇ ਨੂੰ ਪ੍ਰਵਾਨਗੀ ਦਿੱਤੀ।ਉਲੀਕੇ ਗਏ ਪ੍ਰੋਗਰਾਮ ਮੁਤਾਬਕ ਦਸਮੇਸ਼ ਪਾਰਕ ਮੋਗਾ ਵਿੱਚ ਤੀਆਂ ਦੇ ਤਿਉਹਾਰ ਦਾ ਆਰੰਭਕ ਸਮਾਗਮ 3 ਅਗਸਤ 2025 ਦਿਨ ਐਤਵਾਰ ਨੂੰ ਸ਼ਾਮ ਨੂੰ ਰੱਖਿਆ ਜਾਵੇਗਾ ਤੇ ਸਮਾਪਤੀ 10 ਅਗਸਤ 2025 ਸ਼ਾਮ ਨੂੰ ਹੋਵੇਗੀ।ਦਸਮੇਸ਼ ਵੈੱਲਫੇਅਰ ਕਲੱਬ ਦੀਆ ਮੈਂਬਰ ਬੀਬੀਆਂ ਵੱਲੋਂ ਹਫਤਾ ਭਰ ਰੋਜ਼ਾਨਾ ਸ਼ਾਮ ਨੂੰ ਤੀਆਂ ਦਾ ਰੌਣਕ ਮੇਲਾ ਲਾਇਆ ਜਾਵੇਗਾ।ਮੀਟਿੰਗ ਵਿੱਚ ਕਲੱਬ ਦੇ ਖ਼ਜ਼ਾਨਚੀ ਇਕਬਾਲ ਸਿੰਘ ਸਿੱਧੂ ਨੇ ਕਲੱਬ ਦੇ ਹੁਣ ਤਕ ਹੋਏ ਖਰਚਿਆਂ ਤੇ ਉਗਰਾਹੀ ਦੇ ਵੇਰਵੇ ਮੈਂਬਰਾਂ ਨਾਲ ਸਾਂਝੇ ਕੀਤੇ।ਕਲੱਬ ਦੇ ਸੀਨੀਅਰ ਮੈਂਬਰ ਸੁਖਵੰਤ ਸਿੰਘ ਢਿੱਲੋਂ ਨੇ ਉਦਾਸੀਨਤਾ (ਡੀਪ੍ਰੈਸ਼ਨ) ਨਾਲ ਹੋਣ ਵਾਲੇ ਨੁਕਸਾਨ ਤੇ ਉਸ ਤੋਂ ਬਚਣ ਦੇ ਉਪਾਵਾਂ ਬਾਰੇ ਮੈਂਬਰਾਂ ਨੂੰ ਜਾਣਕਾਰੀ ਦਿੱਤੀ।ਮੀਟਿੰਗ ਵਿੱਚ ਰਸ਼ਪਾਲ ਸਿੰਘ ਸੰਧੂ, ਹਰਜੀਤ ਸਿੰਘ ਐਡਵੋਕੇਟ, ਇਕਬਾਲ ਸਿੰਘ, ਹਰਨੇਕ ਸਿੰਘ, ਬਸੰਤ ਸਿੰਘ, ਜਸਵੰਤ ਸਿੰਘ ਢਿੱਲੋਂ, ਸੇਖੋਂ ਸਾਹਿਬ, ਤੂਰ ਸਾਹਿਬ, ਅਮਰ ਸਿੰਘ, ਜਗਦੀਪ ਸਿੰਘ, ਨਿਰਮਲ ਸਿੰਘ, ਮੱਖਣ ਸਿੰਘ, ਭੁਪਿੰਦਰ ਸਿੰਘ ਢਿੱਲੋਂ ਆਦਿ ਮੈਂਬਰਾਂ ਨੇ ਭਾਗ ਲਿਆ।

# ਜ਼ਮੀਨ ਐਕਵਾਇਰ ਦੇ ਵਿਰੋਧ 'ਚ ਕਾਂਗਰਸ ਦਾ ਕਿਸਾਨਾਂ ਨੇ ਡਟ ਕੇ ਸਾਥ ਦਿੱਤਾ : ਕਪਿਲ ਆਨੰਦ




ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਹੇਠ ਲੁਧਿਆਣਾ ਦੇ ਗਲਾਡਾ ਦਫ਼ਤਰ ਵਿਖੇ ਸਰਕਾਰ ਵੱਲੋਂ, ਜੋ 24000 ਏਕੜ ਜ਼ਮੀਨ ਐਕਵਾਇਰ ਕੀਤੀ ਜਾ ਰਹੀ ਹੈ, ਉਸ ਦੇ ਵਿਰੋਧ ਵਿੱਚ ਸੂਬੇ ਦੇ ਕਿਸਾਨਾਂ ਨੇ ਕਾਂਗਰਸ ਦਾ ਡਟ ਕੇ ਸਾਥ ਦਿੱਤਾ ਹੈ ਤੇ ਸਰਕਾਰ ਨੂੰ ਦਿਖਾ ਦਿੱਤਾ ਹੈ ਕਿ ਉਹ ਆਪਣੀ ਜ਼ਮੀਨ ਕਿਸੇ ਵੀ ਕੀਮਤ 'ਤੇ ਐਕਵਾਇਰ ਨਹੀਂ ਹੋਣ ਦੇਣਗੇ। ਮਾਛੀਵਾੜਾ ਬਲਾਕ ਦੇ ਸ਼ਹਿਰੀ ਪ੍ਰਧਾਨ ਐਡਵੋਕੇਟ ਕਪਿਲ ਆਨੰਦ ਨੇ ਕਿਹਾ ਕਿ ਅੱਜ ਹਲਕਾ ਸਮਰਾਲਾ ਦੇ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਦੀ ਅਗਵਾਈ ਹੇਠ ਭਾਰੀ ਗਿਣਤੀ 'ਚ ਕਾਂਗਰਸੀ ਵਰਕਰਾਂ ਤੇ ਕਿਸਾਨਾਂ ਨੇ ਇਸ ਜ਼ਮੀਨ ਐਕਵਾਇਰ ਕਰਨ ਦੇ ਵਿਰੋਧ ਵਿੱਚ ਲਗਾਏ ਧਰਨੇ 'ਚ ਸ਼ਮੂਲੀਅਤ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਤਾਂ ਪਹਿਲਾਂ ਹੀ ਵਾਹੀਯੋਗ ਜ਼ਮੀਨ ਘਟਦੀ ਜਾ ਰਹੀ ਹੈ ਤੇ ਕਿਸਾਨ ਆਰਥਿਕ ਪੱਖੋਂ ਕਮਜ਼ੋਰ ਹੁੰਦਾ ਜਾ ਰਿਹਾ ਹੈ ਅਤੇ ਦੂਸਰਾ ਹੁਣ 24000 ਏਕੜ ਜ਼ਮੀਨ ਐਕਵਾਇਰ ਕਰਕੇ ਕਿਸਾਨਾਂ ਨੂੰ ਭੂਮੀਹੀਣ ਕਰਕੇ ਪੰਜਾਬ ਦਾ ਉਜਾੜਾ ਕੀਤਾ ਜਾ ਰਿਹਾ ਹੈ। ਸ਼ਹਿਰੀ ਪ੍ਰਧਾਨ ਕਪਿਲ ਆਨੰਦ ਨੇ ਕਿਹਾ ਕਿ ਹਲਕਾ ਸਮਰਾਲਾ ਦੇ ਪਿੰਡ ਬਾਲਿਓਂ ਵਿਖੇ ਜੋ ਸਰਕਾਰ ਵੱਲੋਂ ਜ਼ਮੀਨ ਐਕਵਾਇਰ ਕੀਤੀ ਜਾ ਰਹੀ ਹੈ, ਉਸ ਦਾ ਕਿਸੇ ਇੱਕ ਕਿਸਾਨ ਨੇ ਵੀ ਸਮਰਥਨ ਨਹੀਂ ਕੀਤਾ, ਬਲਕਿ ਸਮੂਹ ਜ਼ਮੀਨ ਮਾਲਕਾਂ ਤੇ ਇਲਾਕਾ ਨਿਵਾਸੀਆਂ ਨੇ ਡੱਟਵਾਂ ਵਿਰੋਧ ਕੀਤਾ ਹੈ। ਸ਼ਹਿਰੀ ਪ੍ਰਧਾਨ ਕਪਿਲ ਆਨੰਦ ਨੇ ਕਿਹਾ ਕਿ ਕਾਂਗਰਸ ਹਮੇਸ਼ਾ ਕਿਸਾਨਾਂ ਦੇ ਹਿੱਤਾਂ ਲਈ ਪਹਿਰਾ ਦਿੰਦੀ ਆ ਰਹੀ ਹੈ ਤੇ ਜੇਕਰ ਸਰਕਾਰ ਨੇ ਜਬਰੀ ਜ਼ਮੀਨ ਐਕਵਾਇਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਇਲਾਕੇ ਦੇ ਕਾਂਗਰਸੀ ਵਰਕਰ ਤੇ ਆਗੂ ਕਿਸਾਨਾਂ ਨਾਲ ਚੱਟਾਨ ਵਾਂਗ ਖੜਨਗੇ। ਅੱਜ ਧਰਨੇ 'ਚ ਹੋਰਨਾਂ ਤੋਂ ਇਲਾਵਾ ਕੌਂਸਲਰ ਸੁਰਿੰਦਰ ਕੁਮਾਰ ਛਿੰਦੀ, ਸਾਬਕਾ ਕੌਂਸਲਰ ਪਰਮਜੀਤ ਪੰਮੀ, ਬਲਵਿੰਦਰ ਰਾਏ ਸੋਨੀ, ਚੇਤਨ ਚੌਰਾਇਆ, ਅਮਰਜੀਤ ਸਿੰਘ, ਬਰਿੰਦਰ ਲਾਲ, ਹਰਚੰਦ ਸਿੰਘ, ਬੀਰਪਾਲ, ਰਜਿੰਦਰ ਕੌਰ, ਵਿਜੈ ਕੁਮਾਰ ਮੌਜੂਦ ਸਨ।

# ਸੜਕਾਂ ਦੀ ਮੁਰੰਮਤ ਦੇ ਸਰਕਾਰੀ ਦਾਅਵੇ ਖੋਖਲੇ : ਚੰਦੂਮਾਜਰਾ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਦੀਆਂ ਸੜਕਾਂ ਦੀ ਮੁਰੰਮਤ ਕਰਨ ਦੇ ਦਾਅਵੇ ਕਰਕੇ ਲੋਕਾਂ ਨੂੰ ਭਰਮਾ ਰਹੀ ਹੈ, ਜਦਕਿ ਪੰਜਾਬ ਦੀਆਂ ਸੜਕਾਂ ਦਾ ਬੁਰਾ ਹਾਲ ਹੈ।ਇਸ ਬਾਰੇ ਗੰਭੀਰ ਨੋਟਿਸ ਲੈਣਾ ਪਵੇਗਾ।ਪ੍ਰੋ. ਚੰਦੂਮਾਜਰਾ ਪੱਤਰਕਾਰਾਂ ਨਾਲ ਗੱਲ ਕਰ ਰਹੇ ਸਨ। ਮੀਟਿੰਗ ਤੋਂ ਬਾਅਦ ਸਾਬਕਾ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇ ਦੱਸਿਆ ਕਿ ਪਿਛਲੇ ਲਗਭਗ ਡੇਢ ਸਾਲ ਤੋਂ ਪੰਜਾਬ ਸਰਕਾਰ ਦੇ ਨੁਮਾਇੰਦਿਆਂ ਦੀਆਂ ਇਹ ਖ਼ਬਰਾਂ ਪੜ੍ਹਨ ਨੂੰ ਮਿਲ ਰਹੀਆਂ ਹਨ ਕਿ ਸੜਕਾਂ ਦੀ ਮੁਰੰਮਤ ਦਾ ਕੰਮ ਕੁਝ ਦਿਨਾਂ ਵਿੱਚ ਹੀ ਸ਼ੁਰੂ ਹੋ ਜਾਵੇਗਾ ਤੇ ਇਸ ਸਬੰਧੀ ਫੰਡਸ ਆ ਗਏ ਹਨ, ਪ੍ਰੰਤੂ ਡੇਢ ਸਾਲ ਦਾ ਇੰਤਜ਼ਾਰ ਕਰਦੇ ਰਹੇ। ਚੰਦੂਮਾਜਰਾ ਨੇ ਕਿਹਾ ਕਿ ਜੇਕਰ ਸੜਕਾਂ ਦਾ ਨਿਰਮਾਣ ਕਾਰਜ ਸ਼ੁਰੂ ਨਾ ਕੀਤਾ ਗਿਆ ਤਾਂ 30 ਜੁਲਾਈ ਨੂੰ ਹਲਕੇ ਦੇ ਲੋਕਾਂ ਨੂੰ ਨਾਲ ਲੈ ਕੇ ਸੜਕਾਂ ਜਾਮ ਕਰਨਗੇ।

AXIS BANK | Retail Asset Center "2nd and 3rd Floor, Property No. 7-E, Malhar Road, Saraabha Nagar, Ludhiana -141001.
Corporate Office:-, "Axis House", C-2, Wadia International Centre, Pandurang Budhkar Marg, Worli, Mumbai- 400025
Registered Office: "Trishul", 3rd Floor Opp. Samartheshwar Temple Law Garden, Ellisbridge Ahmedabad- 380006

**ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ**

ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐੱਸਟਸ ਦੀ ਵਿੱਕਰੀ ਵਾਸਤੇ ਈ-ਨਿਲਾਮੀ ਨੋਟਿਸ।

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜ਼ਡ ਹੈ, ਜਿਸ ਦਾ ਭੌਤਿਕ ਕਬਜ਼ਾ ਸਕਿਉਰਡ ਕ੍ਰੈਡਿਟਰ ਦੇ ਅਧਿਕਾਰਤ ਅਫਸਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ, ਦੀ ਵਿਕਰੀ (1) ਸ੍ਰੀ ਨਰਿੰਦਰ ਸਿੰਘ ਪੁੱਤਰ ਕਰਮਜੀਤ ਸਿੰਘ (2) ਸ੍ਰੀਮਤੀ ਰੁਪਿੰਦਰ ਕੌਰ ਪਤਨੀ ਨਰਿੰਦਰ ਸਿੰਘ ਤੋਂ ਸਕਿਉਰਡ ਕ੍ਰੈਡਿਟਰ ਦੀ 10 ਜੁਲਾਈ 2025 ਨੂੰ ਬਕਾਇਆ ਰਕਮ ਰੁਪਏ 28,73,267/- ਅਠਾਈ ਲੱਖ ਤਿਹੱਤਰ ਹਜ਼ਾਰ ਦੋ ਸੌ ਸਤਾਹਠ ਰੁਪਏ ਕੇਵਲ) ਦੀ ਵਸੂਲੀ ਲਈ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਉੱਥੇ ਜੋ ਵੀ ਹੈ" ਦੇ ਅਧਾਰ 'ਤੇ 29.07.2025 ਨੂੰ ਕੀਤੀ ਜਾਵੇਗੀ। ਜ਼ਰੂਰੀ ਵੇਰਵਿਆਂ ਲਈ ਕਿਰਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ।

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 16,24,572/- (ਸੋਲਾਂ ਲੱਖ ਚੌਵੀ ਹਜ਼ਾਰ ਪੰਜ ਸੌ ਬਹੱਤਰ ਰੁਪਏ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | 1,62,457/- (ਇੱਕ ਲੱਖ ਬਾਹਠ ਹਜ਼ਾਰ ਚਾਰ ਸੌ ਸਤਵੰਜਾ ਰੁਪਏ ਕੇਵਲ) |
| ਬੋਲੀ ਵਾਧਾ ਰਕਮ | 10,000/- (ਦਸ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐਕਸਿਸ ਬੈਂਕ ਲਿਮਟਿਡ ਰਿਟੇਲ ਐੱਸਟ ਸੈਂਟਰ, ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7 ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001, ਵਿਖੇ 30 ਜੁਲਾਈ 2025 ਨੂੰ ਸ਼ਾਮ ਦੇ 5.00 ਵਜੇ ਤੱਕ |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 31 ਜੁਲਾਈ 2025 ਨੂੰ ਸਵੇਰੇ 11.00 ਵਜੇ ਅਤੇ ਦੁਪਹਿਰ 01.00 ਵਜੇ ਦਰਮਿਆਨ, ਹਰੇਕ 5 ਮਿੰਟਾਂ ਦੇ ਅਸੀਮਤ ਵਾਧਿਆਂ ਨਾਲ। ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ ਆਦਿ ਰੱਖਦੇ ਈ-ਨਿਲਾਮੀ ਟੈਂਡਰ ਦਸਤਾਵੇਜ਼ ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲੱਬਧ ਹਨ। |

**ਸਾਰਣੀ**

ਬੈਨਾਮਾ ਦਸਤਾਵੇਜ਼ ਨੰ. 2021-22/89/1/3854 ਮਿਤੀ 06-08-2021 ਰਾਹੀਂ ਸ੍ਰੀਮਤੀ ਰੁਪਿੰਦਰ ਕੌਰ ਪਤਨੀ ਸੁਰਿੰਦਰ ਸਿੰਘ ਦੇ ਨਾਂਅ 'ਤੇ ਰਿਹਾਇਸ਼ੀ ਜਾਇਦਾਦ/ਪਲਾਟ ਪ੍ਰਾਈਵੇਟ ਨੰ. 53 ਮਿਨ 'ਤੇ ਨਿਰਮਤ ਰਕਬਾ 112.49 ਵਰਗ ਗਜ਼, ਖਸਰਾ ਨੰ. 4668/2 ਮਿਨ ਖੱਤਾ-ਖਤੌਨੀ ਨੰ. 900/2324, ਜਮ੍ਹਾਂਬੰਦੀ ਸਾਲ 2015-16, ਸੁਲਤਾਨਵਿੰਡ ਸਬ-ਅਰਬਨ, ਤਰਫ ਮਾਹਲ-II ਅਬਾਦੀ ਭਾਈ ਮੰਝ ਰੋਡ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) : ਪੂਰਬ : ਹੋਰ ਮਾਲਕ, ਪੱਛਮ : ਗਲੀ 20' ਚੌੜੀ, ਉੱਤਰ : ਪਲਾਟ ਨੰ. 54, ਪੱਛਮ : ਪਲਾਟ ਨੰ. 53 ਮਿਨ ਦਾ ਬਾਕੀ ਹਿੱਸਾ।

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.axisbank.com/auction-retail ਅਤੇ ਬੈਂਕ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਦਾ ਹਵਾਲਾ ਲਿਆ ਜਾਵੇ। ਈ-ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਕੀਤੀ ਜਾਵੇਗੀ। ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਸ੍ਰੀ ਸੰਦੀਪ ਬਵੇਜਾ (ਮੋਬਾਈਲ ਨੰ. 89207-05598) ਬੈਂਕ ਦੇ ਅਧਿਕਾਰਤ ਅਫਸਰ ਨਾਲ ਦਫਤਰੀ ਸਮੇਂ ਸਵੇਰੇ 9.30 ਵਜੇ ਤੋਂ ਸ਼ਾਮ ਦੇ 6.00 ਵਜੇ ਤੱਕ ਸੰਪਰਕ ਕਰ ਸਕਦੇ ਹਨ। ਇਸ ਨੋਟਿਸ ਨੂੰ ਕਰਜ਼ਦਾਰਾਂ ਲਈ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 8 (6) ਤਹਿਤ 15 ਦਿਨਾਂ ਦਾ ਨੋਟਿਸ ਮੰਨਿਆ ਜਾਵੇ।

ਮਿਤੀ : 15-07-2025, ਸਥਾਨ : ਅੰਮ੍ਰਿਤਸਰ     ਤੁਹਾਡਾ ਸ਼ੁੱਭਚਿੰਤਕ ਵਾਸਤੇ ਐਕਸਿਸ ਬੈਂਕ ਲਿਮਟਿਡ (ਅਧਿਕਾਰਤ ਅਫਸਰ)

# ਪੰਜਾਬੀ ਸਾਹਿਤ ਸਭਾ ਖੰਨਾ ਦੀ ਮਹੀਨਵਾਰ ਮੀਟਿੰਗ



ਖੰਨਾ (ਸੁਖਵਿੰਦਰ ਸਿੰਘ ਭਾਦਲਾ)-ਬੀਤੇ ਦਿਨੀਂ ਪੰਜਾਬੀ ਸਾਹਿਤ ਸਭਾ ਖੰਨਾ ਦੀ ਮਹੀਨਾਵਾਰ ਮੀਟਿੰਗ ਏ. ਐੱਸ. ਸੀਨੀ. ਸੈਕੰ. ਸਕੂਲ ਵਿੱਚ ਪ੍ਰਧਾਨ ਨਰਿੰਦਰ ਮਾਣਕੂ ਦੀ ਪ੍ਰਧਾਨਗੀ ਹੇਠ ਹੋਈ।ਇਸ ਮੀਟਿੰਗ ਵਿੱਚ ਵੱਖ-ਵੱਖ ਸਾਹਿਤਕਾਰਾਂ ਨੇ ਭਾਗ ਲਿਆ।ਇਸ ਤੋਂ ਬਾਅਦ ਰਚਨਾਵਾਂ ਦਾ ਦੌਰ ਚੱਲਿਆ।

ਸਭ ਤੋਂ ਪਹਿਲਾਂ ਸੁਖਵਿੰਦਰ ਸਿੰਘ ਬਿੱਟੂ ਨੇ ਕਵਿਤਾ ਭੁਲੇਖੇ, ਮਾ. ਕਿਰਪਾਲ ਸਿੰਘ ਘੁਡਾਣੀ ਨੇ ਦੇਸ ਮੇਰਾ, ਸਾਬਕਾ ਪ੍ਰਧਾਨ ਮਨਜੀਤ ਸਿੰਘ ਧੰਜਲ ਨੇ ਗੀਤ ਨੀਂ ਮੁਹੱਬਤੇ, ਪ੍ਰਸਿੱਧ ਕਹਾਣੀਕਾਰ ਰਵਿੰਦਰ ਰੁਪਾਲ ਕੌਲਗੜ੍ਹ ਨੇ ਲੇਖ ਛੁੱਕ-ਛੁੱਕ ਤੋਂ ਪਹਿਲਾਂ, ਪ੍ਰਸਿੱਧ ਗ਼ਜ਼ਲਗੋ ਨਰੇਸ਼ ਨਿਮਾਣਾ ਤੇ ਪ੍ਰਧਾਨ ਨਰਿੰਦਰ ਮਾਣਕੂ ਨੇ ਗ਼ਜ਼ਲ ਸੁਣਾਈ।ਇਸ ਤੋਂ ਬਾਅਦ ਮਨਦੀਪ ਸਿੰਘ ਮਾਣਕੀ ਕਾਵਿਤਾ ਤੇ ਨੇਤਰ ਸਿੰਘ ਮੁੱਤੋਂ ਮਿੰਨੀ ਕਹਾਣ ਸੁਣਾਈ।ਸਾਰੀਆਂ ਹੀ ਸੁਣਾਈਆਂ ਰਚਨਾਵਾਂ 'ਤੇ ਸਚਾਰੂ ਢੰਗ ਨਾਲ ਚਰਚਾ ਕੀਤੀ ਗਈ।ਇਸ ਚਰਚਾ ਵਿੱਚ ਰਵਿੰਦਰ ਰੁਪਾਲ ਕੌਲਗੜ੍ਹ, ਨਰਿੰਦਰ ਮਣਕੂ, ਮਨਜੀਤ ਸਿੰਘ ਧੰਜਲ ਨੇ ਹਿੱਸਾ ਲਿਆ।ਸਭਾ ਦੀ ਕਾਰਵਾਈ ਰਵਿੰਦਰ ਰੁਪਾਲ ਕੌਲਗੜ੍ਹ ਨੇ ਬਾ-ਖੂਬ ਨਿਭਾਈ।ਅੰਤ ਵਿੱਚ ਆਏ ਸਾਰੇ ਸਾਹਿਤਕਾਰਾਂ ਦਾ ਧੰਨਵਾਦ ਪੰਜਾਬੀ ਸਾਹਿਤ ਸਭਾ ਖੰਨਾ ਦੇ ਸਰਪ੍ਰਸਤ ਮਨਜੀਤ ਧੰਜਲ ਵੱਲੋਂ ਕੀਤਾ ਗਿਆ।

# ਸਰਕਾਰ ਨੇ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਹਵੇਲੀ ਮੁੜ ਉਸਾਰੀ ਦਾ ਵਾਅਦਾ ਪੂਰਾ ਕੀਤਾ : ਵਿਧਾਇਕ ਪੰਡੋਰੀ

## ਹਵੇਲੀ ਦੇ ਨਵ-ਨਿਰਮਾਣ ਦੀ ਰੱਖੀ ਨੀਂਹ



ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਮਹਿਲ ਕਲਾਂ ਦੇ ਪਿੰਡਾਂ 'ਚ ਸ਼ਹੀਦਾਂ ਦੀਆਂ ਯਾਦਗਾਰਾਂ ਤੇ ਗੇਟਾਂ ਦੇ ਨਿਰਮਾਣ ਲਈ ਕਰੋੜਾਂ ਰੁਪਏ ਖਰਚ ਰਹੀ ਹੈ।ਇਹ ਪ੍ਰਗਟਾਵਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਇਤਿਹਾਸਿਕ ਪਿੰਡ ਠੀਕਰੀਵਾਲਾ ਵਿਖੇ ਅਮਰ ਸ਼ਹੀਦ ਸੇਵਾ ਸਿੰਘ ਠੀਕਰੀਵਾਲ ਦੀ ਖਸਤਾ ਹਾਲਤ ਹਵੇਲੀ ਦੇ ਨਵ-ਨਿਰਮਾਣ ਲਈ ਨੀਂਹ ਰੱਖਣ ਉਪਰੰਤ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ।ਪੰਜਾਬ ਸਰਕਾਰ ਵੱਲੋਂ ਇਸ ਪ੍ਰਾਜੈਕਟ ਦੀ ਪਹਿਲੀ ਕਿਸ਼ਤ ਵਜੋਂ 20 ਲੱਖ ਰੁਪਏ ਪੰਚਾਇਤ ਖਾਤੇ 'ਚ ਭੇਜੀ ਜਾ ਚੁੱਕੀ ਹੈ।ਉਨ੍ਹਾਂ ਕਿਹਾ ਕਿ ਇਹ ਫੰਡ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਪਰਜਾ ਮੰਡਲ ਲਹਿਰ ਦੇ ਮੋਢੀ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੀ ਖਸਤਾ ਹਾਲਤ ਹਵੇਲੀ ਦੇ ਨਵ-ਨਿਰਮਾਣ ਦੇ ਵਾਅਦੇ ਨੂੰ ਪੂਰਾ ਕਰਨ ਲਈ ਜਾਰੀ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਕਦੇ ਵੀ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੀ ਖਸਤਾ ਹਾਲਤ ਖੰਡਰ ਪਈ ਹਵੇਲੀ ਦੇ ਨਵੇਂ ਸਿਰੇ ਤੋਂ ਨਿਰਮਾਣ ਲਈ ਕੋਈ ਫੰਡ ਜਾਰੀ ਨਹੀਂ ਕੀਤਾ।

ਵਿਧਾਇਕ ਪੰਡੋਰੀ ਨੇ ਭਰੋਸਾ ਦਿੱਤਾ ਕਿ ਹਵੇਲੀ ਦੇ ਨਿਰਮਾਣ 'ਤੇ ਜਿੰਨਾ ਵੀ ਫੰਡ ਖਰਚ ਹੋਵੇਗਾ, ਉਹ ਸਾਰਾ ਪੰਜਾਬ ਸਰਕਾਰ ਵੱਲੋਂ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਹਲਕਾ ਮਹਿਲ ਕਲਾਂ ਦੇ ਪਿੰਡਾਂ ਨੂੰ ਨਮੂਨੇ ਦੇ ਬਣਾਉਣ ਲਈ ਕਰੋੜਾਂ ਰੁਪਏ ਦੀਆਂ ਗਰਾਂਟਾਂ ਜਾਰੀ ਕੀਤੀਆਂ ਜਾ ਰਹੀਆਂ ਹਨ।ਉਨ੍ਹਾਂ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਅੱਗੇ ਆਉਣ ਦੀ ਅਪੀਲ ਕੀਤੀ।ਇਸ ਮੌਕੇ ਸਰਪੰਚ ਕਿਰਨਜੀਤ ਸਿੰਘ, ਜਸਪ੍ਰੀਤ ਹੈਪੀ ਠੀਕਰੀਵਾਲ ਦੀ ਅਗਵਾਈ ਹੇਠ ਗ੍ਰਾਮ ਪੰਚਾਇਤ ਤੇ ਆਪ ਵਰਕਰਾਂ ਨੇ ਵਿਧਾਇਕ ਪੰਡੋਰੀ ਦਾ ਧੰਨਵਾਦ ਕਰਦਿਆਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ।ਇਸ ਮੌਕੇ ਚੇਅਰਮੈਨ ਸੁਖਵਿੰਦਰ ਦਾਸ, ਦਰਸ਼ਨ ਸਿੰਘ ਠੀਕਰੀਵਾਲਾ, ਮਨਜੀਤ ਸਿੰਘ ਸਹਿਜੜਾ, ਯਾਦਵਿੰਦਰ ਸਿੰਘ ਛਾਪਾ, ਦਵਿੰਦਰ ਸਿੰਘ ਧਨੌਆ, ਪੀ ਏ ਬਿੰਦਰ ਸਿੰਘ ਮਹਿਲ ਖੁਰਦ, ਗੁਰਜੀਤ ਧਾਲੀਵਾਲ ਆਦਿ ਹਾਜ਼ਰ ਸਨ।

# ਸਿਹਤ ਬੀਮਾ ਯੋਜਨਾ ਨੂੰ ਲੈ ਕੇ 'ਆਪ' ਦਾ ਧੰਨਵਾਦ

ਬਠਿੰਡਾ (ਰਾਜੀਵ ਗੋਇਲ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਆਮ ਲੋਕਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਸਿਹਤ ਬੀਮਾ ਯੋਜਨਾ ਦਾ ਐਲਾਨ ਕੀਤਾ ਗਿਆ ਹੈ, ਜਿਸਨੂੰ ਲੈ ਕੇ ਭਗਤਾ ਭਾਈ ਕਾ ਦੀ ਆੜ੍ਹਤੀਆ ਯੂਨੀਅਨ ਦੇ ਆਗੂ ਵਿਜੇ ਕੁਮਾਰ ਪੱਪੂ ਵੱਲੋਂ ਮੁੱਖ ਮੰਤਰੀ ਮਾਨ ਦਾ ਧੰਨਵਾਦ ਕਰਦੇ ਹੋਏ ਕਿਹਾ ਗਿਆ ਹੈ ਕਿ ਇਸ ਯੋਜਨਾ ਨਾਲ ਇਲਾਜ ਪੱਖੋਂ ਮਰਨ ਵਾਲੇ ਗਰੀਬ ਲੋਕਾਂ ਲਈ ਇਹ ਸਕੀਮ ਲਾਹੇਵੰਦ ਸਾਬਤ ਹੋਵੇਗੀ।

ਉਨ੍ਹਾਂ ਮਾਨ ਨੂੰ ਅਪੀਲ ਕੀਤੀ ਕਿ ਇਸ ਸਕੀਮ ਦੇ ਨਾਲ-ਨਾਲ ਸਰਕਾਰੀ ਹਸਪਤਾਲਾਂ 'ਚ ਡਾਕਟਰਾਂ ਤੇ ਸਮਾਨ ਦੀ ਘਾਟ ਨੂੰ ਵੀ ਪੂਰਾ ਕਰਨਾ ਚਾਹੀਦਾ ਹੈ ਤਾਂ ਜੁ ਐਮਰਜੈਂਸੀ ਮਰੀਜ਼ਾਂ ਨੂੰ ਵਧੀਆ ਇਲਾਜ ਮਿਲ ਸਕੇ।

# ਸਲਾਈਟ 'ਚ ਆਈ ਐੱਸ ਆਰ ਆਈ ਏ-2025 ਦਾ ਸਮਾਪਤੀ ਸਮਾਰੋਹ



ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)

ਸੰਤ ਲੌਂਗੋਵਾਲ ਇੰਸਟੀਟਿਊਟ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ ਦੇ ਰਸਾਇਣਕ ਇੰਜੀਨੀਅਰਿੰਗ ਵਿਭਾਗ ਵੱਲੋਂ ਆਯੋਜਿਤ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਤੇ ਸ਼ਾਰਟ ਟਰਮ ਟ੍ਰੇਨਿੰਗ ਪ੍ਰੋਗਰਾਮ ਇੰਡਸਟਰੀਅਲ ਸੇਫਟੀ: ਟੂਲਸ ਐਂਡ ਟੈਕਨੀਕਸ ਫੋਰ ਰਿਸਕ ਆਈਡੈਂਟੀਫਿਕੇਸ਼ਨ ਐਂਡ ਅਸੈਸਮੈਂਟ-2025 ਦਾ ਸਫ਼ਲਤਾਪੂਰਕ ਸਮਾਪਨ ਹੋਇਆ।ਇਹ ਪੰਜ ਰੋਜ਼ਾ ਹਾਈਬ੍ਰਿਡ ਕਾਰਜਕ੍ਰਮ 7 ਤੋਂ 11 ਜੁਲਾਈ 2025 ਤੱਕ ਚੱਲਿਆ, ਜਿਸ ਵਿੱਚ ਅਕਾਦਮਿਕ ਤੇ ਉਦਯੋਗਿਕ ਖੇਤਰਾਂ ਤੋਂ ਵੱਡੀ ਗਿਣਤੀ ਵਿੱਚ ਭਾਗੀਦਾਰਾਂ ਨੇ ਸ਼ਮੂਲੀਅਤ ਕੀਤੀ।ਆਈ ਐਸ ਆਰ ਆਈ ਏ-2025 ਦੇ ਕੋਆਰਡੀਨੇਟਰ ਡਾ. ਨਿਖਿਲ ਪ੍ਰਕਾਸ਼ ਨੇ ਸਮਾਰੋਹ ਦੀ ਸ਼ੁਰੂਆਤ ਕਰਦੇ ਹੋਏ ਸਾਰੇ ਮਹਿਮਾਨਾਂ ਦਾ ਸੁਆਗਤ ਕੀਤਾ ਤੇ ਪ੍ਰੋਗਰਾਮ ਦੀ ਵਿਸਥਾਰਵਾਦੀ ਰਿਪੋਰਟ ਪੇਸ਼ ਕੀਤੀ।ਉਨ੍ਹਾਂ ਕਾਰਜਕ੍ਰਮ ਦੇ ਟੀਚਿਆਂ, ਸੈਸ਼ਨਾਂ ਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ।ਡਾ. ਪ੍ਰਕਾਸ਼ ਨੇ ਦੱਸਿਆ ਕਿ ਕਾਰਜਕ੍ਰਮ ਦੌਰਾਨ ਹਾਜ਼ੋਪ, ਐਫ.ਐਮ.ਈ.ਏ. ਵਰਗੀਆਂ ਖ਼ਤਰੇ ਦੀ ਪਛਾਣ ਤਕਨੀਕਾਂ, ਰਿਸਕ ਅਸੈਸਮੈਂਟ ਵਿਧੀਆਂ ਤੇ ਸੀ.ਐਫ.ਡੀ. ਦੀ ਸੇਫਟੀ ਮਾਡਲਿੰਗ ਵਿੱਚ ਭੂਮਿਕਾ ਵਰਗੇ ਵਿਸ਼ਿਆਂ ਉੱਤੇ ਗਹਿਰੀ ਚਰਚਾ ਹੋਈ।ਸਮਾਰੋਹ ਦੀ ਅਗਵਾਈ ਸਲਾਈਟ ਡਾਇਰੈਕਟਰ ਪ੍ਰੋ. ਮਣੀਕਾਂਤ ਪਸਵਾਨ ਨੇ ਕੀਤੀ।ਉਨ੍ਹਾਂ ਇਸ ਪਹਿਲ ਨੂੰ ਸਲਾਹਿਆ ਤੇ ਸੰਸਥਾ ਵੱਲੋਂ ਉੱਚ ਕੋਟੀਆਂ ਦੀ ਤਕਨੀਕੀ ਸਿੱਖਿਆ ਅਤੇ ਖੋਜ ਉੱਤੇ ਕੇਂਦਰਤ ਦ੍ਰਿੜਤਾ ਨੂੰ ਦਰਸਾਇਆ।ਉਨ੍ਹਾਂ ਕਿਹਾ ਕਿ ਆਧੁਨਿਕ ਤਕਨਾਲੋਜੀ ਦੇ ਸਮੇਂ ਵਿੱਚ ਉਦਯੋਗਿਕ ਸੁਰੱਖਿਆ ਦੀ ਮਹੱਤਤਾ ਵਧ ਰਹੀ ਹੈ ਤੇ ਭਾਗੀਦਾਰਾਂ ਨੂੰ ਇਸ ਗਿਆਨ ਨੂੰ ਅਮਲ ਵਿੱਚ ਲਿਆਂਦਾ ਜਾਣਾ ਚਾਹੀਦਾ ਹੈ।ਡੀਨ ਅਕੈਡਮਿਕਸ ਅਤੇ ਸਮਾਰੋਹ ਦੇ ਕੋ-ਪੈਟਰਨ ਪ੍ਰੋ. ਏ.ਐਸ.ਸ਼ਾਹੀ ਨੇ ਵੀ ਰਸਾਇਣਕ ਇੰਜੀਨੀਅਰਿੰਗ ਵਿਭਾਗ ਵੱਲੋਂ ਕੀਤੀ ਗਈ ਤੇ ਇਸ ਉੱਦਮੀ ਕੋਸ਼ਿਸ਼ ਦੀ ਭਰਪੂਰ ਪ੍ਰਸ਼ੰਸਾ ਕੀਤੀ।

ਉਨ੍ਹਾਂ ਨਵੀਂਆਂ ਸੇਫ਼ਟੀ ਤਕਨੀਕਾਂ ਤੇ ਵਿਧੀਆਂ ਨਾਲ ਬਣੇ ਰਹਿਣ ਅਤੇ ਲਗਾਤਾਰ ਸਿੱਖਣ ਦੀ ਲੋੜ 'ਤੇ ਜ਼ੋਰ ਦਿੱਤਾ।ਉਨ੍ਹਾਂ ਅਕਾਦਮਿਕ ਸੰਸਥਾਵਾਂ ਦੀ ਭੂਮਿਕਾ ਭਵਿੱਖ ਦੇ ਤਿਆਰ ਪੇਸ਼ਾਵਰ ਤਿਆਰ ਕਰਨ ਵਿੱਚ ਬਹੁਤ ਜ਼ਰੂਰੀ ਦੱਸੀ।ਆਖ਼ਰ 'ਚ ਆਈ ਐਸ ਆਰ ਆਈ ਏ-2025 ਦੇ ਕੋਆਰਡੀਨੇਟਰ ਡਾ. ਅਮਿਤ ਰਾਇ ਵੱਲੋਂ ਧੰਨਵਾਦ ਪ੍ਰਸਤਾਵ ਪੇਸ਼ ਕੀਤਾ ਗਿਆ।ਉਨ੍ਹਾਂ ਡਾਇਰੈਕਟਰ, ਡੀਨਜ਼, ਫੈਕਲਟੀ ਮੈਂਬਰਾਂ, ਸਪੀਕਰਾਂ ਤੇ ਭਾਗੀਦਾਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਵਿਸ਼ੇਸ਼ ਤੌਰ 'ਤੇ ਐਡਮਿਨਿਸਟ੍ਰੇਟਿਵ ਤੇ ਟੈਕਨੀਕਲ ਟੀਮਾਂ ਦੀ ਮਿਹਨਤ ਲਈ ਸਲਾਹ ਦਿੱਤੀ।

# ਸਿਹਤ ਮੰਤਰੀ ਵੱਲੋਂ ਬਲਜਿੰਦਰ ਸਿੰਘ ਢਿੱਲੋਂ ਦੇ ਦਫ਼ਤਰ ਦਾ ਉਦਘਾਟਨ

## ਪਾਰਟੀ ਨੂੰ ਮਜ਼ਬੂਤ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ : ਢਿੱਲੋਂ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਆਮ ਆਦਮੀ ਪਾਰਟੀ ਵੱਲੋਂ ਲੋਕ ਸਭਾ ਹਲਕਾ ਪਟਿਆਲਾ ਦੇ ਨਵੇਂ ਬਣਾਏ ਗਏ ਇੰਚਾਰਜ ਬਲਜਿੰਦਰ ਸਿੰਘ ਢਿੱਲੋਂ ਵੱਲੋਂ ਅੱਜ ਗੁਰਦੁਆਰਾ ਦੂਖ਼ ਨਿਵਾਰਨ ਸਾਹਿਬ ਨੇੜੇ ਖੋਲ੍ਹੇ ਗਏ ਦਫ਼ਤਰ ਦਾ ਉਦਘਾਟਨ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕੀਤਾ।ਇਸ ਮੌਕੇ ਬਲਜਿੰਦਰ ਸਿੰਘ ਢਿੱਲੋਂ ਨੇ ਡਾ. ਬਲਬੀਰ ਸਿੰਘ ਦਾ ਸਵਾਗਤ ਕਰਦਿਆਂ ਉਨ੍ਹਾਂ ਦੇ ਦਫ਼ਤਰ ਦਾ ਉਦਘਾਟਨ ਕਰਨ ਮੌਕੇ ਪੁੱਜਣ ਲਈ ਧੰਨਵਾਦ ਕੀਤਾ।ਇਸ ਮੌਕੇ ਉਨ੍ਹਾਂ ਨਾਲ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਮੌਜੂਦ ਸਨ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਬਲਜਿੰਦਰ ਸਿੰਘ ਢਿੱਲੋਂ ਇੱਕ ਸੂਝਵਾਨ ਤੇ ਅਗਾਂਹਵਧੂ ਵਧੀ ਵਿਚਾਰਾਂ ਵਾਲੇ ਆਗੂ ਹਨ, ਇਸ ਲਈ ਉਨ੍ਹਾਂ ਨੂੰ ਆਸ ਹੈ ਕਿ ਉਹ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਦਿਨ-ਰਾਤ ਕੰਮ ਕਰਨਗੇ ਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਪ੍ਰੋਗਰਾਮਾਂ ਨੂੰ ਲੋਕਾਂ ਤੱਕ ਪਹੁੰਚਾ ਕੇ ਮੁੜ ਜਿੱਤ ਦਾ ਰਾਹ ਪੱਧਰਾ ਕਰਨਗੇ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਦੇ ਵਿਕਾਸ ਵਿੱਚ ਕੋਈ ਕਸਰ ਨਹੀਂ ਛੱਡਾਂਗੇ।

ਇਸ ਮੌਕੇ ਪੀਆਰਟੀਸੀ ਦੇ ਚੇਅਰਮੈਨ ਰਣਜੋਧ ਸਿੰਘ ਹਡਾਣਾ, ਚੇਅਰਮੈਨ ਨਗਰ ਸੁਧਾਰ ਟਰੱਸਟ ਪਟਿਆਲਾ ਮੇਘ ਚੰਦ ਸ਼ੇਰਮਾਜਰਾ, ਜੱਸੀ ਸੋਹੀਆ ਵਾਲਾ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ, ਵਿੱਕੀ ਘਨੌਰ ਵਾਈਸ ਚੇਅਰਮੈਨ ਪੰਜਾਬ ਹੈਲਥ ਸਿਸਟਮ ਕਾਪੋਰੇਸ਼ਨ, ਇੰਦਰਜੀਤ ਸੰਧੂ ਚੇਅਰਮੈਨ ਕੋਨਵਿਅਰ, ਬਲਦੇਵ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਦੂਧਨ ਸਾਧਾ, ਪ੍ਰਦੀਪ ਜੋਸ਼ਨ ਪ੍ਰਧਾਨ ਨਗਰ ਕੌਂਸਲ ਸਨੌਰ, ਮੈਡਮ ਸਵਿੰਦਰ ਕੌਰ ਪ੍ਰਧਾਨ ਨਗਰ ਪੰਚਾਇਤ ਦੇਵੀਗੜ੍ਹ, ਕੁੰਦਨ ਗੋਗੀਆ ਮੇਅਰ ਪਟਿਆਲਾ, ਅਮਰੀਕ ਸਿੰਘ ਬੰਗੜ ਸੂਬਾ ਮੀਤ ਪ੍ਰਧਾਨ ਐੱਸ ਸੀ ਵਿੰਗ ਪੰਜਾਬ ਆਦਿ ਹਾਜ਼ਰ ਸਨ।

AXIS BANK | Retail Asset Center "2nd and 3rd Floor, Property No. 7-E, Malhar Road, Saraabha Nagar, Ludhiana -141001.
Corporate Office:-, "Axis House", C-2, Wadia International Centre, Pandurang Budhkar Marg, Worli, Mumbai- 400025
Registered Office: "Trishul", 3rd Floor Opp. Samartheshwar Temple Law Garden, Ellisbridge Ahmedabad- 380006

**ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ**

ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐੱਸਟਸ ਦੀ ਵਿੱਕਰੀ ਵਾਸਤੇ ਈ-ਨਿਲਾਮੀ ਨੋਟਿਸ।

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜ਼ਡ ਹੈ, ਜਿਸ ਦਾ ਭੌਤਿਕ ਕਬਜ਼ਾ ਐਕਸਿਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਸਕਿਉਰਡ ਕ੍ਰੈਡਿਟਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ, ਦੀ ਵਿਕਰੀ (1) ਸ੍ਰੀ ਫਜ਼ਲ ਮਸੀਹ ਪੁੱਤਰ ਨਬੂਬ ਮਸੀਹ (2) ਸ੍ਰੀਮਤੀ ਅਮਰਜੀਤ ਕੌਰ ਪਤਨੀ ਫਜ਼ਲ ਮਸੀਹ ਤੋਂ ਸਕਿਉਰਡ ਕ੍ਰੈਡਿਟਰ ਦੀ 10 ਜੁਲਾਈ 2025 ਨੂੰ ਬਕਾਇਆ ਰਕਮ ਰੁਪਏ 17,61,711/- (ਸਤਾਰਾਂ ਲੱਖ ਇਕਾਹਠ ਹਜ਼ਾਰ ਸੱਤ ਸੌ ਗਿਆਰਾਂ ਰੁਪਏ ਕੇਵਲ) ਦੀ ਵਸੂਲੀ ਲਈ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਉੱਥੇ ਜੋ ਵੀ ਹੈ" ਦੇ ਅਧਾਰ 'ਤੇ 29 ਜੁਲਾਈ 2025 ਨੂੰ ਕੀਤੀ ਜਾਵੇਗੀ। ਜ਼ਰੂਰੀ ਵੇਰਵਿਆਂ ਲਈ ਕਿਰਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ।

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 8,79,104/- (ਅੱਠ ਲੱਖ ਉਨਾਸੀ ਹਜ਼ਾਰ ਇੱਕ ਸੌ ਚਾਰ ਰੁਪਏ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 87,911/- (ਸਤਾਸੀ ਹਜ਼ਾਰ ਨੌਂ ਸੌ ਗਿਆਰਾਂ ਰੁਪਏ ਕੇਵਲ) ਡੀ ਡੀ/ ਪੀ ਓ ਰਾਹੀਂ ਐਕਸਿਸ ਬੈਂਕ ਲਿਮਟਿਡ ਦੇ ਹੱਕ 'ਚ ਲੁਧਿਆਣਾ ਵਿਖੇ ਅਦਾਇਗੀਯੋਗ। |
| ਬੋਲੀ ਵਾਧਾ ਰਕਮ | 10,000/- (ਦਸ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐਕਸਿਸ ਬੈਂਕ ਲਿਮਟਿਡ ਰਿਟੇਲ ਐੱਸਟ ਸੈਂਟਰ, ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7 ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001, ਵਿਖੇ 30 ਜੁਲਾਈ 2025 ਨੂੰ ਸ਼ਾਮ ਦੇ 5.00 ਵਜੇ ਤੱਕ |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 31 ਜੁਲਾਈ 2025 ਨੂੰ ਸਵੇਰੇ 11.00 ਵਜੇ ਅਤੇ ਦੁਪਹਿਰ 01.00 ਵਜੇ ਦਰਮਿਆਨ, ਹਰੇਕ 5 ਮਿੰਟਾਂ ਦੇ ਅਸੀਮਤ ਵਾਧਿਆਂ ਨਾਲ। ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ ਆਦਿ ਰੱਖਦੇ ਈ-ਨਿਲਾਮੀ ਟੈਂਡਰ ਦਸਤਾਵੇਜ਼ ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲੱਬਧ ਹਨ। |

**ਸਾਰਣੀ-ਜਾਇਦਾਦ ਦਾ ਵੇਰਵਾ**

ਬੈਨਾਮਾ ਦਸਤਾਵੇਜ਼ ਨੰ. 2020-21/150/1/846 ਮਿਤੀ 07 ਜਨਵਰੀ 2021 ਰਾਹੀਂ ਸ੍ਰੀ ਫਜਲ ਮਸੀਹ ਪੁੱਤਰ ਨਬੂਬ ਮਸੀਹ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਪਲਾਟ ਪ੍ਰਾਈਵੇਟ ਨੰ. 222, ਰਕਬਾ 0-6 ਮਰਲੇ (183.33 ਵਰਗ ਗਜ਼), ਗੋਲਡਨ ਐਵੇਨਿਊ ਕਾਲੋਨੀ, ਪਿੰਡ ਲੇਹਲ, ਹਦਬਸਤ ਨੰ. 386, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਦਸਤਾਵੇਜ਼ ਅਨੁਸਾਰ) : ਪੂਰਬ : ਪਲਾਟ ਨੰ. 231 ਬਾਹੀ 30', ਪੱਛਮ : ਗਲੀ 20' ਬਾਹੀ 30', ਉੱਤਰ : ਪਲਾਟ ਨੰ. 221 ਬਾਹੀ 55', ਦੱਖਣ : ਪਲਾਟ ਨੰ. 223 ਬਾਹੀ 55'

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.axisbank.com/auction-retail ਅਤੇ ਬੈਂਕ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਦਾ ਹਵਾਲਾ ਲਿਆ ਜਾਵੇ। ਈ-ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਕੀਤੀ ਜਾਵੇਗੀ। ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਸ੍ਰੀ ਸੰਦੀਪ ਬਵੇਜਾ (ਮੋਬਾਈਲ ਨੰ. 89207-05598) ਬੈਂਕ ਦੇ ਅਧਿਕਾਰਤ ਅਫਸਰ ਨਾਲ ਦਫਤਰੀ ਸਮੇਂ ਸਵੇਰੇ10 ਵਜੇ ਤੋਂ ਸ਼ਾਮ ਦੇ 4.00 ਵਜੇ ਤੱਕ ਸੰਪਰਕ ਕਰ ਸਕਦੇ ਹਨ। ਇਸ ਨੋਟਿਸ ਨੂੰ ਕਰਜ਼ਦਾਰਾਂ ਲਈ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 8 (6) ਤਹਿਤ 15 ਦਿਨਾਂ ਦਾ ਨੋਟਿਸ ਮੰਨਿਆ ਜਾਵੇ।

ਮਿਤੀ : 15.07.2025, ਸਥਾਨ : ਗੁਰਦਾਸਪੁਰ, ਤੁਹਾਡਾ ਸ਼ੁੱਭਚਿੰਤਕ ਵਾਸਤੇ ਐਕਸਿਸ ਬੈਂਕ ਲਿਮਟਿਡ (ਅਧਿਕਾਰਤ ਅਫਸਰ)

# ਸੂਬਾ ਪੱਧਰੀ ਮੀਟਿੰਗ 'ਚ ਅਗਲੇਰੇ ਸੰਘਰਸ਼ ਦੀ ਉਲੀਕੀ ਰੂਪ-ਰੇਖਾ



ਮਾਨਸਾ (ਆਤਮਾ ਸਿੰਘ ਪਮਾਰ) ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦੀ ਮੀਟਿੰਗ ਸੂਬਾ ਪ੍ਰਧਾਨ ਗੁਰਵਿੰਦਰ ਸਿੰਘ ਤਰਨਤਾਰਨ ਦੀ ਅਗਵਾਈ 'ਚ ਲੁਧਿਆਣਾ ਵਿਖੇ ਹੋਈ। ਮੀਟਿੰਗ 'ਚ ਹਾਜ਼ਰ ਸਮੂਹ ਸੂਬਾਈ ਅਹੁਦੇਦਾਰਾਂ ਤੇ ਜ਼ਿਲ੍ਹਾ ਪ੍ਰਧਾਨਾਂ ਵੱਲੋਂ ਭਾਗ ਲਿਆ।ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਸੱਤ ਪ੍ਰਤਾਪ ਸਿੰਘ ਭੀਖੀ ਨੇ ਦੱਸਿਆ ਕਿ ਮੀਟਿੰਗ ਦੌਰਾਨ ਮਤਾ ਪਾਇਆ ਗਿਆ ਕਿ ਕੀਤੇ ਵਾਅਦਿਆਂ ਤੋਂ ਭੱਜੀ ਸਰਕਾਰ ਨੂੰ ਹਰ ਮੁਹਾਜ 'ਤੇ ਘੇਰਿਆ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਸੂਬਾ ਪ੍ਰਧਾਨ ਗੁਰਵਿੰਦਰ ਸਿੰਘ ਤਰਨਤਾਰਨ ਨੇ ਕਿਹਾ ਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੰਪਿਊਟਰ ਅਧਿਆਪਕਾਂ ਨਾਲ ਵਾਅਦਾ ਕੀਤਾ ਗਿਆ ਸੀ ਕਿ ਸਰਕਾਰ ਬਣਦਿਆਂ ਹੀ ਸਭ ਤੋਂ ਪਹਿਲਾਂ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਕੰਮ ਕਰਦੇ ਕੰਪਿਊਟਰ ਅਧਿਆਪਕਾਂ ਨੂੰ ਉਨ੍ਹਾਂ ਦੇ ਬਣਦੇ ਸਾਰੇ ਲਾਭ ਦਿੱਤੇ ਜਾਣਗੇ। ਇਹ ਮੰਗ ਆਪਣੇ ਚੋਣ ਮਨੋਰਥ ਪੱਤਰ ਵਿੱਚ ਵੀ ਅੰਕਿਤ ਕੀਤੀ ਗਈ ਸੀ, ਪਰ ਅਫ਼ਸੋਸ ਕਿ ਸਰਕਾਰ ਦੇ ਲਗਪਗ ਸਵਾ ਤਿੰਨ ਸਾਲ ਬੀਤਣ ਦੇ ਬਾਵਜੂਦ ਸਰਕਾਰ ਵੱਲੋਂ ਅਜੇ ਤੱਕ ਕੀਤਾ ਵਾਅਦਾ ਵਫਾ ਨਹੀਂ ਹੋਇਆ। ਸਰਕਾਰ ਨਾਲ ਕੰਪਿਊਟਰ ਅਧਿਆਪਕ ਯੂਨੀਅਨ ਦੀਆਂ ਲਗਪਗ 55 ਮੀਟਿੰਗਾਂ ਹੋ ਚੁੱਕੀਆਂ ਹਨ, ਪਰ ਸਹਿਮਤੀ ਉਪਰੰਤ ਵੀ ਕੋਈ ਸਿੱਟਾ ਅਮਲੀ ਰੂਪ ਨਹੀਂ ਧਾਰਨ ਕਰ ਸਕਿਆ।

ਸੱਤ ਪ੍ਰਤਾਪ ਸਿੰਘ ਭੀਖੀ ਨੇ ਦੱਸਿਆ ਕਿ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੁਆਰਾ ਆਪਣੇ ਟਵਿੱਟਰ ਅਤੇ ਫੇਸਬੁਕ ਪੇਜ਼ 'ਤੇ ਸਤੰਬਰ 2022 ਵਿੱਚ ਪੋਸਟ ਕਰਕੇ ਕਿਹਾ ਗਿਆ ਸੀ ਕਿ ਪੰਜਾਬ ਦੇ ਕੰਪਿਊਟਰ ਅਧਿਆਪਕਾਂ ਨੂੰ 2022 ਦੀ ਦਿਵਾਲੀ ਦਾ ਤੋਹਫਾ ਦਿੱਤਾ ਜਾਵੇਗਾ, ਪਰ ਉਸ ਮਗਰੋਂ ਕਈ ਦੀਵਾਲੀਆਂ ਲੰਘ ਗਈਆਂ ਪਰ ਕੰਪਿਊਟਰ ਅਧਿਆਪਕ ਦੀਵਾਲੀ ਦੇ ਤੋਹਫੇ ਨੂੰ ਬੁਰੀ ਤਰ੍ਹਾਂ ਉਡੀਕ ਰਹੇ ਹਨ। ਸਰਕਾਰ ਦੇ ਇਸ ਮਾੜੇ ਤੇ ਪੱਖਪਾਤੀ ਰਵੱਈਏ ਤੋਂ ਹਤਾਸ਼ ਹੋ ਕੇ ਸਰਕਾਰ ਖ਼ਿਲਾਫ਼ 17 ਅਗਸਤ ਨੂੰ ਮੁੱਖ ਮੰਤਰੀ ਦੇ ਸ਼ਹਿਰ ਸੰਗਰੂਰ ਵਿਖੇ ਸੂਬਾ ਪੱਧਰੀ ਰੈਲੀ ਦਾ ਐਲਾਨ ਕੀਤਾ ਗਿਆ ਹੈ।ਰੈਲੀ ਤੋਂ ਪਹਿਲਾਂ ਪੰਜਾਬ ਦੇ ਸਾਰੇ ਵਿਧਾਇਕਾਂ ਨੂੰ ਮੰਗ ਪੱਤਰ ਵੀ ਸੌਂਪੇ ਜਾਣਗੇ।

## ਐੱਚਡੀਐੱਫਸੀ ਬੈਂਕ ਰੋਜ਼ੀ-ਰੋਟੀ ਪ੍ਰੋਤਸਾਹਨ ਪ੍ਰੋਗਰਾਮਾਂ ਰਾਹੀਂ 7.2 ਲੱਖ ਤੋਂ ਵੱਧ ਨੌਜਵਾਨਾਂ ਨੂੰ ਸਿਖਲਾਈ ਦਿੰਦਾ

ਜਲੰਧਰ:ਵਿਸ਼ਵ ਯੁਵਾ ਹੁਨਰ ਦਿਵਸ ਦੇ ਮੌਕੇ ਐੱਚਡੀਐੱਫਸੀ ਬੈਂਕ ਨੇ ਬੈਂਕ ਦੇ ਸੀਐੱਸਆਰ ਪ੍ਰੋਗਰਾਮ ਪਰਿਵਰਤਨ ਦੀ ਸ਼ੁਰੂਆਤ ਤੋਂ ਬਾਅਦ ਭਾਰਤ ਭਰ ਵਿੱਚ 7.2 ਲੱਖ ਤੋਂ ਵੱਧ ਨੌਜਵਾਨਾਂ ਨੂੰ ਸਿਖਲਾਈ ਦੇਣ ਦੇ ਇੱਕ ਮਹੱਤਵਪੂਰਨ ਮੀਲ ਪੱਥਰ ਨੂੰ ਉਜਾਗਰ ਕੀਤਾ ਹੈ।ਬੈਂਕ ਕੋਲ ਇਸ ਸਮੇਂ ਵੱਖ-ਵੱਖ ਰਾਜਾਂ ਵਿੱਚ ਹੁਨਰ ਵਿਕਾਸ ਖੇਤਰ ਵਿੱਚ 70 ਤੋਂ ਵੱਧ ਸਰਗਰਮ ਪ੍ਰੋਜੈਕਟ ਹਨ।ਐੱਚਡੀਐੱਫਸੀ ਬੈਂਕ ਪਰਿਵਰਤਨ ਦੀਆਂ ਹੁਨਰ ਪਹਿਲਕਦਮੀਆਂ ਆਂਧਰਾ ਪ੍ਰਦੇਸ਼, ਛੱਤੀਸਗੜ੍ਹ, ਦਿੱਲੀ, ਗੋਆ, ਗੁਜਰਾਤ, ਹਰਿਆਣਾ, ਹਿਮਾਚਲ ਪ੍ਰਦੇਸ਼, ਕਰਨਾਟਕ, ਕੇਰਲ, ਲਕਸ਼ਦੀਪ, ਮਹਾਰਾਸ਼ਟਰ, ਮਿਜ਼ੋਰਮ, ਓਡੀਸ਼ਾ, ਪੰਜਾਬ, ਰਾਜਸਥਾਨ, ਤੇਲੰਗਾਨਾ, ਉੱਤਰ ਪ੍ਰਦੇਸ਼, ਉੱਤਰਾਖੰਡ ਅਤੇ ਪੱਛਮੀ ਬੰਗਾਲ ਸਮੇਤ ਕਈ ਰਾਜਾਂ ਦੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਫੈਲੀਆਂ ਹੋਈਆਂ ਹਨ।ਹੁਨਰ ਵਿਕਾਸ ਅਤੇ ਰੋਜ਼ੀ-ਰੋਟੀ ਪ੍ਰੋਤਸਾਹਨ ਬੈਂਕ ਦੇ ਪਰਿਵਰਤਨ ਪ੍ਰੋਗਰਾਮ ਦਾ ਇੱਕ ਮੁੱਖ ਕੇਂਦਰ ਹੈ, ਜੋ ਕਿ ਸਾਰੀਆਂ ਸੀਐੱਸਆਰ ਪਹਿਲਕਦਮੀਆਂ ਲਈ ਇਸਦਾ ਛਤਰੀ ਬ੍ਰਾਂਡ ਹੈ।


**ਨਿਲਾਮੀ ਨੋਟਿਸ**

ਸੂਚਿਤ ਕੀਤਾ ਜਾਦਾ ਹੈ ਕਿ ਸਰਕਾਰੀ ਸੈਕੰਡਰੀ ਸਕੂਲ ਕਿਰਤੋਵਾਲ ਬਲਾਕ ਪੱਟੀ ਜ਼ਿ?ਲ੍ਹਾ ਤਰਨਤਾਰਨ ਵਿਖੇ 18 ਸਫੈਦਿਆਂ ਦੀ ਨਿਲਾਮੀ ਮਿਤੀ 15-07-2025 ਨੂੰ ਸਵੇਰੇ 10:00 ਵਜੇ ਰੱਖੀ ਗਈ ਹੈ । ਚਾਹਵਾਨ ਪਾਰਟੀਆਂ ਸਮੇਂ ਸਿਰ ਸਕੂਲ ਵਿਖੇ ਸੰਪਰਕ ਕਰਨ ।ਪ੍ਰਿੰਸੀਪਲ ਅਤੇ ਸਕੂਲ ਪ੍ਰਬੰਧਕ ਕਮੇਟੀ ਮੈਂਬਰ ।

ਪ੍ਰਿੰਸੀਪਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਿਰਤੋਵਾਲ ਕਲਾਂ (ਤਰਨਤਾਰਨ)

**PUBLIC NOTICE**

Whereas, S. Harpal Singh Son of S. Narinder Singh R/o 45-C, Gurlal Bazar, New Partap Nagar, Amritsar has applied for a Loan from Punjab & Sind Bank Branch Kot Mangal Singh against equitable mortgage of his property. It is reported that following previous sale deeds have been lost.

Original previous sale deed dated 13.01.1982 Registerd No. 18351 favouring Nirmaljit Singh Son of Gurbachan Singh & Joginder Singh Son of S. Ajit Singh

Original previous sale deed dated 13.02.1984 Registered No. 13053 favouring Smt. Kusam Lata Wife of Balraj Krishan

DDR in respect of lost of said sale deed with the concerned police station Sultanwind, vide GD No. 021 dated 09.07.2025 has been lodged by the S. Harpal Singh

The said property is being offered for equitable mortgage as security to create charge, lien over the said property to secure said credit in mortgage loan facility. If any person has any objection with regard to above equitable mortgage of above said property may file objection within 10 days before undersigned thereafter no claim will be entertained by the Bank.

**COURT NOTICE**

(U/o 5 Rule 20 CPC)
In The Court of
Sh. Amandeep Singh
Civil Judge (Senior Division),
Tarn Taran

Next Date, Purpose of case, Orders and Judgments as well as other case information is available on http://districts.ecourts.gov.in

CNR No. PBTT02-000935-2024
Next Date:- 29-08-2025
Punjab National Bank Vs. Amrik Singh
Publication Issued To:
1. Amrik Singh
Father : Sangha Singh
R/O H.No.5, Village Chaudhadri Wala, Tehsil And District Tarn Taran.
1. Joginder Singh
Father: Karam Singh
R/o H.No.402, Village Chaudhadri Wala, Tehsil and District Tarn Taran

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 29-08-2025 at 10:00 a.m.

For details logon to https://highcourtchd.gov.in/?trs=district_notice&district=Tarn Taran

Civil Judge (Senior Division) Tarn Taran
Dated, this day of 07-07-2025

**COURT NOTICE**

In The Court of
Ms. Navjit Pal Kaur
Judicial Magistrate First Class-I
Kapurthala
CNR No. : PBKP03-003919-2023
Next Date:-20-08-2025
State Bank Of India
VS.
Baldev Singh

Detail of offence: Complaint U/s 25 of the Payment and Settlement Systems Act 2007 read with section 138,141,142 and 148 of Negotiable Instrument act 1881

Publication issued to
Sh. Baldev Singh (Senior Assistant) Son of Sh. Ajit Singh, R/o Village Dogranwala, P.O Bhawanipur, District Kapurthala (Mobile No. 9463538654)

In above titled case, the accused could not be served. It is ordered that accused should appear in person or through counsel on 20-08-2025 at 10.00 a.m.

For details logon to https://highcourtchd.gov.in/?mod=district_notice&district=Kapurthala

Judicial Magistrate First Class-I Kapurthala
Dated, this day of 09-07-2025

**COURT NOTICE**

(U/o 5 Rule 20 CPC)
In The Court of
Sh. Amandeep Singh
Civil Judge (Senior Division),
Tarn Taran

Next Date, Purpose of case, Orders and Judgments as well as other case information is available on http://districts.ecourts.gov.in

CNR No. PBTT02-000934-2024
Next Date:- 29-08-2025
Punjab National Bank
Vs.
Jaswinder Singh
Publication Issued To:
Gurvail Singh
Father: Jaswinder Singh S/o Mohinder Singh, R/o Village Nandpur, Tehsil and District, Tarn Taran

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 29-08-2025 at 10:00 a.m.

For details logon to https://highcourtchd.gov.in/?trs=district_notice&district=Tarn Taran

Civil Judge (Senior Division) Tarn Taran
Dated, this day of 07-07-2025

**COURT NOTICE**

In The Court of
Ms. Sumukhi
Sub Divisional Judicial Magistrate Malout
CNR No. : PBSMB1-001664-2019
Next Date:-11-08-2025
Harparkash Singh
Vs.
Charanjit Kaur
Detail of offence:-
Notice To:
Charanjit Kaur
Spouse : Jagsir Singh
Street Bharat Gas Agency Near Samaj Sen Dharamshala, Malout

In above titled case, the accused could not be served. It is ordered that accused should appear in person or through counsel on 11-08-2025 at 10.00 a.m.

For details logon to https://highcourtchd.gov.in/?mod=district_notice&district=mogacourt.

Sub Divisional Judicial Magistrate Malout
Dated, this day of 10-07-2025

**COURT NOTICE**

Form No. 81
(U/o 5 Rule 20 CPC)
In The Court of Dr. Seema Agnihotri
Judicial Magistrate - Ist Class, Rupnagar
CNR No. PBRO03-001601-2023
Next Date:-30-07-2025

Rupinderjit Kaur D/o Sh. Mewa Singh Now W/o Balwinder Singh R/o # 335 Dhab Guru Di, Faridkot, Tehsil Kotakpura, District Faridkot now residing at her parental House at #740, Ward No. 5 Morinda, Tehsil Chamkaur Sahib, District Rupnagar.
Vs.
Balwinder Singh
Publication Issued To:
Balwinder Singh S/o Amarjit Singh, R/o # 335 Dhab Guru Di, Faridkot, Tehsil Kotakpura, District Faridkot, presently residing at Barcelona, Spain
2nd Address Whatsapp No. +34697729043 (Husband)

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 30-07-2025 at 10:00 a.m.

For details logon to https://highcourtchd.gov.in/?trs=district_notice&district=Rupnagar

Judicial Magistrate - Ist Class Rupnagar
Dated, this day of 14-07-2025

**COURT NOTICE**

(U/o 5 Rule 20 CPC)
In The Court of
Sh. Amanpreet Singh
Additional Principal Judge Family Court, Dera Bassi
CNR No. PBSAF3-000407-2024
Next Date:- 31-07-2025
CIS NO. MNT125/68/2024
Monika Vs.
Sandeep Sharma

Petition U/S 144 Of BNSS For Grant of maintenance allowance To The Tune of Rs 50000/- P.M.

Publication Issued To:
Sandeep Sharma
S/o Sh. Ashok Kumar, R/o H.No. 81, New Prithvi Nagar, Near Hargobind Nagar, Hoshiarpur Road, Jalandhar.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 31.07.2025 at 10:00 a.m.

For details logon to https://highcourtchd.gov.in/?mod=district_notice&district=mogacourt

Additional Principal Judge Family Court Dera Bassi
Dated, this day of 11-07-2025

**COURT NOTICE**

(U/o 5 Rule 20 CPC)
In The Court of
Dr. Gurdarshan Singh
Civil Judge (Junior Division), Amritsar
CNR No. PBAS02-002257-2024
Next Date: 27-10-2025
State Bank of India.
Vs.
Rajandeep Singh
Publication Issued To:
Rajandeep Singh
Father: Kashmir Singh
VPO Varpal Khurd, Amritsar, Amritsar, Punjab

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 27-10-2025 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division) Amritsar
Dated, this day of 11-07-2025

**ਉੱਤਰ ਰੇਲਵੇ**

ਪਹਿਲਾ ਸ਼ੁੱਧੀਪੱਤਰ

ਟੈਂਡਰ ਨੰਬਰ: 753-ਟੀ.ਆਰ.ਡੀ.-ਜੰਮੂ ਤਵੀ-2025-26 ਮਿਤੀ : 01.08.2025 ਨੂੰ ਦੇਯ

ਸੀਨੀਅਰ ਮੰਡਲ ਵਿਦੁਤ ਇੰਜੀਨੀਅਰ (ਟੀਆਰ), ਉੱਤਰ ਰੇਲਵੇ, ਜੰਮੂ ਤਵੀ ਨੇ ਉਪਰੋਕਤ ਟੈਂਡਰ ਮੰਗ ਕੀਤੀ ਹੈ । ਟੈਂਡਰ ਸੂਚਨਾ ਮਿਤੀ 11.07.2025 ਨੂੰ ਪ੍ਰਮੁੱਖ ਸਮਾਚਾਰ ਪੱਤਰਾਂ ਵਿਚ ਪ੍ਰਕਾਸ਼ਿਤ ਕੀਤੀ ਗਈ ਸੀ, ਜਿਸ ਨੂੰ ਮਿਤੀ 01.08.2025 ਨੂੰ ਖੋਲੀ ਜਾਣੀ ਸੀ । ਉਪਰੋਕਤ ਟੈਂਡਰ ਵਿਚ ਹੇਠਾ ਲਿਖੀ ਤਬਦੀਲੀ ਕੀਤੀ ਗਈ ਹੈ ਅਤੇ ਇਨ੍ਹਾਂ ਨੂੰ ਇਸ ਪ੍ਰਕਾਰ ਪੜ੍ਹੀ ਜਾ ਸਕਦੀ ਹੈ :

1) Schedule 1 ਵਿਚ, ਲੜੀ ਨੰਬਰ 1, 2, 3 ਅਤੇ 4 ਦੇ ਮਦ ਵੇਰਵੇ ਦੇ ਅੰਤਰਗਤ "anti money" ਨੂੰ ਬਦਲਕੇ "anti monkey" ਕਰ ਦਿਤਾ ਗਿਆ ।
2) Schedule 1 ਵਿਚ, ਲੜੀ ਨੰਬਰ 1, ਅਤੇ 2 ਦੇ ਮਦ ਵੇਰਵੇ ਦੇ ਅੰਤਰਗਤ "anti money" ਨੂੰ ਬਦਲਕੇ "anti monkey" ਕਰ ਦਿਤਾ ਗਿਆ ।
3) ਪਿਛਲਾ ਟੈਂਡਰ ਦਸਤਾਵੇਜ ਹਟਾ ਦਿਤਾ ਗਿਆ ਹੈ । ਨਵਾ ਟੈਂਡਰ ਦਸਤਾਵੇਜ ਅਪਲੋਡ ਕਰ ਦਿਤਾ ਗਿਆ ਹੈ । ਅਪਲੋਡ ਕੀਤੇ ਗਏ ਟੈਂਡਰ ਦਸਤਾਵੇਜ ਵਿਚ "anti money" ਨੂੰ ਬਦਲਕੇ "anti monkey" ਕਰ ਦਿਤਾ ਗਿਆ ।

ਹੋਰ ਨਿਯਮ ਤੇ ਸ਼ਰਤਾਂ ਪਹਿਲਾ ਵਾਂਗ ਰਹੇਗੀ ।
No.: 753-ਟੀ.ਆਰ.ਡੀ.-ਜੰਮੂ ਤਵੀ-2025-26/01 Dated: 14.07.2025 2124/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**AXIS BANK** Retail Asset Centre: AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001.
Corporate Office: Axis House', Block-B, Bombay Dyeing Mills Compound, Pandurang Budhkar Marg, Worli, Mumbai-400025
Registered Office: 'Trishul', 3rd Floor, opposite Samartheswar Temple, Law garden, Ellisbridge, Ahmadabad-380006

ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਟਾਈਜੇਸ਼ਨ ਐਂਡ ਰਿਕੰਸਟਰੱਕਸ਼ਨ ਆਫ ਫਾਇਨਾਂਸੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (54 ਆਫ 2002) ਅਧੀਨ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ।

ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਐਕਟ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਦਰਸਾਈਆਂ ਮਿਤੀਆਂ ਨੂੰ ਹੇਠਾਂ ਵਰਨਣ ਜਾਇਦਾਦਾਂ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਆਮ ਜਨਤਾ ਜਨਤਾ ਨੂੰ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਹੇਠਾਂ ਖਾਤੇ ਅੱਗੇ ਦਰਸਾਈ ਬਕਾਇਆ ਨਿਕਲਦੀ ਰਾਸ਼ੀ ਅਤੇ ਇਸ ਉਪਰ ਬਣਦੇ ਵਿਆਜ ਲਈ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ ਅਤੇ ਸਹਿ-ਕਰਜ਼ਦਾਰ ਦਾ ਨਾਂਅ | ਐੱਨ ਪੀ ਏ/ਡਿਮਾਂਡ ਨੋਟਿਸ ਦੀ ਮਿਤੀ<br>ਕਬਜ਼ੇ ਦੀ ਮਿਤੀ<br>ਡਿਮਾਂਡ ਨੋਟਿਸ 'ਚ ਰਾਸ਼ੀ (ਰੁਪਏ 'ਚ) |
|---|---|---|
| 1. | 1. ਸ੍ਰੀ ਰਜੇਂਦਰ ਪ੍ਰਸਾਦ ਪੁੱਤਰ ਰਾਮ ਨੰਦਨ ਮਹਿਤੋ (ਕਰਜ਼ਦਾਰ) ਅਤੇ 2 ਸ੍ਰੀਮਤੀ ਕਿਰਨ ਪ੍ਰਸਾਦ ਪਤਨੀ ਰਜੇਂਦਰ ਪ੍ਰਸਾਦ (ਸਹਿ-ਕਰਜ਼ਦਾਰ/ਰਹਿਣਕਾਰ) | 08 ਫਰਵਰੀ 2025/28 ਫਰਵਰੀ 2025<br>11 ਜੁਲਾਈ 2025<br>ਰੁਪਏ 5,03,831/- (ਪੰਜ ਲੱਖ ਤਿੰਨ ਹਜ਼ਾਰ ਅੱਠ ਸੌ ਇਕੱਤੀ ਰੁਪਏ ਕੇਵਲ) |

ਰਹਿਣ ਕੀਤੀ ਜਾਇਦਾਦ ਦਾ ਵੇਰਵਾ : ਬੈਨਾਮਾ ਦਸਤਾਵੇਜ਼ ਨੰ. 2019-20/101/1/12670 ਮਿਤੀ 13 ਦਸੰਬਰ 2019 ਰਾਹੀਂ ਕਿਰਨ ਪ੍ਰਸਾਦ ਪਤਨੀ ਰਜੇਂਦਰ ਪ੍ਰਸਾਦ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਪਲਾਟ ਨੰ. 12 ਮਿਨ, ਰਕਬਾ 41 ਵਰਗ ਗਜ਼, ਖੱਤਾ ਨੰ. 322/336, ਖਸਰਾ ਨੰ. 20//19/2-20/1, ਹਦਬਸਤ ਨੰ. 101, ਜਮ੍ਹਾਂਬੰਦੀ ਸਾਲ 2007-2008, ਫ੍ਰੈਂਡਜ਼ ਕਾਲੋਨੀ, ਪਿੰਡ ਜੱਸੀਆਂ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) : ਪੂਰਬ : ਗੁਆਂਢ, ਪੱਛਮ : ਗਲੀ, ਉੱਤਰ : ਰੋਹਿਤ ਦਾ ਮਕਾਨ, ਦੱਖਣ : ਸੋਨੀਆ ਤਲਵਾੜ ।

ਮਿਤੀ : 15.07.2025, ਸਥਾਨ : ਲੁਧਿਆਣਾ, ਸਹੀ/- ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ




# ਕਲਾਸੀਫਾਈਡ ਇਸ਼ਤਿਹਾਰ




**Change of Name**

I Navdeep Kaur W/O Gurbax Singh Randhawa Resident of Vill Pairuwal Tehsil Kalanaur, Distt. Gurdaspur State Punjab Pin Code 143512 I have changed my name from Navdeep Kaur to Navdeep Kaur Randhawa. That is my correct name Navdeep Kaur Randhawa. Please note it.

I, Jatinderpal Singh S/o Narinder Singh R/o Vill. Halluwal PO Rampur Jhanjowal, Tehsil Garhshankar Distt. Hoshiarpur Punjab have changed my name from Jatinderpal Singh to Jatinderpal Singh Sandhu. Concerned note.

I, Dalbir Kaur W/o Sukhvir Singh R/o Village Paragpur, PO. Dhanowali, Distt. Jalandhar have changed my name from Dalbir Kaur to Dalvir Kaur. Please note. (12247)

I, Harjinder Mattu S/o Late Sh. Sat Pal Mattu, H. No.- 13, Near Ramgarhia Gurduwara, Ward No. 13, Bhogpur, Distt. Jalandhar have been changed my name Harjinder Mattu to Jatinder Kumar. Please all concerned note. (12248 )

I hitherto known as RASHPAL SINGH S/O Gurmit Singh R/o Dhanipind, Jalandhar, Punjab-144633 have changed my name and shall hereafterbe known as RACHHPAL SINGH.

I, hitherto known as Ram Piari W/O Sohan Lal residing at Village Kahanpur, PO. Raipur Rasulpur, Distt. Jalandhar - 144012, Punjab, India have changed my name and shall hereafter be known as Kamla Devi.

I, Santosh Devi w/o Raj kumar Mudgil R/o 230- B New Dashmesh Nagar Ramamandi Jalandhar have changed my name to Santosh Rani.

I, Rachhpal Singh s/o Karamjit Singh r/o H.No. 95, Gurjepal Nagar, Jalandhar, Punjab have changed my name to Rachpal Singh. All Please Note.

I, Mandeep Kaur c/o Kuljinder Singh r/o H.No.11-A, Model House Jalandhar have changed my name to Given name as Mandeep & Surname as Kaur. All Please Note.

I, Vishal s/o Parshotam Lal r/o VPO.Bolina Doaba I want to add my surname banger in document for all purpose from Vishal to Vishal Banger. All Please Note.

I, Pawan Kumari w/o Ashok Kumar r/o Village Bidhipur, Po. Rec, Distt.Jalandhar have change my name to Given name as Pawan & Surname as Kumari. All Please Note.

I, Davinder Singh Minhas s/o Dilawar Singh r/o VPO. Daroli Khurd, Distt. Jalandhar (PB) have changed my name to Davinder Singh. All Please Note.

I, Dlawar Singh s/o Gurbachan Singh r/o VPO. Daroli Khurd, Distt. Jalandhar (PB) have changed my name to Dilwar Singh. All Please Note.

I, hitherto Known as GAAVI SINGLA Wife of RISHABH AGGARWAL residing at H.No. 505, Cheema Nagar Extension, Mithapur Road, Model Town, Jalandhar-144003, Punjab, India have changed my name and shall hereafter be known as GAAVI AGGARWAL.

I, hitherto Known as BALJIT KAUR Wife of GURMEET SINGH residing at H.No. C-44, Basti Sheikh Road, Near Old Pritam Cinema, Jalandhar-144002, Punjab, India have changed my name and shall hereafter be known as SURJIT KAUR GHOTRA.

I, hitherto known as Bhagwati Parshad Mahajan S/o Chaman Lal R/o Khullaran Gali, Mukerian, Hoshiarpur, Punjab- 144211, have changed my name and shall hereafter be known as Bhagwati Parshad.

I, Hira Masih S/o Teju R/o H.No.262, Nangli Bhatha, Preet Nagar, FGC Road, District Amritsar have changed my name from Hiram Masih to Heera Masih

I, Ranbir Singh s/o Sewa singh r/o vill Shahpur,po.Butala,teh Baba Bakala, Amritsar have changed my name from Ranbir Singh to Ranbir Singh Bal.

I, Paramjit Kaur W/o Ranbir Singh Bal R/o Vill Shahpur, PO Butala, Teh Baba Bakala, Amritsar have changed my name from Paramjit Kaur to Paramjeet kaur

I, Partap Singh S/o Narinder Singh R/o VPO Passnawal, District Gurdaspur have declared that Singh is my surname and Partap is my given name.

I, Sudhir Kumar S/O Jinendra Sena Jain, R/o Kothi No 8, Block-B, Majithia Enclave, Patiala, Punjab-147005, have changed my name and shall hereafter be Known as Sudhir Kumar Jain.

I, Amandeep Singh S/O Bhagwant Singh, R/o Chaswal, Patiala, Punjab- 147202, I have changed the name of my minor daughter Kiranpreet Kaur aged about 13 Years and She shall hereafter be known as Bishakha Roop Rai.

I, Parmjit Kaur W/O Sohan Singh, R/o Gopalpur, PO: Beas Pind, Dist: Jalandhar, Punjab- 144302. have changed my name and shall hereafter be Known as Balvir Kaur.

I, Gurcharan Singh S/o Balvir Chand R/o VPO. Bhangala, Distt. Jalandhar, Punjab-144033 have changed the name of my minor son from Daljit to Daljit Singh. All concerned please note.

I, Kishan Lal Sethi S/o Madan Lal R/o 97-B,New Dashmesh Nagar, Ladowali Road, Jalandhar hereby declare that I have changed my name from Kishan Lal Sethi to Kishan Lal. All concerned to note.

I, Gurbinder Kaur w/o Amrik Singh r/o Mitha Pur,Jalandhar have changed my name from Gurbinder Kaur to Gurwinder kaur

I, Anchal D/o Bodh Singh r/o V Raj Pur, P.O. Rajpur Gahot, Distt. Hoshiarpur, have changed my name from Anchal to Anchal Bhatia

I Deepika Kanda W/o Pardeep Lal R/o VPO Bhandal Bet, Kapurthala-144804, Punjab, have changed name of my minor daughter from Kusam to Kusum Kanda, in which given name Kusum and Kanda is her surname. All concerned please note.

I Varun Bembey S/o Ashok Kumar,R/o Kothi No. 4,Vasant Avenue, Jalandhar have changed my name from Varun Bembey to Varun

**Change of Name**

I Varun S/o Ashok Kumar,R/o Kothi No. 4,Vasant Avenue, Jalandhar declare that my deceased father's name is wrongly mentioned as Ashok Kumar Bembey in my school certificates. But my deceased father's correct name is Ashok Kumar.

I Shashi Bala W/o Sham Sunder kapuria R/o # 81, Near Old Police Station Wali Gali , New Raj Nagar, Basti Bawa Khel, Jalandhar, certified that Shashi Bala, Shashi Kapuria as well as Shashi is one and same person. please note.

I , Inderjit S/o Bhagwan Dass R/o H. No. 43 Patel Nagar, Maqsudan, Jalandhar have add my surname Pahwa. Now I have Changed my name Inderjit to Inderjit Pahwa. All concerned note please.

I, Rajider Pall Singh Boparai S/o Gurdev Singh R/o New Sant Nagar Bathwala Road Gurdaspur, Tehsil/Distt. Gurdaspur,Punjab, India. Have changed my name from Rajnder Pall Singh Boparai to Rajinder Pal Singh Boparai.

I, Lovepreet Singh S/o Ranjit Singh R/o Village Nabipur, H. No. 171, PO. Gurdaspur,Tehsil/Distt. Gurdaspur, Pin-143521, Punjab declare that my given name as Lovepreet and my surname as Singh.

I, Rajbeer Kaur W/o Inder Jit Singh R/o Village Sohian, PO, Kurala (Hoshiarpur) Punjab declare my minor Son given name as Guryog and Surname as Singh.

I, hitherto Know as Satpaul Singh S/o Pritam Singh R/o VPO. Nangal Bihalan, Teh. Mukrian, Distt. Hoshiarpur, Punjan-144205 have changed my name and shall hereafter be known as Satpal Singh. Please note.

I, Sanjeev Mehra S/O Om Parkash Mehra R/O 148, Bhullar Avenue, FGC Road, Amritsar have changed my name from Sanjay Kumar / Sanjeev Kumar Mehra to Sanjeev Mehra. Concerned please note.

I, Kavita Mehra W/O Sanjeev Mehra R/O 148, Bhullar Avenue, FGC Road, Amritsar have changed my name from Vimmy to Kavita Mehra. Concerned please note.

**ਆਮ ਸੂਚਨਾ**

ਮੈਂ, ਸੁਰਿੰਦਰ ਕੁਮਾਰ ਪੁੱਤਰ ਸ੍ਰੀ ਸਦਾ ਰਾਮ ਵਾਸੀ ਪਿੰਡ ਤੇ ਡਾਕਖਾਨਾ ਬਿਨਪਾਲਕੇ (ਜਲੰਧਰ) ਬਿਆਨ ਕਰਦਾ ਹਾਂ ਕਿ ਮਾਲ ਰਿਕਾਰਡ ਵਿਚ ਮੇਰਾ ਨਾਂਅ ਸੁਰਿੰਦਰ ਪਾਲ ਲਿਖਿਆ ਹੈ, ਜਦ ਕਿ ਮੇਰਾ ਸਹੀ ਨਾਂਅ ਸੁਰਿੰਦਰ ਕੁਮਾਰ ਹੈ। ਸੁਰਿੰਦਰ ਕੁਮਾਰ ਤੇ ਸੁਰਿੰਦਰ ਪਾਲ ਦੋਵੇਂ ਨਾਂਅ ਮੇਰੇ ਹਨ। ਸੰਬੰਧਤ ਨੋਟ ਕਰਨ। (12253)

ਮੈਂ ਕੁਲਵਿੰਦਰ ਸਿੰਘ ਪੁੱਤਰ ਦੀਦਾਰ ਸਿੰਘ ਐਲਾਨ ਕਰਦਾ ਹਾਂ ਕਿ ਮੇਰੀ ਦਾਦੀ ਦਾ ਨਾਮ ਉਹਨਾਂ ਦੇ ਮੌਤ ਸਰਟੀਫਿਕੇਟ (ਰਜਿਸਟ੍ਰੇਸ਼ਨ ਨੰਬਰ DR /ES /78/0068745506) ਵਿੱਚ ਨਾਮ ਕੌਰ (NAM KAUR) ਗਲਤ ਲਿਖਿਆ ਗਿਆ ਹੈ ਪਰ ਉਹਨਾਂ ਦਾ ਸਹੀ ਨਾਮ ਹਰਨਾਮ ਕੌਰ ਹੈ।

ਮੈਂ, ਪ੍ਰੀਤੀ ਪਤਨੀ ਲੇਟ ਸ੍ਰੀ ਅਮਨ ਅੰਗੂਰਾਲ ਨਿਵਾਸੀ 34, ਗੁਰੂ ਸੰਤ ਨਗਰ, ਬਸਤੀ ਦਾਨਿਸ਼ਮੰਦਾਂ, ਤਹਿਸੀਲ ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰੇ ਪੁੱਤਰ ਦੇ ਸਕੂਲ ਦਸਤਾਵੇਜ਼ ਵਿਚ ਉਸ ਦਾ ਨਾਂਅ ਗਲਤੀ ਨਾਲ ਵੰਸ਼ ਦਰਜ ਹੋ ਗਿਆ ਹੈ। ਉਸ ਦਾ ਸਹੀ ਨਾਂਅ ਵੰਸ਼ ਅੰਗੂਰਾਲ ਹੈ। ਦੋਵੇਂ ਨਾਂਅ ਮੇਰੇ ਪੁੱਤਰ ਦੇ ਹਨ ਅਤੇ ਇਕ ਹੀ ਵਿਅਕਤੀ ਦੇ ਹਨ।

ਮੈ ਗੁਰਿੰਦਰ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਕੈਰੋ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਦਾ ਰਹਿਣ ਵਾਲਾ ਹਾਂ । ਮੇਰਾ ਪੁੱਤਰ ਹਰਿੰਦਰ ਸਿੰਘ ਤੇ ਇਸ ਦੀ ਪਤਨੀ ਕੁਲਵਿੰਦਰ ਕੌਰ ਤੇ ਪੋਤਰੀ ਏਕਮਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਸੀ। ਜਿਨ੍ਹਾਂ ਨੂੰ ਮੈਂ ਆਪਣੀ ਚੱਲ ਤੇ ਅਚੱਲ ਜਾਇਦਾਦ ਵਿੱਚੋਂ ਬੇਦਖਲ ਕੀਤਾ ਸੀ । ਹੁਣ ਮੇਰਾ ਪੁੱਤਰ, ਨੂੰਹ ਤੇ ਪੋਤਰੀ ਮੇਰੇ ਕਹਿਣੇ ਵਿੱਚ ਆ ਗਏ । ਜਿਨ੍ਹਾਂ ਦੀ ਬੇਦਖਲੀ ਰੱਦ ਕਰਦਾ ਹਾਂ । ਮੇਰੇ ਬਾਕੀ ਵਾਰਸਾਂ ਵਾਂਗ ਮੇਰੀ ਜਾਇਦਾਦ ਦੇ ਮਾਲਕ ਕਾਬਜ਼ ਹੋਣਗੇ।

ਮੈਂ, ਜਗਦੇਵ ਸਿੰਘ ਪੁੱਤਰ ਸਰਦਾਰਾ ਸਿੰਘ ਪੁੱਤਰ ਜੰਗੀਰ ਸਿੰਘ ਵਾਸੀ ਪਿੰਡ ਬਿਲਾਸਪੁਰ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਸੁਖਪ੍ਰੀਤ ਸਿੰਘ (ਨਾਬਾਲਗ) ਨੂੰ ਰੋਜ਼ਾਨਾ ਨਵਾਂ ਜ਼ਮਾਨਾ ਅਖ਼ਬਾਰ ਰਾਹੀਂ ਇਸ਼ਤਿਹਾਰ ਦੇ ਕੇ ਮਿਤੀ 08.06.2025 ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖ਼ਲ ਕਰ ਦਿੱਤਾ ਸੀ। ਹੁਣ ਮੇਰਾ ਲੜਕਾ ਸੁਖਪ੍ਰੀਤ ਸਿੰਘ ਮੇਰੀ ਆਗਿਆ ਵਿਚ ਹੈ ਅਤੇ ਮੇਰੇ ਕਹਿਣੇਕਾਰ ਹੈ। ਇਸ ਲਈ ਮੈਂ ਆਪਣਾ ਬੇਦਖਲੀ ਨੋਟਿਸ ਰੱਦ ਕਰਦਾ ਹਾਂ। ਹੁਣ ਇਹ ਮੇਰੀ ਚੱਲ ਵਾ ਅਚੱਲ ਜਾਇਦਾਦ ਦਾ ਕਾਨੂੰਨੀ ਵਾਰਸ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਰਾਜ ਕੌਰ ਪਤਨੀ ਸਤਨਾਮ ਸਿੰਘ ਵਾਸੀ ਪਿੰਡ ਰਿਆਲੀ ਖੁਰਦ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੀ ਹਾਂ ਕਿ ਮੈਂ ਆਪਣੇ ਲੜਕੇ ਜ਼ੋਬਨਪ੍ਰੀਤ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਮਿਤੀ 27-08-2022 ਨੂੰ ਨਵਾਂ ਜਮਾਨਾ ਅਖਬਾਰ ਰਾਹੀਂ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਮੇਰੇ ਕਹਿਣੇ ਵਿਚ ਹੈ। ਇਸ ਲਈ ਮੈਂ ਆਪਣੀ ਦਿੱਤੀ ਹੋਈ ਉਕਤ ਬੇਦਖਲੀ ਵਾਪਸ ਲੈਂਦੀ ਹਾਂ ਅਤੇ ਹੁਣ ਮੇਰਾ ਲੜਕਾ ਮੇਰੀ ਚੱਲ ਵਾ ਅਚੱਲ ਜਾਇਦਾਦ ਦਾ ਹੱਕਦਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: XII AP02/8446-P (C.A. No. 3004471216), 10.00 ਬੀ ਐੱਚ ਪੀ, ਜੋ ਕਿ ਲੇਟ ਸ੍ਰੀ ਦਲੀਪ ਸਿੰਘ ਪੁੱਤਰ ਸ੍ਰੀ ਜਗਤ ਸਿੰਘ ਪਿੰਡ ਧੰਦਲ, ਜ਼ਿਲ੍ਹਾ ਕਪੂਰਥਲਾ ਦੇ ਨਾਂਅ 'ਤੇ ਚੱਲ ਰਹੇ ਹਨ। ਇਹ ਕੁਨੈਕਸ਼ਨ ਸ੍ਰੀ ਲਖਵੀਰ ਸਿੰਘ ਪੁੱਤਰ ਸ੍ਰੀ ਦਲੀਪ ਸਿੰਘ ਵਾਸੀ ਪਿੰਡ ਧੰਦਲ ਜ਼ਿਲ੍ਹਾ ਕਪੂਰਥਲਾ ਨੇ ਆਪਣੇ ਨਾਂਅ 'ਤੇ ਕਰਵਾਉਣ ਲਈ ਦਰਖਾਸਤ ਇਸ ਦਫ਼ਤਰ ਵਿਖੇ ਪੇਸ਼ ਕੀਤੀ ਹੈ। ਇਸ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਆਪਣਾ ਇਤਰਾਜ਼ਨਾਮਾ ਇਸ ਨੋਟਿਸ ਦੇ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਨਿਮਨਹਸਤਾਖਰਕਰਤਾ ਨੂੰ ਇਸ ਦਫ਼ਤਰ ਵਿਚ ਜਮ੍ਹਾਂ ਕਰਵਾਓ। ਸਹਾਇਕ ਕਾਰਜਕਾਰੀ ਇੰਜੀ./ਵੰਡ, ਪੀ ਐੱਸ ਪੀ ਸੀ ਐੱਲ ਉਪ ਮੰਡਲ ਕਾਲਾ ਸੰਘਿਆਂ।

ਮੋਟਰ ਕੁਨੈਕਸ਼ਨ ਖਾਤਾ ਨੰਬਰ ਕੇ.ਏ.ਪੀ. 0322 ਜੋ ਕਿ ਮੱਖਣ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਕਿਸ਼ਨਗੜ ਦੇ ਨਾਮ ਤੇ ਚਲਦਾ ਹੈ। ਇਸ ਕੁਨੈਕਸ਼ਨ ਨੂੰ ਹੁਣ ਗੁਰਪ੍ਰੀਤ ਸਿੰਘ ਪੁੱਤਰ ਮੱਖਣ ਸਿੰਘ ਵਾਸੀ ਕਿਸ਼ਨਗੜ ਆਪਣੇ ਨਾਮ ਕਰਵਾਉਣਾ ਚਾਹੁੰਦਾ ਹੈ।ਇਸ ਸੰਬੰਧੀ ਜੇਕਰ ਕਿਸੇ ਵਿਅਕਤੀ ਨੂੰ ਇਤਰਾਜ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਪੀ.ਐਸ.ਪੀ.ਸੀ.ਐਲ. ਦਫਤਰ ਬਰੇਟਾ ਵਿਖੇ ਸੰਪਰਕ ਕਰ ਸਕਦਾ ਹੈ।

ਮੋਟਰ ਕੁਨੈਕਸ਼ਨ ਖਾਤਾ ਨੰਬਰ ਕੇ.ਏ.ਪੀ. 133 ਜੋ ਕਿ ਪਿੰਡ ਕਿਸ਼ਨਗੜ ਵਿਖੇ ਬੋਹੀਆ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਰਾਮਗੜ੍ਹ ਜਵੰਦਾ ਦੇ ਨਾਮ ਤੇ ਚਲਦਾ ਹੈ। ਇਸ ਕੁਨੈਕਸ਼ਨ ਨੂੰ ਹੁਣ ਦਰਸ਼ਨ ਸਿੰਘ ਪੁੱਤਰ ਚਾਨਣ ਸਿੰਘ ਵਾਸੀ ਕਿਸ਼ਨਗੜ ਆਪਣੇ ਨਾਮ ਕਰਵਾਉਣਾ ਚਾਹੁੰਦਾ ਹੈ।ਇਸ ਸੰਬੰਧੀ ਜੇਕਰ ਕਿਸੇ ਵਿਅਕਤੀ ਨੂੰ ਇਤਰਾਜ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਪੀ.ਐਸ.ਪੀ.ਸੀ.ਐਲ. ਦਫਤਰ ਬਰੇਟਾ ਵਿਖੇ ਸੰਪਰਕ ਕਰ ਸਕਦਾ ਹੈ।

ਮੋਟਰ ਕੁਨੈਕਸ਼ਨ ਖਾਤਾ ਨੰਬਰ ਏ ਪੀ-36/69 ਐੱਚ ਅਤੇ 3004066707, ਜੋ ਕਿ ਸਰਵਨ ਸਿੰਘ ਪੁੱਤਰ ਬਲਬੀਰ ਸਿੰਘ ਨੂੰ ਆਪਣੇ ਨਾਂਅ ਕਰਨ ਲਈ ਨਿਰਵੈਰ ਸਿੰਘ ਪੁੱਤਰ ਸਰਵਨ ਸਿੰਘ ਰਕਬਾ ਪਿੰਡ ਸੁੱਧ ਸਿੰਘ ਵਾਲਾ ਨੇ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ। ਇਤਰਾਜ਼ਯੋਗ ਵਿਅਕਤੀ 10 ਦਿਨਾਂ ਵਿਚ ਐੱਸ ਡੀ ਓ ਵੰਡ ਮੱਲਾਂਵਾਲਾ ਨਾਲ ਸੰਪਰਕ ਕਰੇ।

**Lost and Found**

I, Razia Sharma D/o Kalidass R/o Jalandhar have lost my B.Ed degree issued from chenab college of education kaluchak (Jammu) .Now I am applying for duplicate of same objection if any may be conveyed to the concerned authorises within seven days from the date of publication of this notice.

**ਨਾਂਅ ਦੀ ਬਦਲੀ**

ਮੈਂ ਬਲਵੀਰ ਕੁਮਾਰ ਪੁੱਤਰ ਦੇਵ ਰਾਜ ਵਾਸੀ ਪਿੰਡ ਮੰਢਾਲੀ ਤਹਿਸੀਲ ਬੰਗਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਮ ਬਲਬੀਰ ਕੁਮਾਰ ਤੋਂ ਬਦਲ ਕੇ ਬਲਵੀਰ ਕੁਮਾਰ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ ਰਾਜਵਿੰਦਰ ਕੌਰ ਪਤਨੀ ਜਸਬੀਰ ਸਿੰਘ ਵਾਸੀ ਪਿੰਡ ਸੁਧਾਰ ਰਾਜਪੂਤਾ ਤਹਿਸੀਲ ਬਾਬਾ ਬਕਾਲਾ ਜ਼ਿਲਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੈਂ ਹੁਣ ਆਪਣਾ ਨਾਮ ਰਾਜਵਿੰਦਰ ਕੌਰ ਤੋਂ ਬਦਲਕੇ ਬਲਵਿੰਦਰ ਕੌਰ ਅਤੇ ਆਪਣੇ ਘਰਵਾਲੇ ਦਾ ਨਾਮ ਜਸਬੀਰ ਸਿੰਘ ਤੋਂ ਜਸਵਿੰਦਰ ਸਿੰਘ ਰੱਖ ਲਿਆ ਹੈ। ਹੁਣ ਸਾਨੂੰ ਨਵੇਂ ਨਾਮ ਨਾਲ ਜਾਣਿਆ ਜਾਵੇ। ਸਬੰਧਤ ਨੋਟ ਕਰਨ।

ਮੈਂ, ਸੰਯੋਗਤਾ ਪਤਨੀ ਸ਼੍ਰੀ ਬੁੱਧ ਲਾਲ ਵਾਸੀ ਪਿੰਡ ਤੇ ਡਾਕਖਾਨਾ ਕਿੰਗਰਾ ਚੋਵਾਲਾ ਜਿਲਾ ਜਲੰਧਰ, ਪੰਜਾਬ ਦੀ ਰਹਿਣ ਵਾਲੀ ਹਾਂ ਮੈਂ ਆਪਣੇ ਲੜਕੇ ਦਾ ਨਾਮ ਗੁਰਪ੍ਰੀਤ ਤੋਂ ਬਦਲ ਕੇ ਗੁਰਪ੍ਰੀਤ ਸਿੰਘ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈ ਸੁਖਵਿੰਦਰ ਸਿੰਘ ਧਾਰੀਵਾਲ ਪੁੱਤਰ ਦੀਦਾਰ ਸਿੰਘ ਵਾਸੀ ਪਿੰਡ ਧਾਰੀਵਾਲ ਤਹਿ ਪੱਟੀ ਜਿਲਾ ਤਰਨ ਤਾਰਨ ਦਾ ਰਹਿਣ ਵਾਲਾ ਹਾਂ ।ਮੈਂ ਆਪਣਾ ਨਾਮ ਸੁਖਵਿੰਦਰ ਸਿੰਘ ਧਾਰੀਵਾਲ ਤੋ ਬਦਲ ਕੇ ਸੁਖਵਿੰਦਰ ਸਿੰਘ ਰੱਖ ਲਿਆ ਹੈ । ਸਬੰਧਤ ਨੋਟ ਕਰਨ।

ਮੈਂ, ਮਨਦੀਪ ਪੁੱਤਰ ਕਮਲਜੀਤ ਵਾਸੀ ਪਿੰਡ ਪੱਦੀ ਜਗੀਰ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੈਂ ਆਪਣਾ ਨਾਮ ਮਨਦੀਪ ਤੋਂ ਬਦਲ ਕੇ ਮਨਦੀਪ ਸਿੰਘ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਮਮਤਾ ਰਾਣੀ ਪਤਨੀ ਚੰਦਨ ਪੁਰੀ ਵਾਸੀ ਪਿੰਡ ਅਤੇ ਡਾਕਖਾਨਾ ਨੌਸ਼ਹਿਰਾ ਪੰਨੂਆਂ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ, ਪੰਜਾਬ ਨੇ ਆਪਣਾ ਨਾਮ ਮਮਤਾ ਰਾਣੀ ਤੋਂ ਬਦਲ ਕੇ ਮਮਤਾ ਪੁਰੀ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

**PUBLIC NOTICE**

I, Gurpreet Singh S/o Ranjit Singh R/o Village Nabipur, H. No. 171, PO. Gurdaspur, Tehsil/ Distt. Gurdaspur, Pin-143521, Punjab declare that my given name as Gurpreet and my Surname as Singh.

I, Sukhvir Singh S/o Pritam Singh R/o Village Paragpur, PO. Dhanowali old, Phagwara Road Jalandhar declare that my father name wrongly written as Paritam Singh in my Passport No. KO93801, But my Father correct name is Pritam Singh. Please note.

I, Charanjit Kaur W/o Manjit Singh R/o Village Mander, Tehsil and Distt. Jalandhar, Punjab declare that my daughter Harjit Kaur is out of my control. I disinherit her from my movable and immovable properties. I and my family shall not be held responsible for any of her acts deeds and things. All please note.

I, Radhey Sham S/o Sukhnandan R/o H.No. 513, Ranjit Enclave, Nangal Karar Khan, Jalandhar, Punjab declare that my son Sachin Yadav & his wife Komal are out of my control. I disinherit them from my movable and immovable properties. I and my family shall not be held responsible for any of their acts deeds and things. All please note.

I, Urmila W/o Radhey Sham R/o H.No. 513, Ranjit Enclave, Nangal Karar Khan, Jalandhar, Punjab declare that my son Sachin Yadav & his wife Komal are out of my control. I disinherit them from my movable and immovable properties. I and my family shall not be held responsible for any of their acts deeds and things. All please note.

**ਬੇਦਖ਼ਲੀ ਨੋਟਿਸ**

ਮੈਂ, ਸੋਨੂੰ ਪੁੱਤਰ ਸ੍ਰੀ ਚੁੰਨੀ ਲਾਲ ਵਾਸੀ ਮਕਾਨ ਨੰਬਰ 2106, ਭਾਰਗੋ ਨਗਰ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਯੁਵਰਾਜ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਮੈਂ ਇਸ ਦੇ ਵਿਹਾਰ ਤੋਂ ਤੰਗ ਆ ਚੁੱਕਾ ਹਾਂ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਅਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਸੰਬੰਧ ਨਹੀਂ ਹੈ।

ਮੈਂ, ਬਲਵੰਤ ਕੌਰ ਪਤਨੀ ਸਵ: ਅਜਮੇਰ ਸਿੰਘ ਵਾਸੀ ਬੇਡੇ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਮਨਜਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਇਸ ਨਾਲ ਕੋਈ ਸੰਬੰਧ ਨਹੀਂ ਹੈ।

ਮੈਂ, ਗੁਰਦੇਵ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਪਿੰਡ ਮਸੀਤ ਪਲਕੋਟ, ਤਹਿਸੀਲ ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਇੰਦਰਜੀਤ ਸਿੰਘ, ਨੂੰਹ ਅਮਨਦੀਪ ਕੌਰ, ਪੋਤਰਾ ਪ੍ਰਭਨੂਰ ਸਿੰਘ, ਪੋਤਰੀ ਦਿਲਪ੍ਰੀਤ ਕੌਰ ਅਤੇ ਮੇਰੀ ਪੁੱਤਰੀ ਰਜਿੰਦਰ ਕੌਰ ਇਹ ਸਾਰੇ ਮੇਰੇ ਕਹਿਣੇ ਤੋਂ ਬਾਹਰ ਹਨ, ਜਿਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਇਨ੍ਹਾਂ ਨਾਲ ਮੇਰਾ ਕੋਈ ਸੰਬੰਧ ਨਹੀਂ ਹੋਵੇਗਾ।

ਮੈਂ, ਹਰਜਿੰਦਰ ਸਿੰਘ ਪੁੱਤਰ ਗਿਆਨ ਸਿੰਘ ਵਾਸੀ ਪਿੰਡ ਝਾਵਾਂ, ਤਹਿ. ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦਾ ਹਾਂ ਕਿ ਮੇਰੀ ਪੁੱਤਰੀ ਹਰਮਨ, ਜੋ ਮੇਰੇ ਕਹਿਣੇ ਤੋਂ ਬਾਹਰ ਹੈ, ਜਿਸ ਕਰਕੇ ਮੈਂ ਇਸ ਨੂੰ ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਸ ਨਾਲ ਕੋਈ ਸੰਬੰਧ ਜਾਂ ਲੈਣ-ਦੇਣ ਨਹੀਂ ਹੋਵੇਗਾ।

ਅਸੀਂ, ਜਗੀਰ ਸਿੰਘ ਪੁੱਤਰ ਲੇਟ ਮੋਹਨ ਸਿੰਘ ਅਤੇ ਜਸਵਿੰਦਰ ਕੌਰ ਪਤਨੀ ਜਗੀਰ ਸਿੰਘ ਵਾਸੀਆਨ ਪਿੰਡ ਨਵੇਂ ਨਾਗ, ਡਾਕ ਨਾਗ ਕਲਾਂ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡੀ ਨੂੰਹ ਮਨਜੀਤ ਕੌਰ ਪਤਨੀ ਸਵ: ਜਗਜੀਤ ਸਿੰਘ ਅਤੇ ਪੋਤਰਾ ਜਪਕੀਰਤ ਸਿੰਘ ਪੁੱਤਰ ਸਵ: ਜਗਜੀਤ ਸਿੰਘ, ਜੋ ਆਪਣੇ ਮਾਮਿਆਂ ਕੋਲ ਰਹਿ ਰਿਹਾ ਹੈ ਅਤੇ ਇਹ ਦੋਵੇਂ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਸਾਡੀ ਨੂੰਹ ਸਾਨੂੰ ਤੰਗ -ਪ੍ਰੇਸ਼ਾਨ ਕਰਦੀ ਹੈ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਇਨ੍ਹਾਂ ਨਾਲ ਸਾਡਾ ਕੋਈ ਸੰਬੰਧ ਨਹੀਂ ਹੋਵੇਗਾ।

ਅਸੀਂ, ਬਲਦੇਵ ਸਿੰਘ ਪੁੱਤਰ ਬਚਿੱਤਰ ਸਿੰਘ ਅਤੇ ਸਰਬਰਜੀਤ ਕੌਰ ਪਤਨੀ ਬਲਦੇਵ ਸਿੰਘ ਵਾਸੀਆਨ 263, ਗਲੀ ਨੰਬਰ 8, ਈਸਟ ਗੋਬਿੰਦ ਨਗਰ, ਸੁਲਤਾਨਵਿੰਡ ਰੋਡ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਜੋਬਨਜੀਤ ਸਿੰਘ ਅਤੇ ਉਸ ਦੀ ਪਤਨੀ ਮਨਪ੍ਰੀਤ ਕੌਰ, ਜੋ ਇਸ ਸਮੇਂ ਆਸਟ੍ਰੇਲੀਆ ਵਿਚ ਰਹਿ ਰਹੇ ਹਨ, ਸਾਡੇ ਕਹਿਣੇ ਤੋਂ ਬਾਹਰ ਹਨ, ਜਿਸ ਕਰਕੇ ਅਸੀਂ ਇਨ੍ਹਾਂ ਨੂੰ ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਇਨ੍ਹਾਂ ਨਾਲ ਸਾਡਾ ਕੋਈ ਤਲਕ-ਵਾਸਤਾ ਨਹੀਂ ਹੋਵੇਗਾ।

ਮੈਂ, ਸੁਨੀਤਾ ਰਾਣੀ ਪੁੱਤਰੀ ਨੰਦ ਲਾਲ ਅਤੇ ਪਤਨੀ ਸ੍ਰੀ ਸੁਰਿੰਦਰ ਠਾਕੁਰ ਵਾਸੀ ਮਕਾਨ ਨੰਬਰ 42-ਏ, ਗਲੀ ਨੰ: 3, ਮੁਸਲਿਮ ਗੰਜ, ਭਾਈਆਂ ਸ਼ਿਵਾਲਾ, ਅੰਮ੍ਰਿਤਸਰ-143001 ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਹਨੀ ਠਾਕੁਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਰਣਜੀਤ ਸਿੰਘ ਪੁੱਤਰ ਸ੍ਰੀ ਦਰਸ਼ਨ ਸਿੰਘ ਵਾਸੀ ਪਿੰਡ ਗੰਢਵਾਂ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਤਲਜਿੰਦਰ ਸਿੰਘ ਜੋ ਰਜਵੰਤ ਕੌਰ ਨਾਲ ਵਿਆਹਿਆ ਹੈ, ਇਹ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

**ਬੇਦਖ਼ਲੀ ਨੋਟਿਸ**

ਮੈਂ ਬਲਦੇਵ ਸਿੰਘ ਪੁੱਤਰ ਸ੍ਰੀ ਭਾਗੂ ਰਾਮ ਪਿੰਡ ਤੇ ਡਾਕ ਬੋਦਲਾਂ ਤਹਿਸੀਲ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ ਆਪਣੇ ਦੋਵੇਂ ਪੁੱਤਰਾਂ ਤੇ ਨੂੰਹਾਂ ਬਲਜਿੰਦਰ ਸਿੰਘ ਤੇ ਉਸ ਦੀ ਪਤਨੀ ਸਤਪਾਲ ਕੌਰ, ਸੁਖਜਿੰਦਰ ਸਿੰਘ ਤੇ ਉਸ ਦੀ ਪਤਨੀ ਰਮਨਦੀਪ ਕੌਰ ਨੂੰ ਕਹਿਣੇ ਕਾਰ ਨਾ ਹੋਣ ਤੇ ਆਪਣੀ ਚੱਲ ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ। ਲੈਣ ਦੇਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈ ਜਗਰਾਜ ਸਿੰਘ ਪੁੱਤਰ ਕਰਮ ਸਿੰਘ ਵਾਸੀ ਹਰੀਗੜ੍ਹ ਗੇਹਲਾ ਤਹਿ ਮੂਨਕ ਜਿਲਾ ਸੰਗਰੂਰ ਦਾ ਹਾ। ਮੇਰੀ ਪਤਨੀ ਕੁਲਦੀਪ ਕੌਰ ਅਤੇ ਮੇਰਾ ਲੜਕਾ ਨਵਜੋਤ ਸਿੰਘ ਜੋ ਗਲਤ ਸੰਗਤ ਵਿੱਚ ਪੈ ਗਏ ਹਨ। ਜੋ ਮੇਰੇ ਕਹਿਣੇ ਤੋਂ ਬਾਹਰ ਹਨ, ਇਨਾਂ ਨੂੰ ਮੈ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾ। ਜੋ ਵੀ ਇਨਾਂ ਨਾਲ ਲੈਣ ਦੇਣ ਕਰੇਗਾ ਉਹ ਖੁਦ ਜਿਮੇਵਾਰ ਹੋਵੇਗਾ। ਸੰਬਧਿਤ ਨੋਟ ਕਰਨ।

ਮੈਂ, ਨਿਰਮਲ ਸਿੰਘ ਪੁੱਤਰ ਸ੍ਰੀ ਪ੍ਰੀਤਮ ਸਿੰਘ ਵਾਸੀ ਪਿੰਡ ਮਾਨਗੜ੍ਹ ਡਾਕ: ਭਾਨਾ ਤਹਿ: ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪਰਗਟ ਸਿੰਘ ਅਤੇ ਉਸ ਦੀ ਪਤਨੀ ਸ੍ਰੀਮਤੀ ਮਨਜਿੰਦਰ ਕੌਰ ਦੋਨੋਂ ਮੇਰੇ ਕਹਿਣੇ ਵਿੱਚ ਨਹੀਂ ਹਨ ਅਤੇ ਮੇਰੇ ਨਾਲ ਲੜਾਈ ਝਗੜਾ ਕਰਦੇ ਹਨ। ਮੈਂ ਆਪਣੇ ਉਪਰੋਕਤ ਲੜਕੇ ਅਤੇ ਆਪਣੀ ਨੂੰਹ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਜੋ ਵੀ ਵਿਅਕਤੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ ਉਹ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਰੇਸ਼ਮ ਸਿੰਘ ਪੁੱਤਰ ਵਿਸਾਖਾ ਸਿੰਘ ਵਾਸੀ ਬੁੱਟਰ ਕਲਾਂ, ਤਹਿਸੀਲ ਮੋਗਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਪਵਨਦੀਪ ਕੌਰ ਮੇਰੇ ਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਤੇ ਸੰਬੰਧ ਰੱਖਣ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਜੋਗਿੰਦਰ ਪਾਲ ਪੁੱਤਰ ਲੇਟ ਬਿਸ਼ਨ ਚੰਦ ਵਾਸੀ ਮਕਾਨ ਨੰ. 359, ਵੀਨਸ ਵੈਲੀ, ਨੇੜੇ ਕਾਲੀਆ ਕਾਲੋਨੀ, ਫੇਸ-2, ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਕੁਲਦੀਪ ਕੁਮਾਰ (ਸ਼ਾਦੀਸ਼ੁਦਾ) ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (12245)

ਮੈਂ, ਪਰਸ਼ੋਤਮ ਲਾਲ ਪੁੱਤਰ ਲੇਟ ਸ੍ਰੀ ਗਿਰਧਾਰੀ ਲਾਲ ਵਾਸੀ ਹਰੀ ਦਰਬਾਰ ਕਾਲੋਨੀ, ਜ਼ਿਲ੍ਹਾ ਗੁਰਦਾਸਪੁਰ ਦਾ ਰਹਿਣ ਵਾਲਾ ਹਾਂ ਕਿ ਮੇਰਾ ਲੜਕਾ ਰੋਹਿਤ ਕੌਂਡਲ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਰੋਹਿਤ ਕੌਂਡਲ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਰੋਹਿਤ ਕੌਂਡਲ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਬੇਅੰਤ ਸਿੰਘ ਪੁੱਤਰ ਅਜਮੇਰ ਸਿੰਘ ਨਿਵਾਸੀ ਵਾਰਡ ਨੰਬਰ 8 ਲਹਿਰਾਗਾਗਾ ਤਹਿਸੀਲ ਲਹਿਰਾ ਜ਼ਿਲਾ ਸੰਗਰੂਰ (ਅਧਾਰ ਨੰਬਰ 4051-7947 - 42 20 ) ਆਪਣੇ ਹਕੀਕੀ ਲੜਕੇ ਗੁਰਪ੍ਰੀਤ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਬੁਰੀ ਸੰਗਤ ਦਾ ਸ਼ਿਕਾਰ ਹੈ। ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਉਹ ਆਪਣੇ ਨਫੇ ਨੁਕਸਾਨ ਦਾ ਖੁਦ ਜਿੰਮੇਵਾਰ ਹੋਵੇਗਾ,ਉਸ ਨਾਲ ਲੈਣ ਦੇਣ ਕਰਨ ਵਾਲਾ ਵੀ ਖੁਦ ਜਿੰਮੇਵਾਰ ਹੋਵੇਗਾ, ਮੇਰਾ ਅਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਾਲੁਕ ਵਾਸਤਾ ਨਹੀਂ।

ਮੈਂ, ਕੈਲਾਸ਼ ਰਾਣੀ ਪਤਨੀ ਸ੍ਰੀ ਵਿਜੇ ਕੁਮਾਰ ਵਾਸੀ ਮਕਾਨ ਨੰ.14, ਹਰਿ ਕ੍ਰਿਸ਼ਨ ਐਵੀਨਿਊ,ਸੁਲਤਾਨਵਿੰਡ ਲਿੰਕ ਰੋਡ,ਨੇੜੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਪਬਲਿਕ ਸਕੂਲ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਪ੍ਰਦੀਪ ਕੁਮਾਰ ਜੋ ਸ਼ਾਦੀਸ਼ੁਦਾ ਹੈ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹੈ, ਗਲਤ ਸੰਗਤ ਵਿੱਚ ਪੈ ਚੁੱਕਾ ਹੈ ਅਤੇ ਮੈਨੂੰ ਬਹੁਤ ਤੰਗ ਪਰੇਸ਼ਾਨ ਕਰਦਾ ਹੈ। ਮੈਂ ਉਸਨੂੰ ਆਪਣੀ ਹਰ ਕਿਸਮ ਦੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ, ਮਨਜੀਤ ਸਿੰਘ ਪੁੱਤਰ ਗੁਲਜਾਰ ਸਿੰਘ ਵਾਸੀ ਮਕਾਨ ਨੰ. ਯੂ-5, ਭੱਲਾ ਕਲੋਨੀ, ਛੇਹਰਟਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਪ੍ਰੀਤ ਸਿੰਘ ਅਤੇ ਮੇਰੀ ਘਰਵਾਲੀ ਗੁਰਮੀਤ ਕੌਰ ਦੋਵੇਂ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹਨ, ਲੜਾਈ ਝਗੜਾ ਕਰਦੇ ਰਹਿੰਦੇ ਹਨ ਅਤੇ ਮੈਨੂੰ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਹਰ ਕਿਸਮ ਦੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ, ਸੁਨਿਤਾ ਦੇਵੀ ਪਤਨੀ ਲੇਟ ਬਲਦੇਵ ਰਾਜ ਵਾਸੀ ਪਿੰਡ ਤੇ ਡਾਕਖਾਨਾ ਹਜਾਰਾ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਕਵਿਤਾ ਪੁੱਤਰੀ ਬਲਦੇਵ ਰਾਜ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ, ਨਰਿੰਦਰ ਪਾਲ ਕੌਰ ਪਤਨੀ ਜਗਤਾਰ ਸਿੰਘ ਅਤੇ ਜਗਤਾਰ ਸਿੰਘ ਪੁੱਤਰ ਤੇਜਾ ਸਿੰਘ ਵਾਸੀਆਨ ਪਿੰਡ ਫਿਰੋਜ, ਜ਼ਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਗੁਰਚਰਨ ਸਿੰਘ ਉਰਫ ਵਿਕੀ ਅਤੇ ਉਸਦੀ ਪਤਨੀ ਗੁਰਵਿੰਦਰ ਕੌਰ, ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਮਿਨੀ ਪਤਨੀ ਅਜੇ ਕੁਮਾਰ ਵਾਸੀ 205, ਸੁਭਾਨਾ, ਮਿੱਠਾਪੁਰ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅੰਸ਼, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਮਹਿੰਦਰ ਕੌਰ ਪਤਨੀ ਪ੍ਰੇਮ ਸਿੰਘ ਵਾਸੀ ਪਿੰਡ ਰੰਗੀਲਪੁਰ, ਡਾਕਘਰ ਜੈਂਤੋ ਸਰਜਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਅਮਰੀਕ ਸਿੰਘ ਅਤੇ ਮੇਰੀ ਨੂੰਹ ਪੂਜਾ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਬਲਦੇਵ ਸਿੰਘ ਪੁੱਤਰ ਸੇਵਾ ਸਿੰਘ ਵਾਸੀ ਮਕਾਨ ਨੰ: 404, ਮੁਰਗੀ ਮੁੱਹਲਾ, ਬਟਾਲਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਰਬਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਬਲਬੀਰ ਕੌਰ ਪਤਨੀ ਲੇਟ ਸ੍ਰ. ਪਰਮਜੀਤ ਸਿੰਘ ਵਾਸੀ ਸ਼ਾਂਤੀ ਨਗਰ, ਬਟਾਲਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਹਰਪ੍ਰੀਤ ਸਿੰਘ ਵਾ ਉਸਦੀ ਪਤਨੀ ਅਰਵਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਜਸਪਾਲ ਧੀਮਾਨ ਪੁੱਤਰ ਸੰਸਾਰੀ ਲਾਲ ਵਾਸੀ ਵਾਰਡ ਨੰਬਰ 12, ਬੀਰਮਪੁਰ ਰੋਡ, ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੇਰਾ ਪੁੱਤਰ ਰਿਸ਼ਭ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਸ੍ਰੀਮਤੀ ਰਾਜ ਰਾਣੀ ਪਤਨੀ ਬਲਵੀਰ ਰਾਮ ਉਰਫ ਬਲਵੀਰ ਸਿੰਘ ਵਾਸੀ ਅਲੀਪੁਰ ਡਾਕਖਾਨਾ ਰੁੜਕੀਖਾਸ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਸ਼ਮੀ ਕਪੂਰ (ਕੁਆਰਾ) ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਬੂਟਾ ਰਾਮ ਪੁੱਤਰ ਸ੍ਰੀ ਲਛਮਣ ਦਾਸ ਵਾਸੀ ਨਬੀਪੁਰ, ਤਹਿਸੀਲ ਵਾ ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਸੰਜੀਵ ਕੁਮਾਰ ਅਤੇ ਉਸ ਦੀ ਪਤਨੀ ਅੰਜੂ ਬਾਲਾ, ਜੋ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹਨ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ, ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

**ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ**

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


## ਕੁਲਦੀਪ ਸਿੰਘ ਚਾਹਲ ਨੇ ਡੀ.ਆਈ.ਜੀ. ਪਟਿਆਲਾ ਰੇਂਜ ਵਜੋਂ ਅਹੁਦਾ ਸੰਭਾਲਿਆ



ਪਟਿਆਲਾ, (ਰਾਜਿੰਦਰ ਸਿੰਘ ਥਿੰਦ) 2009 ਬੈਚ ਦੇ ਸੀਨੀਅਰ ਆਈ.ਪੀ.ਐਸ. ਅਧਿਕਾਰੀ ਕੁਲਦੀਪ ਸਿੰਘ ਚਾਹਲ ਨੇ ਪਟਿਆਲਾ ਰੇਂਜ ਦੇ ਡੀ.ਆਈ.ਜੀ. ਵਜੋਂ ਆਪਣਾ ਅਹੁਦਾ ਸੰਭਾਲ ਲਿਆ।ਡੀ.ਆਈ.ਜੀ ਕੁਲਦੀਪ ਸਿੰਘ ਚਾਹਲ ਨੇ ਅਖਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਮੁਤਾਬਕ ਤੇ ਡੀ.ਜੀ.ਪੀ. ਗੌਰਵ ਯਾਦਵ ਦੀ ਅਗਵਾਈ ਹੇਠ ਪਟਿਆਲਾ ਰੇਂਜ ਦੇ ਜ਼ਿਲ੍ਹਿਆਂ ਅੰਦਰ ਲੋਕਾਂ ਨੂੰ ਬਿਹਤਰ, ਸਮਾਂ ਬੱਧ ਤੇ ਪਾਰਦਰਸ਼ੀ ਪੁਲਿਸ ਸੇਵਾਵਾਂ ਪ੍ਰਦਾਨ ਕਰਾਉਣ ਸਮੇਤ ਨਸ਼ਾ ਮੁਕਤ ਸਮਾਜ ਸਿਰਜਣ ਲਈ ਨਸ਼ਿਆਂ ਦੇ ਤਸਕਰਾਂ ਤੇ ਸਮਾਜ ਵਿਰੋਧੀ ਅਨਸਰਾਂ ਨੂੰ ਸਖ਼ਤੀ ਨਾਲ ਨੱਥ ਪਾਉਣਾ ਉਨ੍ਹਾਂ ਦੀ ਮੁੱਢਲੀ ਤਰਜੀਹ ਹੋਵੇਗੀ। ਪਟਿਆਲਾ ਦੇ ਨਵੇਂ ਡੀ.ਆਈ.ਜੀ. ਚਾਹਲ ਨੇ ਅੱਗੇ ਕਿਹਾ ਕਿ ਇਸ ਤੋਂ ਬਿਨ੍ਹਾਂ ਪਟਿਆਲਾ ਸ਼ਹਿਰ ਸਮੇਤ ਬਾਕੀ ਜ਼ਿਲ੍ਹਿਆਂ ਅੰਦਰ ਟ੍ਰੈਫਿਕ ਵਿਵਸਥਾ ਨੂੰ ਸੁਧਾਰਨ ਸਮੇਤ ਸੜਕਾਂ ਨੂੰ ਹਾਦਸਿਆਂ ਤੋਂ ਸੁਰੱਖਿਅਤ ਕਰਨਾ ਤੋਂ ਇਲਾਵਾ ਆਮ ਲੋਕਾਂ ਦੀ ਜ਼ਿੰਦਗੀ 'ਚ ਪੁਲਸ ਨਾਲ ਸਬੰਧਤ ਛੋਟੀਆਂ ਤੋਂ ਛੋਟੀਆਂ ਸੱਮਸਿਆਵਾਂ ਦਾ ਵੀ ਪਹਿਲ ਦੇ ਅਧਾਰ 'ਤੇ ਹੱਲ ਕਰਨਾ ਉਨ੍ਹਾਂ ਦੀਆਂ ਤਰਜ਼ੀਹਾਂ 'ਚ ਸ਼ਾਮਲ ਹੈ।ਉਨ੍ਹਾਂ ਕਿਹਾ ਕਿ ਪੁਲਸ ਜਿੱਥੇ ਅਮਨ ਕਾਨੂੰਨ ਦੀ ਸਥਿਤੀ ਬਰਕਰਾਰ ਰੱਖਣ ਲਈ ਪਾਬੰਦ ਹੈ, ਉਥੇ ਲੋਕਾਂ ਨੂੰ ਬਿਹਤਰ ਪੁਲਿਸਿੰਗ ਪ੍ਰਦਾਨ ਕਰਨਾ ਵੀ ਪੰਜਾਬ ਪੁਲਿਸ ਦੀ ਪਹਿਲਕਦਮੀ ਚ ਸ਼ਾਮਲ ਹੈ।ਡੀ.ਆਈ.ਜੀ. ਕੁਲਦੀਪ ਸਿੰਘ ਚਾਹਲ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਪਟਿਆਲਾ ਰੇਂਜ ਵਿੱਚ ਪੂਰੀ ਤਰ੍ਹਾਂ ਸਫ਼ਲ ਬਣਾ ਕੇ ਨਸ਼ਾ ਤਸਕਰਾਂ ਦਾ ਮੁਕੰਮਲ ਸਫ਼ਾਇਆ ਕੀਤਾ ਜਾਵੇਗਾ ਤੇ ਪੁਲਿਸ ਜਿੱਥੇ ਆਮ ਲੋਕਾਂ ਦੀ ਰਖਵਾਲੀ ਅਤੇ ਅਮਨ ਕਾਨੂੰਨ ਦੀ ਸਥਿਤੀ ਬਣਾ ਕੇ ਰੱਖਣ ਲਈ 24 ਘੰਟੇ ਤਤਪਰ ਰਹੇਗੀ, ਉਥੇ ਹੀ ਗੈਂਗਸਟਰਾਂ ਤੇ ਸਮਾਜ ਵਿਰੋਧੀ ਤੱਤਾਂ ਨਾਲ ਵੀ ਸਖ਼ਤੀ ਨਾਲ ਨਜਿੱਠੇਗੀ।

## ਡਾ. ਕੰਵਰਪਾਲ ਸਿੰਘ ਨੂੰ 'ਮੈਗਨੈਟਿਕ ਰੈਜੋਨੈਂਸ ਇਨ ਕੈਮਿਸਟਰੀ ਐਵਾਰਡ' ਪ੍ਰਦਾਨ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਪੰਜਾਬ ਅਤੇ ਸਿੱਖ ਹਲਕਿਆਂ ਦੇ ਲਈ ਇਹ ਗੱਲ ਖੁਸ਼ੀ ਨਾਲ ਪੜ੍ਹੀ ਜਾਣ ਵਾਲੀ ਹੈ ਕਿ ਰਸਾਇਣ ਵਿਗਿਆਨ ਦੇ ਖੋਜ ਖੇਤਰ ਵਿੱਚ ਅੰਤਰਰਾਸ਼ਟਰੀ ਪੱਧਰ ਤੇ ਹਰ ਸਾਲ ਦਿੱਤਾ ਜਾਣ ਵਾਲਾ ਮੈਗਨੈਟਿਕ ਰੈਜੋਨੈਂਸ ਇਨ ਕੈਮਿਸਟਰੀ ਅਵਾਰਡ ਕੈਂਬਰਿਜ ਯੂਨੀਵਰਸਿਟੀ ਇੰਗਲੈਂਡ ਵਿਖੇ ਅਧਿਆਪਕ ਵਜੋਂ ਸੇਵਾ ਨਿਭਾ ਰਹੇ ਕੰਵਰਪਾਲ ਸਿੰਘ ਨੂੰ ਫਿਨਲੈਂਡ ਵਿੱਚ ਪ੍ਰਦਾਨ ਕੀਤਾ ਗਿਆ ਹੈ।ਜ਼ਿਕਰਯੋਗ ਹੈ ਕਿ ਇਹ ਐਵਾਰਡ ਅੰਤਰਰਾਸ਼ਟਰੀ ਖੋਜ ਪੱਤ੍ਰਿਕਾ 'ਵਿਲੇਅ' ਵੱਲੋਂ ਸੰਸਾਰ ਭਰ ਵਿੱਚੋਂ ਰਸਾਇਣ ਵਿਗਿਆਨ ਦੇ ਖੇਤਰ ਵਿੱਚ ਕਾਰਜਸ਼ੀਲ ਦੋ ਯੁਵਾ ਵਿਗਿਆਨੀਆਂ ਨੂੰ ਹਰ ਸਾਲ ਦਿੱਤਾ ਜਾਂਦਾ ਹੈ।ਇਹ ਸਨਮਾਨ ਫਿਨਲੈਂਡ ਵਿਖੇ ਆਯੋਜਿਤ ਕੀਤੀ ਗਈ ਯੂਰਪੀਅਨ ਮੈਗਨੈਟਿਕ ਰੈਜੋਨੈਂਸ ਕਾਨਫਰੰਸ ਵਿਖੇ ਪ੍ਰਦਾਨ ਕੀਤਾ ਗਿਆ।ਕੰਵਰਪਾਲ ਸਿੰਘ ਨੂੰ ਇਹ ਅਵਾਰਡ ਪ੍ਰਦਾਨ ਕੀਤੇ ਜਾਣ ਮੌਕੇ ਪ੍ਰਸਿੱਧ ਵਿਗਿਆਨੀ ਪ੍ਰੋ. ਡੇਮ ਕਲੇਅਰ, ਕੈਂਬਰਿਜ ਯੂਨੀਵਰਸਿਟੀ ਇੰਗਲੈਂਡ, ਪ੍ਰੋ. ਜੈਫਰੇਮਿਰ ਬਰਕਲੇ ਯੂਨੀਵਰਸਿਟੀ ਅਮਰੀਕਾ ਅਤੇ ਪ੍ਰੋ. ਪੈਟਰਿਕ ਗਰਾਡਿਓ ਓਲੂ ਯੂਨੀਵਰਸਿਟੀ ਫਰਾਂਸ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਕਾਦੀਆਂ ਸ਼ਹਿਰ ਦਾ ਵਿਕਾਸ ਰੱਬ ਆਸਰੇ, ਪੰਦਰਾਂ ਮਿੰਟ ਦੇ ਮੀਂਹ ਨੇ ਪ੍ਰਸ਼ਾਸਨ ਦੀ ਪੋਲ ਖੋਲ੍ਹੀ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਕਾਦੀਆਂ ਸ਼ਹਿਰ ਵਿਚ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਥੋੜ੍ਹਾ ਮੀਂਹ ਪੈਣ ਤੋਂ ਬਾਅਦ ਵੀ ਸੜਕਾਂ ਜਲਥਲ ਹੋ ਜਾਂਦੀਆਂ ਹਨ।ਸਿਰਫ 15 ਮਿੰਟ ਮੀਂਹ ਪੈਣ ਤੋਂ ਬਾਅਦ ਹੀ ਕਈ ਮੁਹੱਲਿਆਂ ਵਿਚ ਪਾਣੀ ਭਰ ਗਿਆ ਜਿਸ ਕਾਰਨ ਮੁਹੱਲਾ ਵਾਸੀਆਂ ਨੂੰ ਵੱਡੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ।ਲੋਕਾਂ ਨੇ ਦੱਸਿਆ ਕਿ ਪੰਜਾਬ ਦੇ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਅਤੇ ਹਲਕਾ ਵਿਧਾਇਕ ਕਾਂਗਰਸੀ ਹੈ ਅਤੇ ਦੂਜੇ ਪਾਸੇ ਨਗਰ ਕੌਂਸਲ ਦੇ ਉਪਰ ਵੀ ਕਾਂਗਰਸ ਦਾ ਕਬਜ਼ਾ ਹੈ ਪਰ ਕਾਦੀਆਂ ਸ਼ਹਿਰ ਦੇ ਵੱਖ-ਵੱਖ ਮੁਹੱਲਿਆਂ ਦੇ ਵਿੱਚ ਪਾਣੀ ਦੀ ਨਿਕਾਸੀ ਨੂੰ ਲੈ ਕੇ ਪਾਣੀ ਦੀ ਨਿਕਾਸੀ ਲਈ ਨਗਰ ਕੌਂਸਲ ਵੱਲੋਂ ਕੋਈ ਪ੍ਰਬੰਧ ਨਹੀਂ ਕੀਤਾ ਜਾ ਰਿਹਾ ਹੈ ਜਿਸ ਕਾਰਨ ਥੋੜ੍ਹਾ ਜਿਹਾ ਮੀਂਹ ਪੈਣ ਦੇ ਬਾਅਦ ਵੀ ਸੜਕਾਂ ਵਿਚ ਪਾਣੀ ਭਰ ਜਾਂਦਾ ਹੈ ਅਤੇ ਲੋਕਾਂ ਨੂੰ ਆਉਣ-ਜਾਣ ਵਿਚ ਵੀ ਮੁਸ਼ਕਲ ਪੈਦਾ ਹੋ ਜਾਂਦੀ ਹੈ।ਉਨ੍ਹਾਂ ਕਿਹਾ ਕਿ ਮੀਂਹ ਦੇ ਪਾਣੀ ਨਾਲ ਸੀਵਰੇਜ ਦਾ ਗੰਦਾ ਪਾਣੀ ਵੀ ਓਵਰਫਲੋਅ ਹੋ ਕੇ ਲੋਕਾਂ ਦੇ ਘਰਾਂ 'ਚ ਇਕੱਠਾ ਹੋ ਜਾਂਦਾ ਹੈ ਅਤੇ ਵੱਡੀ ਪਰੇਸ਼ਾਨੀ ਹੁੰਦੀ ਹੈ।ਇੱਥੇ ਦੱਸਣਯੋਗ ਹੈ ਕਿ ਬੀਤੇ ਦਿਨੀਂ ਜਦੋਂ ਅਸੀਂ ਨਗਰ ਕੌਂਸਲ ਨੂੰ ਨਾਲਿਆਂ ਵਿੱਚੋਂ ਗਾਰ ਸਾਫ ਕਰਨ ਦੇ ਲਈ ਇੱਕ ਪ੍ਰੋਜੈਕਟ ਵੀ ਮੁਹੱਈਆ ਕਰਵਾਇਆ ਗਿਆ ਪਰ ਇਸ ਦੇ ਬਾਵਜੂਦ ਵੱਖ-ਵੱਖ ਥਾਵਾਂ ਤੇ ਨਗਰ ਕੌਂਸਲ ਦੇ ਵੱਲੋਂ ਸਫ਼ਾਈ ਨੂੰ ਲੈ ਕੇ ਵਿਕਾਸ ਕਾਰਜ ਕੀਤੇ ਜਾ ਰਹੇ ਹਨ ਪਰ ਇਸ ਦੇ ਬਾਵਜੂਦ ਪਾਣੀ ਦੀ ਕੋਈ ਨਿਕਾਸੀ ਨਹੀਂ ਹੈ। ਸਾਰੇ ਪਾਸੇ ਕਾਦੀਆਂ ਸ਼ਹਿਰ ਦੀਆਂ ਸੜਕਾਂ ਟੁੱਟੀਆਂ ਪਈਆਂ ਹਨ।ਗਲੀਆਂ ਮੁਹੱਲਿਆਂ ਵਿੱਚ ਗੰਦਾ ਪਾਣੀ ਭਰਿਆ ਹੋਇਆ ਹੈ ਜਿਸ ਕਾਰਨ ਡੇਂਗੂ ਬਿਮਾਰੀ ਦਾ ਖਤਰਾ ਵੱਧ ਰਿਹਾ ਹੈ। ਸਥਾਨਕ ਲੋਕਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਅਤੇ ਸਬੰਧਤ ਵਿਭਾਗ ਦੇ ਅਧਿਕਾਰੀਆਂ ਕੋਲੋਂ ਮੰਗ ਕੀਤੀ ਹੈ ਕਿ ਸ਼ਹਿਰ ਦੀ ਸਾਫ ਸਫਾਈ ਨੂੰ ਲੈ ਕੇ ਕੋਈ ਢੁੱਕਵੇਂ ਪ੍ਰਬੰਧ ਕੀਤੇ ਜਾਣ।

15-July-PAGE--8.qxd 7/14/2025 10:55 PM Page 1



# ਸ਼ਿਮਲਾ ਦੇ ਨਜ਼ਦੀਕ ਕਾਰ ਨਦੀ 'ਚ ਡਿੱਗੀ- ਦੋ ਮੌਤਾਂ, ਦੋ ਗੰਭੀਰ ਜ਼ਖ਼ਮੀ



ਬੰਗਾ (ਅਵਤਾਰ ਕਲੇਰ)

ਬੰਗਾ ਹਲਕੇ ਤੋਂ ਕਾਰ 'ਚ ਸਵਾਰ ਹੋ ਕੇ ਸ਼ਿਮਲਾ ਸਤਿਸੰਗ 'ਚ ਸ਼ਾਮਲ ਹੋਣ ਲਈ ਜਾ ਰਹੇ ਸਤਿਸੰਗੀਆਂ ਦੀ ਕਾਰ ਮੀਂਹ ਕਾਰਨ ਨੇਰਵਾ ਨਜ਼ਦੀਕ ਸ਼ਿਮਲਾ ਸੜਕ ਨਾਲ ਵਗਦੀ ਡੂੰਘੀ ਸਾਲਵੀ ਨਦੀ 'ਚ ਡਿੱਗ ਗਈ, ਜਿਸ ਕਾਰਨ ਦੋ ਵਿਅਕਤੀਆਂ ਦੀ ਮੌਤ ਹੋ ਗਈ। ਜਦ ਕਿ ਹਾਦਸੇ 'ਚ ਕਾਰ (ਪੀਬੀ32ਜੀ8767) ਦੇ ਚਾਲਕ ਕੇਸ਼ਵ ਕੁਮਾਰ ਵਾਸੀ ਬੰਗਾ ਤੇ ਮਹਿਲਾ ਬਲਵਿੰਦਰ ਕੌਰ ਜ਼ਖ਼ਮੀ ਹੋ ਗਏ। ਬਲਵਿੰਦਰ ਕੌਰ ਦਾ ਬੱਚਾ ਵਨੀਤ ਵੜੈਚ (10) ਨਦੀ ਦੇ ਪਾਣੀ ਵਿਚ ਲਾਪਤਾ ਹੋ ਗਿਆ ਹੈ।ਜਾਣਕਾਰੀ ਅਨੁਸਾਰ ਇਸ ਹਾਦਸੇ 'ਚ ਮ੍ਰਿਤਕ ਦੀ ਪਛਾਣ ਗੁਰਮੇਲ ਭੱਟੀ (65) ਪੁੱਤਰ ਗੁਰਬਚਨਾ ਰਾਮ ਵਾਸੀ ਮੰਢਾਲੀ ਵਜੋਂ ਹੋਈ ਹੈ, ਜਦਕਿ ਦੂਜਾ ਵਿਅਕਤੀ ਸ਼ਿਮਲਾ ਦਾ ਦੱਸਿਆ ਜਾ ਰਿਹਾ ਹੈ। ਮ੍ਰਿਤਕ ਗੁਰਮੇਲ ਭੱਟੀ ਮਿਲਟਰੀ ਇੰਜੀਨੀਅਰ ਸਰਵਿਸ 'ਚ ਟੈਕਨੀਸ਼ੀਅਨ ਦੀ ਨੌਕਰੀ ਕਰਦੇ ਸੀ, ਜੋ ਕਿ 6 ਸਾਲ ਪਹਿਲਾ ਰਿਟਾਇਰ ਹੋਏ ਸੀ। ਇਸ ਹਾਦਸੇ 'ਚ ਸਵ. ਗੁਰਮੇਲ ਭੱਟੀ ਦੀ ਪੁੱਤਰੀ ਬਲਵਿੰਦਰ ਕੌਰ ਪਤਨੀ ਹਰਬੰਸ ਲਾਲ ਯੂ ਏ ਈ ਵਾਸੀ ਬਾਹੜ ਮਜਾਰਾ ਜ਼ਖ਼ਮੀ ਹੋ ਗਈ ਹੈ। ਉਸ ਦਾ 10 ਸਾਲਾ ਪੁੱਤਰ ਬਨੀਤ ਵੜੈਚ ਲਾਪਤਾ ਦੱਸਿਆ ਜਾ ਰਿਹਾ ਹੈ। ਲਾਪਤਾ ਬੱਚਾ ਬਨੀਤ ਵੜੈਚ ਪੰਜਵੀਂ ਜਮਾਤ ਦਾ ਵਿਦਿਆਰਥੀ ਸੀ ਅਤੇ ਸਰਕਾਰ ਮਿਡਲ ਸਕੂਲ ਬਾਹੜ ਮਜਾਰਾ ਵਿਖੇ ਪੜ੍ਹਦਾ ਸੀ। ਉਧਰ ਹਾਦਸੇ ਦੀ ਜਾਣਕਾਰੀ ਮਿਲਣ 'ਤੇ ਮੌਕੇ 'ਤੇ ਪੁੱਜੇ ਐਸਡੀਐਮ ਤੇ ਡੀਐਸਪੀ ਵੱਲੋਂ ਲਾਸ਼ਾਂ ਨੂੰ ਕਬਜ਼ੇ 'ਚ ਲੈ ਕੇ ਅਤੇ ਜ਼ਖ਼ਮੀਆਂ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾ ਕੇ ਲਾਪਤਾ ਬੱਚੇ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਗੁਰਮੇਲ ਭੱਟੀ ਦਾ ਮੰਢਾਲੀ ਵਿਖੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਹੈ।ਅੰਤਿਮ ਸੰਸਕਾਰ ਮੌਕੇ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂ, ਰਿਸ਼ਤੇਦਾਰ ਅਤੇ ਨਗਰ ਨਿਵਾਸੀ ਮੌਜੂਦ ਸਨ।

# ਰੋਇੰਗ ਫੈਡਰੇਸ਼ਨ ਆਫ ਇੰਡੀਆ ਦੇ ਮੈਂਬਰਾਂ ਦੀ ਚੋਣ



ਚਮਕੌਰ ਸਾਹਿਬ, (ਗੁਰਵਿੰਦਰ ਸਿੰਘ ਬੋਬੀ)

ਰੋਇੰਗ ਫੈਡਰੇਸ਼ਨ ਆਫ ਇੰਡੀਆ ਅਜੈਕਟਿਵ ਕਮੇਟੀ ਦੀਆਂ ਹੋਈਆਂ ਚੋਣਾਂ ਵਿੱਚ ਪੰਜਾਬ ਰੋਇੰਗ ਐਸੋਸੀਏਸ਼ਨ ਦੀ ਪ੍ਰਧਾਨ ਮਨਿੰਦਰ ਕੌਰ ਭਰਤਗੜ੍ਹ ਨੂੰ ਉਪ ਪ੍ਰਧਾਨ ਚੁਣਿਆ ਗਿਆ ਹੈ। ਐਸੋਸੀਏਸ਼ਨ ਦੀ ਡਿਸਪਿਊਟ ਕਮੇਟੀ ਦੇ ਚੇਅਰਮੈਨ ਦਵਿੰਦਰ ਸਿੰਘ ਸਟਾਣਾ ਨੇ ਦੱਸਿਆ ਕਿ ਹੈਦਰਾਬਾਦ ਵਿਖੇ ਐਲਾਨੇ ਨਤੀਜਿਆਂ ਵਿੱਚ ਉਨ੍ਹਾਂ ਨੂੰ 50 ਵਿੱਚੋਂ 38 ਵੋਟਾਂ ਹਾਸਲ ਹੋਈਆਂ। ਸੂਬਾ ਜਨਰਲ ਸਕੱਤਰ ਜਸਵੀਰ ਸਿੰਘ ਗਿੱਲ ਢੂੰਡੀਕੇ ਵੀ ਇੰਡੀਆ ਦੇ ਜੁਆਇੰਟ ਸਕੱਤਰ ਚੁਣੇ ਗਏ ਹਨ। ਇਸ ਤੋਂ ਇਲਾਵਾ ਬਾਲਾ ਮਾਰਤਪਾ 36 ਵੋਟਾਂ ਦੇ ਫਰਕ ਨਾਲ ਜਿੱਤ ਕੇ ਪ੍ਰਧਾਨ ਚੁਣੇ ਗਏ ਹਨ। ਰੂਪਨਗਰ ਜ਼ਿਲ੍ਹਾ ਰੋਇੰਗ ਐਸੋਸੀਏਸ਼ਨ ਦੇ ਪ੍ਰਧਾਨ ਰਾਜ ਕੁਮਾਰ, ਜਨਰਲ ਸਕੱਤਰ ਕੁਲਤਾਰ ਸਿੰਘ, ਰੋਟਰੀ ਸੈਂਟਰਲ ਪਰਮਿੰਦਰ ਸਿੰਘ, ਜੁਆਇੰਟ ਸਕੱਤਰ ਯਸ਼ਵੰਤ ਬਸੀ, ਸਰਬਜੀਤ ਸਿੰਘ, ਮੈਂਬਰ ਗੁਰਮੁੱਖ ਸਿੰਘ ਸੈਣੀ ਅਤੇ ਮੌਜੂਦਾ ਚੇਅਰਮੈਨ ਡਿਸਪਿਊਟ ਕਮੇਟੀ ਦਵਿੰਦਰ ਸਿੰਘ ਸਟਾਣਾ ਨੇ ਸਾਂਝੇ ਤੌਰ 'ਤੇ ਕਿਹਾ ਕਿ ਮਨਿੰਦਰ ਕੌਰ ਵਿਰਕ ਅਤੇ ਜਸਵੀਰ ਸਿੰਘ ਗਿੱਲ ਦੇ ਪੰਜਾਬ ਵਿੱਚੋਂ ਚੁਣੇ ਜਾਣ ਤੇ ਰੋਇੰਗ ਦਾ ਭਵਿੱਖ ਹੋਰ ਵੀ ਉਜਵਲ ਹੋਵੇਗਾ, ਉੱਥੇ ਹੀ ਇਸ ਖੇਡ ਨਾਲ ਹੋਰ ਵੀ ਬਹੁਤਾਤ ਨੌਜਵਾਨ ਜੁੜਨਗੇ।

# ਸਮਾਰਟ ਮੀਟਰਾਂ ਦੇ ਵਿਰੋਧ 'ਚ ਲਾਇਆ ਧਰਨਾ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਨਿੱਜੀਕਰਨ ਅਤੇ ਉਦਾਰੀਕਰਨ ਦੀਆਂ ਨੀਤੀਆਂ ਨੂੰ ਅੱਗੇ ਤੋਰਦਿਆਂ ਕੇਂਦਰ ਦੀ ਮੋਦੀ ਸਰਕਾਰ ਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਖਪਤਕਾਰਾਂ ਦੇ ਘਰਾਂ ਵਿੱਚ ਚਾਲੂ ਮੀਟਰ ਲਾ ਕੇ ਚਿਪ ਵਾਲੇ ਮੀਟਰ ਲਗਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਪੰਜਾਬ ਦੇ ਬਿਜਲੀ ਬੋਰਡ ਦੇ ਟੋਟੇ ਕਰਕੇ 2003 ਐਕਟ ਦੇ ਅਨੁਸਾਰ ਪਹਿਲਾਂ ਹੀ ਹਜ਼ਾਰਾਂ ਦਰਜਨ ਠੇਕੇ ਤੇ ਭਰਤੀ ਕੀਤੇ ਗਏ ਹਨ ਹੁਣ ਪੰਜਾਬ ਦੇ ਪਾਵਰਕਾਮ ਦੇ ਅਦਾਰੇ ਨੂੰ ਨਵੇਂ ਕਾਨੂੰਨ ਮੁਤਾਬਿਕ ਕੇਂਦਰ ਅਧੀਨ ਕੀਤਾ ਜਾ ਰਿਹਾ ਹੈ। ਜਿਸ ਨਾਲ ਲੱਖਾਂ ਕਰੋੜਾਂ ਖਪਤਕਾਰਾਂ 'ਤੇ ਇਸ ਦਾ ਮਾੜਾ ਪ੍ਰਭਾਵ ਪਵੇਗਾ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੂਬਾ ਆਗੂ ਸੁਖਵਿੰਦਰ ਸਿੰਘ ਚੁਤਾਲਾ ਦੇ ਦਿਸ਼ਾ ਨਿਰਦੇਸ਼ ਅਨੁਸਾਰ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਭੁੱਲਾ ਅਤੇ ਜਨਰਲ ਸਕੱਤਰ ਕੁਲਦੀਪ ਸਿੰਘ ਬੇਗੋਵਾਲ ਦੀ ਅਗਵਾਈ ਵਿੱਚ ਕਿਸਾਨਾਂ ਮਜ਼ਦੂਰਾਂ ਵੱਲੋਂ ਪਾਵਰਕਾਮ ਹੁਸ਼ਿਆਰਪੁਰ ਦੇ ਦਫ਼ਤਰ ਅੱਗੇ ਧਰਨਾ ਦਿੱਤਾ ਗਿਆ। ਇਸ ਮੌਕੇ ਕਿਸਾਨ ਆਗੂ ਜਗਦੀਪ ਸਿੰਘ ਗਿੱਲ ਅਤੇ ਦਵਿੰਦਰ ਸਿੰਘ ਕਾਹਲੋਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਖਪਤਕਾਰਾਂ ਦੇ ਘਰਾਂ ਵਿੱਚ ਚਿੱਪ ਵਾਲੇ ਮੀਟਰ ਲੱਗਣ ਕਾਰਨ ਕਰੋੜਾਂ ਰੁਪਏ ਦਾ ਜੋ ਖਪਤਕਾਰਾਂ 'ਤੇ ਹੋਰ ਬੋਝ ਪਵੇਗਾ ਇਸ ਲਈ ਚਿੱਪ ਵਾਲੇ ਮੀਟਰਾਂ ਦਾ ਸਖ਼ਤ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਮਹਿਲਾ ਆਗੂ ਬੀਬੀ ਕਮਲਜੀਤ ਕੌਰ ਤੇ ਬੀਬੀ ਗੀਤਾ ਰਾਣੀ ਨੇ ਆਪਣੇ ਭਾਸ਼ਣ ਵਿੱਚ ਕੇਂਦਰ ਦੀ ਮੋਦੀ ਹਕੂਮਤ ਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਵੰਗਾਰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਸਾਡੇ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਵੀ ਇਹ ਨੀਤੀ ਜਾਰੀ ਰੱਖੀ ਤਾਂ ਆਉਣੀਆਂ ਭਰਾਤਰੀ ਜੱਥੇਬੰਦੀਆਂ ਨੂੰ ਨਾਲ ਲੈ ਕੇ ਆਉਣ ਵਾਲੇ ਦਿਨਾਂ ਵਿੱਚ ਤਕੜੇ ਸੰਘਰਸ਼ ਵਿੱਢੇ ਜਾਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਸ਼ਮੀਰ ਸਿੰਘ ਫੱਤਾ ਕੁੱਲਾ, ਸਤਨਾਮ ਸਿੰਘ ਔਲਖ, ਨਿਸ਼ਾਨ ਸਿੰਘ ਫੌਜੀ ਕਲੋਨੀ, ਸ਼ਾਮ ਸਿੰਘ, ਯਾਦਵਿੰਦਰ ਸਿੰਘ ਫੁੱਲ, ਗਨੇਸ਼ ਦੋਸਾਂਝ, ਸਰਪੰਚ ਭੁਪਿੰਦਰ ਸਿੰਘ, ਸੁਖਬੀਰ ਸਿੰਘ ਜੋੜਾ, ਰਜਿੰਦਰ ਸਿੰਘ ਬੜੈਚ, ਓਕਾਰ ਸਿੰਘ, ਸੰਤੋਸ਼ ਕੁਮਾਰੀ, ਰਾਜਵਿੰਦਰ ਕੌਰ, ਬਲਜਿੰਦਰ ਕੌਰ, ਨੀਤੂ, ਸੁਖਬੀਰ ਕੌਰ, ਨੀਲਮ ਰਾਣੀ, ਗੁਰਜੀਤ ਸਿੰਘ ਕੰਗ ਆਦਿ ਹਾਜਰ ਸਨ।



# ਚੱਬੇਵਾਲ ਹਲਕੇ ਦੇ ਪਿੰਡਾਂ 'ਚ ਆਧੁਨਿਕ ਸਟੇਡੀਅਮਾਂ ਦੇ ਨਿਰਮਾਣ 'ਤੇ 9 ਕਰੋੜ ਤੋਂ ਵੱਧ ਕੀਤਾ ਜਾਵੇਗਾ ਖਰਚ : ਡਾ. ਇਸ਼ਾਂਕ ਕੁਮਾਰ

ਹੁਸ਼ਿਆਰਪੁਰ/ਚੱਬੇਵਾਲ, (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)



ਵਿਧਾਨ ਸਭਾ ਹਲਕਾ ਚੱਬੇਵਾਲ ਤੋਂ ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਹਿਲੇ ਪੜਾਅ ਤਹਿਤ ਹਲਕੇ ਦੇ 29 ਪਿੰਡਾਂ ਵਿਚ 9 ਕਰੋੜ ਤੋਂ ਵੱਧ ਦੀ ਰਾਸ਼ੀ ਖ਼ਰਚ ਕਰਕੇ ਅਤਿ-ਆਧੁਨਿਕ ਖੇਡ ਸਟੇਡੀਅਮਾਂ ਦਾ ਨਿਰਮਾਣ ਕਾਰਜ ਆਉਂਦੇ ਦਿਨਾਂ ਦੌਰਾਨ ਪੰਜਾਬ ਸਰਕਾਰ ਵੱਲੋਂ ਸ਼ੁਰੂ ਕਰਵਾਇਆ ਜਾ ਰਿਹਾ ਹੈ ਅਤੇ ਇਸ ਪ੍ਰੋਜੈਕਟ 'ਤੇ ਖਰਚ ਹੋਣ ਵਾਲੀ ਰਾਸ਼ੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਜਾਰੀ ਕਰ ਦਿੱਤੀ ਗਈ ਹੈ, ਜਿਸ ਲਈ ਉਹ ਧੰਨਵਾਦੀ ਹਨ। ਡਾ. ਇਸ਼ਾਂਕ ਚੱਬੇਵਾਲ ਨੇ ਕਿਹਾ ਕਿ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਵੱਲੋਂ ਹਲਕੇ ਅੰਦਰ ਵੱਖ-ਵੱਖ ਵੱਡੇ ਪ੍ਰੋਜੈਕਟ ਲਿਆਉਣ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ, ਜਿਸ ਦੇ ਸਿੱਟੇ ਵਜੋਂ ਹਲਕਾ ਚੱਬੇਵਾਲ ਵਿਚ ਵਿਕਾਸ ਕਾਰਜ ਤੇਜ਼ੀ ਨਾਲ ਚੱਲ ਰਹੇ ਹਨ। ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਜਿਹੜੇ ਨਵੇਂ ਸਟੇਡੀਅਮ ਬਣਾਏ ਜਾਣਗੇ, ਉਹ ਮਾਡਲ ਸਟੇਡੀਅਮ ਹੋਣਗੇ।ਖਿਡਾਰੀਆਂ ਲਈ ਇਨ੍ਹਾਂ ਸਟੇਡੀਅਮਾਂ ਵਿਚ ਸਾਰੀਆਂ ਸਹੂਲਤਾਂ ਮੌਜੂਦ ਹੋਣਗੀਆਂ।ਸਾਰੇ ਸਟੇਡੀਅਮਾਂ ਦੀ ਚਾਰਦੀਵਾਰੀ ਕੀਤੀ ਜਾਵੇਗੀ, ਸੋਲਰ ਲਾਈਟਾਂ ਲਗਾਈਆਂ ਜਾਣਗੀਆਂ ਤਾਂ ਜੋ ਰਾਤ ਦੇ ਸਮੇਂ ਵੀ ਖਿਡਾਰੀ ਖੇਡ ਜਾਰੀ ਰੱਖ ਸਕਣ। ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਕਿਹਾ ਕਿ ਇਸ ਦਾ ਉਦੇਸ਼ ਸੂਬੇ ਵਿਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨਾ ਅਤੇ ਨੌਜਵਾਨਾਂ ਨੂੰ ਨਸ਼ਿਆਂ ਦੀ ਲਾਹਨਤ ਤੋਂ ਦੂਰ ਰੱਖਣਾ ਹੈ।ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਪੰਜਾਬ ਸਰਕਾਰ ਨੇ ਵਿਆਪਕ ਯੋਜਨਾ ਤਿਆਰ ਕੀਤੀ ਹੈ।ਡਾ. ਚੱਬੇਵਾਲ ਨੇ ਕਿਹਾ ਕਿ ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੈ, ਜਿਸ ਨੇ ਖਿਡਾਰੀਆਂ ਨੂੰ ਅੰਤਰਰਾਸ਼ਟਰੀ ਮੁਕਾਬਲਿਆਂ ਤੋਂ ਪਹਿਲਾਂ ਤਿਆਰੀਆਂ ਲਈ ਵਿੱਤੀ ਸਹਾਇਤਾ ਦੀ ਪੇਸ਼ਕਸ਼ ਕੀਤੀ ਹੈ।

# ਸਿਹਤ ਬੀਮਾ ਇਲਾਜ ਦੀ ਸਹੂਲਤ ਸ਼ਲਾਘਾਯੋਗ : ਸਹੇੜੀ

ਚਮਕੌਰ ਸਾਹਿਬ, (ਗੁਰਵਿੰਦਰ ਸਿੰਘ ਬੋਬੀ)— ਪੰਜਾਬ ਸਰਕਾਰ ਵੱਲੋਂ ਹਰ ਵਿਅਕਤੀ ਨੂੰ ਸਿਹਤ ਬੀਮਾ ਯੋਜਨਾ ਤਹਿਤ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਕਰਵਾਉਣ ਦੀ ਸਹੂਲਤ ਦੇ ਕੇ ਸ਼ਲਾਘਾਯੋਗ ਫ਼ੈਸਲਾ ਲਿਆ ਹੈ। ਇਹ ਵਿਚਾਰ ਮਾਰਕਿਟ ਕਮੇਟੀ ਦੇ ਚੇਅਰਮੈਨ ਸਵਿੰਦਰ ਸਿੰਘ ਸਹੇੜੀ ਨੇ ਇੱਥੇ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਅਤੇ ਸਿਹਤ ਮੰਤਰੀ ਡਾ ਬਲਬੀਰ ਸਿੰਘ ਵੱਲੋਂ ਬਜਟ 2025 – 26 ਵਿੱਚ ਇਹ ਯੋਜਨਾ ਸ਼ੁਰੂ ਕਰਨ ਲਈ 778 ਕਰੋੜ ਰੁਪਏ ਦੀ ਰਕਮ ਅਲਾਟ ਕੀਤੀ ਸੀ, ਜਿਸ ਨਾਲ ਸੂਬੇ ਦੇ 65 ਲੱਖ ਤੋਂ ਵੱਧ ਲੋਕਾਂ ਨੂੰ ਲਾਭ ਮਿਲਿਆ। ਉਨ੍ਹਾਂ ਹਲਕਾ ਵਿਧਾਇਕ ਡਾ.ਚਰਨਜੀਤ ਸਿੰਘ ਦਾ ਧੰਨਵਾਦ ਕਰਦਿਆ ਕਿਹਾ ਕਿ ਉਹ ਇਲਾਕੇ ਦੇ ਵਿਕਾਸ ਕਾਰਜਾਂ ਲਈ ਪਹਿਲ ਦੇ ਅਧਾਰ 'ਤੇ ਕੰਮ ਕਰ ਰਹੇ ਹਨ। ਸਹੇੜੀ ਨੇ ਕਿਹਾ ਕਿ ਬਹੁਤ ਸਾਰੇ ਗਰੀਬ ਅਤੇ ਦਰਮਿਆਨੇ ਲੋਕ, ਜੋ ਗੰਭੀਰ ਬਿਮਾਰੀਆਂ ਕਾਰਨ ਮਹਿੰਗਾ ਇਲਾਜ ਨਹੀ ਕਰਵਾ ਸਕਦੇ, ਉਨ੍ਹਾਂ ਲਈ ਇਹ ਯੋਜਨਾ ਵਰਦਾਨ ਸਾਬਿਤ ਹੋਵੇਗੀ।



# ਪੈਨਸ਼ਨਰ ਐਸੋਸੀਏਸ਼ਨ ਪੰਜਾਬ ਸਟੇਟ ਪਾਵਰ ਤੇ ਟਰਾਂਸਮਿਸ਼ਨ ਕਾਰਪੋਰੇਸ਼ਨ ਦਾ ਤੀਜਾ ਡੈਲੀਗੇਟ ਅਜਲਾਸ ਸੰਪੰਨ



ਗੁਰਾਇਆ (ਵਿਰਕ ਸੁਮਨ)

ਪੈਨਸ਼ਨਰ ਐਸੋਸੀਏਸ਼ਨ ਰਜਿ. ਪੰਜਾਬ ਸਟੇਟ ਪਾਵਰ ਤੇ ਟਰਾਂਸਮਿਸ਼ਨ ਕਾਰਪੋਰੇਸ਼ਨ ਦਾ ਤੀਜਾ ਡੈਲੀਗੇਟ ਇਜਲਾਸ ਮਿਲਨ ਪੈਲਸ ਗੁਰਾਇਆ ਵਿੱਚ ਸੰਪੰਨ ਹੋਇਆ। ਇਸ ਮੌਕੇ ਪਿਛਲੇ ਸਮੇਂ ਦੀ ਰਿਪੋਰਟ ਪਾਸ ਹੋਣ ਉਪਰੰਤ ਕਮੇਟੀ ਭੰਗ ਕੀਤੀ ਗਈ ਤੇ ਜਥੇਬੰਦੀ ਦੀ ਨਵੀਂ ਚੋਣ ਕੀਤੀ ਗਈ, ਜਿਸ ਵਿੱਚ ਅਵਿਨਾਸ਼ ਚੰਦਰ ਸ਼ਰਮਾ ਨੂੰ ਪ੍ਰਧਾਨ, ਰਕੇਸ਼ ਕੁਮਾਰ ਸ਼ਰਮਾ ਨੂੰ ਮੀਤ ਪ੍ਰਧਾਨ, ਦੇਵ ਰਾਜ ਲੁਧਿਆਣਾ ਨੂੰ ਮੀਤ ਪ੍ਰਧਾਨ, ਕੁਲਦੀਪ ਸਿੰਘ ਖੰਨਾ ਨੂੰ ਮੀਤ ਪ੍ਰਧਾਨ, ਮੁਖਤਿਆਰ ਸਿੰਘ ਨੂੰ ਮੀਤ ਪ੍ਰਧਾਨ, ਅਮਰਜੀਤ ਸਿੰਘ ਸਿੱਧੂ ਨੂੰ ਮੀਤ ਪ੍ਰਧਾਨ, ਧਨਵੰਤ ਸਿੰਘ ਭੱਠਲ ਨੂੰ ਜਨਰਲ ਸਕੱਤਰ, ਸ਼ਿਵ ਕੁਮਾਰ ਤਿਵਾੜੀ ਨੂੰ ਉਪ ਜਨਰਲ ਸਕੱਤਰ, ਦਰਸ਼ਨ ਸਿੰਘ ਮਹਿਤਾ ਨੂੰ ਵਿੱਤ ਸਕੱਤਰ, ਗੁਰਪ੍ਰੀਤ ਸਿੰਘ ਮੰਗਟ ਨੂੰ ਸਕੱਤਰ, ਜਸਵੰਤ ਸਿੰਘ ਨੂੰ ਸਕੱਤਰ, ਜੇਲ ਸਿੰਘ ਨੂੰ ਜਥੇਬੰਦਨ ਸਕੱਤਰ, ਸਿੰਦਰ ਧੌਲ ਨੂੰ ਪ੍ਰੈਸ ਸਕੱਤਰ, ਭੁਪਿੰਦਰ ਕੁਮਾਰ ਕੱਕੜ ਨੂੰ ਦਫਤਰੀ ਸਕੱਤਰ ਤੇ ਜੋਗਿੰਦਰ ਸਿੰਘ ਰੰਧਾਵਾ ਨੂੰ ਐਡੀਟਰ ਨਿਯੁਕਤ ਕੀਤਾ ਗਿਆ।

# ਸਕੂਲਾਂ ਨੂੰ ਸਿਆਸੀ ਅਖਾੜਾ ਨਾ ਬਣਾਇਆ ਜਾਵੇ : ਜੀ ਟੀ ਯੂ

ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)

ਗੌਰਮਿੰਟ ਟੀਚਰਜ਼ ਯੂਨੀਅਨ ਹੁਸ਼ਿਆਰਪੁਰ ਅਤੇ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਹੁਸ਼ਿਆਰਪੁਰ ਜ਼ਿਲ੍ਹਾ ਦੇ ਵਾਈਸ ਪ੍ਰਧਾਨ ਪ੍ਰਿੰਸੀ: ਪਲਿਆਲ ਗੜ੍ਹਦੀਵਾਲਾ ਤੇ ਜ਼ਿਲ੍ਹਾ ਸੀਨੀਅਰ ਆਗੂ ਦਵਿੰਦਰ ਹੁਸ਼ਿਆਰਪੁਰ ਨੇ ਪ੍ਰੈਸ ਮੀਡੀਆ ਨਾਲ ਗੱਲਬਾਤ ਕਰਦੇ ਕਿਹਾ ਕਿ ਸਰਕਾਰ ਸਕੂਲਾਂ ਵਿੱਚ ਅਸਿੱਧੇ ਰੂਪ ਵਿੱਚ ਰਾਜਨੀਤੀ ਕਰ ਰਹੀ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦੇ ਇਸ਼ਾਰੇ 'ਤੇ ਵਿਧਾਇਕਾਂ ਵੱਲੋਂ ਐਸ.ਐਮ.ਸੀ ਵਿੱਚ ਜੋ ਆਪਣੇ ਦੋ ਚਹੇਤੇ ਮੈਂਬਰ ਦੇ ਰਹੇ ਹਨ, ਉਹ ਐਸ.ਐਮ.ਸੀ ਸੰਵਿਧਾਨ ਦੀਆਂ ਯੋਗਤਾਵਾਂ ਪੂਰੀਆਂ ਨਹੀਂ ਕਰਦੇ। ਸਿੱਖਿਆ ਮਾਹਰ ਮੈਂਬਰ ਬਣਨ ਲਈ ਗਰੈਜੂਏਟ ਜਾਂ ਪੋਸਟ ਗ੍ਰੈਜੂਏਟ ਹੋਣਾ ਬਹੁਤ ਜਰੂਰੀ ਹੈ ਜਦ ਕਿ ਦਸਵੀਂ ਜਾਂ ਬਾਰਵੀਂ ਪਾਸ ਧੱਕੇ ਨਾਲ ਸਿੱਖਿਆ ਮਾਹਰ ਥਾਪੇ ਜਾ ਰਹੇ ਹਨ ਜੋ ਕਿ ਸਰਾਸਰ ਗਲਤ ਹੈ। ਉਹਨਾਂ ਕਿਹਾ ਕਿ ਇੱਕ ਮੈਂਬਰ ਨੂੰ ਕਈ ਸਕੂਲਾਂ ਦਾ ਮੈਂਬਰ ਬਣਾਇਆ ਜਾ ਰਿਹਾ ਹੈ ਜਿਸ ਨਾਲ ਅਧਿਆਪਕਾਂ ਨੂੰ ਹਸਤਾਖਰ ਕਰਵਾਉਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਅਧਿਆਪਕ ਸਾਰਾ ਸਮਾਂ ਇਸੇ ਹੀ ਕੰਮ ਵਿੱਚ ਲੱਗੇ ਰਹਿਣਗੇ। ਉਹਨਾਂ ਕਿਹਾ ਕਿ ਸਕੂਲਾਂ ਵਿੱਚ ਕੰਮ ਚਲਾਉਣਾ ਬਹੁਤ ਔਖਾ ਹੋ ਜਾਵੇਗਾ। ਉਹਨਾਂ ਕਿਹਾ ਕਿ ਸਕੂਲਾਂ ਨੂੰ ਰਾਜਨੀਤੀ ਦਾ ਅਖਾੜਾ ਨਾ ਬਣਾਇਆ ਜਾਵੇ।ਉਹਨਾਂ ਸਰਕਾਰ ਤੋਂ ਮੰਗ ਕੀਤੀ ਕਿ ਆਪਣਾ ਇਹ ਫੈਸਲਾ ਤੁਰੰਤ ਵਾਪਸ ਲਿਆ ਜਾਵੇ ਨਹੀਂ ਤਾਂ ਤਿੱਖਾ ਸੰਘਰਸ਼ ਕੀਤਾ ਜਾਵੇਗਾ।



# ਪਵਿੱਤਰ ਵੇਈਂ ਦੀ 25ਵੀਂ ਵਰ੍ਹੇਗੰਢ ਮੌਕੇ 'ਨਿਰਮਲ ਨੂਰ' ਦਾ ਵਿਸ਼ੇਸ਼ ਅੰਕ ਜਾਰੀ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)

ਪਵਿੱਤਰ ਵੇਈਂ ਦੇ ਸਿਲਵਰ ਜੁਬਲੀ ਸਮਾਗਮਾਂ ਮੌਕੇ 'ਨਿਰਮਲ ਨੂਰ' ਦਾ ਵਿਸ਼ੇਸ਼ ਅੰਕ ਰਿਲੀਜ਼ ਕੀਤਾ ਗਿਆ। ਇਹ ਵਿਸ਼ੇਸ਼ ਅੰਕ ਵੇਈਂ ਦੇ 25 ਸਾਲਾ ਕਾਰ ਸੇਵਾ ਦੇ ਨਿਰੰਤਰ ਸਫ਼ਰ ਸਮਰਪਿਤ ਕੀਤਾ ਗਿਆ ਹੈ।ਇਹ ਅੰਕ ਵਾਤਾਵਰਣ ਕਾਨਫਰੰਸ ਦੇ ਮੁੱਖ ਮਹਿਮਾਨ ਡਾ. ਅਫਰੋਜ਼ ਅਹਿਮਦ, ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ, ਪੀਏਯੂ ਦੇ ਵਾਈਸ ਚਾਂਸਲਰ ਡਾ. ਐਸ.ਐਸ ਗੋਸਲ, ਸੰਤ ਗੁਰਮੇਜ਼ ਸਿੰਘ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਵਰਿੰਦਰ ਸਿੰਘ ਬਾਜਵਾ ਤੇ ਨਿਰਮਲ ਨੂਰ ਦੇ ਸੰਪਾਦਕ ਸੰਤ ਸੁਖਜੀਤ ਸਿੰਘ ਹਾਜ਼ਰ ਸਨ।ਪਵਿੱਤਰ ਵੇਈਂ ਦੀ ਕਾਰ ਸੇਵਾ ਦੀ 25ਵੀਂ ਵਰ੍ਹੇਗੰਢ ਦੇ ਇਸ ਵਿਸ਼ੇਸ਼ ਅੰਕ ਵਿੱਚ ਕਾਰ ਸੇਵਾ ਦੌਰਾਨ ਆਈਆਂ ਚਣੌਤੀਆਂ ਦਾ ਖ਼ਾਸ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ।ਇਸ ਨਿਰਮਲ ਨੂਰ ਦੇ ਵਿਸ਼ੇਸ਼ ਅੰਕ ਵਿੱਚ 25 ਸਖਸ਼ੀਅਤਾਂ ਦੇ ਸੁਨੇਹੇ ਹਨ।ਇਨ੍ਹਾਂ ਵਿੱਚ ਕੇਂਦਰੀ ਮੰਤਰੀ, ਰਾਜਪਾਲ, ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਅਤੇ ਰਾਜ ਸਭਾ ਦੇ ਮੈਂਬਰਾਂ ਵੱਲੋਂ ਵੀ ਵੇਈਂ ਦੇ 25 ਸਾਲਾਂ ਇਤਿਹਾਸ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ।ਅੰਕ ਵਿੱਚ ਪੰਜਾਬ ਸਰਕਾਰ ਵੱਲੋਂ ਵੇਈਂ ਨੂੰ ਪਵਿੱਤਰ ਵੇਈਂ ਐਲਾਨੇ ਜਾਣ ਦਾ ਦਸਤਾਵੇਜ਼ ਵੀ ਲੱਗਾ ਹੋਇਆ ਹੈ ਤੇ ਇਸ ਦੇ ਨਾਲ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਦਾ ਉਹ ਇਤਿਹਾਸਕ ਸੰਦੇਸ਼ ਵਿੱਚ ਲੱਗਾ ਹੋਇਆ ਹੈ। ਜਿਸ ਵਿੱਚ ਉਹ ਸਮੁੱਚੀ ਸਿੱਖ ਕੌਮ ਨੂੰ ਅਪੀਲ ਕਰ ਰਹੇ ਹਨ ਕਿ ਪਵਿੱਤਰ ਵੇਈਂ ਵਿੱਚ ਗੰਦੇ ਪਾਣੀ ਦੀ ਇੱਕ ਵੀ ਬੂੰਦ ਨਾ ਪਾਉਣ। ਇਹ ਸੰਦੇਸ਼ ਜੁਲਾਈ 2007 ਵਿੱਚ ਜਾਰੀ ਕੀਤਾ ਗਿਆ ਸੀ।ਜਦੋਂ ਵੇਈਂ ਦੀ ਸੱਤਵੀ ਵਰ੍ਹੇਗੰਢ ਮਨਾਈ ਗਈ ਸੀ।




# ਨਸ਼ਿਆਂ ਵਿਰੁੱਧ ਮੁਹਿੰਮ 'ਚ ਬੀ ਡੀ ਸੀ ਮੈਂਬਰਾਂ ਦਾ ਸਹਿਯੋਗ ਲਿਆ ਜਾਵੇ : ਜਸਪ੍ਰੀਤ ਸਿੰਘ

ਨੰਗਲ (ਸੁਰਜੀਤ ਸਿੰਘ)

ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਤਹਿਤ ਸੂਬੇ ਭਰ ਵਿੱਚ ਨਸ਼ਿਆ ਦੇ ਸੋਦਾਗਰਾਂ ਨੂੰ ਕਾਬੂ ਕਰਕੇ ਨਸ਼ਾ ਨੂੰ ਜੜ੍ਹ ਤੋ ਖਤਮ ਕਰਨ ਦੀ ਮੁਹਿੰਮ ਅਰੰਭ ਕੀਤੀ ਹੋਈ ਹੈ। ਨਸ਼ਾ ਵਿਕਰੇਤਾਵਾ ਵੱਲੋਂ ਇਕੱਠੀ ਕੀਤੀ ਕਾਲੀ ਕਮਾਈ ਨਾਲ ਉਸਾਰੇ ਮਹਿਲ ਢਾਹ ਢੇਰੀ ਕੀਤੇ ਜਾ ਰਹੇ ਹਨ। ਇਸ ਮਿਸ਼ਨ ਨੂੰ ਹੋਰ ਅੱਗੇ ਵਧਾਉਣ ਲਈ ਸਭ ਨੂੰ ਮਿਲ ਕੇ ਇਸ ਮਿਸ਼ਨ ਨੂੰ ਕਾਮਯਾਬ ਕਰਨ ਦੀ ਜਰੂਰਤ ਹੈ। ਇਹ ਪ੍ਰਗਟਾਵਾ ਜਸਪ੍ਰੀਤ ਸਿੰਘ ਪੀ.ਸੀ.ਐਸ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਨਗਰ ਕੌਂਸਲ ਨੰਗਲ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਹੋਰ ਅਸਰਦਾਰ ਢੰਗ ਨਾਲ ਅੱਗੇ ਵਧਾਉਣ ਲਈ ਅਧਿਕਾਰੀਆਂ ਦੀ ਇੱਕ ਵਿਸੇਸ਼ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਕੀਤਾ। ਉਨ੍ਹਾਂ ਨੇ ਕਿਹਾ ਕਿ ਵਿਲੇਜ ਡਿਫੈਂਸ ਕਮੇਟੀਆਂ ਨੂੰ ਇਸ ਮਿਸ਼ਨ ਵਿੱਚ ਹੋਰ ਅਸਰਦਾਰ ਢੰਗ ਨਾਲ ਕੰਮ ਕਰਨ ਦੀ ਜਰੂਰਤ ਹੈ, ਕਿਉਕਿ ਅਜਿਹੇ ਮਿਸ਼ਨ ਆਮ ਲੋਕਾਂ ਦੇ ਸਹਿਯੋਗ ਨਾਲ ਹੀ ਸਫਲ ਹੋ ਸਕਦੇ ਹਨ। ਪੰਚਾਂ, ਸਰਪੰਚਾਂ, ਪਿੰਡਾਂ- ਸ਼ਹਿਰਾਂ ਦੇ ਸਮਾਜਿਕ, ਧਾਰਮਿਕ ਸੰਗਠਨ ਜਦੋਂ ਲਾਮਬੰਦ ਹੋ ਕੇ ਸਰਕਾਰ ਦੇ ਮਿਸ਼ਨ ਵਿੱਚ ਜਿਕਰਯੋਗ ਭੂਮਿਕਾ ਨਿਭਾਉਣਗੇ ਤਾਂ ਨਸ਼ੇ ਦਾ ਜੜ੍ਹ ਤੋ ਖਾਤਮਾ ਹੋ ਜਾਵੇਗਾ। ਸਚਿਨ ਪਾਠਕ ਪੀ.ਸੀ.ਐਸ ਉਪ ਮੰਡਲ ਮੈਜਿਸਟ੍ਰੇਟ ਨੰਗਲ ਨੇ ਕਿਹਾ ਕਿ ਨਸ਼ਾ ਛੁਡਾਓ ਕੇਂਦਰਾਂ, ਓਟ ਕਲੀਨਿਕ ਵਿੱਚ ਨਸ਼ਾ ਛੱਡਣ ਲਈ ਆਏ ਮਰੀਜ਼ਾਂ ਦੀ ਕੋਸਲਿੰਗ ਲਗਾਤਾਰ ਕੀਤੀ ਜਾਣੀ ਚਾਹੀਦੀ ਹੈ, ਇਸ ਦੇ ਲਈ ਮਾਹਿਰ ਡਾਕਟਰ ਇਹ ਨਿਸ਼ਚਿਤ ਕਰਨ ਕੀ ਨਸ਼ਾ ਛੱਡਣ ਵਾਲਾ ਵਿਅਕਤੀ ਮੁੜ ਇਸ ਲਾਹਨਤ ਤੋ ਦੂਰ ਰਹੇ, ਇਸ ਦੇ ਲਈ ਉਸ ਨਾਲ ਤਾਲਮੇਲ ਰੱਖਿਆ ਜਾਵੇ। ਅਜੇ ਸਿੰਘ ਡੀ.ਐਸ.ਪੀ ਸ੍ਰੀ ਅਨੰਦਪੁਰ ਸਾਹਿਬ ਨੇ ਕਿਹਾ ਕਿ ਅਧਿਕਾਰੀ ਪੰਜਾਬ ਸਰਕਾਰ ਵੱਲੋਂ ਚਲਾਈ ਨਸ਼ਾ ਮੁਕਤ ਮੁਹਿੰਮ ਵਿੱਚ ਜਿੰਮੇਵਾਰੀ ਨਾਲ ਕੰਮ ਕਰਨ ਅਤੇ ਪੁਲਿਸ ਨੂੰ ਸਹਿਯੋਗ ਦੇਣ ਤਾਂ ਜੋ ਇਸ ਮੁਹਿੰਮ ਨੂੰ ਹੋਰ ਅਸਰਦਾਰ ਬਣਾਇਆ ਜਾ ਸਕੇ। ਕੁਲਵੀਰ ਸਿੰਘ ਡੀ.ਐਸ.ਪੀ ਨੰਗਲ ਨੇ ਕਿਹਾ ਕਿ ਨਸ਼ਿਆ ਦੇ ਸੋਦਾਗਰਾਂ ਨੂੰ ਕਾਬੂ ਕਰਨ ਲਈ ਹੈਲਪ ਲਾਈਨ ਤੇ ਮਿਲ ਰਹੀਆਂ ਸ਼ਿਕਾਇਤਾਂ ਤੇ ਕਾਰਵਾਈ ਕੀਤੀ ਜਾ ਰਹੀ ਹੈ ਤਾ ਜੋ ਸਮਾਜ ਵਿਚੋ ਇਨ੍ਹਾਂ ਸੋਦਾਗਰਾਂ ਨੂੰ ਖਤਮ ਕੀਤਾ ਜਾ ਸਕੇ। ਇਸ ਮੌਕੇ ਡਾ.ਸੰਜੀਵ ਗੌਤਮ ਚੇਅਰਮੈਨ ਗੁਰੂ ਰਵਿਦਾਸ ਆਯੂਰਵੈਦਿਕ ਯੂਨੀਵਰਸਿਟੀ ਤੇ ਜਿਲ੍ਹਾ ਪ੍ਰਧਾਨ ਰੂਪਨਗਰ, ਦੀਪੂ ਬਾਸ ਕੋਆਰਡੀਨੇਟਰ ਯੁੱਧ ਨਸ਼ਿਆ ਵਿਰੁੱਧ, ਸਮਿੰਦਰਪਾਲ ਸਿੰਘ, ਨਰਿੰਦਰਜੀਤ ਸਿੰਘ, ਹਰਮਿੰਦਰ ਕੁਮਾਰ, ਹਰਦੀਪ ਸਿੰਘ, ਵਿਨੇ ਕੁਮਾਰ, ਡਾ.ਕੰਵਰਪ੍ਰੀਤ ਸਿੰਘ, ਮਦਨ ਲਾਲ ਸੈਨੇਟਰੀ ਇੰਸਪੈਕਟਰ, ਗੁਰਸੇਵਕ ਰਾਣਾ, ਰਾਕੇਸ਼ ਕੁਮਾਰ ਤੇ ਵੱਖ ਵੱਖ ਵਿਭਾਗਾ ਦੇ ਅਧਿਕਾਰੀ ਹਾਜ਼ਰ ਸਨ।



# ਮਨੀ ਚੇਂਜਰ ਦੀ ਦੁਕਾਨ 'ਤੇ ਲੁੱਟ ਕਰਨ ਵਾਲਾ ਗ੍ਰਿਫ਼ਤਾਰ

ਬੰਗਾ (ਅਵਤਾਰ ਕਲੇਰ)

ਬੀਤੇ ਦਿਨੀਂ ਦੁਪਹਿਰ ਨੂੰ ਮੁਕੰਦਪੁਰ ਰੋਡ ਬੰਗਾ 'ਤੇ ਮਨੀਚੇਂਜਰ ਦੀ ਦੁਕਾਨ 'ਤੇ ਹਮਲਾ ਕਰਕੇ ਦੁਕਾਨ 'ਤੇ ਕੰਮ ਕਰਨ ਵਾਲੀ ਲੜਕੀ ਨੂੰ ਸਿਰ 'ਤੇ ਸੱਟ ਮਾਰ ਕੇ ਪੈਸੇ ਲੁੱਟਣ ਵਾਲੇ ਨੂੰ ਨਕਲੀ ਪਿਸਤੌਲ ਅਤੇ ਲੁੱਟੀ ਗਈ ਰਕਮ ਵਿੱਚੋਂ 15000 ਰੁਪਏ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਡੀ ਐਸ ਪੀ ਬੰਗਾ ਹਰਜੀਤ ਸਿੰਘ ਰੰਧਾਵਾ ਪੀ ਪੀ ਐਸ ਨੇ ਦੱਸਿਆ ਕਿ ਬੰਗਾ ਸਿਟੀ ਪੁਲਸ ਵੱਲੋਂ ਐਸ ਐਚ ਓ ਵਰਿੰਦਰ ਕੁਮਾਰ ਦੀ ਅਗਵਾਈ ਵਿੱਚ ਅੰਸ਼ਦੀਪ ਮਨੀ ਚੇਂਜਰ ਦੀ ਦੁਕਾਨ 'ਤੇ ਕੰਮ ਕਰਨ ਵਾਲੀ ਲੜਕੀ ਨੂੰ ਲੁੱਟਣ ਅਤੇ ਜ਼ਖਮੀ ਕਰਨ ਵਾਲੇ ਨੌਜਵਾਨ ਨੂੰ ਫੜ ਲਿਆ ਗਿਆ ਹੈ। ਪੁਲਸ ਨੇ ਲੁੱਟੇ ਹੋਏ ਪੈਸੇ ਅਤੇ ਲੁੱਟ ਲਈ ਵਰਤਿਆ ਗਿਆ ਏਅਰ ਪਿਸਤੌਲ ਵੀ ਬਰਾਮਦ ਕੀਤਾ ਹੈ।ਇਸ ਮਾਮਲੇ ਵਿੱਚ ਸੀ ਆਈ ਏ ਟੀਮ ਨਵਾਂਸ਼ਹਿਰ ਦੇ ਇੰਚਾਰਜ ਜਰਨੈਲ ਸਿੰਘ ਦੀ ਟੀਮ ਨੇ ਵੀ ਸ਼ਲਾਘਾਯੋਗ ਭੂਮਿਕਾ ਨਿਭਾਈ ।ਉਨ੍ਹਾਂ ਦੱਸਿਆ ਕਿ ਮੁਲਜ਼ਮ ਦੀ ਪਹਿਚਾਣ ਮਨਜਿੰਦਰ ਸਿੰਘ ਬੰਟੂ ਪੁੱਤਰ ਪਿਆਰਾ ਸਿੰਘ ਵਾਸੀ ਪਿੰਡ ਸੋਤਰਾਂ ਵਜੋਂ ਹੋਈ ਹੈ। ਪੁਲਸ ਨੇ ਮੁਲਜ਼ਮ ਨੂੰ ਹਿਰਾਸਤ ਵਿੱਚ ਲੈ ਲਿਆ ਉਨ੍ਹਾਂ ਕਿਹਾ ਕਿ ਮੁਢਲੀ ਜਾਂਚ ਵਿੱਚ ਦੋਸ਼ੀ ਦਾ ਕੋਈ ਅਪਰਾਧਿਕ ਰਿਕਾਰਡ ਸਾਹਮਣੇ ਨਹੀਂ ਆਇਆ ਹੈ । ਉਸ ਦੇ ਦੱਸਣ ਅਨੁਸਾਰ ਉਸ ਨੇ ਇਹ ਅਪਰਾਧ ਚੜ੍ਹਿਆ ਹੋਇਆ ਕਰਜ਼ਾ ਉਤਾਰਨ ਲਈ ਕੀਤਾ ਹੈ। ਥਾਣਾ ਸਿਟੀ ਬੰਗਾ ਵਿੱਚ ਦੋਸ਼ੀ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ। ਇਸ ਮਾਮਲੇ ਦੇ ਏ ਐਸ ਆਈ ਲਖਬੀਰ ਸਿੰਘ ਨੇ ਇੱਕ ਮੋਟਰਸਾਈਕਲ,ਦੋ ਮੋਬਾਈਲ ਫੋਨ,15,000 ਰੁਪਏ ਅਤੇ ਇੱਕ ਖਿਡੌਣਾ ਪਿਸਤੌਲ ਬਰਾਮਦ ਕੀਤਾ ਹੈ।



# ਸੱਪ ਦੇ ਡੱਸੇ ਦਲਬੀਰ ਸਿੰਘ ਦਾ ਹਸਪਤਾਲ ਢਾਹਾਂ ਕਲੇਰਾਂ ਵਿਖੇ ਸਫ਼ਲ ਇਲਾਜ

ਬੰਗਾ (ਅਵਤਾਰ ਕਲੇਰ)

ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਜ਼ਹਿਰੀਲੇ ਸੱਪਾਂ ਦੇ ਡੱਸੇ ਮਰੀਜ਼ਾਂ ਦਾ ਸਫਲ ਇਲਾਜ ਕਰਨ ਵਾਲਾ ਇਲਾਕੇ ਦਾ ਪ੍ਰਮੁੱਖ ਹਸਪਤਾਲ ਬਣ ਚੁੱਕਾ ਹੈ। ਪਿਛਲੇ ਵੀਹ ਦਿਨਾਂ ਵਿੱਚ ਹਸਪਤਾਲ ਢਾਹਾਂ ਕਲੇਰਾਂ ਵਿਖੇ ਸੱਪਾਂ ਦੇ ਡੱਸੇ ਸੱਤ ਤੋਂ ਵੱਧ ਮਰੀਜ਼ਾਂ ਨੂੰ ਵੇਲੇ ਸਿਰ ਐਂਟੀ ਸਨੇਕ ਵੇਨਮ (ਸੱਪ ਦੀ ਜ਼ਹਿਰ ਦਾ ਐਂਟੀਡਾਟ) ਅਤੇ ਵੈਂਟੀਲੇਟਰ (ਸਾਹ ਦੇਣ ਵਾਲੀ ਮਸ਼ੀਨ) ਦੀ ਮੱਦਦ ਨਾਲ ਬਚਾਇਆ ਜਾ ਚੁੱਕਾ ਹੈ। ਇਸੇ ਤਹਿਤ ਹੀ ਸੱਪਾਂ ਦੇ ਡੱਸੇ ਪਿੰਡ ਪੋਸੀ ਦੇ ਮਰੀਜ਼ ਦਲਬੀਰ ਸਿੰਘ ਦਾ ਸਫ਼ਲਤਾਪੂਰਵਕ ਇਲਾਜ ਕੀਤਾ ਗਿਆ ਹੈ। ਕੁਲਵਿੰਦਰ ਸਿੰਘ ਢਾਹਾਂ, ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਢਾਹਾਂ ਕਲੇਰਾਂ ਨੇ ਮੀਡੀਆ ਨਾਲ ਵਿਸ਼ੇਸ਼ ਗੱਲਬਾਤ ਕਰਦੇ ਹੋਏ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਸੱਪ ਦੇ ਡੱਸੇ ਮਰੀਜ਼ਾਂ ਦਾ ਇਲਾਜ ਅਤਿ ਆਧੁਨਿਕ ਤਰੀਕਿਆਂ ਨਾਲ ਸਫਲਤਾਪੂਰਵਕ ਕੀਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਦਲਬੀਰ ਸਿੰਘ ਨੂੰ ਬੀਤੀ ਨੌਂ ਜੁਲਾਈ ਦੀ ਰਾਤ ਨੂੰ ਇੱਕ ਜ਼ਹਿਰੀਲੇ ਸੱਪ ਨੇ ਡੱਸ ਲਿਆ ਸੀ। ਇਸ ਤੋਂ ਬਾਅਦ ਜਦੋਂ ਦਲਬੀਰ ਸਿੰਘ ਨੂੰ ਸਾਹ ਲੈਣ ਵਿਚ ਮੁਸ਼ਕਿਲ, ਪੇਟ ਦਰਦ, ਉਲਟੀ ਅਤੇ ਅੱਖਾਂ ਦਾ ਆਪਮੁਹਾਰੇ ਬੰਦ ਹੋਣਾ ਆਦਿ ਲੱਛਣ ਉਤਪੰਨ ਹੋਣ ਉਪਰੰਤ ਪਰਿਵਾਰ ਨੇ ਛੇਤੀ ਨਾਲ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਇਲਾਜ ਲਈ ਲੈ ਕੇ ਆਇਆ। ਹਸਪਤਾਲ ਦੇ ਮੈਡੀਕਲ ਮਾਹਿਰ ਡਾ. ਵਿਵੇਕ ਗੁੰਬਰ ਦੀ ਅਗਵਾਈ ਹੇਠ ਮੁੱਢਲੀ ਜਾਂਚ ਤੋਂ ਮਰੀਜ਼ ਦਲਬੀਰ ਸਿੰਘ ਦੀ ਬਹੁਤ ਗੰਭੀਰ ਹਾਲਤ ਨੂੰ ਦੇਖਦੇ ਹੋਏ ਆਈ.ਸੀ.ਯੂ. ਵਿਚ ਚਾਰ ਦਿਨ ਰੱਖ ਕੇ ਵੈਂਟੀਲੇਟਰ ਦੀ ਮੱਦਦ ਨਾਲ ਸੱਪ ਦੇ ਡੰਗੇ ਜਾਣ 'ਤੇ ਇਲਾਜ ਕਰਨ ਵਾਲੀਆਂ ਖਾਸ ਦਵਾਈਆਂ ਨਾਲ ਇਲਾਜ ਕੀਤਾ ਗਿਆ। ਹੁਣ ਦਲਬੀਰ ਸਿੰਘ ਪੂਰੀ ਤਰ੍ਹਾਂ ਤੰਦਰੁਸਤ ਹੈ ਅਤੇ ਖੁਸ਼ ਹੈ। ਇਸ ਮੌਕੇ ਡਾ. ਵਿਵੇਕ ਗੁੰਬਰ ਨੇ ਗੱਲਬਾਤ ਕਰਦੇ ਦੱਸਿਆ ਕਿ ਭਾਰਤ ਵਿੱਚ ਹਰ ਸਾਲ ਸੱਪਾਂ ਦੇ ਡੰਗਣ ਨਾਲ 50 ਹਜ਼ਾਰ ਤੋਂ ਵੱਧ ਇਨਸਾਨ ਮੌਤ ਦੇ ਮੂੰਹ 'ਚ ਚਲੇ ਜਾਂਦੇ ਹਨ। ਡਾ. ਗੁੰਬਰ ਨੇ ਦੱਸਿਆ ਕਿ ਸੱਪ ਦੇ ਡੱਸਣ ਦੇ ਕਾਰਨ ਹੋਣ ਵਾਲੀਆਂ ਮੌਤਾਂ ਸੱਪਾਂ ਦੀਆਂ ਇਨ੍ਹਾਂ ਚਾਰ ਪ੍ਰਜਾਤੀਆਂ ਦੇ ਕਾਰਨ ਹੁੰਦੀਆਂ ਹਨ – ਕਾਮਨ ਕਰੇਟ, ਇੰਡੀਅਨ ਕੋਬਰਾ, ਰਸਲਜ਼ ਵਾਈਪਰ ਅਤੇ ਸਾਅ ਸਕੇਲਡ ਵਾਈਪਰ। ਪਰ ਬਹੁਤ ਸਾਰੇ ਲੋਕ ਅਗਿਆਨਤਾ ਕਰਕੇ ਜਾਂ ਹੋਰ ਕਾਰਨਾਂ ਕਰਕੇ ਵੇਲੇ ਸਿਰ ਉਹਨਾਂ ਸਿਹਤ ਕੇਂਦਰ ਤੱਕ ਪਹੁੰਚ ਹੀ ਨਹੀਂ ਪਾਉਂਦੇ ਜਿੱਥੇ ਐਂਟੀਵੇਨਮ (ਸੱਪ ਦੀ ਜ਼ਹਿਰ ਤੋਂ ਬਚਾਉਣ ਵਾਲਾ ਟੀਕਾ) ਉਪਲਬਧ ਹੋਵੇ ਅਤੇ ਸਮਾਂ ਰਹਿੰਦਿਆਂ ਉਹ ਟੀਕਾ ਮਰੀਜ਼ ਦੇ ਲੱਗ ਜਾਵੇ ਜੋ ਉਸ ਦੀ ਜਾਨ ਬਚਾਉਣ ਵਿੱਚ ਸਹਾਈ ਸਿੱਧ ਹੁੰਦਾ ਹੈ। ਉਹਨਾਂ ਕਿਹਾ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਜ਼ਹਿਰੀਲੇ ਸੱਪ ਦੇ ਡੱਸੇ ਮਰੀਜ਼ਾਂ ਇਲਾਜ ਲਈ ਵਿਸ਼ੇਸ਼ ਦਵਾਈਆਂ ਅਤੇ ਪੂਰੇ ਪ੍ਰਬੰਧ ਹਨ। ਇਸ ਮੌਕੇ ਡਾ. ਕੁਲਦੀਪ ਸਿੰਘ ਮੈਡੀਕਲ ਅਫਸਰ, ਸੋਨੀਆ ਸਿੰਘ ਇੰਚਾਰਜ ਆਈ ਸੀ ਯੂ ਅਤੇ ਹਸਪਤਾਲ ਦਾ ਨਰਸਿੰਗ ਅਤੇ ਮੈਡੀਕਲ ਸਟਾਫ ਮੈਂਬਰ ਵੀ ਹਾਜ਼ਰ ਸਨ।



# ਗੈਸਟਰੋਐਂਟਰੋਲੋਜਿਸਟ ਡਾ: ਸੁਖਰਾਜ ਪਾਲ ਸਿੰਘ ਨੇ ਜਾਇਨ ਕੀਤਾ ਲਿਵਾਸਾ ਹਸਪਤਾਲ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)

ਗੈਸਟ੍ਰੋਐਂਟਰੋਲੋਜਿਸਟ ਡਾ. ਸੁਖਰਾਜ ਪਾਲ ਸਿੰਘ ਲਿਵਾਸਾ ਹਸਪਤਾਲ, ਨਵਾਂਸ਼ਹਿਰ ਵਿਖੇ ਸਲਾਹਕਾਰ ਗੈਸਟ੍ਰੋਐਂਟਰੋਲੋਜੀ ਵਜੋਂ ਸ਼ਾਮਲ ਹੋਏ ਹਨ।ਡਾ. ਸਿੰਘ ਨੇ ਆਪਣੀ ਐਮਬੀਬੀਐਸ ਦੀ ਡਿਗਰੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਤੋਂ ਪ੍ਰਾਪਤ ਕੀਤੀ ਅਤੇ ਬਾਅਦ ਵਿੱਚ ਦਯਾਨੰਦ ਮੈਡੀਕਲ ਕਾਲਜ ਅਤੇ ਹਸਪਤਾਲ, ਲੁਧਿਆਣਾ ਤੋਂ ਇੰਟਰਨਲ ਮੈਡੀਸਨ ਵਿੱਚ ਐਮਡੀ ਦੀ ਡਿਗਰੀ ਪ੍ਰਾਪਤ ਕੀਤੀ।ਫਿਰ ਡਾ. ਸਿੰਘ ਨੇ ਭੁਵਨੇਸ਼ਵਰ ਦੇ ਵੱਕਾਰੀ ਕਿਮਸ ਤੋਂ ਡੀਐਮ ਗੈਸਟ੍ਰੋਐਂਟਰੋਲੋਜੀ ਵਿੱਚ ਮੁਹਾਰਤ ਹਾਸਲ ਕੀਤੀ।ਡਾ. ਸਿੰਘ ਦੀ ਮੁੱਖ ਮੁਹਾਰਤ ਜਿਗਰ ਦੀ ਬਿਮਾਰੀ, ਪੈਨਕ੍ਰੇਟਾਈਟਸ, ਜੀਆਈ ਖੂਨ ਵਹਿਣਾ ਅਤੇ ਕੋਲੈਂਜਾਈਟਿਸ ਵਰਗੀਆਂ ਗੁੰਝਲਦਾਰ ਗੈਸਟਰੋਇੰਟੇਸਟਾਈਨਲ ਸਥਿਤੀਆਂ ਦੇ ਪ੍ਰਬੰਧਨ ਵਿੱਚ ਹੈ। ਉਹ ਐਂਡੋਸਕੋਪੀ, ਕੋਲੋਨੋਸਕੋਪੀ ਅਤੇ ਈਆਰਸੀਪੀ ਵਰਗੀਆਂ ਉੱਨਤ ਡਾਇਗਨੌਸਟਿਕ ਅਤੇ ਥੈਰੇਪਿਊਟਿਕ ਪ੍ਰਕਿਰਿਆਵਾਂ ਵਿੱਚ ਨਿਪੁੰਨ ਹਨ।ਕਲੀਨਿਕਲ ਉੱਤਮਤਾ ਤੋਂ ਇਲਾਵਾ, ਡਾ. ਸਿੰਘ ਨੇ ਕਈ ਵੱਕਾਰੀ ਮੈਡੀਕਲ ਰਸਾਲਿਆਂ ਵਿੱਚ ਵੀ ਯੋਗਦਾਨ ਪਾਇਆ ਹੈ।ਉਨ੍ਹਾਂ ਦੀ ਖੋਜ ਇੰਟਰਨੈਸ਼ਨਲ ਜਰਨਲ ਆਫ਼ ਮੈਡੀਕਲ ਸਾਇੰਸ ਐਂਡ ਕਲੀਨਿਕਲ ਰਿਸਰਚ, ਜਰਨਲ ਆਫ਼ ਕਲੀਨਿਕਲ ਐਂਡ ਐਕਸਪੈਰੀਮੈਂਟਲ ਹੈਪੇਟੋਲੋਜੀ, ਅਤੇ ਪਾਚਨ ਰੋਗਾਂ ਅਤੇ ਵਿਗਿਆਨ ਵਿੱਚ ਪ੍ਰਕਾਸ਼ਿਤ ਹੋਈ ਹੈ ।



# ਕਿੱਸਾ ਕਾਵਿ ਬਾਰੇ ਸੂਲ ਸੁਰਾਹੀ ਸਾਹਿਤ ਕੇਂਦਰ ਨੇ ਕੀਤੀ ਚਰਚਾ

ਖਰੜ (ਹਰਨਾਮ ਸਿੰਘ ਡੱਲਾ)

ਸੂਲ ਸੁਰਾਹੀ ਸਾਹਿਤ ਕੇਂਦਰ ਖਰੜ ਵੱਲੋਂ ਇੱਕ ਸਾਹਿਤਕ ਮਹਿਫ਼ਲ ਦਾ ਆਯੋਜਨ ਸ੍ਰੀ ਗੁਰੂ ਰਵਿਦਾਸ ਭਵਨ ਖਰੜ ਵਿਖੇ ਕਰਵਾਇਆ ਗਿਆ। ਜਿਸ ਦੀ ਪ੍ਰਧਾਨਗੀ ਸੀਤਲ ਸਿੰਘ ਸਹੌੜਾਂ ਨੇ ਕੀਤੀ। ਹਰਚਰਨ ਸਿੰਘ,ਤਰਸੇਮ ਸਿੰਘ ਕਾਲੇਵਾਲ,ਮਲਕੀਤ ਸਿੰਘ ਨਾਗਰਾ,ਮੋਹਨ ਲਾਲ ਰਾਹੀ,ਹਰਜੀਤ ਸਿੰਘ,ਹਰਿੰਦਰਜੀਤ ਸਿੰਘ,ਗੁਰਬਖ਼ਸ਼ ਸਿੰਘ ਹੈਪੀ,ਨਿਰਵੈਰ ਕੌਰ,ਬਲਵਿੰਦਰ ਸਿੰਘ ਢਿੱਲੋਂ,ਹਿੱਤ ਅਭਿਲਾਸ਼ੀ ਹਿੱਤ,ਹਰਨਾਮ ਸਿੰਘ ਡੱਲਾ ਤੇ ਸੁਰਿੰਦਰ ਸਿੰਘ ਬਡਾਲਾ ਨੇ ਭਾਗ ਲਿਆ।ਲੇਖਕਾਂ ਵਲੋਂ ਪਿਛਲੇ ਦਿਨੀ ਪੜ੍ਹੀਆਂ ਪੁਸਤਕਾਂ ਦੀ ਸਮੀਖਿਆ ਕੀਤੀ ਗਈ। ਸਭ ਤੋਂ ਪਹਿਲਾਂ ਹਰਜੀਤ ਸਿੰਘ ਵੱਲੋਂ ਮਹਾਰਾਣੀ ਜਿੰਦਾਂ ਦੇ ਜੀਵਨ ਤੇ ਰਾਣੀ ਹੋਣ ਦੇ ਬਾਵਜੂਦ ਉਸ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਜਾਣਕਾਰੀ ਭਰਪੂਰ ਚਾਨਣਾ ਪਾਇਆ। ਉਪਰੰਤ ਇੰਜੀਨੀਅਰ ਬਲਵਿੰਦਰ ਸਿੰਘ ਢਿੱਲੋਂ ਨੇ ਕਿੱਸਾ 'ਜਾਨੀ ਚੋਰ' ਦੇ ਇਤਿਹਾਸ ਬਾਰੇ ਨਿਰਪੱਖ ਰਾਇ ਦਿੰਦਿਆਂ ਕਿਹਾ ਕਿ 'ਜਾਨੀ ਚੋਰ' ਦੀ ਪਾਤਰ ਉਸਾਰੀ ਕਰ ਜਾਣਾ ਕਿੱਸਾਕਾਰ ਦੀ ਕਲਾ ਹੈ, ਪਰ ਇਹ ਇੱਕ ਮਿਥਿਹਾਸਕ ਕਿੱਸਾ ਕਾਵਿ ਹੈ। ਮੋਹਨ ਲਾਲ ਰਾਹੀ ਨੇ ਵੀ ਕਿੱਸਾ ਕਾਵਿ ਦੇ ਇਤਿਹਾਸ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਸੂਫ਼ੀ ਸਾਹਿਤ ਤੋਂ ਬਾਅਦ ਭਾਰਤੀ ਸਾਹਿਤ ਵਿੱਚ ਕਿੱਸਾ ਕਾਵਿ ਦਾ ਵਿਸ਼ੇਸ਼ ਸਥਾਨ ਰਿਹਾ ਹੈ। ਪੰਜਾਬੀ ਸਾਹਿਤ ਵਿੱਚ ਕਿੱਸਾ 'ਹੀਰ ਵਾਰਸ ਸ਼ਾਹ' ਤੇ ਬੰਗਾਲੀ ਸਾਹਿਤ ਵਿੱਚ 'ਦੇਵ ਦਾਸੀ' ਲੋਕ ਕਥਾਵਾਂ ਦੀ ਸ਼ਾਹਕਾਰ ਪੇਸ਼ਕਾਰੀ ਹੈ। ਦੋਵਾਂ ਭਾਸ਼ਾਵਾਂ ਵਿੱਚੋਂ ਇਹਨਾਂ ਦੀ ਗੈਰਹਾਜ਼ਰੀ ਦਾ ਭਾਵ ਲੋਕ ਕਥਾਵਾਂ ਦਾ ਊਣਾਂ ਹੋ ਜਾਣ ਬਰਾਬਰ ਹੈ। ਹਿੱਤ ਅਭਿਲਾਸ਼ੀ ਹਿੱਤ ਨੇ ਸਆਦਤ ਹਸਨ ਮੰਟੋ ਦੀ ਟੋਬਾ ਟੇਕ ਸਿੰਘ ਅਤੇ ਹਰਨਾਮ ਸਿੰਘ ਡੱਲਾ ਨੇ ਲਿੱਪੀ ਦ ਮਹਾਂਦੇਵ ਦੇ ਕਾਵਿ ਸੰਗ੍ਰਹਿ 'ਮੇਰੇ ਅੰਦਰ ਮਨੁੱਖ ਹੋਣ ਦੀ ਖ਼ੁਸ਼ਬੋ ਹੈ' ਦੇ ਕਾਵਿ ਮੁਹਾਂਦਰੇ ਨੂੰ ਸੱਜਰੀ ਸ਼ਾਇਰੀ ਦੀ ਖੂਬਸੂਰਤ ਬੌਧਿਕ ਪੇਸ਼ਕਾਰੀ ਕਿਹਾ। ਇੱਕ ਮਤੇ ਰਾਹੀਂ ਸੂਲ ਸੁਰਾਹੀ ਸਾਹਿਤ ਕੇਂਦਰ ਖਰੜ ਵੱਲੋਂ ਅਗਸਤ ਮਹੀਨੇ ਵਿੱਚ ਵੱਡਾ ਸਾਹਿਤਕ ਸਮਾਗਮ ਕਰਵਾਉਣ ਦਾ ਫ਼ੈਸਲਾ ਲਿਆ ਗਿਆ ਹੈ।ਇਸ ਉਪਰੰਤ ਸਾਹਿਤਕ ਦੌਰ ਦੌਰਾਨ ਤਰਸੇਮ ਸਿੰਘ ਕਾਲੇਵਾਲ ਨੇ ਤਰੰਨਮ ਵਿੱਚ ਦੋ ਗੀਤ,ਹਰਜੀਤ ਸਿੰਘ ਨੇ 'ਸਿਰ' ਤੇ 'ਦੌਰ' ਨਾਮਕ ਦੋ ਕਵਿਤਾਵਾਂ,ਮਲਕੀਤ ਸਿੰਘ ਨਾਗਰਾ ਨੇ ਲੋਕ ਕਵੀ ਸੰਤ ਰਾਮ ਉਦਾਸੀ ਦਾ ਗੀਤ, ਬਲਵਿੰਦਰ ਸਿੰਘ ਢਿੱਲੋਂ ਨੇ ਵੀ ਤਰੰਨਮ ਵਿੱਚ ਬਾਬੂ ਰਜਬ ਅਲੀ ਰਚਿਤ 'ਲੋਕ ਤੱਥ' ਤੇ ਹੀਰ ਵਾਰਸ ਸ਼ਾਹ ਦੇ ਕਾਵਿਕ ਨਮੂਨੇ,ਹਿੱਤ ਅਭਿਲਾਸ਼ੀ ਹਿੱਤ ਤੇ ਨਿਰਵੈਰ ਕੌਰ ਨੇ ਗ਼ਜ਼ਲਾਂ ਸੁਣਾਈਆਂ। ਹਰਨਾਮ ਸਿੰਘ ਡੱਲਾ ਦੇ ਤਰੰਨਮ ਵਿੱਚ ਗਾਏ ਗੀਤ ਨਾਲ ਮਹਿਫ਼ਲ ਦੀ ਸਮਾਪਤੀ ਹੋਈ ।



# ਸਬਜ਼ੀ ਮੰਡੀ ਨੇ ਧਾਰਿਆ ਨਰਕ ਭਰਿਆ ਰੂਪ

ਮੇਹਟਿਆਣਾ (ਜਗਤਾਰ ਸਿੰਘ ਭੂੰਗਰਨੀ)

ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਰਹੀਮਪੁਰ ਸਬਜੀ ਮੰਡੀ ਵਿੱਚ ਸਬਜੀਆਂ ,ਫੱਲ ਅਤੇ ਮਾਸਾਹਾਰੀ ਤੇ ਸ਼ਾਕਾਹਾਰੀ ਭੋਜਨ ਇਕੋਂ ਥਾਂ ਵਿਕਰੀ ਹੋਣ ਤੇ ਮੰਡੀ ਕਰਨ ਬੋਰਡ ਦੇ ਉਚ ਅਧਿਕਾਰੀਆਂ ਅਤੇ ਫੂਡ ਸੈਫਟੀ ਵਿਭਾਗ ਦੇ ਅਧਿਕਾਰੀਆਂ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਐਨੀ ਭੈੜੀ ਬਦਬੂ ਮਾਰਦੀ ਸਥਿਤੀ ਹੈ ਕਿ ਫੂਡ ਸੈਫਟੀ ਨਿਯਮਾਂ ਦੀਆਂ ਧੱਜੀਆਂ ਉੱਡ ਰਹੀਆਂ ਹਨ।ਧੀਮਾਨ ਨੇ ਸਰਕਾਰ ਨੂੰ ਕਿਹਾ ਕਿ ਹੁਸ਼ਿਆਰਪੁਰ ਦਾ ਐਨਾ ਭੈੜਾ ਹਾਲ ਕਦੇ ਵੀ ਜਿੰਦਗੀ ਵਿਚ ਵੇਖਣ ਨੂੰ ਨਹੀਂ ਮਿਲਿਆ। ਸ਼ਾਕਾਹਾਰੀ ਅਤੇ ਮਾਸਾਹਾਰੀ ਭੋਜਨ ਇਕੋਂ ਥਾਂ ਗੰਦਗੀ ਤੇ ਬਦਬੂ ਮਾਰਦੀਆਂ ਥਾਵਾਂ ਵਿਚ ਵਿਕਰੀ ਹੋ ਰਹੇ ਹਨ। ਗੰਦਗੀ ਭਰੇ ਮਾਹੌਲ ਵਿਚ ਭੋਜਨ ਦੀ ਵਿਕਰੀ ਕਰਵਾਉਣਾ,ਫੂਡ ਸੈਫਟੀ ਐਕਟ ਦੀ ਉਲੰਘਣਾ ਹੈ ।ਅਧਿਕਾਰੀਆਂ ਦਾ ਇੱਧਰ ਕੋਈ ਧਿਆਨ ਨਹੀਂ ਹੈ ।ਪਬਲਿਕ ਦੀ ਸਿਹਤ ਨਾਲ ਸਿੱਧਾ ਖਿਲਵਾੜ ਕੀਤਾ ਜਾ ਰਿਹਾ ਹੈ ।ਇਸ ਮੰਡੀ ਤੋਂ ਕਰੋੜਾਂ ਰੁਪਏ ਦੀ ਆਮਦਨ ਹੁੰਦੀ ਹੈ। ਧੀਮਾਨ ਨੇ ਕਿਹਾ ਕਿ ਉਹ ਪਹਿਲਾਂ ਵੀ ਸਰਕਾਰ ਦੇ ਧਿਆਨ ਵਿਚ ਕਈ ਵਾਰੀ ਲਿਆ ਚੁੱਕੇ ਹਨ।ਪਰ ਪਨਿਆਲਾ ਫਿਰ ਉਥੇ ਦਾ ਉਥੇ ਹੀ ਖੜਾ ਹੈ।



# ਬਾਬਾ ਬੀਰ ਸਿੰਘ ਦੇ ਜਨਮ ਦਿਹਾੜੇ ਦੇ ਸਮਾਗਮ ਦੀਆਂ ਤਿਆਰੀਆਂ ਸ਼ੁਰੂ



ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਾਪੁਰੀ)

ਮਹਾਨ ਸ਼ਹੀਦ ਬ੍ਰਹਮ ਗਿਆਨੀ ਪਰਉਪਕਾਰੀ ਸੰਤ ਬਾਬਾ ਬੀਰ ਸਿੰਘ ਨੌਰੰਗਾਬਾਦ ਵਾਲਿਆਂ ਦਾ ਜਨਮ ਦਿਹਾੜਾ ਇਤਿਹਾਸਕ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਠੱਟਾ, ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਵਿਖੇ ਮੁੱਖ ਸੇਵਾਦਾਰ ਬਾਬਾ ਹਰਜੀਤ ਸਿੰਘ ਕਾਰ ਸੇਵਾ ਵਾਲਿਆਂ ਦੀ ਸੁਚੱਜੀ ਅਗਵਾਈ ਹੇਠ ਇਲਾਕੇ ਭਰ ਦੀਆਂ ਸੰਗਤਾਂ ਵੱਲੋਂ ਬੜੀ ਹੀ ਸ਼ਰਧਾ ਭਾਵਨਾ, ਸਤਿਕਾਰ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ ਜਿਸ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ ਉਪਰੰਤ ਜਾਣਕਾਰੀ ਦਿੰਦੇ ਹੋਏ ਮੁੱਖ ਸੇਵਾਦਾਰ ਬਾਬਾ ਹਰਜੀਤ ਸਿੰਘ ਕਾਰ ਸੇਵਾ ਵਾਲਿਆਂ ਨੇ ਦੱਸਿਆ ਕਿ ਮਹਾਨ ਸ਼ਹੀਦ ਬਾਬਾ ਬੀਰ ਸਿੰਘ ਨੌਰੰਗਾਬਾਦ ਵਾਲਿਆਂ ਦਾ ਜਨਮ ਦਿਹਾੜਾ ਸਮੁੱਚੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ 15 ਅਗਸਤ ਦਿਨ ਸ਼ੁੱਕਰਵਾਰ ਨੂੰ ਸ਼ਰਧਾ ਭਾਵਨਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸੇ ਤਹਿਤ 13 ਅਗਸਤ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ ਜਿਨ੍ਹਾਂ ਦੇ ਭੋਗ 15 ਅਗਸਤ ਨੂੰ ਸਵੇਰੇ 9 ਵਜੇ ਪੈਣਗੇ।

# ਪੰਜਾਬ ਦੇ ਹਾਲਾਤ ਖਰਾਬ, ਤਾਨਾਸ਼ਾਹੀ 'ਤੇ ਉਤਾਰੂ ਹੋਈ ਸਰਕਾਰ : ਡਾ. ਚੀਮਾ

ਫਗਵਾੜਾ (ਡਾ. ਰਮਨ)

ਸ਼੍ਰੋਮਣੀ ਅਕਾਲੀ ਦਲ (ਬ) ਦੇ ਕੋਰ ਕਮੇਟੀ ਮੈਂਬਰ ਅਤੇ ਕੌਮੀ ਸਕੱਤਰ ਵਜੋਂ ਸੇਵਾਵਾਂ ਨਿਭਾਅ ਰਹੇ ਡਾ. ਦਲਜੀਤ ਸਿੰਘ ਚੀਮਾ ਨੂੰ ਕੌਮੀ ਸੀਨੀਅਰ ਮੀਤ ਪ੍ਰਧਾਨ ਐਲਾਨੇ ਜਾਣ ਦਾ ਸਵਾਗਤ ਕਰਦੇ ਹੋਏ ਪਾਰਟੀ ਦੀ ਫਗਵਾੜਾ ਇਕਾਈ ਵਲੋਂ ਸ਼ਹਿਰੀ ਹਲਕਾ ਇੰਚਾਰਜ ਰਣਜੀਤ ਸਿੰਘ ਖੁਰਾਣਾ ਅਤੇ ਦਿਹਾਤੀ ਇੰਚਾਰਜ ਰਾਜਿੰਦਰ ਸਿੰਘ ਚੰਦੀ ਦੀ ਅਗਵਾਈ ਹੇਠ ਫਗਵਾੜਾ ਵਿਖੇ ਉਹਨਾਂ ਦੇ ਸਨਮਾਨ 'ਚ ਇਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ।ਚੀਮਾ ਨੇ ਪਾਰਟੀ ਵਰਕਰਾਂ ਦਾ ਸਨਮਾਨ ਲਈ ਤਹਿ ਦਿਲੋਂ ਧੰਨਵਾਦ ਕਰਦਿਆਂ ਅਗਲੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਸ਼ੁਰੂ ਕਰਨ ਦਾ ਸੱਦਾ ਦਿੱਤਾ। ਉਹਨਾਂ ਨੇ ਕਿਹਾ ਕਿ ਪੰਜਾਬ ਦੇ ਹਾਲਾਤ ਬਹੁਤ ਖਰਾਬ ਹੋ ਚੁੱਕੇ ਹਨ। ਸੂਬੇ ਦੀ ਸਰਕਾਰ ਤਾਨਾਸ਼ਾਹੀ ਰਵੱਈਆ ਅਖਤਿਆਰ ਕਰ ਚੁੱਕੀ ਹੈ। ਜੋ ਕਿ ਆਪਣੀਆਂ ਨਾਕਾਮੀਆਂ ਨੂੰ ਛੁਪਾਉਣ ਅਤੇ ਵਿਰੋਧੀ ਪਾਰਟੀਆਂ ਦੇ ਅਕਸ ਨੂੰ ਖਰਾਬ ਕਰਨ ਦੀ ਨੀਅਤ ਨਾਲ ਆਗੂਆਂ ਨੂੰ ਝੂਠੇ ਮੁਕੱਦਮਿਆਂ ਵਿੱਚ ਫਸਾ ਰਹੀ ਹੈ। ਕਿਸਾਨਾਂ ਦੀਆਂ ਜ਼ਮੀਨਾਂ ਧੱਕੇ ਨਾਲ ਖੋਹੀਆਂ ਜਾਂ ਰਹੀਆ ਹਨ। ਵਪਾਰੀ ਵਰਗ ਦੁੱਖੀ ਹੈ। ਜਿਸ ਦਾ ਜਵਾਬ ਲੋਕ 2027 ਦੀਆਂ ਵਿਧਾਨਸਭਾ ਚੋਣਾਂ 'ਚ ਦੇਣਗੇ ਅਤੇ ਦਿੱਲੀ ਤੋਂ ਆਏ ਲੁਟੇਰਿਆਂ ਨੂੰ ਪੰਜਾਬ ਤੋਂ ਭਜਾਉਣਗੇ। ਖੁਰਾਣਾ ਅਤੇ ਚੰਦੀ ਨੇ ਕਿਹਾ ਕਿ ਬਹੁਤ ਲੰਮੇ ਸਮੇਂ ਤੋਂ ਡਾ ਚੀਮਾ ਪਾਰਟੀ ਅਤੇ ਪੰਜਾਬ ਦੇ ਲੋਕਾਂ ਦੀ ਸੇਵਾ ਕਰਦੇ ਆ ਰਹੇ ਹਨ। ਸ਼੍ਰੋਮਣੀ ਅਕਾਲੀ ਦਲ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ 'ਚ ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ ਅਤੇ ਡਾ. ਦਲਜੀਤ ਸਿੰਘ ਚੀਮਾ ਦੀ ਅਗਵਾਈ ਹੇਠ ਸ਼ਾਨਦਾਰ ਜਿੱਤ ਦਰਜ ਕਰਕੇ ਸੂਬੇ ਵਿੱਚ ਦੁਬਾਰਾ ਤੋਂ ਆਪਣੀ ਸਰਕਾਰ ਬਣਾਏਗਾ।ਸਾਬਕਾ ਕੌਂਸਲਰ ਸਰਬਜੀਤ ਕੌਰ, ਗੁਰਦਾਵਰ ਸਿੰਘ ਭਾਖੜੀਆਣਾ, ਗੁਰਮੀਤ ਸਿੰਘ ਰਾਵਲਪਿੰਡੀ, ਅਵਤਾਰ ਸਿੰਘ ਭੂੰਗਰਨੀ, ਸਤਵਿੰਦਰ ਸਿੰਘ ਘੁੰਮਣ, ਬਹਾਦਰ ਸਿੰਘ ਸੰਗਤਪੁਰ, ਸਰੂਪ ਸਿੰਘ ਖਲਵਾੜਾ, ਬਲਜਿੰਦਰ ਸਿੰਘ ਠੇਕੇਦਾਰ, ਸੁਖਵਿੰਦਰ ਸਿੰਘ ਕੰਬੋਜ, ਕੁਲਵਿੰਦਰ ਸਿੰਘ ਕਿੰਦਾਂ, ਪ੍ਰਿਤਪਾਲ ਸਿੰਘ ਮੰਗਾ ਨੇ ਵੀ ਸੰਬੋਧਨ ਕਰਦਿਆਂ ਡਾ. ਚੀਮਾ ਨੂੰ ਸ਼ੁੱਭ ਇੱਛਾਵਾਂ ਦਿੱਤੀਆਂ ਅਤੇ ਆਪਣੇ ਵਿਚਾਰ ਰੱਖੇ। ਸਮਾਗਮ ਦੌਰਾਨ ਸਟੇਜ ਸਕੱਤਰ ਦੀ ਸੇਵਾ ਗੁਰਦਿਆਲ ਸਿੰਘ ਲੱਖਪੁਰ ਨੇ ਬਾਖੂਬੀ ਨਿਭਾਈ। ਇਸ ਮੌਕੇ ਬਲਜੀਤ ਸਿੰਘ ਵਾਲੀਆ, ਗੁਰਦੀਪ ਸਿੰਘ ਖੇੜਾ, ਅਵਤਾਰ ਸਿੰਘ ਮੰਗੀ, ਸੁਖਬੀਰ ਸਿੰਘ ਕਿੰਨੜਾ, ਗੁਰਮੀਤ ਸਿੰਘ ਬਡਵਾਲ, ਹਰਵੇਲ ਸਿੰਘ ਪਾਹਵਾ, ਦਵਿੰਦਰ ਸਿੰਘ, ਝਿਰਮਲ ਸਿੰਘ ਭਿੰਡਰ, ਪਰਮਿੰਦਰ ਸਿੰਘ ਜੰਡੂ, ਸ਼ਿੰਗਾਰਾ ਸਿੰਘ ਕੋਲਸਰ, ਰਣਜੀਤ ਸਿੰਘ ਜੀਤੀ, ਗੁਰਮੁਖ ਸਿੰਘ ਚਾਨਾ, ਰਿੰਕੂ ਪਾਹਵਾ, ਜਸਵਿੰਦਰ ਸਿੰਘ ਬਸਰਾ, ਜਸਵਿੰਦਰ ਸਿੰਘ ਭਗਤਪੁਰਾ, ਸਰਬਜੀਤ ਸਿੰਘ ਕਾਕਾ, ਗਿਆਨ ਸਿੰਘ ਚਾਨਾ, ਜਸਵੀਰ ਸਿੰਘ , ਆਸ਼ੂ ਛਾਬੜਾ, ਗੁਰਸਿਮਰ ਸਿੰਘ, ਸੁਖਦੀਪ ਸਿੰਘ ਵਾਲੀਆਂ, ਰੋਹਿਤ ਪਾਲ, ਅਕਾਸ਼ਦੀਪ ਸਿੰਘ ਪਾਹਵਾ, ਗੁਰਪ੍ਰੀਤ ਸਿੰਘ ਬੱਗਾ ਸਮੇਤ ਵੱਡੀ ਗਿਣਤੀ 'ਚ ਅਕਾਲੀ ਵਰਕਰ ਹਾਜ਼ਰ ਸਨ।



15-July-PAGE-9.qxd 7/14/2025 10:54 PM Page 1



# ਕਾਰ ਸੇਵਾ ਰਾਹੀਂ ਸਾਫ ਹੋਈ ਪਵਿੱਤਰ ਕਾਲੀ ਵੇਈਂ ਨੂੰ ਪੂਰੀ ਦੁਨੀਆ ਦੇਖ ਰਹੀ : ਡਾ. ਅਫਰੋਜ਼

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲਪੁਰੀ)**- ਹਵਾ, ਪਾਣੀ ਤੇ ਧਰਤੀ ਨੂੰ ਬਚਾਉਣ ਦੇ ਸੰਦੇਸ਼ ਨਾਲ ਪਵਿੱਤਰ ਕਾਲੀ ਵੇਈਂ ਦੀ ਕਾਰ ਸੇਵਾ ਦੀ 25ਵੀਂ ਵਰ੍ਹੇਗੰਢ ਮਨਾਉਣ ਲਈ ਚਾਰ ਦਿਨ ਚੱਲਣ ਵਾਲੇ ਸਮਾਗਮ ਸ਼ੁਰੂ ਹੋ ਗਏ।ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੀ ਅਗਵਾਈ ਹੇਠ ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਵਿਖੇ ਹੋਣ ਵਾਲੇ ਇਨ੍ਹਾਂ ਸਮਾਗਮਾਂ ਦੇ ਪਹਿਲੇ ਦਿਨ ਵਾਤਾਵਰਣ ਕਾਨਫਰੰਸ-2025 ਦੌਰਾਨ ਬੁਲਾਰਿਆਂ ਨੇ ਦੇਸ਼ ਦੀਆਂ ਨਦੀਆਂ ਨੂੰ ਗੰਦੇ ਨਾਲੇ ਬਣਾਉਣ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ।ਐਨ ਜੀ ਟੀ ਦੇ ਮੈਂਬਰ ਡਾ ਅਫਰੋਜ਼ ਅਹਿਮਦ ਕਾਨਫਰੰਸ ਵਿੱਚ ਬਤੌਰ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ। ਡਾ. ਅਫਰੋਜ਼ ਨੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ 25 ਸਾਲਾਂ ਦੇ ਲੰਮੇ ਅਰਸੇ ਦੌਰਾਨ ਉਨ੍ਹਾਂ ਨੇ ਸੰਗਤਾਂ ਨੂੰ ਨਾਲ ਲੈ ਕੇ 165 ਕਿਲੋਮੀਟਰ ਲੰਮੀ ਨਦੀ ਨੂੰ ਸਾਫ ਕਰਕੇ ਪਾਣੀ ਦੇ ਕੁਦਰਤੀ ਸਰੋਤਾਂ ਨੂੰ ਬਚਾਉਣ ਦੀ ਮਿਸਾਲ ਪੈਦਾ ਕੀਤੀ ਹੈ ਡਾ. ਅਫਰੋਜ਼ ਅਹਿਮਦ ਨੇ ਦੱਸਿਆ ਕਿ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਪਾਣੀਆਂ ਨੂੰ ਸਾਫ ਕਰਨ ਬਾਰੇ ਕੋਈ ਫੈਸਲਾ ਲਿਖਦੇ ਹਨ ਤਾਂ ਉਸ ਵਿੱਚ ਸੀਚੇਵਾਲ ਮਾਡਲ ਦਾ ਉਚੇਚਾ ਜ਼ਿਕਰ ਕਰਦੇ ਹਨ। ਉਨ੍ਹਾਂ




ਦੱਸਿਆ ਕਿ ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਰਗੇ ਸੂਬਿਆਂ ਵਿੱਚ ਕਈ ਲੋਕਾਂ ਨੇ ਨਦੀਆਂ ਤੇ ਝੀਲਾਂ 'ਤੇ ਕਬਜ਼ੇ ਕਰਕੇ ਉਨ੍ਹਾਂ ਦੀ ਹੋਂਦ ਹੀ ਖ਼ਤਮ ਕਰ ਦਿੱਤੀ ਸੀ, ਉਨ੍ਹਾਂ ਨੂੰ ਐਨ ਜੀ ਟੀ ਨੇ ਆਪਣੇ ਫੈਸਲਿਆਂ ਵਿੱਚ ਮੁੜ ਨਦੀਆਂ ਤੇ ਝੀਲਾਂ ਐਲਾਨਿਆ ਹੈ। ਡਾ. ਅਫਰੋਜ਼ ਨੇ ਆਪਣੇ ਤਜ਼ਰਬੇ ਸਾਂਝੇ ਕਰਦਿਆਂ ਕਿਹਾ ਕਿ ਨਦੀਆਂ ਤੇ ਦਰਿਆਵਾਂ ਨੂੰ ਸਭ ਤੋਂ ਵੱਧ ਪੇਪਰ ਮਿੱਲਾਂ ਤੇ ਸ਼ੂਗਰ ਮਿੱਲਾਂ ਬਰਬਾਦ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਵੱਲੋਂ ਕਾਰ ਸੇਵਾ ਰਾਹੀਂ ਕਾਲੀ ਵੇਈਂ ਨੂੰ ਜਿਸ ਤਰ੍ਹਾਂ ਸਾਫ ਕੀਤਾ ਹੈ ਉਸ ਨੂੰ ਪੂਰੀ ਦੁਨੀਆਂ ਦੇਖ ਰਹੀ ਹੈ।ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ ਚਾਂਸਲਰ ਡਾ. ਸਤਬੀਰ ਸਿੰਘ ਗੋਸਲ ਨੇ ਕਿਹਾ ਕਿ ਪਵਿੱਤਰ ਕਾਲੀ ਵੇਈਂ ਦੀ ਸਫਾਈ ਲਈ ਸੰਤ ਬਲਬੀਰ ਸਿੰਘ ਸੀਚੇਵਾਲ ਦੀ ਅਗਵਾਈ ਹੇਠ ਚੱਲਿਆ ਇਹ ਸਫ਼ਰ ਇੱਕਲਾ ਸਾਫ-ਸਫਾਈ ਤੱਕ ਸੀਮਤ ਨਹੀਂ ਰਹੇਗਾ, ਸਗੋਂ ਇਹ ਇੱਕ ਵੱਡੀ ਵਾਤਾਵਰਣ ਅਤੇ ਅਧਿਆਤਮਿਕ ਚੇਤਨਾ ਦੀ ਲਹਿਰ ਹੈ।ਇਸ ਨੇ ਪੰਜਾਬ ਦੀ ਧਰਤੀ ਨੂੰ ਦੁਨੀਆਂ ਭਰ ਵਿੱਚ ਇੱਕ ਵੱਖਰੀ ਪਛਾਣ ਦਿੱਤੀ ਹੈ।ਇਸ ਮੌਕੇ ਤੇ ਬੋਲਦਿਆਂ ਸੰਤ ਸੀਚੇਵਾਲ ਨੇ ਕਿਹਾ ਕਿ ਜੇਕਰ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਆਪਣੀਆਂ ਬਣਦੀਆਂ ਜ਼ਿੰਮੇਵਾਰੀਆਂ ਨਿਭਾਈਆਂ ਹੁੰਦੀਆਂ ਤਾਂ ਸਾਨੂੰ ਕਦੇ ਇਹ ਦਿਹਾੜੇ ਮਨਾਉਣ ਦੀ ਲੋੜ ਨਹੀ ਸੀ ਪੈਣੀ।ਉਹਨਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਬਹੁਤ ਹੀ ਸਰਲ ਭਾਸ਼ਾ ਵਿੱਚ ਗੁਰਬਾਣੀ ਰਾਹੀਂ ਸਾਨੂੰ ਸਾਰੇ ਹੱਲ ਦੱਸੇ ਹਨ, ਜਿਸਤੇ ਅੱਜ ਕੁੱਲ ਲੋਕਾਈ ਨੂੰ ਚੱਲਣ ਦੀ ਲੋੜ ਹੈ।

# ਕਾਵੜੀਆਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ : ਬ੍ਰਹਮਪੁਰੀ

**ਨਵਾਂਸ਼ਹਿਰ (ਜੁਗਲਵਿੰਦਰ ਸਿੰਘ ਬ੍ਰਹਮਪੁਰੀਆ)** ਸ਼੍ਰੋਮਣੀ ਅਖਿਲ ਭਾਰਤੀ ਗੁੱਜਰ ਮਹਾਸਭਾ ਪੰਜਾਬ ਕੇਵਲ ਬ੍ਰਹਮਪੁਰੀ ਬਲਾਚੌਰ ਸੰਪਰਕ ਕਲੱਬ ਦੇ ਸਰਪ੍ਰਸਤ ਐਡਵੋਕੇਟ ਰਾਜਪਾਲ ਚੌਹਾਨ ਨੇ ਕਿਹਾ ਕਿ ਸਾਵਣ ਮਹੀਨੇ ਨੂੰ ਭਗਵਾਨ ਸ਼ਿਵਜੀ ਦਾ ਮਹੀਨਾ ਕਿਹਾ ਜਾਂਦਾ ਹੈ। ਇਹ ਭਗਵਾਨ ਭੋਲੇਨਾਥ ਨੂੰ ਪਿਆਰਾ ਹੈ। ਲੋਕ ਸਾਵਣ ਵਿੱਚ ਵਰਤ ਰੱਖਦੇ ਹਨ ਅਤੇ ਸ਼ਿਵ ਦੀ ਪੂਜਾ ਕਰਦੇ ਹਨ ਅਤੇ ਆਪਣੀਆਂ ਇੱਛਾਵਾਂ ਪੂਰੀਆਂ ਕਰਨ ਲਈ ਕਾਂਵੜ ਯਾਤਰਾ ਕਰਦੇ ਹਨ। ਕਾਂਵੜ ਯਾਤਰਾ ਵੀ ਸਾਵਣ ਦੇ ਪਹਿਲੇ ਦਿਨ ਯਾਨੀ ਸ਼ਰਵਣ ਕ੍ਰਿਸ਼ਨ ਪ੍ਰਤੀਪਦਾ ਤਾਰੀਖ ਤੋਂ ਸ਼ੁਰੂ ਹੋਵੇਗੀ। ਕਾਂਵੜ ਯਾਤਰਾ ਵਿੱਚ, ਸ਼ਿਵ ਭਗਤ ਕੇਵਲ ਵਿੱਚ ਪਵਿੱਤਰ ਨਦੀਆਂ ਤੋਂ ਪਾਣੀ ਲਿਆਉਂਦੇ ਹਨ ਅਤੇ ਇਸ ਨਾਲ ਸ਼ਿਵਲਿੰਗ ਦਾ ਜਲਭਿਸ਼ੇਕ ਕਰਦੇ ਹਨ।ਬ੍ਰਹਮਪੁਰੀ ਨੇ ਕਿਹਾ ਕਿ ਕਾਵੜੀਆਂ ਦੀ ਸੁਰਖਿਆ ਯਕੀਨੀ ਬਣਾਈ ਜਾਵੇ। ਉਨ੍ਹਾਂ ਕਾਵੜੀਆਂ ਨੂੰ ਕਿਹਾ ਕਿ ਤੁਹਾਨੂੰ ਟ੍ਰੈਫਿਕ ਦੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਸੜਕ ਦੇ ਕਿਨਾਰੇ ਹੀ ਚਲਣਾ ਚਾਹੀਦਾ ਹੈ, ਕਿਉਂਕਿ ਸੜਕ ਦੇ ਵਿਚਕਾਰ ਪੈਦਲ ਚੱਲਣ ਨਾਲ ਹਾਦਸਾ ਵਾਪਰ ਸਕਦਾ ਹੈ। ਨਾਲ ਹੀ ਜੇਕਰ ਤੁਸੀਂ ਸਪੀਕਰ ਆਦਿ ਦੀ ਵਰਤੋਂ ਕਰਦੇ ਹੋ ਤਾਂ ਇਨ੍ਹਾਂ ਨੂੰ ਜ਼ਿਆਦਾ ਜ਼ੋਰ ਨਾਲ ਨਹੀਂ ਚਲਾਉਣਾ ਚਾਹੀਦਾ ਹੈ। ਬਲਕਿ ਹੋਲੀ ਵਾਲੀਅਮ ਰੱਖਣਾ ਚਾਹੀਦਾ ਹੈ ਤਾਂ ਜੋ ਤੁਸੀਂ ਆਪਣੇ ਆਲੇ ਦੁਆਲੇ ਦੀਆਂ ਆਵਾਜ਼ਾਂ ਸੁਣ ਸਕੋ।

# ਸੀਨੀਅਰ ਅਧਿਕਾਰੀਆਂ ਨੇ ਪੰਜਾਬ ਸੜਕ ਸਫ਼ਾਈ ਮਿਸ਼ਨ ਤਹਿਤ 51 ਸੜਕਾਂ ਕੀਤੀਆਂ ਅਡਾਪਟ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**- ਸਾਫ਼-ਸੁਥਰੀਆਂ ਅਤੇ ਮਿਆਰੀ ਸੜਕਾਂ ਯਕੀਨੀ ਬਣਾਉਣ ਲਈ ਇੱਕ ਮਹੱਤਵਪੂਰਨ ਨਿਵੇਕਲੀ ਪਹਿਲ ਕਰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਸੀਨੀਅਰ ਅਧਿਕਾਰੀਆਂ ਸਮੇਤ 'ਪੰਜਾਬ ਸੜਕ ਸਫ਼ਾਈ ਮਿਸ਼ਨ' ਤਹਿਤ 10 ਕਿਲੋਮੀਟਰ ਤੱਕ ਦੀਆਂ 51 ਸੜਕਾਂ ਨੂੰ ਅਡਾਪਟ ਕੀਤਾ ਗਿਆ ਹੈ, ਜਿਸ ਦਾ ਉਦੇਸ਼ ਜ਼ਿਲ੍ਹੇ ਭਰ ਵਿੱਚ ਸੜਕਾਂ ਦੀ ਸਥਿਤੀ ਨੂੰ ਬਿਹਤਰ ਬਣਾਉਣਾ ਹੈ।ਡਿਪਟੀ ਕਮਿਸ਼ਨਰ ਵੱਲੋਂ ਜਲੰਧਰ-ਫਗਵਾੜਾ ਸੜਕ (ਜਲੰਧਰ ਦੀ ਹੱਦ ਤੱਕ) ਅਡਾਪਟ ਕੀਤੀ ਗਈ ਹੈ, ਇਸ ਦਾ ਉਹ ਵਿਅਕਤੀਗਤ ਤੌਰ 'ਤੇ ਧਿਆਨ ਰੱਖਣਗੇ। ਇਸ ਉਪਰਾਲੇ ਤਹਿਤ ਉਨ੍ਹਾਂ ਵੱਲੋਂ ਲੋਕਾਂ ਦੀ ਸਹੂਲਤ ਲਈ ਬਲੈਕ ਸਪਾਟਸ, ਇੰਜੀਨੀਅਰਿੰਗ ਦੇ ਨੁਕਸਾਂ ਨੂੰ ਦੂਰ ਕਰਨ, ਨਗਰ ਨਿਗਮ ਅਤੇ ਕੌਮੀ ਹਾਈਵੇ ਅਥਾਰਟੀ ਨਾਲ ਸੜਕਾਂ ਦੀ ਸਫ਼ਾਈ ਅਤੇ ਰੱਖ-ਰਖਾਅ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਕਦਮ ਚੁੱਕੇ ਜਾਣਗੇ। ਇਸੇ ਤਰ੍ਹਾਂ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਵੱਲੋਂ ਵੀ ਇਸ ਮਿਸ਼ਨ ਤਹਿਤ 10-10 ਕਿਲੋਮੀਟਰ ਦੇ ਸੜਕੀ ਹਿੱਸੇ ਅਡਾਪਟ ਕੀਤੇ ਗਏ ਹਨ। ਡਾ. ਅਗਰਵਾਲ ਨੇ ਇਸ ਸਬੰਧੀ ਕੀਤੀ ਮੀਟਿੰਗ ਦੌਰਾਨ ਹੋਰ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਮਿਸ਼ਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਪੰਜਾਬ ਨੂੰ ਦੇਸ਼ ਦੇ ਸਭ ਤੋਂ ਸਾਫ਼-ਸੁਥਰੇ ਰਾਜਾਂ ਵਿੱਚੋਂ ਇੱਕ ਬਣਾਉਣ ਦੇ ਨਜ਼ਰੀਏ ਤੋਂ ਪ੍ਰੇਰਿਤ ਹੈ। ਉਨ੍ਹਾਂ ਕਿਹਾ ਕਿ ਇਸ ਦਾ ਉਦੇਸ਼ 10 ਕਿਲੋਮੀਟਰ ਤੱਕ ਦੇ ਹਿੱਸੇ ਲਈ ਅਧਿਕਾਰੀਆਂ ਨੂੰ ਸਿੱਧੀ ਜ਼ਿੰਮੇਵਾਰੀ ਸੌਂਪ ਕੇ ਸੜਕ ਦੀ ਸਫ਼ਾਈ ਅਤੇ ਨਾਗਰਿਕ ਸਹੂਲਤਾਂ ਦੇ ਢਾਂਚੇ ਦੇ ਉੱਚ ਮਿਆਰਾਂ ਨੂੰ




ਕਾਇਮ ਰੱਖਣਾ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹਰੇਕ ਮਨੋਨੀਤ ਅਧਿਕਾਰੀ ਆਪਣੇ ਨਿਰਧਾਰਤ ਸੜਕੀ ਹਿੱਸੇ ਦੀ ਦੇਖਭਾਲ ਦੀ ਵਿਅਕਤੀਗਤ ਜ਼ਿੰਮੇਵਾਰੀ ਲਵੇਗਾ, ਜਿਸ ਵਿੱਚ ਰੋਜ਼ਾਨਾ ਨਿਰੀਖਣ, ਸਮੇਂ ਸਿਰ ਟੋਇਆਂ ਦੀ ਮੁਰੰਮਤ, ਸਪੱਸ਼ਟ ਰੋਡ ਮਾਰਕਿੰਗ, ਫੁੱਟਪਾਥਾਂ ਦਾ ਰਖ-ਰਖਾਅ, ਕਾਰਜਸ਼ੀਲ ਸਟ੍ਰੀਟ ਲਾਈਟਾਂ, ਕੂੜੇ ਨੂੰ ਨਿਯਮਿਤ ਤੌਰ 'ਤੇ ਚੁਕਵਾਉਣਾ ਸਮੇਤ ਸਮੁੱਚੀ ਸਾਫ-ਸਫਾਈ ਸ਼ਾਮਲ ਹੋਵੇਗੀ।ਡਾ. ਅਗਰਵਾਲ ਨੇ ਕਿਹਾ ਕਿ ਅਧਿਕਾਰੀ ਨਿਰੀਖਣ ਦੌਰਾਨ ਪਾਈਆਂ ਗਈਆਂ ਸਮੱਸਿਆਵਾਂ 'ਤੇ ਫੌਰੀ ਕਾਰਵਾਈ ਲਈ ਜ਼ਰੂਰੀ ਸਥਾਨਕ ਸਰਕਾਰਾਂ ਜਾਂ ਸਬੰਧਤ ਵਿਭਾਗਾਂ ਜਿਵੇਂ ਕਿ ਲੋਕ ਨਿਰਮਾਣ ਵਿਭਾਗ ਨੂੰ ਤੁਰੰਤ ਸੂਚਿਤ ਕਰਨਗੇ। ਉਨ੍ਹਾਂ ਕਿਹਾ ਕਿ ਸਥਾਨਕ ਅਤੇ ਪ੍ਰਤੱਖ ਜਵਾਬਦੇਹੀ ਸਮੇਤ ਸਿਰ ਕਾਰਵਾਈ ਅਤੇ ਲੋਕਾਂ ਦੀ ਸਹੂਲਤ ਲਈ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਵਿੱਚ ਮਦਦਗਾਰ ਸਾਬਿਤ ਹੋਵੇਗੀ।ਡਿਪਟੀ ਕਮਿਸ਼ਨਰ ਨੇ ਸਮੂਹ ਅਧਿਕਾਰੀਆਂ ਨੂੰ ਇਸ ਮਿਸ਼ਨ ਨੂੰ ਸਭ ਤੋਂ ਵੱਧ ਤਰਜੀਹ ਦੇਣ ਅਤੇ ਆਪਣੇ ਨਿਰਧਾਰਤ ਸੜਕੀ ਹਿੱਸਿਆਂ 'ਤੇ ਢੁੱਕਵੀਂ ਨਿਗਰਾਨੀ, ਰਿਪੋਰਟਿੰਗ ਅਤੇ ਹੱਲ ਯਕੀਨੀ ਬਣਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਬਾਕੀ ਅਧਿਕਾਰੀ ਵੀ ਸੜਕ ਅਡਾਪਟ ਕਰਨ ਲਈ ਅੱਗੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ 10-10 ਕਿਲੋਮੀਟਰ ਦੇ ਸੜਕੀ ਹਿੱਸਿਆਂ ਲਈ ਜ਼ਿੰਮੇਵਾਰੀ ਸੌਂਪੀ ਗਈ ਹੈ, ਜਿਸ ਨਾਲ ਜਲੰਧਰ ਵਿੱਚ ਸਾਫ਼-ਸੁਥਰੀਆਂ ਅਤੇ ਸੁਰੱਖਿਅਤ ਸੜਕਾਂ ਲਈ ਯੋਜਨਾਬੱਧ ਅਤੇ ਨਿਰੰਤਰ ਯਤਨ ਯਕੀਨੀ ਬਣ ਸਕਣ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਜਸਬੀਰ ਸਿੰਘ, ਮੁੱਖ ਮੰਤਰੀ ਫੀਲਡ ਅਫ਼ਸਰ ਮੁਕੀਲਨ ਆਰ, ਸਕੱਤਰ ਰੀਜਨਲ ਟਰਾਂਸਪੋਰਟ ਅਥਾਰਟੀ ਬਲਬੀਰ ਰਾਜ ਸਿੰਘ, ਜ਼ਿਲ੍ਹਾ ਮਾਲ ਅਫ਼ਸਰ ਨਵਦੀਪ ਭੋਗਲ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਸਰਪੰਚ ਦੇ ਪਤੀ 'ਤੇ ਪੁਲਸੀਆ ਕਾਰਵਾਈ ਦੀ ਸਖ਼ਤ ਸ਼ਬਦਾਂ 'ਚ ਨਿੰਦਾ

**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਭਾਰਤੀ ਕਮਿਊਨਿਸਟ ਪਾਰਟੀ ਸੀ ਪੀ ਆਈ ਐਮ ਨੇ ਸਹੋਤਾ ਪਿੰਡ ਦੀ ਸਰਪੰਚ ਮੁਕਤ ਕੌਰ ਦੇ ਪਤੀ ਹਰਤੇਗਵੀਰ ਸਿੰਘ ਤੇਗੀ 'ਤੇ ਅਨੰਦਪੁਰ ਸਾਹਿਬ ਥਾਨੇ 'ਚ ਦਰਜ ਮੁਕੱਦਮੇਂ ਦੀ ਕਰੜੀ ਅਲੋਚਨਾ



ਕੀਤਾ ਹੈ।ਪ੍ਰੈਸ ਨੂੰ ਜਾਰੀ ਬਿਆਨ ਰਾਹੀਂ ਸੀ ਪੀ ਆਈ ਐਮ ਦੇ ਸੁਰਜੀਤ ਸਿੰਘ ਢੇਰ ਨੇ ਕਿਹਾ ਕਿ ਪੁਲਸ ਨੇ ਇਕ ਪਾਸੜ ਕਾਰਵਾਈ ਕਰਕੇ ਕਾਨੂੰਨ ਤੇ ਕਾਨੂੰਨੀ ਪ੍ਰਕਿਰਿਆ ਨੂੰ ਛਿੱਕੇ ਟੰਗ ਦਿੱਤਾ ਹੈ।ਪੁਲਸੀਆ ਤਸ਼ੱਦਦ ਨਾਲ ਹੱਕ ਤੇ ਸੱਚ ਦੀ ਅਵਾਜ ਨੂੰ ਦਬਾਉਣ ਦੀ ਕੋਸ਼ਿਸ ਕੀਤਾ ਜਾ ਰਹੀ ਹੈ ਜਿਸ ਵਿੱਚ ਮੌਕੇ ਦੀ ਨਿਜਾਮ ਨੂੰ ਸਫਲਤਾ ਨਹੀਂ ਮਿਲਣੀ।ਕਾਮਰੇਡ ਸੁਰਜੀਤ ਨੇ ਕਿਹਾ ਕਿ ਇਲਾਕੇ 'ਚ ਕਾਨੂੰਨ ਵਿਵਸਥਾ ਬੁਰੀ ਤਰ੍ਹਾਂ ਫੇਲ੍ਹ ਹੋ ਚੁਕੀ ਹੈ, ਵਿਕਾਸ ਦੇ ਕੰਮਾਂ ਲਈ ਪਿੰਡਾ ਨੂੰ ਅਜੇ ਤੱਕ ਗਰਾਂਟਾਂ ਨਹੀ ਦਿੱਤੀਆਂ ਗਈਆਂ, ਪੰਚਾਇਤਾਂ ਦੇ ਪਾਏ ਮਤੇ ਰੁਲਦੇ ਫਿਰਦੇ ਹਨ।ਲੋਕ ਨਪੀੜੇ ਜਾ ਰਹੇ ਹਨ ਤੇ ਸਰਕਾਰ ਅਤੇ ਉਸ ਦੇ ਨੁਮਾਇੰਦੇ ਸਰਕਾਰ ਦੀ ਮੱਲੋਮਲੀ ਮੁਫਤ ਦੀ ਵਾਹ ਵਾਹ ਕਰ ਰਹੇ ਹਨ।ਆਗੂਆਂ ਨੇ ਚੇਤਾਵਨੀ ਦਿੱਤੀ ਕਿ ਆਉਣ ਵਾਲੇ ਸਮੇਂ 'ਚ ਲੋਕ ਕਚਿਹਰੀ ਵਿੱਚ ਸਰਕਾਰ 'ਚ ਫੈਲੇ ਭ੍ਰਿਸ਼ਟਾਚਾਰ ਤੇ ਸਰਕਾਰ ਦੀਆਂ ਸਾਢੇ ਤਿੰਨ ਸਾਲ ਦੀਆਂ ਅਸਫਲਤਾਂਵਾਂ ਦਾ ਕੱਚਾ ਚਿੱਠਾ ਖੋਲ੍ਹ ਕੇ ਪਰਦਾਫਾਸ਼ ਕੀਤਾ ਜਾਵੇਗਾ।

# ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ 'ਚ ਇਨਵੈਸਟੀਚਰ ਸਮਾਰੋਹ

**ਲੋਹੀਆਂ ਖਾਸ (ਯੋਗੇਸ਼ਵਰ)** : ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ ਵਿੱਚ ਨਵੇਂ ਸੈਸ਼ਨ ਲਈ ਵਿਦਿਆਰਥੀ ਪ੍ਰੀਸ਼ਦ ਨੂੰ ਜ਼ਿੰਮੇਵਾਰੀਆਂ ਸੌਂਪਣ ਲਈ ਇਕ ਵਿਸ਼ੇਸ਼ ਇੰਵੈਸਟੀਚਰ ਸਮਾਰੋਹ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਮੈਨੇਜਿੰਗ ਡਾਇਰੈਕਟਰ ਸਦਾਮ ਖਾਨ ਅਤੇ



ਪ੍ਰਿੰਸੀਪਲ/ਡਿਪਟੀ ਡਾਇਰੈਕਟਰ ਸ਼੍ਰੀਮਤੀ ਸਰਗਮ ਥਿੰਦ ਨੇ ਨਵ-ਨਿਯੁਕਤ ਵਿਦਿਆਰਥੀਆ ਨੂੰ ਸੈਸ਼ ਅਤੇ ਬੈਜ ਦੇ ਕੇ ਸਨਮਾਨਿਤ ਕੀਤਾ।ਮੁੱਖ ਵਿਦਿਆਰਥੀ ਅਹੁਦੇ ਇਸ ਪ੍ਰਕਾਰ ਸੌਂਪੇ ਗਏ: ਹੈੱਡ ਬੁਆਏ ਅਰਸ਼ਦੀਪ ਸਿੰਘ, ਹੈੱਡ ਗਰਲ ਇਕਨੂਰ ਹਾਊਸ ਲੀਡਰਾਂ ਦੀ ਨਿਯੁਕਤੀ ਵੀ ਕੀਤੀ ਗਈ। ਵਾਟਰ ਹਾਊਸ ਹਰਮਨਪ੍ਰੀਤ ਕੌਰ (ਕੈਪਟਨ), ਰੇਮਿਕਾ (ਵਾਈਸ ਕੈਪਟਨ), ਅਰਥ ਹਾਊਸ ਵੰਸ਼ਿਕਾ (ਕੈਪਟਨ), ਨਵਨੀਤ ਕੌਰ (ਵਾਈਸ ਕੈਪਟਨ), ਫਾਇਰ ਹਾਊਸ ਮੁਸਕਾਨਦੀਪ ਕੌਰ (ਕੈਪਟਨ), ਸੁਮਨਪ੍ਰੀਤ ਕੌਰ (ਵਾਈਸ ਕੈਪਟਨ), ਏਯਰ ਹਾਊਸ ਕੋਮਲਪ੍ਰੀਤ ਕੌਰ (ਕੈਪਟਨ), ਸਿਮਰਨਪ੍ਰੀਤ ਕੌਰ (ਵਾਈਸ ਕੈਪਟਨ) ਹਾਊਸਾਂ ਦੀ ਅਗਵਾਈ ਲਈ ਅਧਿਆਪਕਾਂ ਦੀ ਨਿਯੁਕਤੀ ਕੀਤੀ ਗਈ। ਸ੍ਰੀ ਰਮਨ, ਸ਼੍ਰੀਮਤੀ ਰੇਨੂ ਬਾਲਾ, ਸ਼੍ਰੀਮਤੀ ਗੁਰਪ੍ਰੀਤ ਕੌਰ ਅਤੇ ਮਨਪ੍ਰੀਤ ਕੌਰ ਸਕੂਲ ਨੇ ਸੈਸ਼ਨ 2025 ਲਈ ਹੋਰ ਮਹੱਤਵਪੂਰਨ ਅਹੁਦਿਆਂ ਦਾ ਐਲਾਨ ਕੀਤਾ। ਇਮਤਿਹਾਨ ਇੰਚਾਰਜ ਵਿਕਰਮਜੀਤ ਅਤੇ ਸੰਦੀਪ ਗਤੀਵਿਧੀ ਇੰਚਾਰਜ ਸ਼੍ਰੀਮਤੀ ਮਨਪ੍ਰੀਤ ਕੌਰ, ਡਿਸਿਪਲਿਨ ਇੰਚਾਰਜ ਗੁਰਪ੍ਰੀਤ ਸਿੰਘ, ਧਾਰਮਿਕ ਇੰਚਾਰਜ ਰਮਨਪ੍ਰੀਤ ਕੌਰ ਅਤੇ ਪਰਮਿੰਦਰ ਕੌਰ, ਮੈਨੇਜਿੰਗ ਡਾਇਰੈਕਟਰ ਸਦਾਮ ਖਾਨ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅਗਵਾਈ ਕਰਨਾ ਇੱਕ ਵੱਡੀ ਜ਼ਿੰਮੇਵਾਰੀ ਹੈ। ਉਨ੍ਹਾਂ ਨੇ ਵਿਦਿਆਰਥੀ ਅਧਿਕਾਰੀਆਂ ਨੂੰ ਆਪਣੀ ਡਿਊਟੀ ਨਿਭਾਉਣ 'ਚ ਇਮਾਨਦਾਰੀ, ਸੱਚਾਈ ਅਤੇ ਨਿਸ਼ਠਾ ਦਿਖਾਉਣ ਦੀ ਪ੍ਰੇਰਨਾ ਦਿੱਤੀ।ਸਮਾਰੋਹ ਸੁਹੰ ਚੁੱਕ ਸਮਾਰੋਹ ਨਾਲ ਸਮਾਪਤ ਹੋਇਆ।

# ਸੁਰਤਾਲ ਸੰਗੀਤ ਵਿਦਿਆਲਾ ਸ਼ਾਹਕੋਟ ਵਿਖੇ ਗੁਰੂ ਪੂਰਨਿਮਾ ਦਿਵਸ ਮਨਾਇਆ

**ਸ਼ਾਹਕੋਟ (ਗਿਆਨ ਸੈਦਪੁਰੀ)**- ਸੁਰਤਾਲ ਸੰਗੀਤ ਵਿਦਿਆਲਾ ਸ਼ਾਹਕੋਟ ਵਿਖੇ ਗੁਰੂ ਪੂਰਨਿਮਾ ਸਬੰਧੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਗਾਇਕ ਕੁਲਦੀਪ ਸਿੰਘ ਦੀਦ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਵਿਦਿਆਲਿਆ ਦੇ ਸੰਚਾਲਕ ਸੁਖਪਾਲ ਸਿੰਘ ਦੇਵਗੁਣ ਅਤੇ ਸੁਰਿੰਦਰ ਕੌਰ ਦੇਵਗੁਣ ਦੀ ਅਗਵਾਈ ਵਿਚ ਕਰਵਾਏ ਗਏ ਇਸ ਸਮਾਗਮ ਵਿਚ ਵਿਦਿਆਲਾ ਦੇ ਪੁਰਾਣੇ ਤੇ ਮੌਜੂਦਾ ਵਿਦਿਆਰਥੀਆਂ ਨੇ



ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਕੁਲਦੀਪ ਦੀਦ ਨੇ ਕਿਹਾ ਕਿ ਇਹ ਤਿਉਹਾਰ ਅਧਿਆਤਮਿਕ ਤੇ ਅਕਾਦਮਿਕ ਗੁਰੂਆਂ ਨੂੰ ਸਨਮਾਨ ਦੇਣ ਅਤੇ ਉਨ੍ਹਾਂ ਵਲੋਂ ਦਿੱਤੀ ਜਾਂਦੀ ਸਿੱਖਿਆ ਲਈ ਉਨ੍ਹਾਂ ਦਾ ਧੰਨਵਾਦ ਕਰਨ ਲਈ ਮਨਾਇਆ ਜਾਂਦਾ ਹੈ। ਉਨ੍ਹਾਂ ਸ਼ਾਹਕੋਟ ਇਲਾਕੇ ਦੇ ਸੰਗੀਤ ਵਿਚ ਰੁਚੀ ਰੱਖਣ ਵਾਲੇ ਬੱਚਿਆਂ ਨੂੰ ਸੰਗੀਤ ਦੀ ਸਿੱਖਿਆ ਦੇ ਰਹੇ ਸੁਰਤਾਲ ਸੰਗੀਤ ਵਿਦਿਆਲਾ ਦੇ ਸੰਚਾਲਕਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਵਿਦਿਆਲਾ ਦੇ ਵਿਦਿਆਰਥੀਆਂ ਵਲੋਂ ਸੰਗੀਤਕ ਪੇਸ਼ਕਾਰੀਆਂ ਵੀ ਦਿੱਤੀਆਂ ਗਈਆਂ। ਵਿਦਿਆਰਥੀਆਂ ਵਲੋਂ ਆਪਣੇ ਸੰਗੀਤਕ ਗੁਰੂ ਸੁਖਪਾਲ ਸਿੰਘ ਦੇਵਗੁਣ ਅਤੇ ਸੁਰਿੰਦਰ ਕੌਰ ਦੇਵਗੁਣ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਸੁਖਪਾਲ ਸਿੰਘ ਦੇਵਗੁਣ ਨੇ ਦੱਸਿਆ ਕਿ ਸੁਰਤਾਲ ਸੰਗੀਤ ਵਿਦਿਆਲਾ ਵਿਚ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੇ ਸੰਗੀਤ ਦੀ ਸਿੱਖਿਆ ਦਿੱਤੀ ਜਾਂਦੀ ਹੈ। ਇਸ ਮੌਕੇ ਉਨ੍ਹਾਂ ਸਮੂਹ ਵਿਦਿਆਰਥੀਆਂ ਵਲੋਂ ਉਨ੍ਹਾਂ ਨੂੰ ਦਿੱਤੇ ਸਨਮਾਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ ਭਾਈ ਪ੍ਰਦੀਪ ਸਿੰਘ, ਭਾਈ ਸੁਖਨਮ ਸਿੰਘ, ਗੁਰਿੰਦਰ ਕੌਰ ਅਤੇ ਵੱਡੀ ਗਿਣਤੀ ਵਿਚ ਵਿਦਿਆਲਾ ਦੇ ਵਿਦਿਆਰਥੀ ਹਾਜ਼ਰ ਸਨ।

# ਦੂਸ਼ਿਤ ਪਾਣੀ ਤੇ ਮੱਛਰ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਸਾਵਧਾਨੀਆਂ ਵਰਤੀਆਂ ਜਾਣ : ਸਿਵਲ ਸਰਜਨ

**ਮੋਹਾਲੀ (ਗੁਰਜੀਤ ਬਿੱਲਾ)** ਬਰਸਾਤੀ ਮੌਸਮ ਦੇ ਸਨਮੁਖ ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਲੋਕਾਂ ਨੂੰ ਚੌਕਸ ਕਰਦਿਆਂ ਆਖਿਆ ਕਿ ਦੂਸ਼ਿਤ ਪਾਣੀ ਅਤੇ ਮੱਛਰ ਆਦਿ ਕਾਰਨ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਸਾਵਧਾਨੀਆਂ ਵਰਤੀਆਂ ਜਾਣ।ਇਥੇ ਜਾਰੀ ਪ੍ਰੈੱਸ ਨੋਟ ਰਾਹੀਂ ਡਾ. ਜੈਨ ਨੇ ਕਿਹਾ ਕਿ ਬਰਸਾਤ ਦੇ ਮੌਸਮ ਦੌਰਾਨ ਗੰਦੇ ਪਾਣੀ ਨਾਲ ਫੈਲਣ ਵਾਲੀਆਂ ਬਿਮਾਰੀਆਂ ਜਿਵੇਂ ਹੈਜ਼ਾ, ਟਾਈਫ਼ਾਈਡ, ਪੀਲੀਆ, ਡਾਇਰੀਆ ਆਦਿ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ।ਇਸੇ ਤਰ੍ਹਾਂ ਇਸ ਮੌਸਮ 'ਚ ਮੱਛਰਾਂ ਦੇ ਕੱਟਣ ਨਾਲ ਡੇਂਗੂ, ਮਲੇਰੀਆ, ਚਿਕਨਗੁਨੀਆਂ ਆਦਿ ਬੀਮਾਰੀਆਂ ਹੋਣ ਦਾ ਖ਼ਤਰਾ ਵੱਧ ਜਾਂਦਾ ਹੈ।ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ ਕੁਝ ਸਾਵਧਾਨੀਆਂ ਵਰਤ ਕੇ ਇਨ੍ਹਾਂ ਬਿਮਾਰੀਆਂ ਤੋਂ ਅਪਣਾ ਅਤੇ ਗੁਆਂਢੀਆਂ ਦਾ ਆਸਾਨੀ ਨਾਲ ਬਚਾਅ ਕਰ ਸਕਦਾ ਹੈ।ਸਿਵਲ ਸਰਜਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਮੌਸਮ ਵਿਚ ਪਾਣੀ ਉਬਾਲ ਕੇ ਅਤੇ ਠੰਢਾ ਕਰ ਕੇ ਪੀਤਾ ਜਾਵੇ ਜਾਂ ਫ਼ਿਲਟਰ ਹੋਏ ਪਾਣੀ ਦਾ ਸੇਵਨ ਕੀਤਾ ਜਾਵੇ।ਉਨ੍ਹਾਂ ਦੱਸਿਆ ਕਿ ਪਾਣੀ ਨੂੰ ਸਾਫ਼ ਕਰਨ ਲਈ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਕਲੋਰੀਨ ਦੀਆਂ ਗੋਲੀਆਂ ਵੀ ਦਿੱਤੀਆਂ ਜਾਂਦੀ ਹਨ।ਉਨ੍ਹਾਂ ਦਸਿਆ ਕਿ ਡੇਂਗੂ ਅਤੇ ਮਲੇਰੀਆ ਜਿਹੀਆਂ ਬਿਮਾਰੀਆਂ ਤੋਂ ਬਚਾਅ ਦਾ ਇਕੋ ਕਾਰਗਰ ਤਰੀਕਾ ਹੈ ਕਿ ਕਿਸੇ ਵੀ ਥਾਂ 'ਤੇ ਪਾਣੀ ਜਮ੍ਹਾਂ ਨਾ ਹੋਣ ਦਿਤਾ ਜਾਵੇ ਕਿਉਂਕਿ ਇਹ ਮੱਛਰ ਪਾਣੀ ਵਿਚ ਹੀ ਪੈਦਾ ਹੁੰਦੇ ਹਨ।



# ਏ ਜੀ ਆਈ ਇਨਫਰਾ ਲਿਮਟਿਡ ਦੀ ਸ਼ਹਿਰ ਨੂੰ ਹਰਾ-ਭਰਾ ਤੇ ਸਾਫ਼-ਸੁਥਰਾ ਬਣਾਉਣ ਲਈ ਪੌਦੇ ਲਗਾਉਣ ਦੀ ਮੁਹਿੰਮ

**ਜਲੰਧਰ (ਰਾਜੇਸ਼ ਥਾਪਾ)** ਖੇਤਰ ਦੀ ਰੀਅਲ ਅਸਟੇਟ ਅਤੇ ਬੁਨਿਆਦੀ ਢਾਂਚਾ ਕੰਪਨੀਆਂ ਏ ਜੀ ਆਈ ਇਨਫਰਾ ਲਿਮਟਿਡ ਇੱਕ ਅਜਿਹੀ ਕੰਪਨੀ ਹੈ ਜੋ ਨਾ




ਸਿਰਫ਼ ਘਰ ਅਤੇ ਇਮਾਰਤਾਂ ਬਣਾਉਂਦੀ ਹੈ ਬਲਕਿ ਕੁਦਰਤ ਦੀ ਰੱਖਿਆ ਵਿੱਚ ਵੀ ਵਿਸ਼ਵਾਸ ਰੱਖਦੀ ਹੈ।ਕੰਪਨੀ ਨੇ ਵੀਹ ਹਜ਼ਾਰ ਪੌਦੇ ਲਗਾ ਕੇ ਵਾਤਾਵਰਣ ਨੂੰ ਹਰਾ-ਭਰਾ ਅਤੇ ਸਿਹਤਮੰਦ ਬਣਾਉਣ ਵੱਲ ਇੱਕ ਵੱਡਾ ਕਦਮ ਚੁੱਕਿਆ ਹੈ।ਏਜੀਆਈ ਇਨਫਰਾ ਲਿਮਟਿਡ ਨੇ ਹਾਲ ਹੀ ਵਿੱਚ ਇੱਕ ਪੌਦੇ ਲਗਾਉਣ ਦੀ ਮੁਹਿੰਮ ਸ਼ੁਰੂ ਕੀਤੀ ਹੈ, ਜਿੱਥੇ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਬਹੁਤ ਸਾਰੇ ਪੌਦੇ ਲਗਾਏ ਗਏ ਸਨ।ਇਸ ਵਾਰ, ਕੰਪਨੀ ਬੋਗਨਵਿਲੀਆ ਪੌਦੇ ਲਗਾਉਣ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ।ਇਹ ਸੁੰਦਰ ਫੁੱਲਦਾਰ ਪੌਦੇ ਹਨ ਜੋ ਗਰਮ ਮੌਸਮ ਵਿੱਚ ਵੀ ਚੰਗੀ ਤਰ੍ਹਾਂ ਵਧਦੇ ਹਨ।ਇਹ ਪੌਦੇ ਹਵਾ ਨੂੰ ਤਾਜ਼ਾ ਰੱਖਣ ਵਿੱਚ ਵੀ ਮਦਦ ਕਰਨਗੇ।ਪੌਦੇ ਲਗਾਉਣ ਸਮੇਂ ਨਗਰ ਨਿਗਮ ਦੇ ਸੀਨੀਅਰ ਅਧਿਕਾਰੀ, ਜਿਨ੍ਹਾਂ ਵਿੱਚ ਮਾਣਯੋਗ ਮੇਅਰ ਵਨੀਤ ਧੀਰ, ਡਾ. ਮਨਦੀਪ ਕੌਰ, ਸੰਯੁਕਤ ਕਮਿਸ਼ਨਰ, ਸ਼੍ਰੀਮਤੀ ਰਾਜਵਿੰਦਰ ਕੌਰ, ਚੇਅਰਪਰਸਨ ਜਲੰਧਰ ਇੰਪਰੂਵਮੈਂਟ ਟਰੱਸਟ ਅਤੇ ਹੋਰ ਸਤਿਕਾਰਯੋਗ ਅਧਿਕਾਰੀ, ਜਿਵੇਂ ਕਿ ਰਾਮ ਪਾਲ ਸ਼ਾਮਲ ਸਨ, ਇਸ ਸਮਾਗਮ ਵਿੱਚ ਸ਼ਾਮਲ ਹੋਏ। ਉਨ੍ਹਾਂ ਨੇ ਏਜੀਆਈ ਇੰਫਰਾ ਲਿਮਟਿਡ ਦੁਆਰਾ ਕੀਤੇ ਗਏ ਯਤਨਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਆਪਣੇ ਸੰਦੇਸ਼ ਵਿੱਚ ਏਜੀਆਈ ਇੰਫਰਾ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਸੁਖਦੇਵ ਸਿੰਘ ਨੇ ਵੀ ਇਨ੍ਹਾਂ ਪੌਦਿਆਂ ਦੀ ਨਿਯਮਤ ਤੌਰ 'ਤੇ ਦੇਖਭਾਲ ਕਰਨ ਦਾ ਵਾਅਦਾ ਕੀਤਾ ਹੈ।

# ਲੋਕਾਂ 'ਚ ਕੇਂਦਰੀ ਸਕੀਮਾਂ ਦੇ ਕੈਂਪਾਂ ਦਾ ਲਾਭ ਲੈਣ ਲਈ ਭਾਰੀ ਉਤਸ਼ਾਹ : ਲੱਕੀ

**ਬਲਾਚੌਰ (ਜਸਵਿੰਦਰ ਬੈਂਸ)**- ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਐਸ.ਬੀ.ਐਸ. ਨਗਰ ਵੱਲੋਂ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਅਤੇ ਅਸ਼ੋਕ ਚੇਚੀ ਦੀ ਅਗਵਾਈ ਹੇਠ ਹਲਕਾ ਬਲਾਚੌਰ ਦੇ ਪਿੰਡ ਊਧਨਵਾਲ ਵਿਖੇ ਕੇਂਦਰ ਸਰਕਾਰ ਦੀਆਂ ਸਕੀਮਾਂ ਦਾ ਵਿਸ਼ੇਸ਼ ਸਹਾਇਤਾ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਪਿੰਡ ਦੇ ਸਰਪੰਚ ਹਰਮੇਸ਼ ਲਾਲ ਅਤੇ ਸਾਬਕਾ ਸਰਪੰਚ ਰਾਮ ਸ਼ਾਹ ਭਾਟੀਆ ਨੇ ਕੀਤਾ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਨੇ ਕਿਹਾ ਕਿ ਕੇਂਦਰੀ ਸਕੀਮਾਂ ਦੇ ਕੈਂਪਾਂ ਵਿੱਚ ਲੋਕ ਬੜੇ ਹੀ ਉਤਸ਼ਾਹ ਨਾਲ ਲਾਭ ਲੈਣ ਲਈ ਆ ਰਹੇ ਹਨ । ਊਧਨਵਾਲ ਦੇ ਇਸ ਕੈਂਪ ਵਿੱਚ 400 ਤੋਂ ਵੱਧ ਲੋਕਾਂ ਨੇ ਸਕੀਮਾਂ ਦਾ ਲਾਭ ਲਿਆ।ਕੈਂਪ ਦੌਰਾਨ ਭਾਰੀ ਸੰਖਿਆ ਵਿੱਚ ਲੋਕਾਂ ਨੇ ਸ਼ਮੂਲੀਅਤ ਕੀਤੀ, ਜਿੱਥੇ ਹੇਠ ਲਿਖੀਆਂ ਸਕੀਮਾਂ ਤਹਿਤ ਜਮੀਨੀ ਪੱਧਰ 'ਤੇ ਲਾਭ ਦਿੱਤੇ ਗਏ : ਆਯੁਸ਼ਮਾਨ ਕਾਰਡ ਬਣਾਏ ਗਏ, ਜਿਸ ਰਾਹੀਂ ਲਾਭਪਾਤਰੀ ਹੁਣ 5 ਲੱਖ ਰੁਪਏ ਤੱਕ ਮੁਫ਼ਤ ਇਲਾਜ ਦੀ ਸਹੂਲਤ ਪ੍ਰਾਪਤ ਕਰ ਸਕਣਗੇ, ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾਤਹਿਤ ਕਿਸਾਨਾਂ ਨੇ ਆਪਣੀ ਕੇ




ਵਾਈ ਸੀ ਕਰਵਾਈ, ਜੋ ਉਨ੍ਹਾਂ ਨੂੰ ਰੁਪਏ 6 ਹਜ਼ਾਰ ਸਾਲਾਨਾ ਦੀ ਆਵਰਤੀ ਰਾਸ਼ੀ ਲੈਣ ਯੋਗ ਬਣਾਉਂਦੀ ਹੈ, ਮਹਿਲਾਵਾਂ ਲਈ ਟੂਲ ਕਿੱਟ ਯੋਜਨਾ ਤਹਿਤ ਮਹਿਲਾਵਾਂ ਨੇ ਟੂਲ ਕਿੱਟ ਲਈ ਫਾਰਮ ਭਰਵਾਏ, ਕਈ ਅਣਸੰਗਠਿਤ ਖੇਤਰਾਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਨੇ ਆਪਣੇ ਈ-ਸ਼੍ਰਮ ਕਾਰਡ ਬਣਵਾਏ। ਇਸ ਮੌਕੇ ਸੀਨੀਅਰ ਭਾਜਪਾ ਆਗੂ ਸੰਦੀਪ ਭਾਟੀਆ ਸੋਨੂੰ ਨੇ ਕਿਹਾ ਕਿ ਭਾਜਪਾ ਦੇ ਵਰਕਰ ਪਿੰਡ ਪਿੰਡ ਜਾ ਕੇ ਇਹ ਯੋਜਨਾਵਾਂ ਲੋਕਾਂ ਤੱਕ ਪਹੁੰਚਾ ਰਹੇ ਹਨ, ਜਦਕਿ ਆਮ ਆਦਮੀ ਪਾਰਟੀ ਅਤੇ ਕਾਂਗਰਸ ਨੇ ਸਿਰਫ਼ ਵਾਅਦੇ ਕੀਤੇ, ਉਨ੍ਹਾਂ ਨੂੰ ਲਾਗੂ ਕਰਨ ਦੀ ਕਦੇ ਮਨਸ਼ਾ ਨਹੀਂ ਸੀ।ਉਨ੍ਹਾਂ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਇਸ ਤਰ੍ਹਾਂ ਦੇ ਕੈਂਪ ਹਰ ਪਿੰਡ ਪੱਧਰ 'ਤੇ ਲਗਾਏ ਜਾਣਗੇ। ਇਸ ਮੌਕੇ ਉਪ ਪ੍ਰਧਾਨ ਅਜੈ ਕਟਾਰੀਆ ਖੁਰਦਾਂ, ਰਵਿੰਦਰ ਕੁਮਾਰ,ਪੰਕਜ ਕੁਮਾਰ ਪ੍ਰਧਾਨ ਯੁਵਾ, ਕੀਮਤੀ ਲਾਲ , ਨਵਦੀਪ ਕੁਸ਼ਾਨ, ਸੁਭਾਸ਼ ਮੈਹਸੀ, ਰਾਮ ਦਾਸ ਪੰਚ, ਧਰਮਪਾਲ ਭਾਟੀਆ, ਵਾਸਦੇਵ ਪੰਚ, ਕਾਕਾ ਪੰਚ, ਮਨੋਹਰ ਲਾਲ ਮੈਹਰ, ਹੇਮਰਾਜ ਕਸਾਣਾ, ਕਿਸ਼ਨ ਚੰਦ ਚੇਚੀ, ਮੋਹਨ ਲਾਲ ਕਸਾਣਾ, ਅਸ਼ੋਕ ਕੁਮਾਰ, ਹਰਮੇਸ਼ ਕਾਲਾ, ਵਿਜੇ ਕਸਾਣਾ, ਜਸਵੰਤ ਭਾਟੀਆ, ਹਰੀਸ਼ ਚੇਚੀ, ਰਾਮ ਲੋਕ ਠੇਕੇਦਾਰ, ਸੁਖਦੇਵ ਮੈਹਰ, ਬਲਰਾਮ ਚੇਚੀ, ਦੇਵਰਾਜ ਚੇਚੀ, ਰੌਸ਼ਨ ਲਾਲ ਨੰਬਰਦਾਰ ਅਤੇ ਸੈਂਕੜੇ ਦੀ ਗਿਣਤੀ ਵਿੱਚ ਪਿੰਡ ਦੇ ਵਸਨੀਕ ਮੌਜੂਦ ਰਹੇ।

# ਸਤਨਾਮ ਚੇਚੀ ਨੇ ਸੜੋਆ ਦੀ ਪੰਚਾਇਤ ਨੂੰ ਦਿੱਤੀ ਦੋ ਲੱਖ ਰੁਪਏ ਦੀ ਗ੍ਰਾਂਟ



**ਬਲਾਚੌਰ (ਜਸਵਿੰਦਰ ਬੈਂਸ)**- ਸ਼ਹੀਦ ਭਗਤ ਸਿੰਘ ਨਗਰ ਤੋਂ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਜਲਾਲਪੁਰ ਵੱਲੋਂ ਅੱਜ ਆਪਣੇ ਅਖਤਿਆਰੀ ਕੋਟੇ ਵਿੱਚੋਂ ਪਿੰਡ ਸੜੋਆ ਦੀ ਪੰਚਾਇਤ ਨੂੰ ਦੋ ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ । ਇਹ ਗਰਾਂਟ ਪਿੰਡ ਵਿੱਚ ਖੇਡਾਂ ਦੇ ਸਮਾਨ ਅਤੇ ਓਪਨ ਜਿਮ ਲਈ ਦਿੱਤੀ ਗਈ। ਇਸ ਮੌਕੇ ਜਲਾਲਪੁਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਚਾਇਤ ਵੱਲੋਂ ਉਹਨਾਂ ਨਾਲ ਪਿਛਲੇ ਦਿਨੀਂ ਰਾਬਤਾ ਕਾਇਮ ਕਰ ਪਿੰਡ ਵਿੱਚ ਓਪਨ ਜਿਮ ਅਤੇ ਖੇਡਾਂ ਦੇ ਸਮਾਨ ਵਾਸਤੇ ਉਹਨਾਂ ਕੋਲੋਂ ਮੰਗ ਕੀਤੀ ਗਈ ਸੀ। ਇਸ ਮੰਗ ਨੂੰ ਮੁੱਖ ਰੱਖਦਿਆਂ ਅੱਜ ਉਹਨਾਂ ਵੱਲੋਂ ਆਪਣੇ ਅਖਤਿਆਰੀ ਕੋਟੇ ਵਿੱਚੋਂ 2 ਲੱਖ ਰੁਪਏ ਪਿੰਡ ਸੜੋਆ ਦੀ ਗ੍ਰਾਮ ਪੰਚਾਇਤ ਨੂੰ ਦਿੱਤਾ ਗਿਆ। ਉਹਨਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲੇ ਕਰ ਰਹੀ ਹੈ। ਸਤਨਾਮ ਜਲਾਲਪੁਰ ਨੇ ਪਿੰਡ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ੇ ਤੋਂ ਦੂਰ ਰਹਿ ਕੇ ਖੇਡਾਂ ਵੱਲ ਜ਼ਿਆਦਾ ਸਮਾਂ ਲਗਾਉਣ। ਇਸ ਮੌਕੇ ਪਿੰਡ ਸੜੋਆ ਦੀ ਗ੍ਰਾਮ ਪੰਚਾਇਤ ਵੱਲੋਂ ਸਤਨਾਮ ਜਲਾਲਪੁਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ। ਇਸ ਮੌਕੇ ਸਰਪੰਚ ਰਾਜੀਵ ਕੁਮਾਰ ਪ੍ਰੂੰਨੂੰ, ਪਰਵੀਨ ਵਸ਼ਿਸ਼ਟ ਬਲਾਕ ਪ੍ਰਧਾਨ, ਭਾਰਤੀ ਵਸ਼ਿਸ਼ਟ, ਪੰਚ ਸੋਨੀਆ ਦੇਵੀ ਪੰਚ , ਮਨਜੀਤ ਕੌਰ ਪੰਚ, ਜਤਿੰਦਰ ਕੌਰ ਪੰਚ, ਹੇਮਾ ਰਾਣੀ ਪੰਚ, ਸੁੱਖਵਿੰਦਰ ਸਿੰਘ ਪੰਚ, ਪਰਮਜੀਤ ਕੁਮਾਰ ਪੰਚ, ਸੁਰਿੰਦਰ ਕੁਮਾਰ ਪੰਚ, ਜਸਵੀਰ ਸਿੰਘ ਪੰਚ, ਜਸਪਾਲ ਕੌਰ, ਸੋਹਣ ਲਾਲ ਸਹਿਜਪਾਲ, ਕੁਲਦੀਪ ਚੌਧਰੀ, ਅਮਰਜੀਤ,ਬੀਰਬਲ, ਬੰਟੀ, ਗੌਰੀ ਮੌਜੂਦ ਸਨ।

# ਕੇਂਦਰ ਸਰਕਾਰ ਹਰ ਵਰਗ ਨੂੰ ਸਹੂਲਤਾਂ ਦੇਣ ਲਈ ਵਚਨਬੱਧ : ਲੱਕੀ

**ਬਲਾਚੌਰ (ਜਸਵਿੰਦਰ ਬੈਂਸ)** ਭਾਰਤੀਆ ਜਨਤਾ ਪਾਰਟੀ ਜ਼ਿਲ੍ਹਾ ਐਸ ਬੀ ਐਸ ਨਗਰ ਵੱਲੋਂ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਦੀ ਅਗਵਾਈ ਹੇਠ ਹਲਕਾ ਬਲਾਚੌਰ ਦੇ ਪਿੰਡ ਰੈਲਮਾਜਰਾ ਵਿਖੇ ਕੇਂਦਰ ਸਰਕਾਰ ਦੀਆਂ ਸਕੀਮਾਂ ਦਾ ਵਿਸ਼ੇਸ਼ ਸਹਾਇਤਾ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਅਤੇ ਪਿੰਡ ਦੇ ਸਰਪੰਚ ਸਿਕੰਦਰ ਸਿੰਘ ਨੇ ਕੀਤਾ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਨੇ ਕਿਹਾ ਕਿ ਕੇਂਦਰੀ ਸਕੀਮਾਂ ਦੇ ਕੈਂਪਾਂ ਵਿੱਚ ਲੋਕ ਬੜੇ ਹੀ ਉਤਸਾਹ ਨਾਲ ਲਾਭ ਲੈਣ ਲਈ ਆ ਰਹੇ ਹਨ।ਰੈਲਮਾਜਰਾ ਦੇ ਇਸ ਕੈਂਪ ਵਿੱਚ 350 ਤੋਂ ਵੱਧ ਲੋਕਾਂ ਨੇ ਸਕੀਮਾਂ ਦਾ ਲਾਭ ਲਿਆ। ਕੈਂਪ ਦੌਰਾਨ ਭਾਰੀ ਸੰਖਿਆ ਵਿੱਚ ਲੋਕਾਂ ਨੇ ਸ਼ਮੂਲੀਅਤ ਕੀਤੀ, ਜਿੱਥੇ ਹੇਠ ਲਿਖੀਆਂ ਸਕੀਮਾਂ ਤਹਿਤ ਜਮੀਨੀ ਪੱਧਰ 'ਤੇ ਲਾਭ ਦਿੱਤੇ ਗਏ। ਆਯੁਸ਼ਮਾਨ ਕਾਰਡ ਬਣਾਏ ਗਏ, ਜਿਸ ਰਾਹੀਂ ਲਾਭਪਾਤਰੀ ਹੁਣ 5 ਲੱਖ ਰੁਪਏ ਤੱਕ ਮੁਫ਼ਤ ਇਲਾਜ ਦੀ ਸਹੂਲਤ ਪ੍ਰਾਪਤ ਕਰ ਸਕਣਗੇ। ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ -ਤਹਿਤ ਕਿਸਾਨਾਂ ਨੇ ਆਪਣੀ ਕੇ ਵਾਈ ਸੀ ਕਰਵਾਈ, ਜੋ ਉਨ੍ਹਾਂ ਨੂੰ ਰੁਪਏ 6 ਹਜ਼ਾਰ ਸਾਲਾਨਾ ਦੀ ਆਵਰਤੀ ਰਾਸ਼ੀ ਲੈਣ ਯੋਗ ਬਣਾਉਂਦੀ ਹੈ।ਇਸ ਮੌਕੇ ਸਰਪੰਚ ਸਿਕੰਦਰ ਸਿੰਘ ਨੇ ਕਿਹਾ ਕਿ ਭਾਜਪਾ ਦੇ ਵਰਕਰ ਪਿੰਡ ਪਿੰਡ ਜਾ ਕੇ ਇਹ ਯੋਜਨਾਵਾਂ ਲੋਕਾਂ ਤੱਕ ਪਹੁੰਚਾ ਰਹੇ, ਜਿਸ ਦਾ ਲਾਭ ਗਰੀਬ ਲੋਕਾਂ ਨੂੰ




ਮਿਲ ਰਿਹਾ ਹੈ।ਇਸ ਮੌਕੇ ਭਾਜਪਾ ਉਪ ਪ੍ਰਧਾਨ ਕਮਲਦੀਪ ਸ਼ਰਮਾਂ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਭਾਜਪਾ ਹਮੇਸ਼ਾ ਜਨ-ਸੇਵਾ ਨੂੰ ਆਪਣਾ ਧਰਮ ਮੰਨਦੀ ਹੈ, ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਇਸ ਤਰ੍ਹਾਂ ਦੇ ਕੈਂਪ ਹਰ ਪਿੰਡ ਪੱਧਰ 'ਤੇ ਲਗਾਏ ਜਾਣਗੇ।ਇਸ ਮੌਕੇ ਭਾਜਪਾ ਉਪ ਪ੍ਰਧਾਨ ਕਮਲਦੀਪ ਸ਼ਰਮਾਂ, ਮੰਡਲ ਪ੍ਰਧਾਨ ਸ਼੍ਰੀਰਾਮ ਟੌਂਸਾ, ਉਪ ਪ੍ਰਧਾਨ ਅਜੈ ਕਟਾਰੀਆ ਖੁਰਦਾਂ, ਅਮਨ ਰਾਣਾ, ਪੰਕਜ ਕੁਮਾਰ ਪ੍ਰਧਾਨ ਯੁਵਾ ਤੇ ਪਿੰਡ ਦੇ ਵਸਨੀਕ ਮੌਜੂਦ ਰਹੇ।

# ਬਿਜਲੀ ਸੰਬੰਧੀ ਸ਼ਿਕਾਇਤਾਂ ਸੁਣਨ ਬਹਾਨੇ ਲੋਕਾਂ ਕੋਲ ਜਾਣ ਦਾ ਰਾਹ ਲੱਭ ਰਹੀ ਸਰਕਾਰ : ਕੋਟਲੀ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** ਆਦਮਪੁਰ ਹਲਕੇ ਅੰਦਰ ਬਿਜਲੀ ਦੀਆਂ ਸ਼ਿਕਾਇਤਾਂ ਸੰਬੰਧੀ ਕੋਈ ਅਧਿਕਾਰੀ ਗੱਲ ਸੁਣਨ ਨੂੰ ਤਿਆਰ ਨਹੀਂ, ਲੋਕਾਂ ਦੇ ਰੋਹ ਤੇ ਨਿੱਤ ਦਿਹਾੜੇ ਮਿਲਦੀਆਂ ਸ਼ਿਕਾਇਤਾਂ ਲਈ ਅਧਿਕਾਰੀ ਹੁਣ ਸ਼ਿਕਾਇਤਾਂ ਸੁਣਨ ਦੇ ਬਹਾਨੇ ਲੋਕਾਂ ਵਿੱਚ ਜਾਣ ਦਾ ਰਾਹ ਲੱਭ ਰਹੇ ਹਨ ਤਾਂ ਕਿ ਸਰਕਾਰ ਨੂੰ ਨਮੋਸ਼ੀ ਦਾ ਸਾਹਮਣਾ ਨਾ ਕਰਨਾ ਪਵੇ ਉਕਤ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਆਦਮਪੁਰ




ਹਲਕੇ ਦੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਤੇ ਯੂਥ ਆਗੂ ਅਸ਼ਵਨੀ ਭੱਲਾ ਨੇ ਪ੍ਰੈਸ ਨੂੰ ਜਾਣਕਾਰੀ ਆਖਿਆ ਕਿ ਅਧਿਕਾਰੀ ਪਹਿਲਾਂ ਇਹ ਦੱਸਣ ਕਿ ਜਿਹੜੀਆਂ ਸ਼ਿਕਾਇਤਾਂ ਲੋਕਾਂ ਨੇ ਤੁਹਾਨੂੰ ਪਹਿਲਾਂ ਦਿੱਤੀਆਂ ਹਨ ਉਨ੍ਹਾਂ ਦਾ ਕੀ ਹੱਲ ਕੀਤਾ, ਜਿਸ ਦੀ ਮਿਸਾਲ ਭੋਗਪੁਰ ਖੰਡ ਮਿੱਲ ਵਿੱਚ ਸੀ ਐਨ ਜੀ ਪਲਾਂਟ ਵਲੋਂ ਕਰੋੜਾਂ ਰੁਪਏ ਦੀ ਕੀਤੀ ਚੋਰੀ ਦੀ ਹੈ, ਜਿਸ ਵਾਰ ਵੀਡੀਓ ਵੀ ਜਾਰੀ ਕੀਤੀਆਂ ਸਨ ਤੇ ਲਿਖਤੀ ਸ਼ਿਕਾਇਤਾਂ ਵੀ ਦਿੱਤੀਆਂ ਸਨ। ਵਿਧਾਇਕ ਨੇ ਕਿਹਾ ਕੀ ਅਧਿਕਾਰੀਆਂ ਨੇ ਦੋ ਦਿਨਾਂ ਵਿੱਚ ਬਿਜਲੀ ਚੋਰੀ ਲਈ ਭੋਗਪੁਰ ਮਿੱਲ ਦੇ ਸੀ ਐਨ ਜੀ ਮਾਲਕਾ ਖ਼ਿਲਾਫ਼ ਕਾਰਵਾਈ ਨਾ ਕੀਤੀ ਤਾਂ ਸ਼ੈਸ਼ਨ ਤੋਂ ਤੁਰੰਤ ਬਾਅਦ ਆ ਕੇ ਬੁੱਧਵਾਰ ਬਿਜਲੀ ਚੀਫ ਦਾ ਦਫ਼ਤਰ ਘੇਰਾਂਗਾ ਤੇ ਅਧਿਕਾਰੀਆਂ ਦੀ ਮਿਲੀਭੁਗਤ ਦਾ ਕੱਚਾ ਚਿੱਠਾ ਲੋਕਾਂ ਸਾਹਮਣੇ ਰੱਖਾਂਗਾ।ਵਿਧਾਇਕ ਕੋਟਲੀ ਨੇ ਦੱਸਿਆ ਕਿ ਉਹ ਇਸ ਸੰਬੰਧੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਸ਼ਿਕਾਇਤ ਸੰਬੰਧੀ ਅਧਿਕਾਰੀਆਂ ਖ਼ਿਲਾਫ਼ ਰਿੱਟ ਪਟੀਸ਼ਨ ਵੀ ਦਾਇਰ ਕਰ ਰਹੇ ਹਨ ।

# ਮੀਰੀ ਪੀਰੀ ਸੇਵਾ ਸਿਮਰਨ ਕਲੱਬ ਵੱਲੋਂ 'ਰੁੱਖ ਲਗਾਓ ਤੇ ਸੰਭਾਲੋ' ਮੁਹਿੰਮ ਜਾਰੀ


**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਬਰਸਾਤ ਦੇ ਮੌਸਮ ਵਿੱਚ ਵਣ ਵਿਭਾਗ ਵੱਲੋਂ ਹਰ ਸਾਲ ਰੁੱਖ ਲਾਉਣ ਲਈ ਵੱਖ-ਵੱਖ ਕਿਸਮਾਂ ਦੇ ਲੱਖਾਂ ਹੀ ਬੂਟੇ/ ਰੁੱਖ ਮੁਫਤ ਵਿੱਚ ਵੰਡੇ ਜਾਂਦੇ ਹਨ ਤਾਂ ਕਿ ਖਾਲੀ ਪਈਆਂ ਸਾਂਝੀਆਂ ਥਾਵਾਂ ਤੇ ਸਜਾਵਟੀ, ਮੈਡੀਕੇਟਡ, ਛਾਂਦਾਰ ਤੇ ਫਲਦਾਰ ਰੁੱਖ ਲਗਾ ਕੇ ਵਾਤਾਵਰਨ ਨੂੰ ਸਾਫ ਸੁਥਰਾ ਰੱਖਣ ਦੇ ਨਾਲ ਤਾਜ਼ਾ ਫਲ ਦੇਣ ਵਾਲੇ ਅਤੇ ਦਵਾਈਆਂ ਦੇ ਤੌਰ ਤੇ ਪ੍ਰਯੋਗ ਆਉਣ ਵਾਲੇ ਰੁੱਖਾਂ ਦੇ ਲਾਭ ਲਏ ਜਾ ਸਕਣ । ਇਸੇ ਹੀ ਤਰ੍ਹਾਂ ਮੀਰੀ ਪੀਰੀ ਸੇਵਾ ਸਿਮਰਨ ਕਲੱਬ ਰਜਿ. ਹੁਸ਼ਿਆਰਪੁਰ ਵੱਲੋਂ ਵੀ ਪਿਛਲੇ ਸਾਲ ਤੋਂ ਰੁੱਖ ਲਗਾਓ ਤੇ ਸੰਭਾਲੋ ਮੁਹਿੰਮ ਚਲਾਈ ਹੋਈ ਹੈ ਜਿਸ ਤਹਿਤ ਮੁਹੱਲਾ ਟਿੱਬਾ ਸਾਹਿਬ, ਬਿਜਲੀ ਬੋਰਡ ਫੁੱਟਬਾਲ ਗਰਾਊਂਡ ਦੇ ਨਜ਼ਦੀਕ ਰੁੱਖ ਲਗਾਏ ਗਏ। ਐਤਵਾਰ ਨੂੰ ਇਸੇ ਮੁਹਿੰਮ ਦੇ ਦੂਜੇ ਪੜਾਅ ਤਹਿਤ ਬਿਜਲੀ ਬੋਰਡ ਦੀ ਫੁੱਟਬਾਲ ਗਰਾਊਂਡ ਵਿਖੇ ਰੁੱਖ ਲਗਾਉਣ ਦੀ ਆਰੰਭਤਾ ਕੀਤੀ ਗਈ ਇਸ ਮੌਕੇ ਮੀਰੀ ਪੀਰੀ ਸੇਵਾ ਸਿਮਰਨ ਕਲੱਬ ਰਜਿ ਹੁਸ਼ਿਆਰਪੁਰ ਦੇ ਜਨਰਲ ਸਕੱਤਰ ਬਲਵੀਰ ਸਿੰਘ ਸੈਣੀ, ਵਾਤਾਵਰਣ ਪ੍ਰੇਮੀ ਡਾ. ਹਰਜਿੰਦਰ ਸਿੰਘ ਓਬਰਾਏ, ਗੁਰਬਿੰਦਰ ਸਿੰਘ ਪਲਾਹਾ, ਹਰਭਜਨ ਸਿੰਘ



ਫੌਜੀ ਅਤੇ ਹੋਰਨਾਂ ਕਲੱਬ ਮੈਂਬਰਾਂ ਵੱਲੋਂ ਰੁੱਖ ਲਗਾਓ ਅਤੇ ਸੰਭਾਲੋ ਮੁਹਿੰਮ ਤਹਿਤ ਰਾਜਸਥਾਨੀ ਬੇਰੀਆਂ ਦੇ ਬੂਟੇ ਲਗਾਏ ਗਏ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮੀਰੀ ਪੀਰੀ ਸੇਵਾ ਸਿਮਰਨ ਕਲੱਬ ਰਜਿ ਹੁਸ਼ਿਆਰਪੁਰ ਦੇ ਜਨਰਲ ਸਕੱਤਰ ਪ੍ਰਿੰ. ਬਲਵੀਰ ਸਿੰਘ ਸੈਣੀ ਨੇ ਦੱਸਿਆ ਕਿ ਪੰਜਾਬ ਵਿੱਚੋਂ ਬੇਰੀਆਂ ਦੇ ਰੁੱਖ ਬਹੁਤ ਘੱਟ ਦੇਖਣ ਨੂੰ ਮਿਲਦੇ ਹਨ ਅਤੇ ਇਸੇ ਕਰਕੇ ਹੀ ਬਾਜ਼ਾਰ ਵਿੱਚ ਬੇਰ ਵੀ ਟਾਵੇ ਟੱਪੇ ਹੀ ਮਿਲਦੇ ਹਨ।ਇਸ ਨੂੰ ਧਿਆਨ ਵਿੱਚ ਰੱਖਦਿਆਂ ਹੀ ਇਸ ਵਾਰ ਅਜਿਹੇ ਦੁਰਲੱਭ ਫਲਦਾਰ ਰੁੱਖ ਲਗਾਉਣ ਦੇ ਯਤਨ ਕੀਤੇ ਜਾਣਗੇ ਉਨ੍ਹਾਂ ਦੱਸਿਆ ਕਿ ਮੀਰੀ ਪੀਰੀ ਕਲੱਬ ਕਲੱਬ ਵੱਲੋਂ ਪਿਛਲੇ ਸਾਲ ਵੀ ਜਿਹੜੇ ਰੁੱਖ ਲਗਾਏ ਗਏ ਸਨ ਉਹਨਾਂ ਨੂੰ ਪਾਲਣ ਤੇ ਸੇਵਾ ਸੰਭਾਲ ਦਾ ਪੂਰਾ ਯਤਨ ਕੀਤਾ ਗਿਆ ਹੈ ਜਿਸ ਦੀ ਬਦੌਲਤ ਇਹ ਰੁੱਖ ਹੁਣ ਕਾਫੀ ਵੱਡੇ ਹੋ ਚੁੱਕੇ ਹਨ। ਲੋਕਾਈ ਦੇ ਹਿੱਤ ਵਿੱਚ ਅਜਿਹੇ ਯਤਨ ਸੁਸਾਇਟੀ ਵੱਲੋਂ ਲਗਾਤਾਰ ਹੀ ਜਾਰੀ ਰਹਿਣਗੇ। ਉਨ੍ਹਾਂ ਦੱਸਿਆ ਕਿ ਪ੍ਰਸਿੱਧ ਸਮਾਜ ਸੇਵੀ ਤੇ ਵਾਤਾਵਰਣ ਪ੍ਰੇਮੀ ਡਾ ਹਰਜਿੰਦਰ ਸਿੰਘ ਉਬਰਾਏ ਵੱਲੋਂ ਇਨ੍ਹਾਂ ਰੁੱਖਾਂ ਦੀ ਸੰਭਾਲ ਲਈ ਟ੍ਰੀ ਗਾਰਡਾਂ ਦੀ ਸੇਵਾ ਕਰਵਾਈ ਗਈ ਸੀ ਜੋ ਅਜਿਹੇ ਵਾਤਾਵਰਣ ਪ੍ਰੇਮੀਆਂ ਦੀ ਬਦੌਲਤ ਹੁਣ ਵੀ ਜਾਰੀ ਰਹੇਗੀ ।

# ਜ਼ਿਲ੍ਹੇ ਦੇ ਸਾਰੇ ਬਲਾਕਾਂ 'ਚ ਸਥਾਪਤ ਕੀਤੇ ਗਏ ਹਨ ਨਾਮਜ਼ਦਗੀ ਕੇਂਦਰ : ਆਸ਼ਿਕਾ ਜੈਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)** ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਾਜ ਚੋਣ ਕਮਿਸ਼ਨ, ਪੰਜਾਬ ਨੇ ਗ੍ਰਾਮ ਪੰਚਾਇਤਾਂ ਵਿਚ ਖਾਲੀ ਅਹੁਦਿਆਂ ਲਈ ਉੱਪ ਚੋਣਾਂ ਦਾ ਸ਼ਡਿਊਲ ਐਲਾਨ ਦਿੱਤਾ ਹੈ।ਇਹ ਉੱਪ ਚੋਣ 27 ਜੁਲਾਈ (ਐਤਵਾਰ) ਨੂੰ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਹੋਵੇਗੀ।ਉਨ੍ਹਾਂ ਦੱਸਿਆ ਕਿ 15 ਅਕਤੂਬਰ 2024 ਨੂੰ ਸੰਪੰਨ ਗ੍ਰਾਮ ਪੰਚਾਇਤ ਚੋਣਾਂ ਤੋਂ ਬਾਅਦ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਸਰਪੰਚਾਂ ਦੀਆਂ 4 ਅਤੇ ਪੰਚਾਂ ਦੀਆਂ 151 ਅਸਾਮੀਆਂ ਖਾਲੀ ਰਹਿ ਗਈਆਂ ਸਨ।ਇਹ ਉੱਪ ਚੋਣ ਇਨ੍ਹਾਂ ਖਾਲੀ ਅਹੁਦਿਆਂ ਨੂੰ ਭਰਨ ਲਈ ਕਰਵਾਈ ਜਾ ਰਹੀ ਹੈ।ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਦੱਸਿਆ ਕਿ ਨਾਮਜ਼ਦਗੀਆਂ 14 ਜੁਲਾਈ, 2025 (ਸੋਮਵਾਰ) ਤੋਂ 17 ਜੁਲਾਈ, 2025 (ਵੀਰਵਾਰ) ਤੱਕ, ਰੋਜ਼ਾਨਾ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਸਬੰਧਤ ਰਿਟਰਨਿੰਗ ਅਫ਼ਸਰਾਂ ਦੇ ਦਫ਼ਤਰ ਵਿੱਚ ਦਾਖਲ ਕੀਤੀਆਂ ਜਾ ਸਕਦੀਆਂ ਹਨ।ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਰਾਜ ਚੋਣ ਕਮਿਸ਼ਨ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਇਨ੍ਹਾਂ ਚੋਣਾਂ



ਵਿਚ ਜ਼ਿਲ੍ਹਾ ਹੁਸ਼ਿਆਰਪੁਰ ਅਧੀਨ ਆਉਂਦੇ 10 ਬਲਾਕਾਂ ਵਿਚ ਚੋਣ ਲੜਨ ਵਾਲੇ ਉਮੀਦਵਾਰਾਂ ਦੀ ਨਾਮਜ਼ਦਗੀ ਪ੍ਰਕਿਰਿਆ ਲਈ ਵੱਖ-ਵੱਖ ਥਾਵਾਂ ਨਿਰਧਾਰਤ ਕੀਤੀਆਂ ਗਈਆਂ ਹਨ।ਉਨ੍ਹਾਂ ਕਿਹਾ ਕਿ ਬਲਾਕ ਟਾਂਡਾ ਵਿਚ ਸਕੂਲ ਆਫ਼ ਐਮੀਨੈਂਸ ਟਾਂਡਾ, ਦਸੂਹਾ ਵਿਚ ਸਕੂਲ ਆਫ਼ ਐਮੀਨੈਂਸ ਦਸੂਹਾ, ਮੁਕੇਰੀਆਂ ਵਿਚ ਤਹਿਸੀਲ ਦਫ਼ਤਰ ਮੁਕੇਰੀਆਂ, ਹਾਜੀਪੁਰ ਵਿਚ ਸਬ-ਤਹਿਸੀਲ ਦਫ਼ਤਰ ਹਾਜੀਪੁਰ, ਤਲਵਾੜਾ ਵਿਚ ਸਬ-ਤਹਿਸੀਲ ਦਫ਼ਤਰ ਤਲਵਾੜਾ, ਮਾਹਿਲਪੁਰ ਵਿਚ ਕੋਰਟ ਰੂਮ ਸਬ-ਤਹਿਸੀਲ ਦਫ਼ਤਰ ਮਾਹਿਲਪੁਰ, ਗੜ੍ਹਸ਼ੰਕਰ ਵਿਚ ਕੋਰਟ ਰੂਮ ਸਬ-ਤਹਿਸੀਲ ਦਫ਼ਤਰ ਗੜ੍ਹਸ਼ੰਕਰ, ਹੁਸ਼ਿਆਰਪੁਰ-1 ਵਿਚ ਤਹਿਸੀਲ ਦਫ਼ਤਰ ਹੁਸ਼ਿਆਰਪੁਰ, ਹੁਸ਼ਿਆਰਪੁਰ-2 ਵਿਚ ਨਾਇਬ ਤਹਿਸੀਲਦਾਰ ਦਫ਼ਤਰ ਹੁਸ਼ਿਆਰਪੁਰ ਅਤੇ ਬਲਾਕ ਭੂੰਗਾ ਵਿਚ ਨਾਇਬ ਤਹਿਸੀਲਦਾਰ ਦਫ਼ਤਰ ਭੂੰਗਾ ਵਿਖੇ ਨਾਮਜ਼ਦਗੀ ਕੇਂਦਰ ਬਣਾਏ ਗਏ ਹਨ, ਜਿਥੇ ਉਮੀਦਵਾਰ ਆਪਣੀ ਨਾਮਜ਼ਦਗੀ ਦਾਖਲ ਕਰਵਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਨਾਮਜ਼ਦਗੀ ਪੱਤਰਾਂ ਦੀ ਪੜਤਾਲ 18 ਜੁਲਾਈ, 2025 (ਸ਼ੁੱਕਰਵਾਰ) ਨੂੰ ਕੀਤੀ ਜਾਵੇਗੀ।ਨਾਮਜ਼ਦਗੀ ਵਾਪਸ ਲੈਣ ਦੀ ਆਖਰੀ ਮਿਤੀ 19 ਜੁਲਾਈ, 2025 (ਸ਼ਨੀਵਾਰ) ਦੁਪਹਿਰ 3 ਵਜੇ ਤੱਕ ਹੈ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਵੋਟਾਂ ਪੈਣ ਤੋਂ ਬਾਅਦ ਵੋਟਾਂ ਦੀ ਗਿਣਤੀ ਉਸੇ ਦਿਨ ਸਬੰਧਤ ਪੋਲਿੰਗ ਸਟੇਸ਼ਨ 'ਤੇ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਅੱਪਡੇਟ ਕੀਤੀਆਂ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ 23 ਮਈ ਨੂੰ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਸਰਪੰਚ ਦੇ ਅਹੁਦੇ ਲਈ ਵੱਧ ਤੋਂ ਵੱਧ ਚੋਣ ਖਰਚ ਸੀਮਾ 40,000 ਰੁਪਏ ਅਤੇ ਪੰਚ ਦੇ ਅਹੁਦੇ ਲਈ 30,000 ਰੁਪਏ ਨਿਰਧਾਰਤ ਕੀਤੀ ਗਈ ਹੈ।ਆਸ਼ਿਕਾ ਜੈਨ ਨੇ ਜ਼ਿਲ੍ਹੇ ਦੇ ਸਾਰੇ ਯੋਗ ਵੋਟਰਾਂ ਨੂੰ ਲੋਕਤੰਤਰੀ ਪ੍ਰਕਿਰਿਆ ਵਿਚ ਹਿੱਸਾ ਲੈ ਕੇ ਵੋਟ ਦੀ ਵਰਤੋਂ ਜ਼ਰੂਰ ਕਰਨ ਅਤੇ ਯੋਗ ਪ੍ਰਤੀਨਿਧੀਆਂ ਦੀ ਚੋਣ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਚੋਣਾਂ ਨੂੰ ਸ਼ਾਂਤੀਪੂਰਨ, ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਕਰਵਾਉਣ ਲਈ ਸਾਰੇ ਜ਼ਰੂਰੀ ਪ੍ਰਬੰਧ ਕੀਤੇ ਜਾ ਰਹੇ ਹਨ।

# ਜੰਗਲਾਤ ਵਰਕਰਜ਼ ਯੂਨੀਅਨ ਵੱਲੋਂ 19 ਨੂੰ ਦਿੜ੍ਹਬਾ 'ਚ ਸੰਘਰਸ਼ ਕਰਨ ਦਾ ਐਲਾਨ

**ਜਲੰਧਰ ( ਰਾਜੇਸ਼ ਥਾਪਾ )**

ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ 1406-22 ਬੀ ਚੰਡੀਗੜ੍ਹ ਨਾਲ ਸੰਬਧਤ ਜੰਗਲਾਤ ਦੇ ਫੀਲਡ ਕਾਮਿਆਂ ਦੀ ਇਕੋ-ਇਕ ਸਿਰਮੌਰ ਸੰਘਰਸ਼ੀਲ ਜਥੇਬੰਦੀ ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਦੀ ਮੀਟਿੰਗ ਸੂਬਾ ਪ੍ਰਧਾਨ ਅਮਰੀਕ ਸਿੰਘ ਗੜ੍ਹਸ਼ੰਕਰ ਦੀ ਪ੍ਰਧਾਨਗੀ ਹੇਠ ਹੋਈ।ਜੱਥੇਬੰਦੀ ਦੇ ਸੂਬਾ ਜਰਨਲ ਸਕੱਤਰ ਜਸਵੀਰ ਸਿੰਘ ਸੀਰਾ,ਅਤੇ ਸੂਬਾ ਸਕੱਤਰ ਜਸਵਿੰਦਰ ਸਿੰਘ ਸੌਜਾ ਨੇ ਦੱਸਿਆ ਕਿ ਵਣ ਅਤੇ ਜੰਗਲੀ ਜੀਵ ਵਿਭਾਗ ਵਿਚ ਕੰਮ ਕਰਦੇ ਕਾਮਿਆ ਦੀਆ ਮੰਗਾਂ ਸਬੰਧੀ ਵਣ ਮੰਤਰੀ ਅਤੇ ਵਿੱਤ ਮੰਤਰੀ ਨਾਲ ਅਨੇਕਾਂ ਮੀਟਿੰਗਾਂ ਹੋਣ ਦੇ ਬਾਵਜੂਦ ਇਕ ਵੀ ਮੰਗ ਦਾ ਹੱਲ ਨਹੀਂ ਹੋਇਆ। ਸੂਬਾ ਚੇਅਰਮੈਨ ਵਿਰਸਾ ਸਿੰਘ ਚਹਿਲ, ਵਿਤ ਸਕੱਤਰ ਅਮਨਦੀਪ ਸਿੰਘ, ਸੀਨੀਅਰ ਮੀਤ ਪ੍ਰਧਾਨ ਰਣਜੀਤ ਸਿੰਘ ਗੁਰਦਾਸਪੁਰ, ਬਲਵੀਰ ਸਿੰਘ ਤਰਨਤਾਰਨ ਅਤੇ ਸ਼ੇਰ ਸਿੰਘ ਸਰਹਿੰਦ ਨੇ ਕਿਹਾ ਕਿ ਜੰਗਲਾਤ ਅਤੇ ਜੰਗਲੀ ਜੀਵ ਵਿਭਾਗ ਦੇ ਕਾਮਿਆਂ ਦਾ ਮੈਡੀਕਲ ਤੇ ਪੁਲਸ ਵੈਰੀਫਿਕੇਸ਼ਨ ਹੋਣ ਦੇ ਬਾਵਜੂਦ ਵੀ ਰੈਗੂਲਰ ਕਰਨ ਵਿੱਚ ਪੰਜਾਬ ਸਰਕਾਰ ਵਲੋਂ ਆਨਾਕਾਨੀ ਕੀਤੀ ਜਾ ਰਹੀ ਹੈ। ਪਿਛਲੇ ਕਈ ਮਹੀਨਿਆਂ ਤੋਂ ਫੀਲਡ ਕਾਮਿਆਂ ਨੂੰ ਤਨਖਾਹਾਂ ਵੀ ਨਹੀ ਦਿੱਤੀਆਂ ਗਈਆਂ ਹਨ। ਜਿਸ ਕਾਰਨ ਕਾਮਿਆ ਵਿੱਚ ਭਾਰੀ ਰੋਸ ਬੇਚੈਨੀ ਪਾਈ ਜਾ ਰਹੀ ਹੈ। ਇਸ ਲਈ ਜਥੇਬੰਦੀ ਨੇ ਫੈਸਲਾ ਕੀਤਾ ਕਿ 14 ਜੁਲਾਈ ਤੋਂ 18 ਜੁਲਾਈ ਤੱਕ ਪੰਜਾਬ ਦੇ ਸਮੂਹ ਵਣ ਮੰਡਲ ਦਫਤਰਾਂ ਅੱਗੇ ਰੋਸ ਪ੍ਰਦਰਸ਼ਨ ਕਰਕੇ 19 ਜੁਲਾਈ ਨੂੰ ਵਿਧਾਨ ਸਭਾ ਹਲਕਾ ਦਿੜ੍ਹਬਾ ਵਿਖੇ ਰੋਸ ਧਰਨਾ-ਪ੍ਰਦਰਸ਼ਨ ਕੀਤਾ ਜਾਵੇਗਾ। ਸਤਨਾਮ ਸਿੰਘ ਸੰਗਤੀਵਾਲਾ, ਰਵੀਕਾਂਤ ਰੋਪੜ, ਬੱਬੂ ਸਿੰਘ ਮਾਨਸਾ,ਕੇਵਲ ਕ੍ਰਿਸ਼ਨ ਨਵਾਂਸ਼ਹਿਰ ਅਤੇ ਮਲਕੀਤ ਸਿੰਘ ਮੁਕਤਸਰ ਨੇ ਦੱਸਿਆ ਕਿ ਵਣ ਅਤੇ ਜੰਗਲੀ ਜੀਵ ਵਿਭਾਗ ਵਿਚ ਕੰਮ ਕਰਦੇ ਡੇਲੀਵੇਜ ਕਾਮਿਆਂ ਨੂੰ ਬਿਨਾਂ ਸ਼ਰਤ ਪੱਕਿਆ ਕਰਵਾਉਣ ਲਈ, ਵਿਭਾਗ ਵਿਚ ਨਵੇਂ ਕੰਮ ਚਲਾਉਣ ਲਈ, ਰੁੱਖਾਂ ਅਤੇ ਜੀਵ ਜੰਤੂਆਂ ਦੀ ਸਾਂਭ ਸੰਭਾਲ ਕਰਵਾਉਣ ਆਦਿ ਮੰਗਾਂ ਨੂੰ ਹੱਲ ਕਰਵਾਉਣ ਲਈ ਕੀਤੀ ਜਾ ਰਹੀ ਹੈ, ਕਿਉਂਕਿ ਪਿਛਲੇ ਸਮੇਂ ਦੌਰਾਨ ਅਕਾਲੀ, ਕਾਂਗਰਸ ਸਰਕਾਰਾਂ ਦੇ ਸਮੇਂ ਜੰਗਲਾਤ ਦੇ ਕਾਮੇ ਬਿਨਾਂ ਸ਼ਰਤ ਪੱਕੇ ਕੀਤੇ ਗਏ ਸਨ, ਪਰ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਸ਼ਰਤਾਂ ਲਗਾਈਆਂ ਜਾ ਰਹੀਆਂ ਹਨ, ਜਿਸ ਦੇ ਰੋਸ ਵਜੋਂ ਇਹ ਪ੍ਰਦਰਸ਼ਨ ਕੀਤਾ ਜਾਵੇਗਾ।ਮੀਟਿੰਗ ਵਿੱਚ ਸੁਲੱਖਣ ਸਿੰਘ ਮੋਹਾਲੀ,ਸੁਖਦੇਵ ਸਿੰਘ ਜਲੰਧਰ,ਰਵੀ ਕੁਮਾਰ ਲੁਧਿਆਣਾ,ਗੁਰਬੀਰ ਸਿੰਘ ਫਿਰੋਜ਼ਪੁਰ,ਬਲਰਾਜ ਸਿੰਘ ਪਠਾਨਕੋਟ, ਭੁਵਿਸਨ ਲਾਲ ਜਲੰਧਰ,ਕੁਲਦੀਪ ਸਿੰਘ ਗੁਰਦਾਸਪੁਰ,ਪਵਨ ਕੁਮਾਰ ਹੁਸ਼ਿਆਰਪੁਰ,ਭੁਪਿੰਦਰ ਸਿੰਘ ਦਸੂਹਾ,ਰਣਜੀਤ ਸਿੰਘ ਰਾਣਾ ਅਜੇ ਹੁਸ਼ਿਆਰਪੁਰ ਅਤੇ ਕਰਮ ਸਿੰਘ ਹਰੀਕੇ ਪੱਤਣ ਆਦਿ ਆਗੂ ਵੀ ਹਾਜਰ ਹੋਏ।

# ਐੱਨ ਡੀ ਪੀ ਐੱਸ ਐਕਟ ਦੇ ਤਹਿਤ ਵਿਅਕਤੀ ਗ੍ਰਿਫ਼ਤਾਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਸੰਦੀਪ ਕੁਮਾਰ ਮਲਿਕ ਆਈ ਪੀ ਐੱਸ ਸੀਨੀਅਰ ਪੁਲਸ ਕਪਤਾਨ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾ ਤੇ ਮੁਕੇਸ਼ ਕੁਮਾਰ ਐਸ ਪੀ ਇੰਵੈਸਟੀਗੇਸ਼ਨ ਅਤੇ ਡੀ ਐਸ ਪੀ ਸਬ-ਡਵੀਜ਼ਨ ਦਸੂਹਾ ਦੀਆ ਹਦਾਇਤਾਂ ਮੁਤਾਬਿਕ ਇੰਸਪੈਕਟਰ ਰਜਿੰਦਰ ਸਿੰਘ ਮੁੱਖ ਅਫਸਰ ਥਾਣਾ ਦਸੂਹਾ ਦੀ ਅਗਵਾਈ ਹੇਠ ਨਸ਼ਾ ਵੇਚਣ ਅਤੇ ਪੀਣ ਵਾਲਿਆ ਖਿਲਾਫ ਚਲਾਈ ਗਈ ਮੁਹਿੰਮ 'ਯੁੱਧ ਨਸ਼ਿਆ ਵਿਰੁੱਧ' ਤਹਿਤ ਏ.ਐਸ.ਆਈ ਗੁਰਬਚਨ ਸਿੰਘ ਨੇ ਸਾਥੀ ਕਰਮਚਾਰੀਆ ਨਾਲ ਮੁਲਜਮ ਨਵਦੀਪ ਸਿੰਘ ਵਾਸੀ ਪੰਡੋਰੀ ਅਰਾਈਆਂ ਨੂੰ ਕਾਬੂ ਕਰਕੇ ਉਸ ਪਾਸੋਂ ਇਕ ਸਿਲਵਰ ਪੰਨੀ, ਲਾਈਟਰ ਅਤੇ 10 ਰੁਪਏ ਦਾ ਭਾਰਤੀ ਕਰੰਸੀ ਨੋਟ ਨੂੰ ਬ੍ਰਾਮਦ ਕਰਕੇ ਐਨ ਡੀ ਪੀ ਐਸ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਹੈ, ਉਹਨਾਂ ਕਿਹਾ ਕਿ ਉਕਤ ਵਿਅਕਤੀ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਨਸ਼ਾ ਛੁਡਾਓ ਕੇਂਦਰ ਸਿਵਲ ਹਸਪਤਾਲ ਦਸੂਹਾ ਦਾਖਲ ਕਰਵਾਇਆ ਜਾਵੇਗਾ।



## ਲੋਹਾ ਫਰਨੇਸ 'ਚ ਧਮਾਕੇ ਕਾਰਨ ਇੱਕ ਦੀ ਮੌਤ, ਇੱਕ ਜ਼ਖ਼ਮੀ


ਤਨੁਕੀ ਸ਼ਰਮਾ ਦੀ ਫਾਈਲ ਫੋਟੋ

ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਮੰਡੀ ਗੋਬਿੰਦਗੜ੍ਹ ਦੀ ਇੱਕ ਲੋਹਾ ਮਿੱਲ 'ਚ ਵਾਪਰੇ ਹਾਦਸੇ ਕਾਰਨ ਇੱਕ ਮਜ਼ਦੂਰ ਦੀ ਮੌਤ ਹੋਣ ਤੇ ਇੱਕ ਮਜ਼ਦੂਰ ਦੇ ਜ਼ਖ਼ਮੀ ਹੋਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਮੰਡੀ ਗੋਬਿੰਦਗੜ੍ਹ ਦੀ ਕੁਬੇਰ ਕਾਸਟਿੰਗ ਨਾਮਕ ਫਰਨੇਸ ਇਕਾਈ ਦੀ ਭੱਠੀ 'ਚ ਰੋਜ਼ਾਨਾ ਦੀ ਤਰ੍ਹਾਂ ਲੋਹਾ ਪਿਘਲਾਉਣ ਦਾ ਕੰਮ ਕੀਤਾ ਜਾ ਰਿਹਾ ਸੀ, ਜਿਸ ਦੌਰਾਨ ਭੱਠੀ 'ਚ ਇੱਕ ਜ਼ੋਰਦਾਰ ਧਮਾਕਾ ਹੋਇਆ, ਜਿਸ ਕਾਰਨ ਪਿਘਲਿਆ ਹੋਇਆ ਲੋਹਾ ਸਰੀਰ ਉੱਤੇ ਪੈ ਜਾਣ ਕਾਰਨ ਤਨੁਕੀ ਸ਼ਰਮਾ ਨਾਮਕ ਮਜ਼ਦੂਰ ਬੁਰੀ ਤਰ੍ਹਾਂ ਝੁਲਸ ਗਿਆ, ਜੋ ਕਿ ਭੱਠੀ ਦੀ ਤਾਬ ਨਾ ਸਹਾਰਦਾ ਹੋਇਆ ਦਮ ਤੋੜ ਗਿਆ।ਭੱਠੀ 'ਚ ਧਮਾਕਾ ਹੋਣ 'ਤੇ ਆਲੇ ਦੁਆਲੇ ਕੰਮ ਕਰ ਰਹੇ ਮਜ਼ਦੂਰਾਂ ਨੇ ਭੱਜ ਕੇ ਆਪਣੀ ਜਾਨ ਬਚਾਈ, ਜਦੋਂ ਕਿ ਭੱਠੀ ਤੋਂ ਥੋੜ੍ਹਾ ਦੂਰ ਖੜ੍ਹਾ ਅਮਨ ਕੁਮਾਰ ਨਾਮਕ ਮਜ਼ਦੂਰ ਜ਼ਖ਼ਮੀ ਹੋ ਗਿਆ, ਜਿਸ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ।ਘਟਨਾ ਦੀ ਸੂਚਨਾ ਮਿਲਣ 'ਤੇ ਮੌਕੇ 'ਤੇ ਜਾਂਚ ਕਰਨ ਲਈ ਪਹੁੰਚੇ ਥਾਣਾ ਮੰਡੀ ਗੋਬਿੰਦਗੜ੍ਹ ਦੇ ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਕੁਬੇਰ ਕਾਸਟਿੰਗ 'ਚ ਹੋਏ ਧਮਾਕੇ ਕਾਰਨ ਮਾਰੇ ਗਏ ਮਜ਼ਦੂਰ ਦੀ ਪਹਿਚਾਣ ਤਨੁਕੀ ਸ਼ਰਮਾ (61) ਪੁੱਤਰ ਕਮਲੀ ਸ਼ਰਮਾ, ਪਿੰਡ ਸੋਨੌਲੀਆ ਜ਼ਿਲ੍ਹਾ ਭਾਗਲਪੁਰ (ਬਿਹਾਰ) ਹਾਲ ਕਿਰਾਏਦਾਰ ਪਿੰਡ ਅੰਬੇਮਾਜਰਾ ਵਜੋਂ ਹੋਈ ਹੈ, ਜਦੋਂਕਿ ਜ਼ਖ਼ਮੀ ਦੀ ਸ਼ਨਾਖਤ ਲੱਲਨ ਸਿੰਘ ਵਾਸੀ ਬਿਹਾਰ ਵਜੋਂ ਹੋਈ ਹੈ।ਉਨ੍ਹਾਂ ਦੱਸਿਆ ਕਿ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦਾ ਇੰਤਜ਼ਾਰ ਕੀਤਾ ਜਾ ਰਿਹਾ ਹੈ, ਜਿਨ੍ਹਾਂ ਦੇ ਬਿਆਨ ਦਰਜ ਕਰਕੇ ਅਗਲੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

## ਹੋਲੀ ਹਾਰਟ ਸਕੂਲ 'ਚ ਬੱਚਿਆਂ ਨੂੰ ਅਧਿਆਪਕ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ



ਅਜੀਤਵਾਲ (ਨਛੱਤਰ ਸੰਧੂ)-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿੱਚ ਬੱਚਿਆਂ ਨੂੰ ਅਧਿਆਪਕ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਗਿਆ। ਅਧਿਆਪਕਾਂ ਨੇ ਬੱਚਿਆਂ ਨੂੰ ਦੱਸਿਆ ਕਿ ਅਧਿਆਪਕਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।ਅਧਿਆਪਕ ਉਹ ਵਰਗ ਹੈ, ਜਿਸ ਨੂੰ ਗੁਰੂ ਦਾ ਦਰਜਾ ਵੀ ਦਿੱਤਾ ਗਿਆ ਹੈ, ਕਿਉਂਕਿ ਅਧਿਆਪਕ ਨੇ ਦੇਸ਼ ਦਾ ਭਵਿੱਖ ਤਿਆਰ ਕਰਨਾ ਹੈ।ਉਸ ਦੇ ਪੜ੍ਹਾਏ ਵਿਦਿਆਰਥੀਆਂ ਨੇ ਵੱਖ-ਵੱਖ ਖੇਤਰਾਂ ਵਿੱਚ ਜਾ ਕੇ ਸਮਾਜ ਦੀ ਭਲਾਈ ਲਈ ਕੰਮ ਕਰਨਾ ਹੈ, ਪ੍ਰੰਤੂ ਉਹ ਤਾਂ ਹੀ ਕਰ ਸਕਦਾ ਹੈ, ਜੇਕਰ ਉਸ ਨੂੰ ਚੰਗੀ ਸਿੱਖਿਆ ਮਿਲੀ ਹੋਵੇਗੀ।ਅਧਿਆਪਕ ਵਰਗ ਆਪਣੇ ਪਰਵਾਰਾਂ ਨਾਲੋਂ ਵੱਧ ਸਕੂਲ ਵਿੱਚ ਵਿਦਿਆਰਥੀਆਂ ਨੂੰ ਵੱਧ ਸਮਾਂ ਦਿੰਦਾ ਹੈ ਤੇ ਇਨ੍ਹਾਂ ਅਧਿਆਪਕਾਂ ਦੀ ਬਦੌਲਤ ਵੱਖ-ਵੱਖ ਖੇਤਰਾਂ ਦੀਆਂ ਜਾਰੀ ਤੇ ਰਹੀਆਂ ਮੈਰਿਟ ਸੂਚੀਆਂ ਵਿੱਚ ਸਕੂਲਾਂ ਦੇ ਵਿਦਿਆਰਥੀ ਮੋਹਰੀ ਦਿਖਾਈ ਦਿੰਦੇ ਹਨ, ਦੂਜੇ ਪਾਸੇ ਇਹ ਵੀ ਸੱਚ ਹੈ ਕਿ ਅਧਿਆਪਕ ਤੇ ਵਿਦਿਆਰਥੀ ਦੇ ਰਿਸ਼ਤੇ ਵੀ ਘਟਾਸ ਭਰੇ ਬਣੇ ਹਨ।ਅਧਿਆਪਕ 'ਤੇ ਇੱਕ ਬੱਚੇ ਦੇ ਭਵਿੱਖ ਦੀ ਇਸ ਤੋਂ ਵਧ ਦੇਣ ਦੀ ਜ਼ਿੰਮੇਵਾਰੀ ਹੁੰਦੀ ਹੈ, ਸਮਾਜ ਉਸ ਨੂੰ ਸਤਿਕਾਰ ਦਿੰਦਾ ਹੈ। ਉਨ੍ਹਾਂ ਕਿਹਾ ਕਿ ਸਮਾਜ ਵਿੱਚ ਚੰਗਾ ਤੇ ਮਾੜਾ ਪਹਿਲੂ ਹੁੰਦਾ ਹੈ, ਮਾੜਾ ਘੱਟ 'ਤੇ ਚੰਗਿਆਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ।ਇਸ ਲਈ ਵਿਦਿਆਰਥੀਆਂ ਨੂੰ ਆਪਣੇ ਅਧਿਆਪਕ ਦਾ ਸਤਿਕਾਰ ਕਰਨਾ ਚਾਹੀਦਾ ਹੈ।

## ਸੜਕ ਹਾਦਸਿਆਂ ਤੋਂ ਪ੍ਰਭਾਵਿਤ ਲੋਕਾਂ ਲਈ ਵਰਦਾਨ ਸਾਬਿਤ ਹੋ ਰਹੀ ਹੈ ਫਰਿਸ਼ਤੇ ਸਕੀਮ : ਡੀ ਸੀ



ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮਹੱਤਵਪੂਰਨ 'ਫਰਿਸ਼ਤੇ' ਸਕੀਮ, ਸੜਕ ਹਾਦਸਿਆਂ ਤੋਂ ਪ੍ਰਭਾਵਿਤ ਲੋਕਾਂ ਲਈ ਵਰਦਾਨ ਸਾਬਿਤ ਹੋ ਰਹੀ ਹੈ।ਉਨ੍ਹਾਂ ਦੱਸਿਆ ਕਿ ਇਸ ਸਕੀਮ ਦਾ ਮੁੱਖ ਉਦੇਸ਼ ਸੜਕ ਹਾਦਸਿਆਂ ਵਿੱਚ ਜ਼ਖ਼ਮੀ ਹੋਏ ਲੋਕਾਂ ਨੂੰ ਤੁਰੰਤ ਮੈਡੀਕਲ ਸਹਾਇਤਾ ਪ੍ਰਦਾਨ ਕਰਕੇ ਕੀਮਤੀ ਜਾਨਾਂ ਬਚਾਉਣਾ ਤੇ ਉਨ੍ਹਾਂ ਮਦਦਗਾਰਾਂ ਨੂੰ ਪ੍ਰੋਤਸਾਹਿਤ ਕਰਨਾ ਹੈ, ਜੋ ਅਜਿਹੇ ਹਾਦਸਿਆਂ ਵਿੱਚ ਅੱਗੇ ਆਉਂਦੇ ਹਨ।ਉਨ੍ਹਾਂ ਕਿਹਾ ਕਿ ਇਹ ਸਕੀਮ ਸੂਬੇ ਵਿੱਚ ਸਿਹਤ ਸੰਭਾਲ ਤੇ ਸੜਕ ਸੁਰੱਖਿਆ ਨੂੰ ਬਿਹਤਰ ਬਣਾਉਣ ਵਿੱਚ ਇੱਕ ਮਿਸਾਲੀ ਕਦਮ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜੇਕਰ ਕੋਈ ਵੀ ਨਾਗਰਿਕ ਸਵੈ-ਇੱਛਾ ਨਾਲ ਦੁਰਘਟਨਾ ਪੀੜਤਾਂ ਦੀ ਜਾਨ ਬਚਾਉਣ ਵਿੱਚ ਮਦਦ ਕਰਦਾ ਹੈ ਤਾਂ ਉਸ ਨੂੰ 'ਫਰਿਸ਼ਤਾ' ਮੰਨਦੇ ਹੋਏ 2 ਹਜ਼ਾਰ ਰੁਪਏ ਦੀ ਨਗਦ ਰਾਸ਼ੀ ਤੇ ਪ੍ਰਸੰਸਾ ਪੱਤਰ ਨਾਲ ਨਿਵਾਜਿਆ ਜਾਂਦਾ ਹੈ।ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਨਾਗਰਿਕਾਂ ਨੂੰ ਦੁਰਘਟਨਾਵਾਂ ਵਿੱਚ ਜ਼ਖ਼ਮੀ ਹੋਣ ਵਾਲੇ ਵਿਅਕਤੀਆਂ ਦੀ ਮਦਦ ਲਈ ਅੱਗੇ ਆਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਕੀਮਤੀ ਜਾਨਾਂ ਨੂੰ ਬਚਾਉਣ ਲਈ ਇਹ ਮਹੱਤਵਪੂਰਨ ਕਦਮ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਹ ਸਕੀਮ 'ਸੁਨਹਿਰੀ ਘੰਟੇ' ਦਾ ਵੱਧ ਤੋਂ ਵੱਧ ਲਾਭ ਉਠਾਉਣ 'ਤੇ ਕੇਂਦ੍ਰਿਤ ਹੈ, ਜੋ ਕਿ ਹਾਦਸੇ ਤੋਂ ਬਾਅਦ ਦਾ ਪਹਿਲਾ ਮਹੱਤਵਪੂਰਨ ਘੰਟਾ ਹੁੰਦਾ ਹੈ, ਜਿੱਥੇ ਤੁਰੰਤ ਇਲਾਜ ਨਾਲ ਜ਼ਖ਼ਮੀ ਵਿਅਕਤੀ ਦੇ ਬਚਣ ਦੀ ਸੰਭਾਵਨਾ ਬਹੁਤ ਵਧ ਜਾਂਦੀ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਇਸ ਪਹਿਲਕਦਮੀ ਨੇ ਨਾ ਸਿਰਫ ਸੜਕ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ ਤੇ ਸੱਟਾਂ ਦੀ ਦਰ ਨੂੰ ਘਟਾਉਣ ਵਿੱਚ ਮਦਦ ਕੀਤੀ ਹੈ, ਬਲਕਿ ਲੋਕਾਂ ਨੂੰ ਬਿਨਾਂ ਕਿਸੇ ਡਰ ਦੇ ਜ਼ਖ਼ਮੀ ਲੋਕਾਂ ਦੀ ਮਦਦ ਕਰਨ ਲਈ ਵੀ ਉਤਸ਼ਾਹਤ ਕੀਤਾ ਹੈ।

## 10 ਲੱਖ ਤੱਕ ਮੁਫਤ ਸਿਹਤ ਯੋਜਨਾ ਲਾਗੂ ਕਰਨਾ ਸ਼ਲਾਘਾਯੋਗ ਕਦਮ : ਖੰਗੂੜਾ



ਨਾਭਾ (ਵਰਿੰਦਰ ਵਰਮਾ)-ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 10 ਲੱਖ ਰੁਪਏ ਤੱਕ ਹਰ ਵਿਅਕਤੀ ਲਈ ਮੁਫਤ ਇਲਾਜ ਯੋਜਨਾ ਚਲਾਉਣਾ ਬਹੁਤ ਸ਼ਲਾਘਾਯੋਗ ਕਦਮ ਹੈ। ਇਹ ਵਿਚਾਰ ਪੱਤਰਕਾਰ ਨਾਲ ਸਮਾਜ ਕਲਿਆਣ ਸਾਹਿਤ ਮੰਚ ਪੰਜਾਬ ਦੇ ਸੂਬਾ ਪ੍ਰਧਾਨ ਰਣਧੀਰ ਸਿੰਘ ਖੰਗੂੜਾ ਨੇ ਸਾਂਝੇ ਕੀਤੇ।ਰਣਧੀਰ ਸਿੰਘ ਖੰਗੂੜਾ ਨੇ ਕਿਹਾ ਕਿ ਅੱਜ ਸਾਡੇ ਦੇਸ਼ ਵਿੱਚ 70 ਫੀਸਦੀ ਤੋਂ ਵੱਧ ਲੋਕ ਗਰੀਬ ਹਨ ਤੇ ਰੋਜ਼ ਦੀ ਜ਼ਿੰਦਗੀ ਬਸਰ ਕਰ ਰਹੇ ਹਨ।ਅਜਿਹੇ ਲੋਕਾਂ ਅੱਜ ਵਿੱਚ ਸਭ ਵੱਡੀ ਸਮੱਸਿਆ ਦਿਨੋਂ ਦਿਨ ਹਰ ਤਰ੍ਹਾਂ ਦੇ ਪਦਾਰਥਾਂ ਤੇ ਵਸਤੂਆਂ ਦੀਆਂ ਕੀਮਤਾਂ, ਜੋ ਅਸਮਾਨ ਨੂੰ ਛੂੰਹਦੀਆਂ ਜਾ ਰਹੀਆਂ ਹਨ, ਜਿਨ੍ਹਾਂ ਵਿੱਚ ਖਾਸ ਕਰਕੇ ਸਿੱਖਿਆ ਤੇ ਸਿਹਤ ਸਹੂਲਤਾਂ ਦੇ ਖਰਚੇ ਗਰੀਬ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਗਏ ਹਨ।ਖੰਗੂੜਾ ਨੇ ਕਿਹਾ ਕਿ ਜੇ ਸਹੀ ਤਰੀਕੇ ਨਾਲ ਇਸ ਸਿਹਤ ਯੋਜਨਾ ਦਾ ਲਾਭ ਮਿਲਦਾ ਹੈ, ਤਾਂ ਪੰਜਾਬ ਸਰਕਾਰ ਦੀ ਪੰਜਾਬ ਦੇ ਲੋਕਾਂ ਨੂੰ ਇਹ ਬਹੁਤ ਵੱਡੀ ਦੇਣ ਹੋਵੇਗੀ।ਖੰਗੂੜਾ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਆਮ ਆਦਮੀ ਪਾਰਟੀ ਵੱਲੋਂ ਬੁਢਾਪਾ ਪੈਨਸ਼ਨ 25,00/- ਰੁਪਏ ਕਰਨ ਤੇ ਗਰੀਬ ਮਹਿਲਾਵਾਂ ਨੂੰ 1000/- ਰੁਪਏ ਮਹੀਨਾ ਸਹਿਯੋਗ ਦੇਣ ਦਾ ਜੋ ਵਾਅਦਾ ਕੀਤਾ ਸੀ, ਉਸ ਨੂੰ ਜਲਦ ਪੂਰਾ ਕੀਤਾ ਜਾਵੇ।ਖੰਗੂੜਾ ਨੇ ਬੁਢਾਪਾ ਪੈਨਸ਼ਨ ਲੈਣ ਲਈ ਉਮਰ ਹੱਦ ਪੁਰਸ਼ਾਂ ਲਈ 65 ਸਾਲ ਤੇ ਔਰਤਾਂ ਲਈ 60 ਸਾਲ ਤੋਂ ਘਟ ਕੇ 58 ਸਾਲ ਕੀਤੀ ਜਾਵੇ।ਇਸ 'ਤੇ ਤਰਕ ਦਿੰਦਿਆਂ ਖੰਗੂੜਾ ਨੇ ਕਿਹਾ ਕਿ ਜੇ ਪੰਜਾਬ ਸਰਕਾਰ ਨੇ ਸੇਵਾ ਮੁਕਤੀ ਦੀ ਉਮਰ 58 ਸਾਲ ਰੱਖੀ ਹੋਈ ਹੈ, ਤਾਂ ਬੁਢਾਪਾ ਪੈਨਸ਼ਨ ਵੀ 58 ਸਾਲ ਉਮਰ ਪੂਰੀ ਕਰਨ ਵਾਲਿਆਂ ਲਈ ਲਾਗੂ ਹੋਣੀ ਚਾਹੀਦੀ ਹੈ।ਇਸ ਦੇ ਨਾਲ ਖਾਸ ਕਰਕੇ ਬਿਰਧ ਗਰੀਬ ਲੋਕਾਂ ਨੂੰ ਕਾਫੀ ਲਾਭ ਹੋਵੇਗਾ।

## ਖਜ਼ਾਨਾ ਮੰਤਰੀ ਵੱਲੋਂ ਗ੍ਰਾਮ ਪੰਚਾਇਤ ਛਾਜਲੀ ਨੂੰ 80 ਲੱਖ ਦਾ ਚੈੱਕ ਭੇਟ



ਦਿੜ੍ਹਬਾ (ਜਸਵੀਰ ਲਾਡੀ)-ਨੇੜਲੇ ਪਿੰਡ ਛਾਜਲੀ ਵਿਖੇ ਪੰਜਾਬ ਦੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਵਿਸ਼ੇਸ਼ ਤੌਰ 'ਤੇ ਪਹੁੰਚੇ, ਜਿੱਥੇ ਉਨ੍ਹਾਂ ਪਿੰਡ ਦੇ ਸਰਪੰਚ ਗੁਰਵਿਆਸ ਸਿੰਘ ਖੰਗੂੜਾ ਤੇ ਗ੍ਰਾਮ ਪੰਚਾਇਤ ਛਾਜਲੀ ਨੂੰ 80 ਲੱਖ ਦਾ ਚੈੱਕ ਭੇਟ ਕੀਤਾ।ਇਸ 80 ਲੱਖ ਵਿੱਚੋਂ 65 ਲੱਖ ਰੁਪਏ ਪੇਂਡੂ ਖੇਡ ਸਟੇਡੀਅਮ ਲਈ ਤੇ 5 ਲੱਖ ਪਾਰਕ ਬਣਾਉਣ ਲਈ ਦਿੱਤੇ ਗਏ ਹਨ।ਇਸ ਤਰ੍ਹਾਂ 10 ਲੱਖ ਕਾਹਲ ਪੱਤੀ 'ਚ ਬਣ ਰਹੇ ਪਾਰਕ ਲਈ ਦਿੱਤੇ ਗਏ ਹਨ।ਸ. ਹਰਪਾਲ ਸਿੰਘ ਚੀਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ 13,000 ਅਤਿ-ਆਧੁਨਿਕ ਸਟੇਡੀਅਮ ਬਣਾ ਰਹੀ ਹੈ।ਬਹੁਤ ਸਾਰੇ ਸਟੇਡੀਅਮ ਦੀ ਉਸਾਰੀ ਦਾ ਕੰਮ ਚੱਲ ਰਿਹਾ ਹੈ।ਵਧੀਆ ਸਟੇਡੀਅਮ ਬਣਾ ਕੇ ਦੇਣ ਨਾਲ ਪੰਜਾਬ ਦੇ ਨੌਜਵਾਨਾਂ ਦੀ ਅਥਾਹ ਊਰਜਾ ਨੂੰ ਸਕਾਰਾਤਮਕ ਪਾਸੇ ਲਾਉਣ ਲਈ ਖੇਡਾਂ ਨੂੰ ਉਤਸ਼ਾਹਤ ਕਰਨਾ ਬਹੁਤ ਜ਼ਰੂਰੀ ਹੈ।ਇਸ ਮੌਕੇ ਪੰਚਾਇਤ ਮੈਂਬਰ ਸੰਸਾਰ ਸਿੰਘ ਬੋਲਾ, ਗੁਰਸੇਵਕ ਸਿੰਘ ਧਾਲੀਵਾਲ, ਹੁਸਨਪ੍ਰੀਤ ਸਿੰਘ ਚਾਹਲ, ਕਰਮਜੀਤ ਸਿੰਘ ਅਟਵਾਲ, ਬਲਜੀਤ ਸਿੰਘ ਸਮਰਾਓ, ਅਜੀਤ ਸਿੰਘ ਵਾਲੀਆ, ਦਲਜੀਤ ਸਿੰਘ, ਰਾਜੇਸ਼ ਕੁਮਾਰ, ਦੀਪ ਕੰਬੋਜ, ਗਗਨੀ ਸਿੰਘ, ਸਤਗੁਰ ਸਿੰਘ, ਲੱਕੀ ਭਾਊ ਤੋਂ ਬਿਨਾਂ ਵਿੱਕੀ ਵਾਲੀਆ, ਰਿੰਕਾ ਵਾਲੀਆ, ਸੋਨੀ ਫੌਜੀ ਤੇ ਚਮਕੌਰ ਸਿੰਘ ਹਾਜ਼ਰ ਸਨ।

## ਪੰਜਾਬ ਪਬਲਿਕ ਸਕੂਲ ਦੇ ਐੱਨ ਸੀ ਸੀ ਏਅਰ ਵਿੰਗ ਇੰਚਾਰਜ ਸਨਮਾਨਤ




ਨਾਭਾ (ਵਰਿੰਦਰ ਵਰਮਾ)-ਪੰਜਾਬ ਪਬਲਿਕ ਸਕੂਲ ਨਾਭਾ ਦੇ ਐੱਨਸੀਸੀ ਏਅਰ ਵਿੰਗ ਦੇ 21 ਕੈਡਿਟਾਂ ਨੇ 3 ਪੰਜਾਬ ਏਅਰ ਸਕੁਐਡਰਨ ਐੱਨਸੀਸੀ ਪਟਿਆਲਾ ਵੱਲੋਂ ਚੰਡੀਗੜ੍ਹ ਯੂਨੀਵਰਸਿਟੀ ਮੋਹਾਲੀ ਵਿਖੇ ਆਯੋਜਤ ਦਸ ਰੋਜ਼ਾ ਸਾਲਾਨਾ ਸਿਖਲਾਈ ਕੈਂਪ ਵਿੱਚ ਚੀਫ ਅਫ਼ਸਰ ਸ਼ਾਹਿਦ ਅਹਿਮਦ ਦੇ ਨਾਲ ਹਿੱਸਾ ਲਿਆ।ਇਸ ਦਸ ਰੋਜ਼ਾ ਸਾਲਾਨਾ ਸਿਖਲਾਈ ਕੈਂਪ ਵਿੱਚ ਕੈਡਿਟਾਂ ਨੂੰ ਏ ਸਰਟੀਫਿਕੇਟ ਨਾਲ ਸਬੰਧਤ ਸਿਲੇਬਸ ਤੋਂ ਜਾਣੂ ਕਰਵਾਇਆ ਗਿਆ ਤੇ ਇਸ ਨਾਲ ਸਬੰਧਤ ਸਿੱਖਿਆ ਵੀ ਦਿੱਤੀ ਗਈ।ਇਸ ਤੋਂ ਇਲਾਵਾ ਡ੍ਰਿਲ, ਫਾਇਰ ਫਾਈਟਿੰਗ, ਸੀਪੀਆਰ, ਸ਼ਖਸੀਅਤ ਵਿਕਾਸ, ਸਾਈਬਰ ਸੁਰੱਖਿਆ, ਪੀ ਟੀ ਆਦਿ ਨਾਲ ਸਬੰਧਤ ਜਾਣਕਾਰੀ ਵੀ ਦਿੱਤੀ ਗਈ।ਕੈਂਪ ਵਿੱਚ ਆਏ ਵੱਖ-ਵੱਖ ਸਕੂਲਾਂ ਦੇ ਐੱਨਸੀਸੀ ਅਧਿਕਾਰੀਆਂ ਨੂੰ ਕੁਝ ਜ਼ਿੰਮੇਵਾਰੀਆਂ ਵੀ ਸੌਂਪੀਆਂ ਗਈਆਂ।ਪੀਪੀਐੱਸ ਨਾਭਾ ਦੇ ਐੱਨਸੀਸੀ ਏਅਰ ਵਿੰਗ ਇੰਚਾਰਜ ਚੀਫ਼ ਅਫ਼ਸਰ ਸ਼ਾਹਿਦ ਅਹਿਮਦ ਨੂੰ ਮੀਡੀਆ ਦਾ ਕੰਮ ਸੌਂਪਿਆ ਗਿਆ।ਚੰਡੀਗੜ੍ਹ ਯੂਨੀਵਰਸਿਟੀ ਮੋਹਾਲੀ ਦੇ ਵਾਈਸ ਚਾਂਸਲਰ ਡਾ. ਮਨਪ੍ਰੀਤ ਸਿੰਘ ਮੰਨਾ ਨੇ ਸਾਰੇ ਐੱਨਸੀਸੀ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਦੇ ਕੰਮ ਦੀ ਪ੍ਰਸੰਸਾ ਕੀਤੀ।ਇਸ ਸਬੰਧ ਵਿੱਚ, ਉਨ੍ਹਾਂ ਚੀਫ ਅਫ਼ਸਰ ਸ਼ਾਹਿਦ ਅਹਿਮਦ ਦੇ ਕੰਮ ਦੀ ਪ੍ਰਸੰਸਾ ਕੀਤੀ ਤੇ ਮੀਟਿੰਗ ਵਿੱਚ ਉਨ੍ਹਾਂ ਨੂੰ ਪ੍ਰਸੰਸਾ ਪੱਤਰ ਦਿੱਤਾ।ਇਸ ਪ੍ਰਸੰਸਾ ਪੱਤਰ ਕਾਰਨ ਸਾਰੇ ਅਧਿਕਾਰੀਆਂ ਵਿੱਚ ਉਤਸ਼ਾਹ ਦੀ ਲਹਿਰ ਹੈ।ਚੀਫ ਅਫਸਰ ਸ਼ਾਹਿਦ ਅਹਿਮਦ ਨੇ ਵਾਈਸ ਚਾਂਸਲਰ ਡਾ. ਮਨਪ੍ਰੀਤ ਸਿੰਘ ਮੰਨਾ ਜੀ ਦਾ ਧੰਨਵਾਦ ਕੀਤਾ।

# ਮੁੱਖ ਅਧਿਆਪਕ ਤੇ ਕੇਂਦਰ ਮੁੱਖ ਅਧਿਆਪਕ ਜਥੇਬੰਦੀ ਵੱਲੋਂ ਮਸਲਿਆਂ ਨੂੰ ਲੈ ਕੇ ਕਨਵੈਨਸ਼ਨ



ਬਰੇਟਾ (ਰੀਤਵਾਲ)

ਮੁੱਖ ਅਧਿਆਪਕ ਤੇ ਕੇਂਦਰ ਮੁੱਖ ਅਧਿਆਪਕ ਜਥੇਬੰਦੀ ਪੰਜਾਬ ਵੱਲੋਂ ਪੰਜਾਬ ਭਰ ਵਿੱਚ ਕਨਵੈਨਸ਼ਨਾਂ ਦੇ ਸ਼ੁਰੂ ਕੀਤੇ ਗਏ ਪ੍ਰੋਗਰਾਮ ਤਹਿਤ ਐਤਵਾਰ ਮੋਗਾ ਵਿਖੇ ਨਛੱਤਰ ਸਿੰਘ ਯਾਦਗਾਰੀ ਹਾਲ ਵਿੱਚ ਜਥੇਬੰਦੀ ਦੀ ਅਧਿਆਪਕ ਮਸਲਿਆਂ ਨੂੰ ਲੈ ਕੇ ਕਨਵੈਨਸ਼ਨ ਕੀਤੀ ਗਈ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਦਿਲਬਾਗ ਸਿੰਘ ਬੌਡੇ ਸਟੇਟ ਆਗੂ ਜ਼ਿਲ੍ਹਾ ਮੋਗਾ ਨੇ ਸਾਰਿਆਂ ਦਾ ਸਵਾਗਤ ਕੀਤਾ।ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਸਤਿੰਦਰ ਦੁਆਬੀਆ ਨੇ ਅਧਿਆਪਕ ਮਸਲਿਆਂ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਅੱਜ ਵਿੱਤ ਨਾਲ ਸੰਬੰਧਤ ਅਹਿਮ ਮਸਲਿਆਂ 'ਤੇ ਵੱਡੀ ਲੜਾਈ ਲੜਨ ਦੀ ਜ਼ਰੂਰਤ ਹੈ, ਜਿਸ 'ਤੇ ਸਾਡੀ ਜਥੇਬੰਦੀ ਵੱਲੋਂ ਪਹਿਲਕਦਮੀ ਕਰਦਿਆਂ ਇਹ ਐਲਾਨ ਕੀਤਾ ਹੈ ਕਿ ਜਦੋਂ ਤੱਕ ਮਸਲਿਆਂ ਦਾ ਹੱਲ ਨਹੀਂ ਹੁੰਦਾ ਸੰਘਰਸ਼ ਜਾਰੀ ਰਹੇਗਾ।ਜਥੇਬੰਦੀ ਦੇ ਸੂਬਾ ਪ੍ਰਧਾਨ ਅਮਨਦੀਪ ਸ਼ਰਮਾ ਨੇ ਬੋਲਦਿਆਂ ਕਿਹਾ ਕਿ ਮੁਲਾਜ਼ਮਾਂ ਦੀਆਂ ਮਹਿੰਗਾਈ ਭੱਤੇ ਦੀਆਂ 13% ਕਿਸ਼ਤਾਂ ਜਾਰੀ ਕਰਨਾ, ਪੇਂਡੂ ਭੱਤਾ ਬਹਾਲ ਕਰਨਾ, ਵੱਖ ਵੱਖ ਪ੍ਰਕਾਰ ਦੇ ਕੱਟੇ 37 ਭੱਤਿਆਂ ਦੀ ਬਹਾਲੀ, 1904 ਹੈੱਡ ਟੀਚਰ ਦੀਆਂ ਪੋਸਟਾਂ ਨੂੰ ਬਹਾਲ ਕਰਨਾ, ਹੈੱਡ ਟੀਚਰ ਦੀ ਪੋਸਟ ਨੂੰ ਪ੍ਰਬੰਧਕੀ ਪੋਸਟ ਕਰਨਾ, ਹਰੇਕ ਸਕੂਲ ਵਿੱਚ ਪਾਰਟ ਟਾਈਮ ਸਵੀਪਰ ਦੀ ਨਿਯੁਕਤੀ ਕਰਨਾ, ਪ੍ਰੀ ਪ੍ਰਾਈਮਰੀ ਵਿੰਗ ਲਈ ਵਿਸ਼ੇਸ਼ ਤੌਰ 'ਤੇ ਅਧਿਆਪਕਾਂ ਤੇ ਹੈਲਪਰਾਂ ਦੀ ਭਰਤੀ ਕਰਨਾ, ਅਧਿਆਪਕਾਂ ਦੀਆਂ ਖਾਲੀ ਪਈਆਂ ਅਸਾਮੀਆਂ ਦੀ ਭਰਤੀ ਕਰਨਾ, ਅਧਿਆਪਕਾਂ ਦੀਆਂ ਤਰੱਕੀਆਂ ਨੂੰ ਸਮਾਂ-ਬੱਧ ਕਰਨਾ, 6635, 5994, 2364 ਅਧਿਆਪਕਾਂ ਨੂੰ ਪੰਜਾਬ ਪੇ ਕਮਿਸ਼ਨ ਦੇਣਾ, ਏਪੀਪੀਟੀ ਅਧਿਆਪਕਾਂ ਦੀਆਂ ਤਨਖ਼ਾਹਾਂ ਵਿੱਚ ਵਾਧਾ ਕਰਨਾ, ਵੱਖਰਾ ਪੇ ਸਕੇਲ ਦੇਣਾ ਆਦਿ ਅਹਿਮ ਮੁੱਦਿਆਂ 'ਤੇ ਗੱਲਬਾਤ ਕੀਤੀ।

ਜਥੇਬੰਦੀ ਦੇ ਸੂਬਾ ਸਲਾਹਕਾਰ ਭਗਵੰਤ ਭਟੇਜਾ ਨੇ ਗੱਲਬਾਤ ਕਰਦਿਆਂ ਕਿਹਾ ਕਿ ਜਥੇਬੰਦੀ ਨੇ ਸੰਘਰਸ਼ ਦਾ ਰਾਹ ਚੁਣਿਆ ਹੈ।ਜਥੇਬੰਦੀ ਦੇ ਸੂਬਾ ਜਾਇੰਟ ਸਕੱਤਰ ਰਾਕੇਸ਼ ਕੁਮਾਰ ਗੋਇਲ ਬਰੇਟਾ ਨੇ ਅਨਾਮਲੀ ਸਬੰਧੀ, ਸਿੱਧੀ ਭਰਤੀ ਨੂੰ ਉਚੇਰੀ ਜ਼ਿੰਮੇਵਾਰੀ ਦੀ ਤਰੱਕੀ ਸਬੰਧੀ, ਡੀ ਏ ਦੀਆਂ ਕਿਸ਼ਤਾਂ ਤੇ ਬਕਾਇਆ ਅਤੇ ਪੇ ਕਮਿਸ਼ਨ ਦੇ ਬਕਾਇਆ ਸਬੰਧੀ ਜਾਣਕਾਰੀ ਦਿੱਤੀ। ਦਲਜੀਤ ਸਿੰਘ ਸੀਐੱਚਟੀ ਬਠਿੰਡਾ ਨੇ ਮੰਗ ਰੱਖਦਿਆਂ ਕਿਹਾ ਕਿ ਸੀਐੱਚਟੀ ਤੋਂ ਬੀ ਪੀ ਈ ਓ ਦੀ ਪ੍ਰਮੋਸ਼ਨ ਜ਼ਿਲ੍ਹਾ ਪੱਧਰੀ ਸਨਿਓਰਿਟੀ ਬਣਾ ਕੇ ਕਰਨ ਦੀ ਗੱਲ ਆਖੀ।

ਰਾਮਪਾਲ ਜਲੰਧਰ ਨੇ ਐੱਸ ਐੱਮ ਸੀ ਕਮੇਟੀ ਵਿੱਚ ਰਾਜਨੀਤਕ ਦਖਲ ਅੰਦਾਜ਼ੀ ਬਾਰੇ ਆਪਣੀ ਗੱਲ ਰੱਖੀ।ਇਸ ਮੌਕੇ ਜਸਵੀਰ ਸਿੰਘ ਹੁਸ਼ਿਆਰਪੁਰ, ਬਲਜੀਤ ਸਿੰਘ ਗੁਰਦਾਸਪੁਰ, ਬਲਵਿੰਦਰ ਹਾਕਮਵਾਲਾ ਜ਼ਿਲ੍ਹਾ ਪ੍ਰਧਾਨ, ਜਸ਼ਨਦੀਪ ਕੁਲਾਨਾ ਮੀਤ ਪ੍ਰਧਾਨ, ਗੁਰਮੇਲ ਬਰੇ, ਸੁਖਵਿੰਦਰ ਸਿੰਗਲਾ, ਰਾਮਪਾਲ ਗੁੜਦੀ, ਪ੍ਰਵੀਨ ਬਲਿਆਲ, ਅਵਤਾਰ ਸਿੰਘ ਸਹੋਤਾ, ਗੁਰਜੰਟ ਬੋਹਾ, ਹਰਪ੍ਰੀਤ ਸਿੰਘ ਮਾਸਟਰ ਕੇਡਰ, ਦਲਜੀਤ ਸਿੰਘ, ਅਵਤਾਰ ਸਿੰਘ, ਸ਼ਮਸ਼ੇਰ ਸਿੰਘ ਫਾਜ਼ਿਲਕਾ, ਜਗਸੀਰ ਸਿੰਘ ਘਾਰੂ, ਲਛਮਣ ਸਹੋਤਾ ਬਰਨਾਲਾ, ਹਰਜਿੰਦਰ ਸਿੰਘ ਮੋਗਾ, ਗੁਰਪ੍ਰੀਤ ਸਿੰਘ ਮੋਗਾ, ਬਾਬਾ ਸਤਨਾਮ ਸਿੰਘ ਪੇਰੋਕੇ, ਵਿੱਕੀ ਮਾਨਸਾ, ਗੁਰਜੰਟ ਬੱਛੋਆਣਾ, ਕਿਰਨਪਾਲ ਮੁਣਕ, ਸੁਖਜਿੰਦਰ ਸਿੰਘ ਪੰਛੀ, ਸੁਖਵਿੰਦਰ ਚਾਹਲ ਪਾਤੜਾਂ, ਗੁਲਜਾਰ ਸਿੰਘ, ਪਰਵੇਸ਼ ਕੁਮਾਰ ਬਰੇਟਾ, ਹਰਫੂਲ ਬੋਹਾ, ਨੈਬ ਸਿੰਘ, ਬਿੰਦਰਪਾਲ, ਨੀਰਜ ਕੁਮਾਰ, ਅਮਿਤ ਕੁਮਾਰ ਸੀਐੱਚਟੀ, ਗੁਰਜੰਟ ਚੋਟੀਆਂ ਤੇ ਹੋਰ ਅਧਿਆਪਕਾਂ ਨੇ ਭਾਗ ਲਿਆ।

# ਹਰਪਾਲ ਕੌਰ ਬਣੇ ਪੁਰਾਣੀ ਪੈਨਸ਼ਨ ਬਹਾਲੀ ਸੰਗਠਨ ਪੰਜਾਬ ਦੇ ਸੂਬਾ ਪ੍ਰਧਾਨ

- ਪੁਰਾਣੀ ਪੈਨਸ਼ਨ ਸਾਡਾ ਸੰਵਿਧਾਨਕ ਹੱਕ-ਅਮਨਦੀਪ ਸ਼ਰਮਾ
- ਸਮੁੱਚੇ ਪੰਜਾਬ 'ਚ ਵੱਖ ਵੱਖ ਪੱਧਰਾਂ 'ਤੇ ਕਮੇਟੀਆਂ ਦਾ ਜਲਦ ਕਰਾਂਗੇ ਗਠਨ : ਹਰਪਾਲ ਕੌਰ



ਮਾਨਸਾ (ਆਤਮਾ ਸਿੰਘ ਪਮਾਰ)-ਸੈਂਟਰ ਹੈੱਡ ਟੀਚਰ ਤੇ ਹੈੱਡ ਟੀਚਰ ਜਥੇਬੰਦੀ ਦੇ ਸੂਬਾਈ ਪ੍ਰਧਾਨ ਅਮਨਦੀਪ ਸ਼ਰਮਾ ਨੇ ਦੱਸਿਆ ਕਿ ਪੁਰਾਣੀ ਪੈਨਸ਼ਨ ਬਹਾਲ ਕਰਵਾਉਣ ਸਬੰਧੀ ਵੱਖ ਵੱਖ ਵਿਭਾਗਾਂ ਦੇ ਕਰਮਚਾਰੀਆਂ ਦੀ ਇੱਕ ਅਹਿਮ ਮੀਟਿੰਗ ਹੋਈ।ਮੀਟਿੰਗ ਦੌਰਾਨ ਵਿਚਾਰ ਵਟਾਂਦਰਾ ਕਰਨ ਉਪਰੰਤ ਹਰਪਾਲ ਕੌਰ ਮਾਨਸਾ ਨੂੰ ਸਰਬਸੰਮਤੀ ਨਾਲ ਸੰਗਠਨ ਦੀ ਸੂਬਾ ਪ੍ਰਧਾਨ ਚੁਣਿਆ ਗਿਆ।ਇਸ ਮੌਕੇ ਅਮਨਦੀਪ ਸ਼ਰਮਾ ਨੇ ਕਿਹਾ ਕਿ ਪੁਰਾਣੀ ਪੈਨਸ਼ਨ ਲੈਣਾ ਸਾਡਾ ਸੰਵਿਧਾਨਕ ਹੱਕ ਹੈ।ਸ਼ਰਮਾ ਨੇ ਕਿਹਾ ਕਿ ਪੰਜਾਬ ਦੇ ਸਮੁੱਚੇ ਮੁਲਾਜ਼ਮਾਂ ਨੂੰ ਇਕੱਠੇ ਹੋ ਕੇ ਪੁਰਾਣੀ ਪੈਨਸ਼ਨ ਬਹਾਲੀ ਦੀ ਲੜਾਈ ਲੜਨੀ ਪਵੇਗੀ। ਉਨ੍ਹਾਂ ਕਿਹਾ ਕਿ ਮੈਡਮ ਹਰਪਾਲ ਕੌਰ ਮਾਨਸਾ ਨੂੰ ਇਹ ਅਹਿਮ ਜ਼ਿੰਮੇਵਾਰੀ ਦਿੱਤੀ ਗਈ ਹੈ, ਜਿਸ ਕਾਰਨ ਪੁਰਾਣੀ ਪੈਨਸ਼ਨ ਵਾਲੀ ਸਬੰਧੀ ਗਤੀਵਿਧੀਆਂ ਨੂੰ ਹੁਣ ਹੋਰ ਤੇਜ਼ ਕੀਤਾ ਜਾਵੇਗਾ।

ਇਸ ਸਮੇਂ ਨਵ-ਨਿਯੁਕਤ ਸੂਬਾ ਪ੍ਰਧਾਨ ਮੈਡਮ ਹਰਪਾਲ ਕੌਰ ਮਾਨਸਾ ਨੇ ਕਿਹਾ ਕਿ ਜਲਦੀ ਹੀ ਸੂਬੇ ਭਰ 'ਚ ਵਿਧਾਇਕਾਂ ਤੇ ਮੰਤਰੀਆਂ ਨੂੰ ਪੁਰਾਣੀ ਪੈਨਸ਼ਨ ਬਹਾਲੀ ਸਬੰਧੀ ਮੰਗ ਪੱਤਰ ਦਿੱਤੇ ਜਾਣਗੇ ਤੇ ਮੀਟਿੰਗਾਂ ਦਾ ਸਿਲਸਿਲਾ ਵੀ ਸ਼ੁਰੂ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਜਲਦੀ ਹੀ ਪੰਜਾਬ ਪੱਧਰ 'ਤੇ ਸਾਰੇ ਵਿਭਾਗਾਂ ਵਿੱਚੋਂ ਮੁਲਾਜ਼ਮਾਂ ਨਾਲ ਤਾਲਮੇਲ ਕਰਕੇ ਕੇ ਸੰਗਠਨ ਨੂੰ ਹੇਠਲੇ ਪੱਧਰ ਤੱਕ ਮਜ਼ਬੂਤ ਕੀਤਾ ਜਾਵੇਗਾ।ਇਸ ਮੌਕੇ ਛੇ ਜ਼ਿਲ੍ਹਿਆਂ ਦੇ ਪ੍ਰਧਾਨ ਵੀ ਲਗਾਏ ਗਏ, ਜਿਨ੍ਹਾਂ ਵਿੱਚ ਮਾਨਸਾ ਤੋਂ ਭਾਰਤ ਭੂਸ਼ਣ ਮਾਨਸਾ, ਲਖਵਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਮੁਕਤਸਰ ਸਾਹਿਬ, ਮਾਸਟਰ ਸ਼ਮਸ਼ੇਰ ਸਿੰਘ ਫਾਜ਼ਿਲਕਾ, ਮਾਸਟਰ ਲਛਮਣ ਸਿੰਘ ਸਹੋਤਾ ਬਰਨਾਲਾ, ਜਗਸੀਰ ਸਿੰਘ ਘਾਰੂ ਨੂੰ ਮੋਗਾ ਦਾ ਜ਼ਿਲ੍ਹਾ ਪ੍ਰਧਾਨ ਲਗਾਇਆ ਗਿਆ ਹੈ।ਇਸ ਤੋਂ ਇਲਾਵਾ ਅਵਤਾਰ ਸਿੰਘ ਸਹੋਤਾ ਨੂੰ ਪੰਜਾਬ ਦਾ ਮੁੱਖ ਸਲਾਹਕਾਰ ਵੀ ਨਿਯੁਕਤ ਕੀਤਾ ਗਿਆ।ਹਰਪਾਲ ਕੌਰ ਮਾਨਸਾ ਨੇ ਕਿਹਾ ਕਿ ਬਾਕੀ ਜ਼ਿਲ੍ਹਿਆਂ ਦੀ ਚੋਣ ਵੀ ਜਲਦ ਹੀ ਕੀਤੀ ਜਾਵੇਗੀ ਤੇ ਅਗਸਤ ਦੇ ਪਹਿਲੇ ਹਫਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਵੱਡੇ ਵਫਦ ਦੇ ਰੂਪ 'ਚ ਮਿਲਣ ਦਾ ਪ੍ਰੋਗਰਾਮ ਉਲੀਕਿਆ ਜਾਵੇਗਾ।

## ਖਾਟੂ ਸ਼ਿਆਮ ਦੇ ਦੁਕਾਨਦਾਰਾਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੁਜਾ)-ਬ੍ਰਾਹਮਣ ਸਭਾ 5995 ਦੇ ਪ੍ਰਧਾਨ ਦੀਪਕ ਪਾਲ ਸ਼ਰਮਾ ਨੇ ਹਾਲ ਹੀ 'ਚ ਰਾਜਸਥਾਨ 'ਚ ਸ੍ਰੀ ਖਾਟੂ ਸ਼ਿਆਮ ਦੇ ਦੁਕਾਨਦਾਰਾਂ ਵੱਲੋਂ ਸ਼ਰਧਾਲੂਆਂ ਨੂੰ ਕੁੱਟਣ ਦੀ ਸਖ਼ਤ ਆਲੋਚਨਾ ਕੀਤੀ ਹੈ।ਉਨ੍ਹਾਂ ਕਿਹਾ ਕਿ ਮੰਦਰ ਕਮੇਟੀ ਤੇ ਉੱਥੋਂ ਦੀ ਪੁਲਸ ਨੇ ਦੁਕਾਨਦਾਰਾਂ ਖ਼ਿਲਾਫ਼ ਕੋਈ ਠੋਸ ਕਾਰਵਾਈ ਨਾ ਕਰਕੇ ਆਪਣੀ ਕਾਇਰਤਾ ਤੇ ਪੱਖਪਾਤ ਦਿਖਾਇਆ ਹੈ।

ਹਿੰਦੂ ਧਰਮ 'ਚ ਗਾਹਕਾਂ ਤੇ ਮਹਿਮਾਨਾਂ ਨੂੰ ਭਗਵਾਨ ਦਾ ਦਰਜਾ ਦਿੱਤਾ ਜਾਂਦਾ ਹੈ, ਪਰ ਉੱਥੋਂ ਦੇ ਦੁਕਾਨਦਾਰਾਂ ਨੇ ਨਾ ਸਿਰਫ਼ ਮਰਦਾਂ ਨੂੰ ਸਗੋਂ ਮਹਿਲਾ ਸ਼ਰਧਾਲੂਆਂ ਨੂੰ ਵੀ ਡੰਡਿਆਂ ਨਾਲ ਕੁੱਟਿਆ।ਇਹ ਬਹੁਤ ਸ਼ਰਮ ਦੀ ਗੱਲ ਹੈ ਕਿ ਉਹ ਉਨ੍ਹਾਂ ਸ਼ਰਧਾਲੂਆਂ ਨੂੰ ਕੁੱਟਦੇ ਹਨ, ਜਿਨ੍ਹਾਂ ਤੋਂ ਉਹ ਆਪਣੀ ਰੋਜ਼ੀ-ਰੋਟੀ ਕਮਾਉਂਦੇ ਹਨ।ਹੁਣ ਸ਼ਰਧਾਲੂਆਂ ਨੂੰ ਹੁਣ ਤੋਂ ਖਾਟੂ ਸ਼ਿਆਮ ਦੇ ਦੁਕਾਨਦਾਰਾਂ ਦਾ ਪੂਰੀ ਤਰ੍ਹਾਂ ਬਾਈਕਾਟ ਕਰਨਾ ਚਾਹੀਦਾ ਹੈ। ਘਰੋਂ ਜਾਂ ਰਸਤੇ 'ਚ ਕਿਤੇ ਹੋਰ ਤੋਂ ਪ੍ਰਸ਼ਾਦ ਆਦਿ ਲਿਆਓ।ਪੁਲਸ ਪ੍ਰਸ਼ਾਸਨ, ਸਿਵਲ ਪ੍ਰਸ਼ਾਸਨ ਤੇ ਮੰਦਰ ਕਮੇਟੀ ਨੂੰ ਅਪੀਲ ਹੈ ਕਿ ਦੋਸ਼ੀਆਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

# ਭਾਜਪਾ ਨੇ ਫੂਕਿਆ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ




ਮੋਗਾ (ਇਕਬਾਲ ਸਿੰਘ ਖਹਿਰਾ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੱਲ੍ਹ ਵਿਧਾਨ ਸਭਾ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵਿਦੇਸ਼ ਯਾਤਰਾ 'ਤੇ ਟਿੱਪਣੀ ਕੀਤੀ ਤੇ ਉਸ ਸਮੇਂ ਵਿਵਾਦ ਖੜ੍ਹਾ ਹੋ ਗਿਆ, ਜਦੋਂ ਉਨ੍ਹਾਂ ਗੈਂਗਸਟਰਾਂ ਦੇ ਮੁੱਦੇ 'ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਗੁਜਰਾਤ ਤੋਂ ਭਗੌੜਾ ਕਿਹਾ, ਜਿਸ ਕਾਰਨ ਐਤਵਾਰ ਭਾਜਪਾ ਵੱਲੋਂ ਪੂਰੇ ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੇ ਪੁਤਲੇ ਫੂਕੇ ਗਏ।ਇਸੇ ਲੜੀ ਤਹਿਤ ਮੋਗਾ ਦੀ ਪੁਰਾਣੀ ਦਾਣਾ ਮੰਡੀ ਵਿਖੇ ਸਥਿਤ ਭਾਜਪਾ ਜ਼ਿਲ੍ਹਾ ਦਫ਼ਤਰ ਦੇ ਸਾਹਮਣੇ ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਦੀ ਅਗਵਾਈ ਹੇਠ ਭਗਵੰਤ ਮਾਨ ਦਾ ਪੁਤਲਾ ਸਾੜਿਆ ਗਿਆ ਅਤੇ ਭਾਜਪਾ ਅਧਿਕਾਰੀਆਂ ਤੇ ਵਰਕਰਾਂ ਨੇ ਭਗਵੰਤ ਮਾਨ ਤੇ ਪੰਜਾਬ ਦੀ ਆਮ ਆਦਮੀ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ।ਇਸ ਮੌਕੇ ਸੀਨੀਅਰ ਆਗੂ ਨਿਧੜਕ ਸਿੰਘ ਬਰੜ, ਜਨਰਲ ਸਕੱਤਰ ਮੁਖਤਿਆਰ ਸਿੰਘ, ਜਨਰਲ ਸਕੱਤਰ ਵਿੱਕੀ ਸੀਤਾਰਾ, ਮਹਿਲਾ ਵਿੰਗ ਦੀ ਪ੍ਰਧਾਨ ਸ਼ਿਲਪਾ ਬਾਂਸਲ, ਗੀਤਾ ਆਰੀਆ, ਪ੍ਰੋਮਿਲਾ ਮਨਰਾਏ, ਮੰਡਲ ਪ੍ਰਧਾਨ ਬਾਘਾ ਪੁਰਾਣਾ ਦੀਪਕ ਤਲਵਾੜ, ਸੁਖਚੈਨ ਸਿੰਘ, ਸੁਖਬੀਰ ਸਿੰਘ ਘੋਲੀਆ, ਸੋਨੀ ਭੱਟੀ, ਰਾਜਿੰਦਰ ਗਾਬਾ, ਅਜੈ ਸਿੰਘ ਭੁੱਚੜਾਂ, ਮਨਦੀਪ ਸਿੰਘ ਪ੍ਰਧਾਨ, ਮਨਦੀਪ ਸਿੰਘ ਭੁੱਚੜਾਂ, ਜਤਿੰਦਰ ਚੱਢਾ, ਮੁਕੇਸ਼ ਸ਼ਰਮਾ, ਸੁਕੇਸ਼ ਸੂਦ, ਅਮਰੀਕ ਸਿੰਘ, ਤੇਜਵੀਰ ਸਿੰਘ, ਹਰਵਿੰਦਰ ਸਿੰਘ ਸੁੱਖਾ ਸਿੰਘ, ਨਿਰੰਜਨ ਸਿੰਘ, ਤ੍ਰਿਲੋਕ ਸਿੰਘ, ਨਾਮਦੇਵ ਸਿੰਘ, ਕ੍ਰਿਸ਼ਨ ਗੋਪਾਲ, ਸੁਸ਼ੀਲ ਕੁਮਾਰ, ਸੁਨੀਲ ਕੁਮਾਰ, ਗੋਲਡੀ ਕੌਰ, ਵੀਰਪਾਲ ਕੌਰ, ਮਹਿਕ ਖੁੱਲਰ, ਸੁਖਵਿੰਦਰ ਸਿੰਘ ਅਤੇ ਹੋਰ ਵਰਕਰ ਤੇ ਅਧਿਕਾਰੀ ਹਾਜ਼ਰ ਸਨ।

ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਨੇ ਕਿਹਾ ਕਿ ਭਗਵੰਤ ਮਾਨ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਵਿਰੁੱਧ ਵਰਤੇ ਗਏ ਅਪਸ਼ਬਦਾਂ ਲਈ ਮੁਆਫ਼ੀ ਮੰਗਣੀ ਚਾਹੀਦੀ ਹੈ, ਨਹੀਂ ਤਾਂ ਭਾਜਪਾ ਪੰਜਾਬ ਸਰਕਾਰ ਵਿਰੁੱਧ ਆਪਣਾ ਸੰਘਰਸ਼ ਜਾਰੀ ਰੱਖੇਗੀ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਭਗਵੰਤ ਮਾਨ ਹਰ ਰੋਜ਼ ਕਿਸੇ ਨਾ ਕਿਸੇ ਵਿਰੁੱਧ ਗਲਤ ਟਿੱਪਣੀਆਂ ਕਰਦੇ ਰਹਿੰਦੇ ਹਨ, ਉਸ ਨਾਲ ਪੰਜਾਬੀਆਂ ਦਾ ਸਤਿਕਾਰ ਘੱਟ ਗਿਆ ਹੈ ਤੇ ਭਗਵੰਤ ਮਾਨ ਨੇ ਆਪਣੀਆਂ ਟਿੱਪਣੀਆਂ ਨਾਲ ਪੰਜਾਬ ਦੇ ਲੋਕਾਂ ਨੂੰ ਸ਼ਰਮਿੰਦਾ ਕੀਤਾ ਹੈ।ਉਨ੍ਹਾਂ ਕਿਹਾ ਕਿ ਜਦੋਂ ਭਗਵੰਤ ਮਾਨ ਦਿੱਲੀ ਜਾਂਦੇ ਹਨ ਤਾਂ ਉਹ ਪ੍ਰਧਾਨ ਮੰਤਰੀ ਤੇ ਕੇਂਦਰ ਸਰਕਾਰ ਨੂੰ ਬੇਨਤੀ ਕਰਦੇ ਹਨ ਅਤੇ ਉੱਥੋਂ ਕਰਜ਼ਾ ਲੈ ਕੇ ਆਪਣੀ ਸਰਕਾਰ ਚਲਾਉਂਦੇ ਹਨ, ਪਰ ਪੰਜਾਬ ਆ ਕੇ ਸਸਤੀ ਪ੍ਰਸਿੱਧੀ ਹਾਸਲ ਕਰਨ ਲਈ ਉਹ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ 'ਤੇ ਟਿੱਪਣੀਆਂ ਕਰਦੇ ਹਨ, ਜੋ ਉਨ੍ਹਾਂ ਨੂੰ ਪਸੰਦ ਨਹੀਂ ਆਉਂਦਾ।

## ਢਿੱਲੋਂ ਫਨ ਵਰਲਡ ਵਿਖੇ ਖ਼ੂਨਦਾਨ ਕੈਂਪ ਭਲਕੇ

ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)-ਆਮ ਆਦਮੀ ਪਾਰਟੀ ਪਟਿਆਲਾ ਲੋਕ ਸਭਾ ਦੇ ਇੰਚਾਰਜ ਬਲਜਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਢਿੱਲੋਂ ਫਨ ਵਰਲਡ ਜੌੜੀਆਂ ਸੜਕਾਂ ਦੇਵੀਗੜ੍ਹ ਰੋਡ ਵਿਖੇ 16 ਜੁਲਾਈ ਨੂੰ ਸਵੇਰੇ 9 ਵਜੇ ਤੋਂ ਲੈ ਕੇ 4 ਵਜੇ ਤੱਕ ਖ਼ੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ।ਇਸ ਕੈਂਪ ਵਿੱਚ ਬਲੱਡ ਬੈਂਕ ਰਾਜਿੰਦਰਾ ਹਸਪਤਾਲ ਡਾਕਟਰਾਂ ਦੀ ਟੀਮ ਰਾਹੀਂ ਖ਼ੂਨ ਦੇ ਯੂਨਿਟ ਇਕੱਤਰ ਕਰਨਗੇ, ਜਿਸ ਵਿੱਚ ਕੋਈ ਵੀ ਤੰਦਰੁਸਤ ਇਨਸਾਨ ਆ ਕੇ ਖ਼ੂਨ ਦਾਨ ਕਰ ਸਕਦਾ ਹੈ।ਖ਼ੂਨਦਾਨੀਆਂ ਦੀ ਐਂਟਰੀ ਬਿਲਕੁਲ ਫਰੀ ਹੋਵੇਗੀ।ਇਸ ਸਮੇਂ ਬਲੱਡ ਬੈਂਕਾਂ ਵਿੱਚ ਖ਼ੂਨ ਦੀ ਭਾਰੀ ਘਾਟ ਚੱਲ ਰਹੀ ਹੈ, ਕਿਉਂਕਿ ਖ਼ੂਨਦਾਨ ਕੈਂਪ ਬਹੁਤ ਘੱਟ ਲੱਗ ਰਹੇ ਹਨ।ਉਨ੍ਹਾਂ ਆਮ ਲੋਕਾਂ ਤੇ ਖ਼ੂਨਦਾਨੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਵੱਧ ਤੋਂ ਵੱਧ ਪਹੁੰਚ ਕੇ ਖ਼ੂਨ ਦਾਨ ਕਰਨ ਤਾਂ ਜੋ ਖ਼ੂਨ ਦੀ ਕਮੀ ਨੂੰ ਪੂਰਾ ਕੀਤਾ ਜਾ ਸਕੇ।ਇਸ ਮੌਕੇ ਮੈਨੇਜਰ ਜਰਨਲਿਸਟ ਰਾਜਿੰਦਰ ਸਿੰਘ ਥਿੰਦ, ਕੇਵਲ ਕ੍ਰਿਸ਼ਨ, ਕਲੱਬ ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ, ਗੁਰਸ਼ਰਨ ਸਿੰਘ ਢਿੱਲੋਂ, ਰਜਿੰਦਰ ਸਿੰਘ ਕੋਹਲੀ ਮੀਡੀਆ ਤੇ ਸਰਨਜੀਤ ਸਿੰਘ ਹਾਜ਼ਰ ਸਨ।

# ਬਾਬਾ ਨਰੈਣ ਦਾਸ ਮੋਨੀ ਦੀ ਯਾਦ 'ਚ ਫਰੀਦਪੁਰ ਵਿਖੇ ਬਣਾਇਆ ਜਾਵੇਗਾ ਗੇਟ : ਦੇਵ ਮਾਨ

- ਬਾਬਾ ਨਰੈਣ ਦਾਸ ਦੀ ਨਿੱਘੀ ਯਾਦ 'ਚ ਕਰਵਾਇਆ ਬਾਲੀਬਾਲ ਟੂਰਨਾਮੈਂਟ



ਨਾਭਾ (ਵਰਿੰਦਰ ਵਰਮਾ)-ਸੰਤ ਬਾਬਾ ਨਰੈਣ ਦਾਸ ਮੋਨੀ ਜੀ ਤਪਾ ਧਰਾਜ ਵਾਲਿਆਂ ਦੀ ਨਿੱਘੀ ਯਾਦ ਨੂੰ ਸਮਰਪਤ ਪਹਿਲਾ ਬਾਲੀਬਾਲ ਟੂਰਨਾਮੈਂਟ ਪਿੰਡ ਫਰੀਦਪੁਰ ਵਿਖੇ ਕਰਵਾਇਆ ਗਿਆ।ਇਸ ਮੌਕੇ ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਉਨ੍ਹਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਵੱਲੋਂ ਪਿੰਡਾਂ ਵਿੱਚ ਖੇਡ ਗਰਾਊਂਡ ਬਣਾਉਣ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ ਤੇ ਨਾਲ ਹੀ ਨੌਜਵਾਨ ਪੀੜ੍ਹੀ ਨੂੰ ਖੇਡਾਂ ਨਾਲ ਜੋੜਨ ਲਈ ਵੀ ਉਪਰਾਲੇ ਕੀਤੇ ਜਾ ਰਹੇ ਹਨ, ਉੱਥੇ ਹੀ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਅਪੀਲ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਇਹ ਨੌਜਵਾਨ ਪੀੜ੍ਹੀ ਸਾਡੇ ਦੇਸ਼ ਦੀ ਰੀੜ੍ਹ ਦੀ ਹੱਡੀ ਹਨ।ਇਸ ਮੌਕੇ ਵਿਧਾਇਕ ਦੇਵ ਮਾਨ ਨੇ ਬਾਬਾ ਨਰੈਣ ਦਾਸ ਮੋਨੀ ਜੀ ਦੀ ਯਾਦ ਵਿੱਚ ਯਾਦਗਾਰੀ ਗੇਟ ਲਈ 5 ਲੱਖ, ਬਾਲੀਬਾਲ ਗਰਾਊਂਡ ਲਈ 2 ਲੱਖ ਤੇ ਪਿੰਡ ਦੇ ਸ੍ਰੀ ਗੁਰੂ ਰਵਿਦਾਸ ਮੰਦਰ ਲਈ 2 ਲੱਖ, ਕੁੱਲ 9 ਲੱਖ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ।ਦੇਵ ਮਾਨ ਨੇ ਕਿਹਾ ਕਿ ਪਿੰਡਾਂ ਦੀ ਨੁਹਾਰ ਬਦਲਣ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਜੀ ਵੱਲੋਂ ਕੋਈ ਕਸਰ ਨਹੀਂ ਛੱਡੀ ਜਾ ਰਹੀ, ਵੱਡੇ ਪੱਧਰ 'ਤੇ ਪਿੰਡਾਂ ਵਿੱਚ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਰਹਿੰਦੇ ਕੰਮ ਬਹੁਤ ਜਲਦ ਪੂਰੇ ਕੀਤੇ ਜਾਣਗੇ।ਇਸ ਮੌਕੇ ਮਾਰਕੀਟ ਕਮੇਟੀ ਚੇਅਰਮੈਨ ਭਾਦਸੋਂ ਦੀਪਾ ਰਾਮਗੜ੍ਹ, ਨਿਰਭੈਅ ਸਿੰਘ ਘੁੰਡਰ ਸਾ. ਪ੍ਰਧਾਨ ਟਰੱਕ ਯੂਨੀਅਨ ਭਾਦਸੋਂ, ਬਲਾਕ ਪ੍ਰਧਾਨ ਭਾਦਸੋਂ ਕਾਲਾ ਕਿਤਾਬਾਂ ਵਾਲਾ, ਕਮਲ ਭਾਦਸੋਂ, ਤਜਿੰਦਰ ਖਹਿਰਾ ਡਾਇਰੈਕਟਰ ਯੂਥ ਵੈੱਲਫੇਅਰ ਪੰਜਾਬ, ਮਨਪ੍ਰੀਤ ਧਾਰੋਂਕੀ ਪ੍ਰਧਾਨ ਟਰੱਕ ਯੂਨੀਅਨ ਨਾਭਾ, ਭੱਟੀ ਫਤਿਹਗੜ੍ਹ ਹਾਜ਼ਰ ਸਨ।ਇਸ ਮੌਕੇ ਸਮੁੱਚੀ ਟੂਰਨਾਮੈਂਟ ਕਮੇਟੀ ਦੇ ਅਹੁਦੇਦਾਰਾਂ ਤੇ ਪਿੰਡ ਦੀ ਪੰਚਾਇਤ ਵੱਲੋਂ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਤੇ ਆਈਆਂ ਸ਼ਖ਼ਸੀਅਤਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਤ ਕੀਤਾ ਗਿਆ।

# ਡਾ. ਰਾਜੇਸ਼ ਛਾਬੜਾ ਨੇ 7 ਸਾਲ 'ਚ ਇੱਕ ਹਜ਼ਾਰ ਬ੍ਰੇਨ ਟਿਊਮਰ ਸਰਜਰੀ ਕੀਤੀ



ਸਮਰਾਲਾ (ਸੁਰਜੀਤ ਸਿੰਘ)

ਪੀਜੀਆਈ ਚੰਡੀਗੜ੍ਹ ਦੇ ਹਿੱਸੇ ਇੱਕ ਹੋਰ ਕਾਬਲ-ਏ-ਗੌਰ ਇਤਿਹਾਸਕ ਉਪਲਬਧੀ ਜੁੜ ਗਈ, ਜਦੋਂ ਇਸ ਦੇ ਕਾਬਿਲ ਡਾ. ਰਾਜੇਸ਼ ਛਾਬੜਾ ਨੇ ਬੀਤੇ 7 ਸਾਲਾਂ ਦੌਰਾਨ 1000 ਤੋਂ ਵੱਧ ਪਿਟਿਊਟਰੀ ਟਿਊਮਰ ਐਂਡੋਸਕੋਪਿਕ ਤਰੀਕੇ ਨਾਲ ਇਲਾਜ ਕਰਕੇ ਪੀਜੀਆਈ ਦੇ ਇਤਿਹਾਸ ਵਿੱਚ ਇੱਕ ਨਵਾਂ ਸਫ਼ਾ ਜੋੜਿਆ।ਇਹ ਉਪਲਬਧੀ ਵਿਸ਼ਵ ਪੱਧਰ ਉੱਤੇ ਵੱਡੀ ਇੱਕਲੇ ਸਰਜਨ ਸੀਰੀਜ਼ 'ਚੋਂ ਇੱਕ ਦੱਸੀ ਜਾ ਰਹੀ ਹੈ।ਡਾ. ਰਾਜੇਸ਼ ਛਾਬੜਾ ਨੇ ਕਿਹਾ ਕਿ ਇਹ ਮੀਲ ਪੱਥਰ ਸਿਰਫ ਸਰਜਰੀ ਸਫਲਤਾ ਹੀ ਨਹੀਂ, ਸਗੋਂ ਸ਼ੁਰੂਆਤੀ ਪਛਾਣ ਤੇ ਇਕ ਸਮਰਪਤ ਟੀਮ ਦੇ ਸਾਂਝੇ ਯਤਨਾਂ ਦੀ ਮਹੱਤਤਾ ਨੂੰ ਦਰਸਾਉਂਦਾ ਹੈ।ਪ੍ਰੋ. ਰਾਜੇਸ਼ ਛਾਬੜਾ ਦੀ ਟੀਮ ਵਿੱਚ ਉਨ੍ਹਾਂ ਤੋਂ ਇਲਾਵਾ ਡਾ. ਅਪਿੰਦਰਪ੍ਰੀਤ ਸਿੰਘ ਨਿਊਰੋਸਰਜਰੀ, ਡਾ. ਰਮਨਦੀਪ (ਕੰਨ, ਨੱਕ, ਗਲਾ ਵਿਭਾਗ), ਡਾ. ਪਿਨਾਕੀ ਦੱਤਾ ਤੇ ਡਾ. ਰਾਮਾ ਅਹਲੂਵਾਲੀਆ, ਐਂਡੋਕ੍ਰਾਈਨੋਲੋਜੀ, ਡਾ. ਚਿਰਾਗ ਕਮਲ ਆਹੂਜਾ ਨਿਊਰੋਰੇਡੀਓਲੋਜੀ, ਡਾ. ਨਿਧੀ ਪਾਂਡਾ ਤੇ ਟੀਮ ਨਿਊਰੋਐਨੇਸਥੀਸੀਆ ਹਨ।ਮਾਹਰਾਂ ਅਨੁਸਾਰ ਪਿਟਿਊਟਰੀ ਇੱਕ ਅਜਿਹੀ ਗਲੈਂਡ ਹੈ, ਜੋ ਦਿਮਾਗ ਦੇ ਨੀਵੇਂ ਹਿੱਸੇ 'ਚ ਸਿਰਫ ਮਟਰ ਦੇ ਦਾਣੇ ਜਿੰਨਾ ਹੁੰਦਾ ਹੈ, ਜੋ ਸਰੀਰ ਦੇ ਬਹੁਤ ਸਾਰੇ ਮਹੱਤਵਪੂਰਨ ਕਾਰਜਾਂ ਨੂੰ ਨਿਯੰਤਰਤ ਕਰਦਾ ਹੈ।ਇਸ ਨੂੰ ਮਾਸਟਰ ਗਲੈਂਡ ਵੀ ਆਖਿਆ ਜਾਂਦਾ ਹੈ, ਕਿਉਂਕਿ ਇਹ ਹਾਰਮੋਨ ਬਣਾਉਣ ਵਾਲੀਆਂ ਕਈ ਗਲੈਂਡਾਂ ਨੂੰ ਕੰਮ ਕਰਨ ਦਾ ਸੰਕੇਤ ਦਿੰਦਾ ਹੈ।ਇਹ ਗਲੈਂਡ ਦ੍ਰਿਸ਼ਟੀ ਦੇ ਨਾੜੀ ਤੰਤਰ ਤੇ ਮਹੱਤਵਪੂਰਨ ਖ਼ੂਨ ਦੀਆਂ ਨਾੜਾਂ ਦੇ ਨੇੜੇ ਹੋਣ ਕਰਕੇ ਜਦੋਂ ਇੱਥੇ ਟਿਊਮਰ ਬਣ ਜਾਂਦੇ ਹਨ, ਤਾਂ ਇਹ ਪਿਟਿਊਟਰੀ ਐਡੀਨੋਮਾ ਸਰੀਰ 'ਚ ਵੱਡੀਆਂ ਸਮੱਸਿਆਵਾਂ ਪੈਦਾ ਕਰ ਸਕਦੇ ਹਨ।ਮਾਹਰਾਂ ਦਾ ਕਹਿਣਾ ਹੈ ਕਿ ਇਹ ਟਿਊਮਰ ਅਕਸਰ ਨਾਨ-ਕੈਂਸਰਸ ਹੁੰਦੇ ਹਨ, ਪਰ ਜੇ ਇਲਾਜ ਨਾ ਕੀਤਾ ਜਾਵੇ ਤਾਂ ਦ੍ਰਿਸ਼ਟੀ ਖਤਮ ਹੋ ਸਕਦੀ ਹੈ, ਹਾਰਮੋਨਲ ਤਬਦੀਲੀਆਂ, ਜ਼ਿੰਦਗੀ ਨੂੰ ਖਤਰਾ ਪਹੁੰਚਾਉਣ ਵਾਲੇ ਸੰਕਟ ਜਾਂ ਕੋਮਾ ਤੱਕ ਹੋ ਸਕਦੀ ਹੈ।ਉਨ੍ਹਾਂ ਦੱਸਿਆ ਕਿ ਪਿਟਿਊਟਰੀ ਟਿਊਮਰ ਦੀ ਸਰਜਰੀ ਜੋਖਮ ਭਰੀ ਹੁੰਦੀ ਹੈ, ਪਰ ਮਾਇਕਰੋਸਕੋਪਿਕ ਟ੍ਰਾਂਜ਼ਨੇਜ਼ਲ ਵਿਧੀ ਨਾਲ ਜੋਖਮ ਘੱਟ ਹੋਏ ਹਨ। ਨਵੀਂ ਤਕਨੀਕ ਅਨੁਸਾਰ ਨੱਕ ਦੇ ਕੁਦਰਤੀ ਰਸਤੇ ਰਾਹੀਂ ਬਿਨਾਂ ਕੱਟ ਦੇ ਸਰਜਰੀ ਕੀਤੀ ਜਾਂਦੀ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਭਾਰਤ ਵਿੱਚ ਲੋਕਾਂ ਨੂੰ ਅਕਸਰ ਬੜੇ ਜਾਂ ਜਾਇੰਟ ਟਿਊਮਰ ਹੋ ਜਾਂਦੇ ਹਨ ਕਿਉਂਕਿ ਪਛਾਣ ਵਿੱਚ ਦੇਰੀ ਜਾਂ ਅਣਗਹਿਲੀ ਕਰਨ ਨਾਲ ਸਿਰ ਦਰਦ, ਨਜ਼ਰ ਵਿੱਚ ਦਿੱਕਤ ਜਾਂ ਹਾਰਮੋਨਲ ਤਬਦੀਲੀਆਂ ਨੂੰ ਅਕਸਰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ।ਲੋਕਾਂ ਵਿੱਚ ਜਾਣਕਾਰੀ ਦੀ ਘਾਟ ਹੋਣ ਕਾਰਨ ਕਈਆਂ ਨੂੰ ਨਹੀਂ ਪਤਾ ਕਿ ਇਹ ਲੱਛਣ ਪਿਟਿਊਟਰੀ ਸਮੱਸਿਆ ਹੋ ਸਕਦੇ ਹਨ। ਡਾਕਟਰਾਂ ਦਾ ਕਹਿਣਾ ਹੈ ਕਿ ਸ਼ੁਰੂਆਤੀ ਪਛਾਣ ਨਾਲ ਦ੍ਰਿਸ਼ਟੀ ਤੇ ਜਾਨ ਦੋਵੇਂ ਬਚ ਸਕਦੀਆਂ ਹਨ। ਇਕਲੇ ਸਰਜਨ ਵੱਲੋਂ 1000 ਤੋਂ ਵੱਧ ਪਿਟਿਊਟਰੀ ਟਿਊਮਰ ਕੇਸਾਂ ਦੀ ਸਫਲ ਐਂਡੋਸਕੋਪਿਕ ਇਲਾਜ ਸਿੱਧ ਕਰਦਾ ਹੈ ਕਿ ਪੀਜੀਆਈ ਖੋਪੜੀ ਦੇ ਹੇਠਲੇ ਹਿੱਸੇ ਤੇ ਪਿਟਿਊਟਰੀ ਸਰਜਰੀ ਦੇ ਖੇਤਰ ਵਿੱਚ ਦੇਸ਼ ਤੇ ਖੇਤਰੀ ਪੱਧਰ 'ਤੇ ਆਗੂ ਸਥਾਨ ਰੱਖਦਾ ਹੈ, ਜਿੱਥੇ ਵਧੇਰੇ ਮਾਮਲਿਆਂ ਦੇ ਇਲਾਜ ਦਾ ਅਨੁਭਵ ਉਤਕ੍ਰਿਸ਼ਟ ਨਤੀਜਿਆਂ ਦੀ ਕੁੰਜੀ ਹੁੰਦਾ ਹੈ।

## 10 ਲੱਖ ਦੀ ਸਿਹਤ ਬੀਮਾ ਯੋਜਨਾ ਹਰ ਵਰਗ ਲਈ ਸਹਾਈ ਹੋਵੇਗੀ : ਸੁਖਦੀਪ ਸਿੰਘ

ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)-ਆਮ ਆਦਮੀ ਪਾਰਟੀ ਦੇ ਨਿਹਾਲ ਸਿੰਘ ਵਾਲਾ ਦੇ ਦਫਤਰ ਇੰਚਾਰਜ ਤੇ ਭਾਗੀਕੇ ਤੋਂ ਸੁਖਦੀਪ ਸਿੰਘ ਸਾਧ ਸਰਪੰਚ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿਹਤ ਬੀਮਾ ਯੋਜਨਾ ਚਲਾਈ ਗਈ ਹੈ, ਜਿਸ ਤਹਿਤ 10 ਲੱਖ ਤੱਕ ਦਾ ਇਲਾਜ ਕਰਨ ਲਈ ਯੋਜਨਾ ਪੰਜਾਬ ਵਿੱਚ ਹਰ ਵਰਗ ਲਈ ਸਹਾਈ ਹੋਵੇਗੀ ਅਤੇ ਇਸ ਵਿੱਚ ਪੀਲਾ ਕਾਰਡ ਖਤਮ ਕਰ ਕੇ ਪੰਜਾਬ ਸਰਕਾਰ ਆਧਾਰ ਕਾਰਡ 'ਤੇ ਇਲਾਜ ਦੀ ਇੱਕ ਵਧੀਆ ਪੰਜਾਬ ਦੇ ਲੋਕਾਂ ਨੂੰ ਸਕੀਮ ਦਿੱਤੀ ਜਾ ਰਹੀ ਹੈ।ਅੱਜ ਵਿਰੋਧੀਆਂ ਨੂੰ ਕੋਈ ਵੀ ਮੁੱਦਾ ਨਹੀਂ ਮਿਲ ਰਿਹਾ। ਚੰਗੇ ਕੰਮ ਨੂੰ ਵੀ ਉਹ ਮਾੜਾ ਕਹਿ ਰਹੇ ਹਨ।ਉਨ੍ਹਾਂ ਕਿਹਾ ਕਿ ਕਾਂਗਰਸ ਤੇ ਅਕਾਲੀ, ਜੋ ਆਪਣੇ ਰਾਜ ਵਿੱਚ ਨਹੀਂ ਕਰ ਸਕੇ, ਉਹ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਨੇ ਕਰ ਦਿਖਾਇਆ ਹੈ, ਅੱਜ ਜੇਕਰ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆ ਤੇ ਸਰਕਾਰ ਕਾਨੂੰਨ ਬਣਾ ਰਹੀ ਹੈ ਤਾਂ ਵਿਰੋਧੀ ਰੌਲਾ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਲੁਧਿਆਣਾ ਜ਼ਿਮਨੀ ਚੋਣ 'ਚ ਹੋਈ ਆਮ ਆਦਮੀ ਪਾਰਟੀ ਦੀ ਸ਼ਾਨਦਾਰ ਜਿੱਤ ਨੇ ਵੀ ਵਿਰੋਧੀਆਂ ਦੇ ਮੂੰਹ ਬੰਦ ਕਰ ਦਿੱਤੇ ਹਨ।

# ਟ੍ਰਾਈਡੈਂਟ ਗਰੁੱਪ ਵੱਲੋਂ ਬਰਨਾਲਾ ਪੁਲਸ ਨੂੰ ਸਮਾਰਟ ਰੂਮ ਲਈ 12.50 ਲੱਖ ਦਾ ਯੋਗਦਾਨ

### ਸੀ ਸੀ ਟੀ ਵੀ ਨਿਗਰਾਨੀ ਪ੍ਰਣਾਲੀ ਦੇ ਵਿਕਾਸ 'ਚ ਸਹਿਯੋਗ



ਬਰਨਾਲਾ (ਰਾਜਿੰਦਰ ਬਰਾੜ)-ਪਦਮਸ੍ਰੀ ਰਜਿੰਦਰ ਗੁਪਤਾ ਦੀ ਅਗਵਾਈ ਹੇਠ ਟ੍ਰਾਈਡੈਂਟ ਗਰੁੱਪ ਵੱਲੋਂ ਐੱਸ.ਐੱਸ.ਪੀ. ਬਰਨਾਲਾ ਸ੍ਰੀ ਸਰਫਰਾਜ ਆਲਮ ਨੂੰ 12.50 ਲੱਖ ਦਾ ਇੱਕ ਚੈੱਕ ਭੇਟ ਕੀਤਾ ਗਿਆ। ਇਹ ਯੋਗਦਾਨ ਬਰਨਾਲਾ ਸ਼ਹਿਰ ਵਿੱਚ ਜਨਤਕ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਇੱਕ ਮਹੱਤਵਪੂਰਨ ਕਦਮ ਹੈ।ਇਹ ਚੈੱਕ ਰੁਪਿੰਦਰ ਗੁਪਤਾ ਵੱਲੋਂ ਰਾਜਿੰਦਰ ਗੁਪਤਾ ਜੀ ਦੇ ਪ੍ਰਤੀਨਿਧੀ ਵਜੋਂ ਐੱਸ.ਐੱਸ.ਪੀ. ਸਰਫਰਾਜ ਆਲਮ ਨੂੰ ਸੌਂਪਿਆ ਗਿਆ।ਇਹ ਰਕਮ ਮੁੱਖ ਤੌਰ 'ਤੇ ਪੁਲਸ ਕੰਟਰੋਲ ਰੂਮ, ਬਰਨਾਲਾ ਵਿੱਚ ਸੀ.ਸੀ.ਟੀ.ਵੀ ਕੈਮਰਿਆਂ ਦੀ ਨਿਗਰਾਨੀ ਤੇ ਕੰਟਰੋਲ ਲਈ ਇੱਕ 'ਸਮਾਰਟ ਰੂਮ' ਦੇ ਵਿਕਾਸ ਲਈ ਵਰਤੀ ਜਾਏਗੀ।ਇਸ ਸਮਾਰਟ ਰੂਮ ਦਾ ਮੁੱਖ ਉਦੇਸ਼ ਸ਼ਹਿਰ ਵਿੱਚ ਗੈਰ-ਕਾਨੂੰਨੀ ਤੇ ਅਣ-ਅਧਿਕਾਰਤ ਗਤੀਵਿਧੀਆਂ ਨੂੰ ਰੋਕਣਾ ਤੇ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣਾ ਹੈ।ਆਧੁਨਿਕ ਸੀ.ਸੀ.ਟੀ.ਵੀ. ਨਿਗਰਾਨੀ ਪ੍ਰਣਾਲੀ ਨਾਲ ਲੈਸ ਇਹ ਸਮਾਰਟ ਰੂਮ ਪੁਲਸ ਨੂੰ ਅਪਰਾਧਾਂ ਨੂੰ ਰੋਕਣ ਤੇ ਸ਼ਾਂਤੀ ਵਿਵਸਥਾ ਬਣਾਈ ਰੱਖਣ ਵਿੱਚ ਮਹੱਤਵਪੂਰਨ ਸਹਾਇਤਾ ਪ੍ਰਦਾਨ ਕਰੇਗਾ।ਇਹ ਪਹਿਲਕਦਮੀ ਸ਼ਹਿਰ ਨੂੰ ਸੁਰੱਖਿਅਤ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਏਗੀ।ਜ਼ਿਕਰਯੋਗ ਹੈ ਕਿ ਟ੍ਰਾਈਡੈਂਟ ਗਰੁੱਪ ਵੱਲੋਂ ਇਸ ਪ੍ਰੋਜੈਕਟ ਲਈ ਪਹਿਲਾਂ ਵੀ 15 ਲੱਖ ਦਾ ਯੋਗਦਾਨ ਦਿੱਤਾ ਗਿਆ ਸੀ।ਇਸ ਤਰ੍ਹਾਂ ਇਹ ਦੂਜਾ ਵੱਡਾ ਯੋਗਦਾਨ ਹੈ, ਜੋ ਟ੍ਰਾਈਡੈਂਟ ਗਰੁੱਪ ਦੀ ਸਮਾਜਿਕ ਜ਼ਿੰਮੇਵਾਰੀ ਤੇ ਸਮਾਜ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

## ਬੀ ਕੇ ਯੂ ਏਕਤਾ ਉਗਰਾਹਾਂ ਵੱਲੋਂ ਪਿੰਡ ਇਕਾਈ ਸਮੂੰਰਾਂ ਤੇ ਢੰਡਿਆਲ ਦੀ ਚੋਣ



ਦਿੜ੍ਹਬਾ (ਜਸਵੀਰ ਲਾਡੀ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਦਿੜ੍ਹਬਾ ਬਲਾਕ ਵੱਲੋਂ ਪਿੰਡ ਇਕਾਈਆਂ ਦੀਆਂ ਚੋਣਾਂ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ, ਇਸੇ ਲੜੀ ਤਹਿਤ ਅੱਜ ਪਿੰਡ ਇਕਾਈ ਸਮੂੰਰਾਂ ਤੇ ਢੰਡਿਆਲ ਦੀ ਚੋਣ (ਇਜਲਾਸ) ਬਲਾਕ ਪ੍ਰਧਾਨ ਭਰਭੂਰ ਸਿੰਘ ਮੌੜਾਂ ਤੇ ਸੀਨੀਅਰ ਮੀਤ ਪ੍ਰਧਾਨ ਹਰਬੰਸ ਸਿੰਘ ਦਿੜ੍ਹਬਾ ਦੀ ਅਗਵਾਈ ਹੇਠ ਕੀਤੀ ਗਈ। ਇਸ ਮੌਕੇ ਬਲਾਕ ਪ੍ਰੈੱਸ ਸਕੱਤਰ ਚਰਨਜੀਤ ਸਿੰਘ ਘਨੌੜ ਸੰਤਪੁਰਾ, ਹਰਜੀਤ ਸਿੰਘ ਮਹਿਲਾਂ ਤੇ ਅਮਨਦੀਪ ਸਿੰਘ ਮਹਿਲਾਂ, ਜੋਗਿੰਦਰ ਸਿੰਘ ਖੇੜੀ, ਮਿਸ਼ਰਾ ਸਿੰਘ ਨਿਹਾਲਗੜ੍ਹ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਵਾਈ। ਇਸ ਮੌਕੇ ਬਲਾਕ ਦਿੜ੍ਹਬਾ ਦੇ ਆਗੂਆਂ ਨੇ ਕਿਹਾ ਕਿ ਪੁਲਸ ਵਿਰੋਧੀ ਜਬਰ ਨੂੰ ਲੈ ਕੇ 25 ਜੁਲਾਈ 2025 ਨੂੰ ਸੰਯੁਕਤ ਮੋਰਚੇ ਦੇ ਸੱਦੇ 'ਤੇ ਸੰਗਰੂਰ ਡੀ ਸੀ ਹੈਂਡ ਕੁਆਰਟਰਾਂ 'ਤੇ ਧਰਨਾ ਦੇ ਕੇ ਰੋਸ ਮੁਜ਼ਾਹਰਾ ਕੀਤਾ ਜਾਵੇਗਾ। ਸੰਗਰੂਰ ਦੇ ਨੇੜੇ ਪਿੰਡ ਵੇ ਚਿਰਾਗ ਪਿੰਡ ਵਿੱਚ ਜੋ ਮਜ਼ਦੂਰਾਂ/ਕਿਸਾਨਾਂ 'ਤੇ ਜਬਰ ਕੀਤਾ ਗਿਆ ਹੈ, ਇਸ ਦੀ ਸਖਤ ਨਖੇਧੀ ਕੀਤੀ ਜਾਂਦੀ ਹੈ, ਇਸ ਲਈ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਮਜ਼ਦੂਰਾਂ/ਕਿਸਾਨਾਂ ਤੇ ਤਸ਼ੱਦਦ ਕਰਨਾ ਬੰਦ ਕਰੇ ਤੇ ਗ੍ਰਿਫਤਾਰ ਕੀਤੇ ਮਜ਼ਦੂਰਾਂ/ਕਿਸਾਨਾਂ ਨੂੰ ਫੌਰੀ ਰਿਹਾਅ ਕਰੇ। ਪਿੰਡ ਇਕਾਈ ਸਮੂੰਰਾਂ ਦੇ ਪ੍ਰਧਾਨ ਗੁਲਾਬ ਸਿੰਘ, ਸੀਨੀਅਰ ਉਪ ਪ੍ਰਧਾਨ ਕਰਨੈਲ, ਜਨਰਲ ਸਕੱਤਰ ਸਤਿਨਾਮ ਸਿੰਘ, ਖਜ਼ਾਨਚੀ ਚਰਨ ਸਿੰਘ ਤੇ ਪ੍ਰੈੱਸ ਸਕੱਤਰ ਅਮਨਦੀਪ ਸਿੰਘ ਨੂੰ ਸਰਵਸੰਮਤੀ ਨਾਲ ਚੁਣਿਆ ਗਿਆ ਅਤੇ ਇਸਤਰੀ ਵਿੰਗ ਦੇ ਭੈਣ ਹਰਤੇਜ ਕੌਰ ਪ੍ਰਧਾਨ ਚੁਣਿਆ ਗਿਆ। ਇਸ ਮੌਕੇ ਪਿੰਡ ਇਕਾਈ ਢੰਡਿਆਲ ਦੇ ਜਗਮੇਲ ਸਿੰਘ ਨੂੰ ਸਰਵਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ, ਜਨਰਲ ਸਕੱਤਰ ਤਰਸੇਮ ਸਿੰਘ, ਸੀਨੀਅਰ ਮੀਤ ਪ੍ਰਧਾਨ ਸੀਤਾ ਸਿੰਘ, ਖਜ਼ਾਨਚੀ ਗੁਰਪਿਆਰ ਸਿੰਘ ਤੇ ਇਸਤਰੀ ਵਿੰਗ ਦੇ ਪ੍ਰਧਾਨ ਭੈਣ ਲਾਭ ਕੌਰ, ਸੀਨੀਅਰ ਮੀਤ ਪ੍ਰਧਾਨ ਜਸਵੰਤ ਕੌਰ, ਜਨਰਲ ਸਕੱਤਰ ਬਲਵੀਰ ਕੌਰ ਨੂੰ ਸਰਵਸੰਮਤੀ ਨਾਲ ਚੁਣਿਆ ਗਿਆ ਅਤੇ ਚੁਣੀ ਗਈ ਸਾਰੀ ਟੀਮ ਹਾਜ਼ਰ ਸੀ।

## ਵਿਧਾਇਕ ਦੇ ਯਤਨਾਂ ਸਦਕਾ ਘੱਗਰ ਤੇ ਟਾਂਗਰੀ ਨਦੀ ਦੇ ਕਿਨਾਰੇ ਮਜ਼ਬੂਤ ਕਰਨ ਲਈ 20 ਕਰੋੜ ਜਾਰੀ

### ਹਲਕੇ ਦੇ ਲੋਕਾਂ ਨੂੰ ਹੜ੍ਹਾਂ ਤੋਂ ਨਿਜ਼ਾਤ ਦਿਵਾਈ ਜਾਵੇਗੀ : ਬਲਜੀਤ ਸਿੰਘ




ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)-ਹਲਕਾ ਸਨੌਰ ਅਧੀਨ ਪੈਂਦੀਆਂ ਨਦੀਆਂ, ਨਾਲਿਆਂ ਤੇ ਘੱਗਰ ਦਰਿਆ ਦੇ ਕਿਨਾਰਿਆਂ ਨੂੰ ਮਜ਼ਬੂਤ ਕਰਨ, ਖੁਦਾਈ ਤੇ ਸਫ਼ਾਈ ਕਰਨ ਲਈ ਲਗਪਗ 20 ਕਰੋੜ ਰੁਪਏ ਪਾਸ ਹੋ ਗਏ ਹਨ।ਇਹ ਜਾਣਕਾਰੀ ਸਾਂਝੀ ਕਰਦੇ ਹੋਏ ਡਰੇਨ ਵਿਭਾਗ ਦੇ ਐੱਸਡੀਓ ਰਕਵਿੰਦਰ ਸਿੰਘ ਤੇ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਦੇ ਰਾਜਸੀ ਸਕੱਤਰ ਬਲਜੀਤ ਸਿੰਘ ਨੇ ਕਿ ਦੱਸਿਆ ਕਿ ਕਸਬਾ ਦੇਵੀਗੜ੍ਹ ਤੋਂ ਚੜ੍ਹਦੇ ਵੱਲ ਪੈਂਦੀ ਟਾਂਗਰੀ ਨਦੀ, ਜਿਸ ਵਿੱਚ ਹੜ੍ਹਾਂ ਦੌਰਾਨ ਬਹੁਤ ਜ਼ਿਆਦਾ ਪਾਣੀ ਆਉਂਦਾ ਹੈ ਤੇ ਕਈ ਵਾਰ ਹੜ੍ਹ ਆਉਣ ਨਾਲ ਕਾਫੀ ਮਾਲੀ ਨੁਕਸਾਨ ਹੋ ਜਾਂਦਾ ਹੈ।ਇਸ ਲਈ ਟਾਂਗਰੀ ਨਦੀ ਦੀ ਲਗਪਗ 20 ਕਿਲੋਮੀਟਰ ਤੱਕ ਖੁਦਾਈ 16 ਕਰੋੜ ਰੁਪਏ ਦੀ ਲਾਗਤ ਨਾਲ ਕਰਵਾਈ ਜਾਵੇਗੀ ਤੇ ਇਹ ਕੰਮ ਬਰਸਾਤਾਂ ਤੋਂ ਬਾਅਦ ਸ਼ੁਰੂ ਹੋਵੇਗਾ ਤੇ 31 ਮਾਰਚ 2026 ਤੱਕ ਮੁਕੰਮਲ ਕਰ ਲਿਆ ਜਾਵੇਗਾ।ਉਨ੍ਹਾਂ ਦੱਸਿਆ ਕਿ ਟਾਂਗਰੀ ਨਦੀ ਅਧੀਨ, ਜਿਨ੍ਹਾਂ ਕਿਸਾਨਾਂ ਦੀ ਜ਼ਮੀਨ ਆ ਰਹੀ ਹੈ, ਉਨ੍ਹਾਂ ਨੂੰ ਉਸ ਦੀ ਕੀਮਤ ਅਦਾ ਕੀਤੀ ਜਾਵੇਗੀ।ਐੱਸਡੀਓ ਨੇ ਦੱਸਿਆ ਕਿ 4 ਕਰੋੜ ਦੀ ਲਾਗਤ ਨਾਲ ਘੱਗਰ ਦਰਿਆ ਵਿੱਚ ਪਿੰਡ ਹਡਾਣਾ ਤੇ ਮਾੜੂ ਨੇੜੇ ਪੱਥਰ ਲਗਾ ਕੇ ਕਿਨਾਰਿਆਂ ਨੂੰ ਮਜ਼ਬੂਤ ਕੀਤਾ ਜਾਵੇਗਾ।ਪਿੰਡ ਬੁੱਧਮੋਰ ਨੇੜੇ ਛੋਟੀ ਟਾਂਗਰੀ ਦੀ ਖੁਦਾਈ ਲਈ 50 ਲੱਖ ਰੁਪਏ ਖਰਚ ਕੇ ਇਸ ਨੂੰ ਚੌੜਾ ਤੇ ਡੂੰਘਾ ਕੀਤਾ ਜਾਵੇਗਾ।ਇਸ ਇਲਾਕੇ ਦਾ ਸਭ ਤੋਂ ਲੰਬਾ ਮੀਰਾਂਪੁਰ ਚੋਅ ਦੇ ਬੰਨ੍ਹਾਂ ਦੀ ਮੁਰੰਮਤ ਨਰੇਗਾ ਸਕੀਮ ਰਾਹੀਂ ਕਰਵਾਈ ਜਾਵੇਗੀ, ਜੋ ਕਿ 31 ਜੁਲਾਈ ਤੱਕ ਮੁਕੰਮਲ ਕਰ ਲਈ ਜਾਵੇਗੀ।ਇਸ ਤੋਂ ਇਲਾਵਾ ਪਿੰਡ ਬੀਬੀਪੁਰ ਦੇ ਰਿੰਗ ਬੰਨ੍ਹ ਦਾ ਕੰਮ ਵੀ ਤੇਜ਼ੀ ਨਾਲ ਚੱਲ ਰਿਹਾ ਹੈ, ਟਾਂਗਰੀ ਨਦੀ ਤੇ ਘੱਗਰ ਦਰਿਆ ਹੜ੍ਹਾਂ ਨਾਲ ਹਰ ਸਾਲ ਕਿਸਾਨਾਂ ਦੀ ਸੈਂਕੜੇ ਏਕੜ ਫ਼ਸਲ ਤਬਾਹ ਕਰ ਦਿੰਦੇ ਹਨ।

## ਪਾਥਵੇਜ਼ ਗਲੋਬਲ ਸਕੂਲ 'ਚ ਕਰਾਇਆ ਵਿਦਿਆਰਥੀ ਕੌਂਸਲ ਦਾ ਸਹੁੰ ਚੁੱਕ ਸਮਾਗਮ



ਕੋਟ ਈਸੇ ਖਾਂ (ਅਰੋੜਾ)-ਪਾਥਵੇਅਜ ਗਲੋਬਲ ਸਕੂਲ 'ਚ ਅਕਾਦਮਿਕ ਸੈਸ਼ਨ 2025-26 ਦੌਰਾਨ ਵਿਦਿਆਰਥੀ ਕੌਂਸਲ ਦੀ ਸਹੁੰ ਚੁੱਕ ਸਮਾਗਮ ਕਰਾਇਆ ਗਿਆ।ਸਮਾਗਮ ਬਹੁਤ ਹੀ ਧੂਮਧਾਮ ਨਾਲ ਕਰਾਇਆ ਗਿਆ।ਵਿਦਿਆਰਥੀ ਕੌਂਸਲ ਬੱਚਿਆਂ ਵਿੱਚ ਆਪਣੇ ਫ਼ਰਜ਼ਾਂ ਨੂੰ ਆਪਣੀ ਪੂਰੀ ਸਮਰੱਥਾ ਨਾਲ ਤੇ ਬਹੁਤ ਵਧੀਆ ਢੰਗ ਨਾਲ ਨਿਭਾਉਣ ਲਈ ਤਿਆਰ ਕਰਦਾ ਹੈ ਤਾਂ ਜੁ ਬੱਚੇ ਆਉਣ ਵਾਲੇ ਸਮੇਂ ਵਿੱਚ ਬਹੁਤ ਹੀ ਵਧੀਆ ਸਿਰ ਕੱਢ ਆਗੂ ਬਣ ਸਕਣ।ਪਾਥਵੇਜ ਗਲੋਬਲ ਸਕੂਲ ਦਾ ਮੰਨਣਾ ਹੈ ਕਿ ਸਕੂਲ ਸਾਰੀਆਂ ਗਤੀਵਿਧੀਆਂ ਬੱਚਿਆਂ ਦੀ ਉਮਤੀ ਤੇ ਮਾਨਸਿਕ ਅਤੇ ਸਰੀਰਕ ਵਿਕਾਸ 'ਤੇ ਆਧਾਰਤ ਹੋਣੀਆਂ ਚਾਹੀਦੀਆਂ ਹਨ।ਸਮਾਗਮ 'ਚ ਚੁਣੇ ਗਏ ਵਿਦਿਆਰਥੀਆਂ 'ਚੋਂ ਆਰਿਅਨ ਦੀਪ ਸਿੰਘ ਹੈਡ ਬੋਏ, ਮਹਿਕਦੀਪ ਕੌਰ ਹੈੱਡ ਗਰਲ, ਨਵਦੀਪ ਸਿੰਘ ਵਾਈਸ ਹੈੱਡ ਬੋਏ, ਰਵਨੀਤ ਕੌਰ ਵਾਈਸ ਹੈਡ ਗਰਲ, ਹਰਸਿਮਰਤ ਕੌਰ ਐਕਟੀਵਿਟੀ ਹੈਡ ਗਰਲ, ਸੁਖਮਨਦੀਪ ਸਿੰਘ ਐਕਟੀਵਿਟੀ ਹੈਡ ਬੋਏ, ਹਰਪ੍ਰੀਤ ਸਿੰਘ ਆਰਟ ਐਂਡ ਕਲਚਰ ਹੈਡ ਬੋਏ, ਰੁਪਿੰਦਰ ਕੌਰ ਆਰਟ ਐਂਡ ਕਲਚਰ ਹੈੱਡ ਗਰਲ, ਵਿਕਰਮ ਜੋਤ ਸਿੰਘ ਸਪੋਰਟਸ ਹੈਡ ਬੁਆਏ ਤੇ ਕਿਰਨਦੀਪ ਕੌਰ ਸਪੋਰਟਸ ਹੈੱਡ ਗਰਲ ਆਦਿ ਸ਼ਾਮਲ ਸਨ।

## ਭਾਰਤ ਵਿਕਾਸ ਪ੍ਰੀਸ਼ਦ ਇਕਾਈ ਨੇ ਲਾਏ ਹਵਾਦਾਰ ਤੇ ਫ਼ਲਦਾਰ ਬੂਟੇ



ਨਾਭਾ (ਵਰਿੰਦਰ ਵਰਮਾ)-ਭਾਰਤ ਵਿਕਾਸ ਪ੍ਰੀਸ਼ਦ ਨਾਭਾ ਇਕਾਈ ਪ੍ਰਧਾਨ ਨਰਿੰਦਰ ਵਰਮਾ, ਜਰਨਲ ਸਕੱਤਰ ਵਿਕਾਸ ਮਿੱਤਲ ਤੇ ਕੈਸ਼ੀਅਰ ਅਸ਼ਵਨੀ ਮਦਾਨ ਦੀ ਅਗਵਾਈ ਹੇਠ ਆਰੀਆ ਸੀਨੀਅਰ ਸੈਕੰਡਰੀ ਸਕੂਲ ਗਊਸ਼ਾਲਾ ਰੋਡ, ਦੁੱਲਦੀ ਗੇਟ ਵਿਖੇ ਵਾਤਾਵਰਣ ਦੀ ਸ਼ੁੱਧਤਾ ਲਈ ਹਵਾਦਾਰ ਤੇ ਫ਼ਲਦਾਰ ਬੂਟੇ ਲਾਏ ਗਏ। ਸਮਾਜ ਸੇਵੀ ਤੇ ਅਗਰਵਾਲ ਸਭਾ ਦੇ ਚੇਅਰਮੈਨ ਅਸ਼ੋਕ ਬਾਂਸਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਉਨ੍ਹਾਂ ਕਿਹਾ ਕਿ ਭਾਰਤ ਵਿਕਾਸ ਪ੍ਰੀਸ਼ਦ ਇਕਾਈ ਦੇ ਸਮੂਹ ਮੈਂਬਰਾਂ ਵੱਲੋਂ ਜੋ ਇਹ ਉਪਰਾਲਾ ਕੀਤਾ ਗਿਆ ਹੈ, ਬਹੁਤ ਹੀ ਵਧੀਆ ਹੈ।ਉਨ੍ਹਾਂ ਕਿਹਾ ਕਿ ਦਰੱਖਤ ਸਾਨੂੰ ਭੋਜਨ, ਦਵਾਈ, ਲੱਕੜ ਤੇ ਹੋਰ ਕਈ ਲਾਭਦਾਇਕ ਚੀਜ਼ਾਂ ਵੀ ਦਿੰਦੇ ਹਨ।ਫ਼ਲ, ਸਬਜ਼ੀਆਂ, ਅਨਾਜ ਇਹ ਸਾਰੇ ਸਾਨੂੰ ਪੌਦਿਆਂ ਤੋਂ ਹੀ ਮਿਲਦੇ ਹਨ, ਜੋ ਸਾਡੇ ਰੋਜ਼ਾਨਾ ਦੇ ਜੀਵਨ ਦਾ ਅਨਿੱਖੜਵਾਂ ਹਿੱਸਾ ਹਨ।ਉਨ੍ਹਾਂ ਕਿਹਾ ਕਿ ਪਰ ਇਨਸਾਨ ਆਪਣੇ ਥੋੜ੍ਹੇ ਜਿਹੇ ਫਾਇਦੇ ਲਈ ਐਨਾ ਸਵਾਰਥੀ ਹੋ ਗਿਆ ਕਿ ਉਹ ਆਪਣੀ ਹਰੀ-ਭਰੀ ਧਰਤੀ ਨੂੰ ਦਰੱਖਤਾਂ ਦੀ ਕਟਾਈ ਕਰਕੇ ਉਜਾੜ ਬਣਾਉਣ ਵਿੱਚ ਲੱਗਾ ਹੋਇਆ ਹੈ।ਅਸ਼ੋਕ ਬਾਂਸਲ ਨੇ ਕਿਹਾ ਕਿ ਵਧ ਰਹੇ ਪ੍ਰਦੂਸ਼ਣ, ਧਰਤੀ ਹੇਠਲੇ ਪਾਣੀ ਦਾ ਘਟਣਾ, ਮੌਸਮ ਵਿੱਚ ਬਦਲਾਅ, ਹੜ੍ਹ ਭੂਚਾਲ ਤੇ ਹੋਰ ਵੀ ਅਨੇਕਾਂ ਮਸੀਬਤਾਂ ਦਾ ਸਾਹਮਣਾ ਕਰਨ ਲਈ ਮਨੁੱਖ ਦਰੱਖਤਾਂ ਦੀ ਧੜਾਧੜ ਕਟਾਈ ਕਰ ਰਿਹਾ ਹੈ, ਪਰ ਇਨਸਾਨ ਅੱਜ ਵੀ ਆਪਣੇ ਹਸ਼ਰ ਤੋਂ ਅਨਜਾਣ ਹੈ।

# ਬਰਸਾਤੀ ਪਾਣੀ ਦੇ ਨਿਕਾਸ ਲਈ ਨੌਸ਼ਹਿਰਾ ਪੰਨੂਆਂ ਲਿੰਕ ਡਰੇਨ ਫੌਰੀ ਚਾਲੂ ਕਰਨ ਦੀ ਮੰਗ

ਪੱਟੀ (ਬਲਦੇਵ ਸਿੰਘ ਸੰਧੂ)–ਨੌਸ਼ਹਿਰਾ ਪੰਨੂਆਂ ਅਤੇ ਚੋਹਲੀ ਵਾਲਾ ਦੇ ਕਿਸਾਨਾਂ, ਮਜ਼ਦੂਰਾਂ ਅਤੇ ਮੁਹਤਬਰ ਵਿਅਕਤੀਆਂ ਦਾ ਇਕੱਠ ਸ਼ਹੀਦ ਬਾਬਾ ਰਾਮ ਸਿੰਘ ਜੀ ਦੇ ਗੁਰਦੁਆਰਾ ਸਾਹਿਬ ਵਿਖੇ ਹੋਇਆ। ਲਿੰਕ ਡਰੇਨ ਦੀ ਖਿਲਾਈ ਅਤੇ ਪੁਟਾਈ ਕਰਕੇ ਇਸ ਨੂੰ ਤੁਰੰਤ ਚਾਲੂ ਕਰਨ ਦੀ ਮੰਗ ਕੀਤੀ ਗਈ।



ਇਕੱਠ ਵਿੱਚ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਕੰਵਲਪ੍ਰੀਤ ਸਿੰਘ ਪੰਨੂੰ ਨੌਸ਼ਹਿਰਾ ਪੰਨੂਆਂ ਦੇ ਸਰਪੰਚ ਗੁਰਪ੍ਰੀਤ ਸਿੰਘ, ਚੋਹਲੀਵਾਲਾ ਦੇ ਸਰਪੰਚ ਕੁਲਦੀਪ ਸਿੰਘ, ਸਾਬਕਾ ਸਰਪੰਚ ਤਰਸੇਮ ਸਿੰਘ ਨੌਸ਼ਹਿਰਾ ਪੰਨੂਆਂ, ਸਾਬਕਾ ਸਰਪੰਚ ਹਰਪਾਲ ਸਿੰਘ ਚੋਹਲੀਵਾਲਾ, ਰਮਨ ਮੈਣੀ, ਗੁਰਭੇਜ ਸਿੰਘ ਪੰਨੂੰ, ਨੰਬਰਦਾਰ ਜਸਮੇਲ ਸਿੰਘ, ਗੁਰਮੇਲ ਸਿੰਘ ਪੰਨੂੰ, ਬਾਬਾ ਸੁਖਵਿੰਦਰ ਸਿੰਘ, ਗੁਰਪਿੰਦਰ ਸਿੰਘ ਪੰਨੂੰ, ਨੰਬਰਦਾਰ ਮੁਖਤਾਰ ਸਿੰਘ, ਕੁਲਬੀਰ ਸਿੰਘ ਚੋਹਲੀਵਾਲਾ, ਆਗਿਆਪਾਲ ਸਿੰਘ, ਸੂਬੇਦਾਰ ਸੁਖਵਿੰਦਰ ਸਿੰਘ, ਬਲਜੀਤ ਸਿੰਘ ਬੱਲੋ, ਪਾਲ ਸਿੰਘ ਮੈਂਬਰ, ਮੱਖਣ ਸਿੰਘ, ਹਰਦੇਵ ਸਿੰਘ ਮਰੱਟਾ, ਨਰਿੰਦਰ ਸਿੰਘ ਬੁਖਾਰੂ, ਬਾਬਾ ਦਰਸ਼ਨ ਸਿੰਘ, ਕੁਲਵੰਤ ਸਿੰਘ ਵੀ ਸ਼ਾਮਿਲ ਹੋਏ। ਸਭ ਦੀ ਸਹਿਮਤੀ ਨਾਲ ਐੱਸਡੀਓ ਡਰੇਨਜ ਵਿਭਾਗ ਸਾਹਮਣੇ ਨੌਸ਼ਹਿਰਾ ਪੰਨੂਆਂ ਲਿੰਕ ਡਰੇਨ ਨੂੰ ਚਾਲੂ ਕਰਵਾਉਣ ਲਈ ਪੱਖ ਰੱਖਿਆ ਗਿਆ। ਲਗਾਤਾਰ ਬਰਸਾਤ ਹੋਣ ਕਰਕੇ ਢੋਟੀਆਂ ਤੇ ਹੋਰ ਪਿੰਡਾਂ ਦਾ ਬਰਸਾਤ ਦਾ ਪਾਣੀ ਨੌਸ਼ਹਿਰਾ ਪੰਨੂਆਂ, ਚੋਹਲੀਵਾਲਾ ਦੇ ਪਿੰਡਾਂ ਤੇ ਖੇਤਾਂ ਵਿੱਚ ਦਾਖਲ ਹੋ ਜਾਂਦਾ ਹੈ ਜਿਸ ਨਾਲ ਫਸਲਾਂ ਬਰਬਾਦ ਹੋ ਜਾਂਦੀਆਂ ਹਨ। ਘਰਾਂ ਵਿੱਚ ਪਾਣੀ ਦਾਖਲ ਹੋ ਜਾਂਦਾ ਹੈ, ਰਸਤੇ ਬੰਦ ਹੋ ਕੇ ਠੱਪ ਹੋ ਜਾਂਦੇ ਹਨ। ਬਿਜਲੀ ਘਰ ਦੇ ਗ੍ਰਿੱਡ ਵਿੱਚ ਪਾਣੀ ਭਰਨ ਨਾਲ 20 ਤੋਂ ਵੱਧ ਪਿੰਡਾਂ ਦੀ ਬਿਜਲੀ ਸਪਲਾਈ ਠੱਪ ਹੋ ਜਾਂਦੀ ਹੈ। ਹਜ਼ਾਰਾਂ ਲੋਕ ਮੁਸ਼ਕਿਲਾਂ ਦਾ ਸ਼ਿਕਾਰ ਹੁੰਦੇ ਹਨ। ਇਨ੍ਹਾਂ ਪੀੜਤ ਪਿੰਡਾਂ ਦੇ ਲੋਕ ਬਰਸਾਤੀ ਪਾਣੀ ਦੀ ਨਿਕਾਸੀ ਲਈ ਦੋ ਸਾਲ ਤੋਂ ਜੱਦੋਜਹਿਦ ਕਰ ਰਹੇ ਹਨ। ਇਕੱਠ ਨੇ ਮੰਗ ਕੀਤੀ ਕਿ ਇਸ ਕੰਮ ਨੂੰ ਤੁਰੰਤ ਨੇਪਰੇ ਚਾੜ੍ਹਿਆ ਜਾਵੇ।

# 31 ਪੰਚਾਂ ਦੀਆਂ ਖਾਲੀ ਅਸਾਮੀਆਂ ਲਈ ਚੋਣਾਂ ਦਾ ਸ਼ਡਿਊਲ ਜਾਰੀ

ਪਠਾਨਕੋਟ, (ਦਵਿੰਦਰ ਸਿੰਘ)–ਰਾਜ ਚੋਣ ਕਮਿਸ਼ਨ ਨੇ ਸਰਪੰਚਾਂ ਅਤੇ ਪੰਚਾਂ ਦੀਆਂ ਖਾਲੀ ਪਈਆਂ ਸੀਟਾਂ ਬਾਰੇ ਜ਼ਿਲ੍ਹੇ ਵਿੱਚ 31 ਪੰਚਾਂ ਦੀਆਂ ਅਸਾਮੀਆਂ ਭਰਨ ਲਈ ਚੋਣਾਂ ਦੀ ਸਮਾਂ ਸਾਰਣੀ ਰਿਲੀਜ਼ ਕੀਤੀ ਹੈ। ਜਾਣਕਾਰੀ ਦਿੰਦਿਆਂ ਹਰਦੀਪ ਸਿੰਘ ਵਧੀਕ ਡਿਪਟੀ ਕਮਿਸ਼ਨਰ (ਜ-ਕਮ-ਵਿਕਾਸ) ਨੇ ਦੱਸਿਆ ਕਿ ਰਾਜ ਚੋਣ ਕਮਿਸ਼ਨ ਵੱਲੋਂ ਜਾਰੀ ਸ਼ਡਿਊਲ ਅਨੁਸਾਰ ਜ਼ਿਲ੍ਹਾ ਪਠਾਨਕੋਟ ਵਿੱਚ 31 ਪੰਚਾਂ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਵੋਟਾਂ 27 ਜੁਲਾਈ ਨੂੰ ਪੈਣਗੀਆਂ। ਚੋਣ ਸ਼ਡਿਊਲ ਅਨੁਸਾਰ ਨਾਮਜ਼ਦਗੀਆਂ ਦਾਖ਼ਲ ਕਰਨ ਦੀ ਪ੍ਰਕਿਰਿਆ 14 ਜੁਲਾਈ ਤੋਂ ਸ਼ੁਰੂ ਹੋ ਗਈ ਹੈ ਅਤੇ 17 ਜੁਲਾਈ ਆਖਰੀ ਮਿਤੀ ਹੋਵੇਗੀ ਜਿਸ ਦੌਰਾਨ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਨਾਮਜ਼ਦਗੀਆਂ ਦਾਖਲ ਕੀਤੀਆਂ ਜਾ ਸਕਦੀਆਂ ਹਨ। ਨਾਮਜ਼ਦਗੀ ਪੱਤਰਾਂ ਦੀ ਪੜਤਾਲ 18 ਜੁਲਾਈ ਨੂੰ ਹੋਵੇਗੀ ਅਤੇ ਨਾਮਜ਼ਦਗੀਆਂ ਵਾਪਸ ਲੈਣ ਦੀ ਆਖਰੀ ਮਿਤੀ 19 ਜੁਲਾਈ ਹੋਵੇਗੀ। 27 ਜੁਲਾਈ ਨੂੰ ਹੋਵੇਗੀ। ਵੋਟਿੰਗ ਪੂਰੀ ਹੋਣ ਤੋਂ ਤੁਰੰਤ ਬਾਅਦ ਪੋਲਿੰਗ ਸਟੇਸ਼ਨਾਂ 'ਤੇ ਹੀ ਵੋਟਾਂ ਦੀ ਗਿਣਤੀ ਉਸੇ ਦਿਨ ਕੀਤੀ ਜਾਵੇਗੀ। ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਨਾਮਜ਼ਦਗੀ ਪ੍ਰਕਿਰਿਆ, ਪੋਲਿੰਗ ਅਤੇ ਗਿਣਤੀ ਦੀ ਵੀਡੀਓਗ੍ਰਾਫੀ ਯਕੀਨੀ ਬਣਾਈ ਜਾਵੇਗੀ।

## ਫ਼ਲਿਪਕਾਰਟ ਨੇ ਫੂਡ ਫੈਸਟ 2.0 'ਚ ਗੋਰਮੇ ਫੂਡ ਡਿਸਕਵਰੀ ਦਾ ਜਸ਼ਨ ਮਨਾਇਆ

ਅੰਮ੍ਰਿਤਸਰ : ਫ਼ਲਿਪਕਾਰਟ ਨੇ ਫੂਡ ਫੈਸਟ 2025 ਦੇ ਦੂਜੇ ਐਡੀਸ਼ਨ ਦਾ ਸਫਲਤਾਪੂਰਵਕ ਆਯੋਜਨ ਕੀਤਾ। ਇਹ ਗੁਰੂਗ੍ਰਾਮ ਦੀ ਬਦਲ ਰਹੀ ਖਾਣ-ਪੀਣ ਸੰਸਕ੍ਰਿਤੀ ਦਾ ਇੱਕ ਉਤਸ਼ਾਹ ਭਰਿਆ ਤਿਉਹਾਰ ਹੈ। ਫ਼ਲਿਪਕਾਰਟ ਫੂਡ ਫੈਸਟ 2.0 ਵਿੱਚ 25,000 ਤੋਂ ਵੱਧ ਲੋਕਾਂ ਨੇ ਹਿੱਸਾ ਲਿਆ, 40 ਤੋਂ ਵੱਧ ਐਂਗੇਜਮੈਂਟ ਜ਼ੋਨ ਬਣਾਏ ਗਏ, 10 ਬ੍ਰਾਂਡ ਲਾਂਚ ਅਤੇ 30 ਤੋਂ ਵੱਧ ਬ੍ਰਾਂਡ ਸ਼ੋਕੇਸ ਪੇਸ਼ ਕੀਤੇ ਗਏ। ਇਨ੍ਹਾਂ ਤਜਰਬਿਆਂ ਵਿੱਚ ਸਭ ਤੋਂ ਵਿਸ਼ੇਸ਼ ਸੀ ਸ਼ੈਫ ਪੂਜਾ ਢੀਂਗਰਾ ਅਤੇ ਸ਼ੈਫ ਰਣਵੀਰ ਬਰਾੜ ਨਾਲ ਜੁੜਿਆ ਅਨੁਭਵ। ਮਸ਼ਹੂਰ ਕਾਮੇਡੀਅਨ ਰਾਹੁਲ ਸੁਬਰਮਣਿਅਨ ਨੇ ਆਪਣੀ ਸਟੈਂਡ-ਅਪ ਕਾਮੇਡੀ ਰਾਹੀਂ ਸਾਰੇ ਦਰਸ਼ਕਾਂ ਨੂੰ ਹਸਾ-ਹਸਾ ਕੇ ਲੋਟਪੋਟ ਕਰ ਦਿੱਤਾ। ਫ਼ਲਿਪਕਾਰਟ ਦੇ ਸੀਨੀਅਰ ਡਾਇਰੈਕਟਰ ਕੰਜ਼ਿਊਮੇਬਲਜ਼ (ਬਿਊਟੀ, ਐੱਫਐੱਮਸੀਜੀ ਅਤੇ ਹੈਲਥਕੇਅਰ) ਨਿਸ਼ਾਂਤ ਦਲਾਲ ਨੇ ਕਿਹਾ ਕਿ ਫੂਡ ਫੈਸਟ 2025 ਨਾਲ ਅਸੀਂ ਸਿਰਫ਼ ਖਾਣ-ਪੀਣ ਦਾ ਜਸ਼ਨ ਨਹੀਂ ਮਨਾ ਰਹੇ, ਸਗੋਂ ਗੋਰਮੇ ਫੂਡ ਡਿਸਕਵਰੀ, ਕਹਾਣੀਕਥਨ ਅਤੇ ਕਮਿਊਨਿਟੀ-ਆਧਾਰਤ ਕਾਮਰਸ ਦੇ ਇਕ ਨਵੇਂ ਯੁੱਗ ਦੀ ਸ਼ੁਰੂਆਤ ਕਰ ਰਹੇ ਹਾਂ।

# ਘਪਲੇ ਨੂੰ ਲੈ ਕੇ ਖਾਤਾਧਾਰਕਾਂ ਵੱਲੋਂ ਬੈਂਕ ਆਫ ਬੜੌਦਾ ਦੇ ਬਾਹਰ ਰੋਸ ਪ੍ਰਦਰਸ਼ਨ

*** ਪੈਸੇ ਜਮ੍ਹਾ ਕਰਵਾਉਣ ਮੌਕੇ ਕੈਸ਼ੀਅਰ ਸਿਸਟਮ ਖਰਾਬ ਹੋਣ ਦਾ ਬਹਾਨਾ ਲਾ ਕੇ ਨਹੀਂ ਸੀ ਦਿੰਦਾ ਰਸੀਦਾਂ**

ਕਾਦੀਆਂ (ਸਾਧਵਿੰਦਰ ਸਿੰਘ ਮਲਹੋਤਰਾ)–ਬੈਂਕ ਆਫ ਬੜੌਦਾ ਕਾਦੀਆਂ ਵਿੱਚ ਖਾਤਾਧਾਰਕਾਂ ਨਾਲ ਹੋਏ ਫਰਾਡ ਨੂੰ ਲੈ ਕੇ ਖਾਤਾਧਾਰਕਾਂ ਵੱਲੋਂ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ ਅਤੇ ਪੈਸੇ ਵਾਪਸ ਲੈਣ ਦੀ ਮੰਗ ਕੀਤੀ ਗਈ। ਇਸ ਸਬੰਧੀ ਉਥੇ ਮੌਜੂਦ ਰੂਪ ਸਿੰਘ ਵਾਸੀ ਸੰਤ ਨਗਰ, ਮਨਦੀਪ ਕੌਰ ਵਾਸੀ ਪ੍ਰਤਾਪ ਨਗਰ, ਸੰਤੋਸ਼ ਕੁਮਾਰੀ ਵਾਸੀ ਕ੍ਰਿਸ਼ਨਾ ਨਗਰ, ਬਚਨ ਲਾਲ ਵਾਸੀ ਪ੍ਰਤਾਪ ਨਗਰ ਨੇ ਦੱਸਿਆ ਕਿ ਅਸੀਂ ਜਦੋਂ ਬੈਂਕ 'ਚ ਪੈਸੇ ਜਮ੍ਹਾ ਕਰਵਾਉਂਦੇ ਸੀ ਤਾਂ ਉਹ ਬੈਂਕ ਦੀ ਰਸੀਦ ਨਹੀਂ ਦਿੰਦਾ ਸੀ ਪਰ ਜਦੋਂ ਪੈਸੇ ਖਾਤਿਆਂ ਵਿੱਚ ਨਹੀਂ ਚੜ੍ਹਦੇ ਸਨ ਤਾਂ ਮਿਲਣ 'ਤੇ ਕਹਿੰਦਾ ਸੀ ਕਿ ਸਿਸਟਮ ਖਰਾਬ ਹੈ, ਠੀਕ ਹੋਣ 'ਤੇ ਮੈਸੇਜ ਆ ਜਾਵੇਗਾ। ਉਹ ਉਸ 'ਤੇ ਇਤਬਾਰ ਕਰ ਲੈਂਦੇ ਸਨ। ਜਦੋਂ ਬੈਂਕ ਕਰਮਚਾਰੀ ਵੱਲੋਂ ਠੱਗੀ ਮਾਰਨ ਬਾਰੇ ਉਨ੍ਹਾਂ ਤੱਕ ਗੱਲ ਪਹੁੰਚੀ ਤਾਂ ਖਾਤੇ ਚੈੱਕ ਕਰਨ ਤੇ ਪਤਾ ਲੱਗਾ ਕਿ ਅਕਾਊਂਟ ਵਿੱਚ ਪੈਸੇ ਹੀ ਜਮ੍ਹਾ ਨਹੀਂ ਹੋਏ। ਇਹ ਵੀ ਪਤਾ ਲੱਗਾ ਹੈ ਕਿ ਬੈਂਕ ਕੈਸ਼ੀਅਰ ਤਲਜਿੰਦਰ ਸਿੰਘ ਵਾਸੀ ਕਾਦੀਆਂ ਜਿਸ ਨੂੰ ਇਸ ਘੋਟਾਲੇ ਦਾ ਜ਼ਿੰਮੇਵਾਰ ਮੰਨਿਆ ਜਾ ਰਿਹਾ ਉਹ ਤਕਰੀਬਨ 11 ਦੀ ਗੱਲ ਖੇਡਣ ਦਾ ਸ਼ੌਕੀਨ ਸੀ। ਉਸ ਨੇ ਬੈਂਕ ਆਫ ਬੜੌਦਾ ਦੇ ਖਾਤਾਧਾਰਕਾਂ ਦਾ ਪੈਸਾ ਇਸ ਸ਼ੌਕ ਵਿੱਚ ਉਜਾੜ ਦਿੱਤਾ ਹੈ। ਲੋਕਾਂ ਦਾ ਕਹਿਣਾ ਹੈ ਕਿ ਇਸ ਘਪਲੇ ਵਿੱਚ ਇਕੱਲਾ ਕੈਸ਼ੀਅਰ ਹੀ ਸ਼ਾਮਲ



ਨਹੀਂ ਹੋ ਸਕਦਾ। ਇਸ ਘਪਲੇ ਵਿੱਚ ਉਸ ਦੇ ਹੋਰ ਵੀ ਸਾਥੀ ਹੋ ਸਕਦੇ ਹਨ। ਬੈਂਕ ਅਤੇ ਕੁੱਝ ਖਾਤਾਧਾਰਕਾਂ ਵੱਲੋਂ ਐੱਸਐੱਸਪੀ ਬਟਾਲਾ ਨੂੰ ਇਸ ਮਾਮਲੇ ਸਬੰਧੀ ਲਿਖਤੀ ਸ਼ਿਕਾਇਤ ਵੀ ਦਿੱਤੀ ਗਈ ਸੀ। ਸੰਬੰਧਿਤ ਥਾਣੇ ਨੂੰ ਵੀ ਇਸ ਸਬੰਧੀ ਲੋਕਾਂ ਵੱਲੋਂ ਸ਼ਿਕਾਇਤ ਦਿੱਤੀ ਗਈ ਹੈ। ਕਾਰਵਾਈ ਦੀ ਮੰਗ ਕੀਤੀ ਗਈ ਪਰ ਅਜੇ ਤੱਕ ਉਨ੍ਹਾਂ ਨੂੰ ਕੋਈ ਵੀ ਇਨਸਾਫ ਨਹੀਂ ਮਿਲਿਆ। ਲੋਕਾਂ ਨੇ ਦੱਸਿਆ ਕਿ ਜਦੋਂ ਉਨ੍ਹਾਂ ਦੇ ਵੱਲੋਂ ਐੱਸਐੱਸਪੀ ਬਟਾਲਾ ਨੂੰ ਸ਼ਿਕਾਇਤ ਦਿੱਤੀ ਗਈ ਸੀ ਤਾਂ ਉਥੇ ਐੱਸਐੱਸਪੀ ਸੁਹੇਲ ਕਾਸਿਮ ਮੀਰ ਦੇ ਵੱਲੋਂ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਗਿਆ ਸੀ ਕਿ ਲੋਕਾਂ ਦੀਆਂ ਸ਼ਿਕਾਇਤਾਂ ਸਾਡੇ ਤੱਕ ਪਹੁੰਚੀਆਂ ਹਨ, ਅਸੀਂ ਇਸ ਮਾਮਲੇ ਦੀ ਜਾਂਚ ਕਰ ਰਹੇ ਹਾਂ ਜਾਂਚ ਤੋਂ ਬਾਅਦ ਹੀ ਅਗਲੀ ਕਾਰਵਾਈ ਨੂੰ ਅਮਲ ਵਿੱਚ ਲਿਆਂਦਾ ਜਾਵੇਗਾ। ਉਧਰ ਦੂਜੇ ਪਾਸੇ ਪੰਜਾਬ ਨਿਰਮਾਣ ਮਜ਼ਦੂਰ ਯੂਨੀਅਨ ਦੇ ਆਗੂ ਦਤਾਰ ਸਿੰਘ ਠੱਕਰ ਸੰਧੂ ਦੇ ਵੱਲੋਂ ਖਾਤਾਧਾਰਕਾਂ ਦੇ ਨਾਲ ਹਮਦਰਦੀ ਜਤਾਈ ਗਈ ਤੇ ਕਿਹਾ ਕਿ ਜਿਨ੍ਹਾਂ ਲੋਕਾਂ ਦੇ ਵੀ ਬੈਂਕ ਦੇ ਵਿੱਚ ਘਪਲੇ ਹੋਏ ਹਨ ਉਹ ਲੋਕ ਸਾਡੇ ਦਫਤਰ ਆ ਕੇ ਸਾਡੇ ਨਾਲ ਸੰਪਰਕ ਕਰਨ। ਉਨ੍ਹਾਂ ਨੇ ਨਾਲ ਹੀ ਪ੍ਰਸ਼ਾਸਨ ਨੂੰ ਵੀ ਚੇਤਾਵਨੀ ਦਿੱਤੀ ਕਿ ਜੇਕਰ ਖਾਤਾਧਾਰਕਾਂ ਦੇ ਪੈਸੇ ਵਾਪਸ ਨਾ ਮਿਲੇ ਤਾਂ ਉਹ ਅਗਲੇ ਸੰਘਰਸ਼ ਨੂੰ ਵੱਡੇ ਪੱਧਰ 'ਤੇ ਉਲੀਕਣਗੇ।

# 'ਆਪ' ਸਰਕਾਰ ਪੰਜਾਬ 'ਚ ਅਮਨ-ਕਾਨੂੰਨ ਕਾਇਮ ਰੱਖਣ 'ਚ ਪੂਰੀ ਤਰ੍ਹਾਂ ਫੇਲ ਸਾਬਤ ਹੋਈ : ਕੱਕੜ

ਚੇਤਨਪੁਰਾ (ਸੁਖਵੰਤ ਚੇਤਨਪੁਰੀ)–ਸੂਬੇ ਵਿੱਚ ਦਿਨ ਦਿਹਾੜੇ ਕਤਲ ਹੋ ਰਹੇ ਕਤਲਾਂ ਤੋਂ ਅਜਿਹਾ ਪ੍ਰਤੀਤ ਹੋ ਰਿਹਾ ਹੈ ਕਿ ਇਸ ਵਕਤ ਪੰਜਾਬ ਵਿੱਚ ਸਰਕਾਰ ਨਾਮ ਦੀ ਕੋਈ ਚੀਜ਼ ਨਜ਼ਰ ਨਹੀਂ ਆ ਰਹੀ ਬਲਕਿ ਗੈਂਗਸਟਰਾਂ ਦਾ ਰਾਜ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਅਮਨਦੀਪ ਸਿੰਘ ਕੱਕੜ ਮੀਡੀਆ ਸਲਾਹਕਾਰ ਵਿਧਾਇਕ ਸੁਖਵਿੰਦਰ ਸਿੰਘ ਸਰਕਾਰੀਆ ਅਤੇ ਮੁੱਖ ਬੁਲਾਰਾ ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਨੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨਾਮਵਰ ਗਾਇਕ ਸਿੱਧੂ ਮੂਸੇਵਾਲਾ ਦੇ ਪਰਿਵਾਰ ਨੂੰ ਵੀ ਅਜੇ ਤੱਕ ਵੀ ਇਨਸਾਫ ਨਹੀਂ ਮਿਲਿਆ ਪਰ ਬੀਤੇ ਦਿਨੀਂ ਅਬੋਹਰ ਵਿੱਚ ਕਾਰੋਬਾਰੀ ਸੰਜੇ ਵਰਮਾ ਨੂੰ ਵੀ ਗੋਲੀਆਂ ਮਾਰਕੇ ਦਿਨ ਦਿਹਾੜੇ ਕਤਲ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਨਸ਼ਾ ਪਹਿਲਾਂ ਨਾਲੋਂ ਜ਼ਿਆਦਾ ਵਧਿਆ ਹੈ। ਨਸ਼ਾ ਵੇਚਣ ਵਾਲਿਆਂ ਦੇ ਹੌਂਸਲੇ ਪੂਰੀ ਤਰ੍ਹਾਂ ਬੁਲੰਦ ਹਨ। ਨਸ਼ੇ ਦਾ ਵਿਰੋਧ ਕਰਨ ਵਾਲਿਆਂ ਨੂੰ ਸ਼ਰੇਆਮ ਮਾਰਿਆ ਜਾਂਦਾ ਹੈ, ਇਸਦੀ ਤਾਜ਼ਾ ਉਦਾਹਰਣ ਵਿਧਾਨ ਸਭਾ ਹਲਕਾ ਰਾਜਾਸਾਂਸੀ ਦੇ ਪਿੰਡ ਠੱਠਾ ਤੋਂ ਮਿਲਦੀ ਹੈ, ਜਿੱਥੇ ਇੱਕ ਨਿਹੰਗ ਸਰਵਣ ਸਿੰਘ ਨੂੰ ਨਸ਼ਾ ਵੇਚਣ ਵਾਲਿਆਂ ਨੇ ਨਸ਼ਾ ਵੇਚਣ ਤੋਂ ਰੋਕਣ ਤੇ ਸ਼ਰੇਆਮ ਬੁਰੀ ਤਰ੍ਹਾਂ ਕੁੱਟਿਆ। ਵਿਕਾਸ ਕਾਰਜ ਪੂਰੀ ਤਰ੍ਹਾਂ ਠੱਪ ਹਨ। ਉਨ੍ਹਾਂ ਕਿਹਾ ਕਿ ਹਰ ਹਲਕਾ ਰਾਜਾਸਾਂਸੀ ਵਿੱਚ ਕਾਂਗਰਸ ਸਰਕਾਰ ਸਮੇਂ ਪੰਜਾਬ ਦੇ ਸਾਬਕਾ ਮੰਤਰੀ ਅਤੇ



ਵਿਧਾਇਕ ਸੁਖਵਿੰਦਰ ਸਿੰਘ ਸਰਕਾਰੀਆ ਵੱਲੋਂ ਬਣਾਈਆਂ ਗਈਆਂ ਸੜਕਾਂ ਦੀ ਮੌਜੂਦਾ ਆਪ ਸਰਕਾਰ ਅਜੇ ਤੱਕ ਮੁਰੰਮਤ ਨਹੀਂ ਕਰਵਾ ਸਕੀ। ਪਿੰਡਾਂ ਵਿੱਚ ਵੀ ਗਲੀਆਂ ਨਾਲੀਆਂ ਦਾ ਵੀ ਬੁਰਾ ਹਾਲ ਹੈ। ਕੱਕੜ ਨੇ ਕਿਹਾ ਕਿ ਪੰਜਾਬ ਦੀ ਜਨਤਾ ਪੰਜਾਬ ਦੀ ਵਾਗਡੋਰ ਆਪ ਨੂੰ ਦੇ ਕੇ ਹੁਣ ਆਪਣੇ ਹੱਥਾਂ 'ਤੇ ਦੰਦੀਆਂ ਵੱਢ ਰਹੀ ਹੈ ਅਤੇ ਇਸ ਪਾਰਟੀ ਨੂੰ ਸਬਕ ਸਿਖਾਉਣ ਲਈ ਬੜੀ ਬੇਸਬਰੀ ਨਾਲ 2027 ਦਾ ਇੰਤਜ਼ਾਰ ਕਰ ਰਹੀ ਹੈ। ਇਸ ਮੌਕੇ ਉਨ੍ਹਾਂ ਨਾਲ ਜਸਪਾਲ ਸਿੰਘ ਭੱਟੀ ਪ੍ਰਧਾਨ ਰਾਜਾ ਸਾਂਸੀ, ਹਰਭੇਜ ਸਿੰਘ ਵਣੀਏਕੇ ਬਲਾਕ ਪ੍ਰਧਾਨ ਚੋਗਾਵਾਂ, ਦਸਵਰਨ ਸਿੰਘ ਕੋਹਰੀ ਪ੍ਰਧਾਨ ਯੂਥ ਕਾਂਗਰਸ ਰਾਜਾਸਾਂਸੀ, ਲਖਵਿੰਦਰ ਸਿੰਘ ਝੰਜੋਟੀ ਬਲਾਕ ਪ੍ਰਧਾਨ ਹਰਸਾਛੀਨਾ, ਸਰਪੰਚ ਸੋਨਾ ਸਿੱਧੂ ਬਲੱਗਣ, ਗੁਰਮੀਤ ਸਿੰਘ ਡਾਲਾ, ਸ਼ਮਸ਼ੇਰ ਸਿੰਘ ਸਾਰੰਗੜਾ, ਗੁਰਮੇਜ ਸਿੰਘ ਬਬਲਾ ਕੋਟਲਾ, ਫੌਜੀ ਸੁਖਦੇਵ ਸਿੰਘ ਨੱਥੂਪੁਰ, ਰੇਸ਼ਮ ਸਿੰਘ ਲੋਧੀਗੁੱਜਰ ਆਦਿ ਹਾਜ਼ਰ ਸਨ।

# ਰਿਆੜਕੀ ਪਬਲਿਕ ਸਕੂਲ ਤੁਗਲਵਾਲ ਵਿਖੇ ਦੋ ਰੋਜ਼ਾ ਸ਼ੂਟਿੰਗ ਮੁਕਾਬਲੇ ਸਫਲਤਾਪੂਰਵਕ ਸੰਪੰਨ

*** ਗੁਰਦਾਸਪੁਰ ਤੇ ਅੰਮ੍ਰਿਤਸਰ ਦੀਆਂ ਵੱਖ-ਵੱਖ ਸੰਸਥਾਵਾਂ ਦੇ 200 ਦੇ ਕਰੀਬ ਸ਼ੂਟਰਾਂ ਨੇ ਲਿਆ ਹਿੱਸਾ**

ਧਾਰੀਵਾਲ (ਮਨਦੀਪ ਸਿੰਘ ਵਿੱਕੀ)–ਬਾਬਾ ਆਇਆ ਸਿੰਘ ਰਿਆੜਕੀ ਪਬਲਿਕ ਸਕੂਲ, ਤੁਗਲਵਾਲ ਵਿਖੇ ਪੰਜਾਬ ਰਾਈਫਲ ਸ਼ੂਟਿੰਗ ਐਸੋਸੀਏਸ਼ਨ ਦੇ ਸਹਿਯੋਗ ਨਾਲ ਜ਼ਿਲ੍ਹਾ ਰਾਈਫਲ ਐਸੋਸੀਏਸ਼ਨ ਅੰਮ੍ਰਿਤਸਰ ਅਤੇ ਗੁਰਦਾਸਪੁਰ ਦੁਆਰਾ ਦੋ ਰੋਜ਼ਾ 10-ਮੀਟਰ ਰਾਈਫਲ ਅਤੇ ਪਿਸਟਲ ਸ਼ੂਟਿੰਗ ਮੁਕਾਬਲੇ ਸਫਲਤਾਪੂਰਵਕ ਕਰਵਾਏ ਗਏ। ਇਸ ਮੁਕਾਬਲੇ ਵਿੱਚ ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਅਤੇ ਜੋਸ਼ ਨਾਲ ਹਿੱਸਾ ਲਿਆ, ਜਿਸ ਨੇ ਸਮਾਗਮ ਨੂੰ ਯਾਦਗਾਰ ਬਣਾ ਦਿੱਤਾ। ਮੁਕਾਬਲੇ ਐੱਨ. ਆਰ. ਅਤੇ ਆਈਐੱਸਐੱਸਐੱਫ ਸ਼੍ਰੇਣੀਆਂ ਅਧੀਨ ਆਯੋਜਿਤ ਕੀਤੇ ਗਏ। ਵੱਖ-ਵੱਖ ਉਮਰ ਵਰਗਾਂ ਅਧੀਨ ਮੁਕਾਬਲੇ ਆਯੋਜਿਤ ਕੀਤੇ ਗਏ, ਜਿਨ੍ਹਾਂ ਵਿੱਚ ਅੰਡਰ-16, ਅੰਡਰ-19 (ਯੂਥ), ਅੰਡਰ-21 (ਜੂਨੀਅਰ ਅਤੇ ਸੀਨੀਅਰ), ਅੰਡਰ-45-60 (ਮਾਸਟਰ), ਅਤੇ ਸੀਨੀਅਰ (60 ਤੋਂ ਉਪਰ) ਸ਼ਾਮਲ ਸਨ। ਗੁਰਦਾਸਪੁਰ ਅਤੇ ਅੰਮ੍ਰਿਤਸਰ ਦੀਆਂ ਵੱਖ-ਵੱਖ ਸੰਸਥਾਵਾਂ ਦੇ ਕੁੱਲ 200 ਦੇ ਕਰੀਬ ਸ਼ੂਟਰਾਂ ਨੇ ਭਾਗ ਲਿਆ। ਗੁਰਦਾਸਪੁਰ ਦੇ ਬਾਬਾ ਆਇਆ ਸਿੰਘ ਰਿਆੜਕੀ ਪਬਲਿਕ ਸਕੂਲ, ਦੂਨ ਇੰਟਰਨੈਸ਼ਨਲ ਪਬਲਿਕ ਸਕੂਲ, ਵੌਰੀਅਰਜ਼ ਸ਼ੂਟਿੰਗ ਅਕੈਡਮੀ, ਐੱਸ.ਡੀ.ਐੱਮ. ਕਾਲਜ ਦੀਨਾਨਗਰ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਅੰਮ੍ਰਿਤਸਰ ਦੇ ਸਪਰਿੰਗ ਡੇਲ ਸੀਨੀਅਰ ਸੈਕੰਡਰੀ ਸਕੂਲ, ਦਿੱਲੀ ਪਬਲਿਕ ਸਕੂਲ,



ਵਿਜ਼ਨ ਸ਼ੂਟਿੰਗ ਅਕੈਡਮੀ, ਦੂਨ ਇੰਟਰਨੈਸ਼ਨਲ ਸਕੂਲ, ਹੋਲੀ ਹਾਰਟਸ ਪ੍ਰੈਜ਼ੀਡੈਂਸੀ ਅਤੇ ਓਪਨ ਸਾਈਟ ਸ਼੍ਰੇਣੀ ਵਿੱਚ ਖਿਡਾਰੀਆਂ ਅਤੇ ਨਿੱਜੀ ਤੌਰ ਤੇ ਖੇਡਣ ਵਾਲੇ ਖਿਡਾਰੀਆਂ ਨੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਦੂਨ ਇੰਟਰਨੈਸ਼ਨਲ ਸਕੂਲ ਨੇ ਪਹਿਲਾ ਸਥਾਨ ਅਤੇ ਬਾਬਾ ਆਇਆ ਸਿੰਘ ਰਿਆੜਕੀ ਪਬਲਿਕ ਸਕੂਲ ਤੁਗਲਵਾਲ ਨੇ ਦੂਜਾ ਸਥਾਨ ਹਾਸਲ ਕੀਤਾ। ਅੰਮ੍ਰਿਤਸਰ ਵਿੱਚ ਸਪਰਿੰਗ ਡੇਲ ਸੀਨੀਅਰ ਸਕੂਲ ਨੇ ਪਹਿਲਾ ਸਥਾਨ ਅਤੇ ਦੂਨ ਇੰਟਰਨੈਸ਼ਨਲ ਸਕੂਲ ਅੰਮ੍ਰਿਤਸਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਅਕੈਡਮੀ ਸ਼੍ਰੇਣੀ ਵਿੱਚ ਵਿਜ਼ਨ ਸ਼ੂਟਿੰਗ ਅਕੈਡਮੀ ਅਤੇ ਵਾਰੀਅਰਜ਼ ਸ਼ੂਟਿੰਗ ਅਕੈਡਮੀ ਜੇਤੂ ਰਹੀਆਂ। ਸਮਾਗਮ ਦੇ ਅੰਤ ਵਿੱਚ ਇਨਾਮ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਕੂਲ ਦੇ ਪ੍ਰਿੰਸੀਪਲ ਸਰਦਾਰ ਸਵਰਨ ਸਿੰਘ ਵਿਰਕ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਜੇਤੂ ਟੀਮਾਂ ਨੂੰ ਟਰਾਫੀਆਂ ਵੰਡੀਆਂ। ਸਮਾਗਮ ਨੂੰ ਸੰਬੋਧਨ ਕਰਦਿਆਂ ਗਗਨਦੀਪ ਸਿੰਘ ਵਿਰਕ ਨੇ ਕਿਹਾ, ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਰੁਚੀ ਰੱਖਣੀ ਚਾਹੀਦੀ ਹੈ। ਸਮਾਗਮ ਵਿੱਚ ਫੈਡਰੇਸ਼ਨ ਦੇ ਪ੍ਰਧਾਨ ਅੰਮ੍ਰਿਤ ਪਾਲ ਸਿੰਘ, ਜਨਰਲ ਸੈਕਟਰੀ ਸਤਿੰਦਰ ਪਾਲ ਸਿੰਘ, ਸਕੂਲ ਦੇ ਸ਼ੂਟਿੰਗ ਕੋਚ ਜਤਿੰਦਰ ਕੁਮਾਰ, ਕੋਚ ਮਨਦੀਪ ਸਿੰਘ, ਗੁਰਪ੍ਰੀਤ ਸਿੰਘ, ਹਰਪ੍ਰੀਤ ਸਿੰਘ ਕੁਹਾੜ ਅਤੇ ਰਛਪਾਲ ਸਿੰਘ ਸਮੇਤ ਦੋਵਾਂ ਜ਼ਿਲ੍ਹਿਆਂ ਦੇ ਵੱਖ-ਵੱਖ ਕੋਚ ਅਤੇ ਅਕੈਡਮੀਆਂ ਦੇ ਪ੍ਰਬੰਧਕ ਹਾਜ਼ਰ ਸਨ। ਰਿਆੜਕੀ ਪਬਲਿਕ ਸਕੂਲ ਦੀ ਇਸ ਪਹਿਲਕਦਮੀ ਨੇ ਨੌਜਵਾਨ ਸ਼ੂਟਰਾਂ ਨੂੰ ਆਪਣੀ ਪ੍ਰਤਿਭਾ ਨਿਖਾਰਨ ਅਤੇ ਰਾਸ਼ਟਰੀ ਪੱਧਰ ਤੇ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ

# ਦੀਨਾਨਗਰ ਦੇ ਥਾਣਾ ਮੁਖੀ ਖ਼ਿਲਾਫ਼ ਕਾਰਵਾਈ ਦੀ ਮੰਗ

ਗੁਰਦਾਸਪੁਰ (ਜਨਕ ਮਹਾਜਨ)–ਜ਼ਿਲ੍ਹਾ ਬਾਰ ਐਸੋਸੀਏਸ਼ਨ ਗੁਰਦਾਸਪੁਰ ਦੀ ਇੱਕ ਜ਼ਰੂਰੀ ਮੀਟਿੰਗ ਹੋਈ ਜਿਸ ਵਿੱਚ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਗਿਆ ਕਿ ਅਦਾਲਤ ਸਬੰਧੀ ਸਾਰੇ ਕੰਮ ਕਾਜ



ਦੀਨਾਨਗਰ ਦੇ ਥਾਣਾ ਮੁਖੀ ਖਿਲਾਫ ਪਰਚਾ ਦਰਜ ਕਰਨ ਤੱਕ ਠੱਪ ਰੱਖੇ ਜਾਣਗੇ।

ਜਾਣਕਾਰੀ ਦਿੰਦੇ ਹੋਏ ਰਾਜਪਾਲ ਸਿੰਘ ਪ੍ਰਧਾਨ ਬਾਰ ਐਸੋਸੀਏਸ਼ਨ ਅਤੇ ਪਲਵਿੰਦ ਸਿੰਘ ਸੈਕਟਰੀ ਨੇ ਸਾਂਝੇ ਤੌਰ 'ਤੇ ਦੱਸਿਆ ਕਿ 11 ਜੁਲਾਈ 2025 ਨੂੰ ਦੀਨਾਨਗਰ ਦੇ ਥਾਣਾ ਮੁਖੀ ਅੰਮ੍ਰਿਤਪਾਲ ਵੱਲੋਂ ਸਮੇਤ ਪੁਲਸ ਪਾਰਟੀ ਜ਼ਿਲ੍ਹਾ ਕਚਹਿਰੀ ਗੁਰਦਾਸਪੁਰ ਵਿਖੇ ਦਿਲਬਾਗ ਸਿੰਘ ਸੈਣੀ ਵਕੀਲ ਦੇ ਚੈਂਬਰ ਵਿੱਚ ਜ਼ਬਰਦਸਤੀ ਵੜ ਕੇ ਉਥੇ ਬੈਠੇ ਇਕ ਵਿਅਕਤੀ ਨੂੰ ਵਕੀਲ ਦੀ ਸਹਿਮਤੀ ਤੋਂ ਬਿਨਾਂ ਜ਼ਬਰਦਸਤੀ ਚੁੱਕ ਕੇ ਲੈ ਗਏ। ਵਿਰੋਧ ਵਜੋਂ ਬਾਰ ਕੌਂਸਲ ਵੱਲੋਂ ਜ਼ਿਲ੍ਹਾ ਪੁਲਸ ਮੁਖੀ ਪਾਸ ਲਿਖਤੀ ਸ਼ਿਕਾਇਤ ਵਿਚ ਮੰਗ ਕੀਤੀ ਗਈ ਕਿ ਥਾਣਾ ਮੁਖੀ ਅੰਮ੍ਰਿਤਪਾਲ ਸਿੰਘ ਤੇ ਹੋਰ ਪੁਲਸ ਕਰਮਚਾਰੀਆਂ ਖਿਲਾਫ ਐੱਫਆਈਆਰ ਦਰਜ ਕੀਤੀ ਜਾਵੇ। ਅਜਿਹਾ ਨਾ ਕੀਤੇ ਜਾਣ ਤੱਕ ਵਕੀਲਾਂ ਵੱਲੋਂ ਹੜਤਾਲ ਰੱਖਣ ਦਾ ਫ਼ੈਸਲਾ ਲਿਆ ਗਿਆ। ਬਾਰ ਐਸੋਸੀਏਸ਼ਨ ਦੇ ਅਹੁਦੇਦਾਰਾਂ ਨੇ ਕਿਹਾ ਕਿ ਦੀਨਾਨਗਰ ਪੁਲਸ ਵੱਲੋਂ ਅਜਿਹਾ ਕਦਮ ਚੁੱਕਣਾ ਸਰਾਸਰ ਧੱਕੇਸ਼ਾਹੀ ਹੈ। ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਨੇ ਵਕੀਲ ਭਾਈਚਾਰੇ ਨੂੰ ਵਿਸ਼ਵਾਸ ਦਿਵਾਇਆ ਕਿ ਦੀਨਾਨਗਰ ਥਾਣਾ ਮੁਖੀ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ।

# ਕ੍ਰਿਸ਼ਨਾ ਮਾਰਕੀਟ ਦੇ ਨੌਜਵਾਨਾਂ ਨੇ ਭਗਵਾਨ ਭੋਲੇ ਨਾਥ ਦੇ ਨਾਂਅ ਦਾ ਲੰਗਰ ਲਾਇਆ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)–ਦੀਨਾਨਗਰ ਦੀ ਕ੍ਰਿਸ਼ਨਾ ਮਾਰਕੀਟ 'ਚ ਤਰੁਣ ਕਾਂਸਰਾ, ਅੰਕੁਰ ਨਈਅਰ, ਰੋਮੀ ਮਹਾਜਨ, ਰਾਘਵ ਮਹਾਜਨ, ਵੱਲੋਂ ਸਾਂਝੇ ਤੌਰ 'ਤੇ ਲੰਗਰ ਲਗਾਇਆ ਗਿਆ। ਇਸ ਮੌਕੇ ਭਾਜਪਾ ਦੇ ਸੀਨੀਅਰ ਨੇਤਾ ਵਿਨੈ ਚੌਧਰੀ ਨੇ ਵੀ ਲੰਗਰ ਦੀ ਸੇਵਾ ਕੀਤੀ ਅਤੇ ਭਗਵਾਨ ਭੋਲੇ ਨਾਥ ਦਾ



ਆਸ਼ੀਰਵਾਦ ਲਿਆ। ਇਸ ਮੌਕੇ ਗੱਲਬਾਤ ਕਰਦੇ ਉਨ੍ਹਾਂ ਕਿਹਾ ਕਿ ਸਰਬੱਤ ਦੇ ਭਲੇ ਲਈ ਅਤੇ ਸੁੱਖ ਸ਼ਾਂਤੀ ਲਈ ਦਸਵੰਧ ਕੱਢ ਕੇ ਦਾਨ ਪੁੰਨ ਦੇ ਮਕਸਦ ਨਾਲ ਇਹ ਲੰਗਰ ਲਗਾਇਆ ਗਿਆ ਹੈ। ਇਸ ਮੌਕੇ ਵੱਡੀ ਗਿਣਤੀ 'ਚ ਰਾਹਗੀਰਾਂ ਨੇ ਲੰਗਰ ਛਕਿਆ। ਇਸ ਮੌਕੇ ਸਾਬਕਾ ਨਗਰ ਕੌਂਸਲ ਪ੍ਰਧਾਨ ਰਾਕੇਸ਼ ਮਹਾਜਨ, ਰਜੇਸ਼ ਸ਼ਰਮਾ, ਸੰਜੀਵ ਸ਼ਰਮਾ, ਅਜੈ ਧਵਨ, ਸਰਪੰਚ ਸੰਦੀਪ ਸਿੰਘ ਠਾਕੁਰ, ਜਿੰਮੀ ਖਜੂਰੀਆ, ਭਾਰਤ ਭੂਸ਼ਣ ਰਿੰਪਾ, ਬੱਬਲੂ ਠਾਕੁਰ, ਬੋਧਰਾਜ, ਰਾਮਜੀਤ ਖਜੂਰੀਆ, ਗੌਰਵ ਮਹਾਜਨ, ਸੁਰਿੰਦਰ ਸਿੰਘ, ਰਮਨ ਠਾਕੁਰ, ਗੌਰਵ ਸ਼ਰਮਾ, ਰਕੇਸ਼ ਮਹਾਜਨ, ਜਤਿੰਦਰ ਮਹਾਜਨ ਆਦਿ ਹਾਜ਼ਰ ਸਨ।

# 15000 ਐੱਮ ਐੱਲ ਨਜਾਇਜ਼ ਸ਼ਰਾਬ ਸਮੇਤ ਕਾਬੂ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਥਾਣਾ ਧਾਰੀਵਾਲ ਦੀ ਪੁਲਸ ਨੇ ਇਕ ਵਿਅਕਤੀ ਨੂੰ ਨਜਾਇਜ਼ ਸ਼ਰਾਬ 15000 ਐੱਮ ਐੱਲ ਸਮੇਤ ਕਾਬੂ ਕਰਕੇ ਉਸ ਵਿਰੁੱਧ ਐਕਸਾਈਜ਼ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਹੈ। ਥਾਣਾ ਧਾਰੀਵਾਲ ਦੇ ਮੁਖੀ ਹਰਪਾਲ ਸਿੰਘ ਨੇ ਦੱਸਿਆ ਕਿ ਏਐੱਸਆਈ ਰਮੇਸ਼ ਕੁਮਾਰ ਨੇ ਸਮੇਤ ਪੁਲਸ ਪਾਰਟੀ ਭੈੜੇ ਪੁਰਸ਼ਾਂ ਦੀ ਤਲਾਸ਼ ਦੇ ਸਬੰਧ ਵਿੱਚ ਗਸ਼ਤ ਦੌਰਾਨ ਪਿੰਡ ਬੱਲ ਤੋਂ ਇਕ ਵਿਅਕਤੀ ਨੂੰ ਨਜਾਇਜ਼ ਸ਼ਰਾਬ 15000 ਐੱਮ ਐੱਲ ਕਾਬੂ ਕੀਤਾ ਹੈ। ਮੁਲਜ਼ਮ ਦੀ ਪਛਾਣ ਰਜਿੰਦਰ ਸਿੰਘ ਉਰਫ ਰਾਜਾ ਪੁੱਤਰ ਇਕਬਾਲ ਸਿੰਘ ਵਾਸੀ ਬੱਲ ਵਜੋਂ ਹੋਈ।

# ਭਾਈ ਤਾਰੂ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਬੱਚਿਆਂ ਨੇ ਦੁਮਾਲੇ/ਦਸਤਾਰਾਂ ਸਜਾਈਆਂ

ਪੱਟੀ (ਬਲਦੇਵ ਸਿੰਘ ਸੰਧੂ)-ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਐਂਡ ਵੈੱਲਫੇਅਰ ਸੁਸਾਇਟੀ (ਰਜਿ:) ਪੰਜਾਬ ਵੱਲੋਂ ਕਿਰਤੀ ਗੁਰਸਿੱਖ ਸੇਵਾ ਤੇ ਸਿਮਰਨ ਦੇ ਪੁੰਜ, ਵੰਡ ਛਕਣ ਲਈ ਹਮੇਸ਼ਾ ਤਤਪਰ ਰਹਿਣ ਵਾਲੀ ਰੱਬੀ ਰੂਹ ਭਾਈ ਤਾਰੂ ਸਿੰਘ ਜੀ ਪੂਹਲਾ ਦੇ ਸ਼ਹੀਦੀ ਦਿਹਾੜੇ ਨੂੰ ਮਨਾਉਂਦਿਆਂ ਹੋਇਆਂ ਬੱਚਿਆਂ ਦੇ ਦਸਤਾਰ, ਦੁਮਾਲਾ, ਗੁਰਬਾਣੀ ਕੰਠ ਅਤੇ ਸੁੰਦਰ ਲਿਖਾਈ ਮੁਕਾਬਲੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਗੁਰਦੁਆਰਾ ਭਾਈ ਤਾਰੂ ਸਿੰਘ ਜੀ ਪਿੰਡ ਪੂਹਲਾ ਵਿਖੇ ਕਰਵਾਏ ਗਏ ਜਿਸ ਵਿੱਚ ਸ਼ਹੀਦ ਭਗਤ ਸਿੰਘ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਭਿੱਖੀਵਿੰਡ, ਬਾਬਾ ਦੀਪ ਸਿੰਘ ਕੈਂਬਰਿਜ ਸਕੂਲ ਪਹੂਵਿੰਡ, ਬਾਬਾ ਦੀਪ ਸਿੰਘ ਸੀਨੀਅਰ ਸੈਕੰਡਰੀ ਸਕੂਲ ਪਹੂਵਿੰਡ, ਬਾਬਾ ਬੀਰ ਸਿੰਘ ਸਕੂਲ ਗੱਗੋ ਬੂਹਾ ਅਤੇ ਇਲਾਕੇ 'ਚੋਂ 200 ਤੋਂ ਵੱਧ ਬੱਚਿਆਂ ਅਤੇ ਸੰਗਤਾਂ ਨੇ ਸ਼ਮੂਲੀਅਤ ਕੀਤੀ। ਦਸਤਾਰ , ਦੁਮਾਲਾ ਮੁਕਾਬਲੇ ਵਿੱਚ ਚਾਰ ਗਰੁੱਪ, ਗੁਰਬਾਣੀ ਕੰਠ ਵਿੱਚ ਦੋ ਗਰੁੱਪ ਅਤੇ ਸੁੰਦਰ ਲਿਖਾਈ ਮੁਕਾਬਲੇ ਵਿੱਚ ਦੋ ਗਰੁੱਪ ਬਣਾ ਕੇ ਇਹ ਮੁਕਾਬਲੇ ਕਰਵਾਏ ਗਏ। ਹਰੇਕ ਗਰੁੱਪ ਵਿੱਚੋਂ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ ਤੇ ਆਉਣ ਵਾਲੇ ਬੱਚਿਆਂ ਨੂੰ ਸ਼ੀਲਡਾਂ, ਗੁਰੂ ਗ੍ਰੰਥ ਸਾਹਿਬ ਜੀ ਬਾਰੇ ਜਾਣਕਾਰੀ



ਦਰਸਾਉਂਦੀ ਤਸਵੀਰ ਅਤੇ ਸਿੱਖਸ ਫਾਰ ਹਿਊਮੈਨਟੀ ਕੈਨੇਡਾ ਵੱਲੋਂ ਪ੍ਰਕਾਸ਼ਿਤ ਕਿਤਾਬ ਸੁਖਮਨੀ ਬਾਣੀ ਦੇ ਕੇ ਸਨਮਾਨਿਤ ਕੀਤਾ ਗਿਆ। ਬਾਕੀ ਸਾਰਿਆਂ ਬੱਚਿਆਂ ਦੀ ਮੈਡਲ ਅਤੇ ਧਾਰਮਿਕ ਸਾਹਿਤ ਦੇ ਕੇ ਹੌਸਲਾ ਅਫਜ਼ਾਈ ਕੀਤੀ ਗਈ। ਸਕੂਲਾਂ ਵੱਲੋਂ ਪਹੁੰਚੇ ਹੋਏ ਬੱਚਿਆਂ ਨੇ ਇਤਿਹਾਸ ਸਮਾਜਿਕ ਕੁਰੀਤੀਆਂ ਬਾਬਤ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ ਜਿਨ੍ਹਾਂ ਨੂੰ ਮੈਡਲਾਂ ਦੇ ਨਾਲ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਉਚੇਚੇ ਤੌਰ 'ਤੇ ਸੁਸਾਇਟੀ ਦੇ ਪ੍ਰਧਾਨ ਭਾਈ ਸੰਤੋਖ ਸਿੰਘ ਪੱਟੀ, ਮੀਤ ਸਕੱਤਰ ਭਾਈ ਹਰਚਰਨ ਸਿੰਘ ਉਬੋਕੇ, ਖਜਾਨਚੀ ਗੁਰਜੰਟ ਸਿੰਘ ਭਿੱਖੀਵਿੰਡ, ਜ਼ਿਲਾ ਕੋਆਰਡੀਨੇਟਰ ਭਾਈ ਮਨਦੀਪ ਸਿੰਘ ਘੋਲੀਆਂ ਕਲਾਂ ਅਤੇ ਸਿੱਖ ਪ੍ਰਚਾਰਕ ਭਾਈ ਜਗਜੀਤ ਸਿੰਘ ਅਹਿਮਦਪੁਰ ਨੇ ਹਾਜ਼ਰੀ ਭਰੀ। ਜੱਜਮੈਂਟ ਦੀ ਭੂਮਿਕਾ ਸੀਨੀਅਰ ਕੋਆਰਡੀਨੇਟਰ ਹਰਜੀਤ ਸਿੰਘ ਲਹਿਰੀ, ਸਾਜਨ ਪ੍ਰੀਤ ਸਿੰਘ ਮਰਗਿੰਦਪੁਰਾ, ਹਰਮਨ ਦੀਪ ਸਿੰਘ ਭਿੱਖੀਵਿੰਡ, ਹੁਸਨਦੀਪ ਸਿੰਘ, ਸੁਖਮਨਦੀਪ ਸਿੰਘ, ਗਗਨਦੀਪ ਸਿੰਘ ਭਿੱਖੀਵਿੰਡ, ਰਣਬੀਰ ਸਿੰਘ ਵੀਰਮ, ਗੁਰਬਾਣੀ ਕੰਠ ਮੁਕਾਬਲੇ ਦੀ ਜੱਜਮੈਂਟ ਪ੍ਰਚਾਰਕ ਭਾਈ ਸੁਖਵਿੰਦਰ ਸਿੰਘ ਖਾਲੜਾ ਅਤੇ ਹੈਡ ਗ੍ਰੰਥੀ ਗੁਰਦੁਆਰਾ ਭਾਈ ਤਾਰੂ ਸਿੰਘ ਜੀ ਭਾਈ ਮਨਦੀਪ ਸਿੰਘ ਵੱਲੋਂ ਅਤੇ ਸੁੰਦਰ ਲਿਖਾਈ ਮੁਕਾਬਲੇ ਦੀ ਜੱਜਮੈਂਟ ਦੀ ਸੇਵਾ ਮੀਤ ਪ੍ਰਧਾਨ ਭਾਈ ਹੀਰਾ ਸਿੰਘ ਸੋਹਲ, ਪ੍ਰਚਾਰਕ ਭਾਈ ਹਰਜੀਤ ਸਿੰਘ ਵਾਂ, ਭਾਈ ਜਸ਼ਨਦੀਪ ਸਿੰਘ ਵੱਲੋਂ ਬਾਖੂਬੀ ਨਿਭਾਈ ਗਈ।

# ਸਿਵਲ ਸਰਜਨ ਡਾ. ਜਸਵਿੰਦਰ ਸਿੰਘ ਵੱਲੋਂ ਮਕੌੜਾ ਪੱਤਣ ਤੇ ਦਰਿਆ ਦੇ ਨਾਲ ਲੱਗਦੇ ਪਿੰਡਾਂ ਦਾ ਦੌਰਾ

ਗੁਰਦਾਸਪੁਰ (ਜਨਕ ਮਹਾਜਨ)– ਸਿਵਲ ਸਰਜਨ ਗੁਰਦਾਸਪੁਰ ਡਾਕਟਰ ਜਸਵਿੰਦਰ ਸਿੰਘ ਵੱਲੋਂ ਮਕੌੜਾ ਪੱਤਣ ਅਤੇ ਦਰਿਆ ਦੇ ਨਾਲ ਲੱਗਦੇ



ਪਿੰਡਾਂ ਦਾ ਦੌਰਾ ਕੀਤਾ ਗਿਆ। ਵਰਨਣਯੋਗ ਹੈ ਕਿ ਹਰ ਸਾਲ ਮਾਨਸੂਨ ਸੀਜ਼ਨ ਵਿੱਚ ਦਰਿਆ ਰਾਵੀ ਵਿੱਚ ਪਾਣੀ ਜਿਆਦਾ ਆਉਣ ਕਾਰਨ ਖੇਤਰ ਦੇ ਕੁੱਝ ਪਿੰਡ ਬਾਕੀ ਹਿੱਸੇ ਤੋਂ ਕੱਟੇ ਜਾਂਦੇ ਹਨ।

ਸਿਵਲ ਸਰਜਨ ਡਾਕਟਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਦਰਿਆ ਪਾਰ ਵਾਲੇ ਕਰੀਬ 7 ਪਿੰਡਾਂ ਵਿੱਚ 9 ਗਰਭਵਤੀ ਮਾਵਾਂ ਹਨ। ਇਨ੍ਹਾਂ ਵਿੱਚੋ 6 ਹਾਈ ਰਿਸਕ ਕੇਸ ਹਨ। 2 ਗਰਭਵਤੀਆਂ ਦਾ ਜਣੇਪਾ ਅਗਸਤ ਮਹੀਨੇ ਵਿੱਚ ਹੋਣਾ ਹੈ। ਸਿਹਤ ਅਮਲੇ ਵੱਲੋਂ ਇਨ੍ਹਾਂ ਦਾ ਮੁਆਇਨਾ ਕੀਤਾ ਗਿਆ ਹੈ। ਇਹ ਦੋਵੇਂ ਠੀਕਠਾਕ ਹਨ ਅਤੇ ਉਨ੍ਹਾਂ ਨੂੰ ਦਰਿਆ ਆਰ ਵਾਲੇ ਪਿੰਡ ਵਿੱਚ ਸ਼ਿਫਤ ਕੀਤਾ ਜਾ ਰਿਹਾ ਹੈ। ਇਨ੍ਹਾਂ ਨੂੰ ਸੰਸਥਾਗਤ ਜਣੇਪੇ ਲਈ ਪ੍ਰੇਰਿਤ ਕੀਤਾ ਗਿਆ ਹੈ ਅਤੇ ਸਮੇਂ ਸਿਰ ਸਿਹਤ ਸੰਸਥਾ ਵਿੱਚ ਭੇਜਿਆ ਜਾਵੇਗਾ। ਬਾਕੀ ਗਰਭਵਤੀ ਮਾਵਾਂ ਵੀ ਠੀਕ ਹਨ ਅਤੇ ਲਗਾਤਾਰ ਸਿਹਤ ਅਮਲੇ ਦੇ ਸੰਪਰਕ ਵਿੱਚ ਹਨ। ਸਿਹਤ ਵਿਭਾਗ ਦੇ ਅਰੋਗਿਆ ਕੇਂਦਰ ਤੂਰ ਚਿੱਬ (ਦਰਿਆ ਪਾਰ ਵਿੱਚ ਮੌਜੂਦ ਸਿਹਤ ਕੇਂਦਰ) ਦੇ ਮੁਲਾਜ਼ਮ ਸਮੇਂ ਸਮੇਂ ਤੇ ਇਨ੍ਹਾਂ ਲੋਕਾਂ ਦਾ ਮੁਆਇਨਾ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਦਰਿਆ ਪਾਰ ਪਿੰਡਾਂ ਦਾ ਘਰ ਘਰ ਸਰਵੇ ਕਰਨ ਲਈ 5 ਟੀਮਾਂ ਬਣਾਈਆਂ ਗਈਆਂ ਹਨ। ਸੀਨੀਅਰ ਮੈਡੀਕਲ ਅਫਸਰ ਬਹਿਰਾਮਪੁਰ ਡਾ. ਬ੍ਰਿਜੇਸ਼ ਨੇ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਜੋ ਵੀ ਦਿਸ਼ਾ ਨਿਰਦੇਸ਼ ਪ੍ਰਾਪਤ ਹੋਣਗੇ ਉਸ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਮਰੀਜ਼ਾਂ ਦੀ ਦਿੱਕਤ ਦਾ ਜਲਦ ਤੋਂ ਜਲਦ ਹੱਲ ਕੀਤਾ ਜਾਵੇ ।

# ਵਾਤਾਵਰਣ ਦੀ ਸ਼ੁੱਧਤਾ ਲਈ ਸੀ ਐੱਚ ਸੀ ਸਰਹਾਲੀ ਵਿਖੇ ਸੁੰਦਰ ਫੁੱਲ ਅਤੇ ਫਲਦਾਰ ਬੂਟੇ ਲਗਾਏ

ਚੋਹਲਾ ਸਾਹਿਬ (ਰਮਨ ਚੱਢਾ)-ਸਿਵਲ ਸਰਜਨ ਤਰਨ ਤਾਰਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਜ਼ਿਲ੍ਹਾ ਟੀਕਾਕਰਨ ਅਫਸਰ ਡਾਕਟਰ ਵਰਿੰਦਰਪਾਲ ਕੌਰ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾਕਟਰ ਰਾਘਵ ਗੁਪਤਾ ਅਤੇ ਜ਼ਿਲ੍ਹਾ ਸਹਾਇਕ ਮਲੇਰੀਆ ਅਫਸਰ ਕੰਵਲਬਲਰਾਜ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾਕਟਰ ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀ ਐਚ ਸੀ ਸਰਹਾਲੀ ਦੀ ਯੋਗ ਅਗਵਾਈ ਹੇਠ ਵਾਤਾਵਰਣ ਦੀ ਸ਼ੁੱਧਤਾ ਲਈ ਸੁੰਦਰ ਫੁੱਲਾਂ ਅਤੇ ਫਲਾਂ ਦੇ ਬੂਟੇ ਲਗਾਏ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਾਕਟਰ ਗਿੱਲ ਨੇ ਦੱਸਿਆ ਕਿ ਸਾਡਾ ਵਾਤਾਵਰਣ ਦਿਨ-ਬ-ਦਿਨ ਗੰਧਲਾ ਹੁੰਦਾ ਜਾ ਰਿਹਾ ਹੈ ਜਿਸ ਕਾਰਨ ਭਿਆਨਕ ਬਿਮਾਰੀਆਂ ਫੈਲ ਰਹੀਆਂ ਹਨ ਅਤੇ ਧਰਤੀ ਤੇ ਮਨੁੱਖਾ ਜੀਵਨ ਦੇ ਨਾਲ ਨਾਲ ਅਰਬਾਂ ਖਰਬਾਂ ਜੀਵ ਜੰਤੂਆਂ ਦਾ ਜੀਵਨ ਖਤਰੇ ਵਿੱਚ ਹੈ। ਇਸ ਲਈ ਹਰ ਇਨਸਾਨ ਨੂੰ ਆਪਣੀ ਜ਼ਿੰਦਗੀ ਵਿੱਚ ਇੱਕ ਬੂਟਾ ਲਗਾ ਕੇ ਉਸਦੀ ਦੇਖਭਾਲ ਕਰਕੇ ਉਸਨੂੰ ਪਾਲਣਾ ਚਾਹੀਦਾ ਹੈ। ਇਸ ਸਮੇਂ ਜ਼ਿਲ੍ਹਾ ਸਹਾਇਕ ਮਲੇਰੀਆ ਅਫਸਰ ਕੰਵਲਬਲਰਾਜ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬਰਸਾਤੀ ਦਿਨਾਂ ਵਿੱਚ ਲਗਾਏ ਬੂਟੇ ਜਲਦ ਵੱਡੇ ਹੁੰਦੇ ਹਨ ਕਿਉਂਕਿ ਇਨ੍ਹਾਂ ਦਿਨਾਂ ਵਿੱਚ ਵਾਤਾਵਰਣ ਵਿੱਚ ਠੰਡਕ ਹੁੰਦੀ ਹੈ ਜੋ ਬੂਟਿਆਂ ਨੂੰ ਵਧਣ ਵਿੱਚ ਜ਼ਿਆਦਾ ਮਦਦ ਕਰਦੀ ਹੈ। ਉਨ੍ਹਾਂ ਦੱਸਿਆ ਕਿ ਦਰੱਖਤ ਆਕਸੀਜਨ ਛੱਡਦੇ ਹਨ ਜਿਸ



ਨਾਲ ਮਨੁਖੀ ਜੀਵਨ ਅਤੇ ਜੀਵ ਜੰਤੂ ਜਿਉਂਦੇ ਰਹਿੰਦੇ ਹਨ ਅਤੇ ਦਰੱਖਤ ਧਰਤੀ 'ਤੇ ਹੜ੍ਹ ਆਉਣ ਤੋਂ ਵੀ ਰੋਕਦੇ ਹਨ। ਇਸ ਲਈ ਸਾਨੂੰ ਬੂਟੇ ਲਗਾਉਣੇ ਚਾਹੀਦੇ ਹਨ। ਇਸ ਸਮੇਂ ਅਪਥਾਲਮਿਕ ਅਫਸਰ ਜਸਵਿੰਦਰ ਸਿੰਘ, ਐਲਟੀ ਪਰਮਜੀਤ ਕੌਰ, ਨਰਿੰਦਰ ਕੌਰ,ਰਾਜਵਿੰਦਰ ਕੌਰ, ਲਖਵਿੰਦਰ ਕੌਰ, ਬਲਰਾਜ ਸਿੰਘ ਗਿੱਲ ਬੀਈਈ, ਅੰਗਰੇਜ਼ ਸਿੰਘ, ਬਿਕਰਮਜੀਤ ਸਿੰਘ, ਸੀਨੀਅਰ ਸਹਾਇਕ ਨਰਿੰਦਰ ਸਿੰਘ, ਪਰਮਿੰਦਰ ਸਿੰਘ ਢਿਲੋਂ, ਕੰਵਲਜੀਤ ਸਿੰਘ, ਮਨਦੀਪ ਸਿੰਘ, ਵਿਸ਼ਾਲ ਕੁਮਾਰ, ਨਰਿੰਦਰ ਕੁਮਾਰ, ਬਲਜਿੰਦਰ ਸਿੰਘ, ਸਮੀਰ ਸਾਹਬ ਆਦਿ ਹਾਜ਼ਰ ਸਨ।

# ਐੱਨ ਡੀ ਆਰ ਐੱਫ਼ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਂਝੇ ਤੌਰ 'ਤੇ ਕੀਤੀ ਗਈ ਮੌਕ ਡਰਿੱਲ

ਪਠਾਨਕੋਟ (ਦਵਿੰਦਰ ਸਿੰਘ)-ਜ਼ਿਲ੍ਹਾ ਪ੍ਰਸ਼ਾਸਨ ਅਤੇ ਐਨਡੀਆਰਐੱਫ਼ ਵੱਲੋਂ ਸਾਂਝੇ ਤੌਰ 'ਤੇ ਡਿਪਟੀ ਕਮਿਸ਼ਨਰ ਪਠਾਨਕੋਟ ਅਦਿੱਤਿਆ ਉਪਲ ਦੀ ਪ੍ਰਧਾਨਗੀ ਹੇਠ ਉਝ ਦਰਿਆ 'ਤੇ ਹੜ੍ਹ ਮੌਕੇ ਕੀਤੇ ਜਾਣ ਵਾਲੇ ਬਚਾਓ ਕਾਰਜਾਂ ਦੀ ਮੌਕ ਡਰਿੱਲ ਕੀਤੀ ਗਈ ਜਿਸ ਵਿੱਚ ਜ਼ਿਲ੍ਹਾ ਪਠਾਨਕੋਟ ਦੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਸ਼ਮੂਲੀਅਤ ਕੀਤੀ ਗਈ। ਸ਼੍ਰੀ ਉਪਲ ਨੇ ਦੱਸਿਆ ਕਿ ਇਸ ਤਰ੍ਹਾਂ ਦੀ ਮੌਕ ਡਰਿੱਲ ਰਾਹੀਂ ਜ਼ਿਲ੍ਹਾ ਪ੍ਰਸ਼ਾਸਨ ਦੇ ਵੱਖ-ਵੱਖ ਵਿਭਾਗਾਂ ਵਿੱਚ ਆਪਸੀ ਤਾਲਮੇਲ ਮਜ਼ਬੂਤ ਹੁੰਦਾ ਹੈ ਅਤੇ ਬਚਾਓ ਕਾਰਜਾਂ ਸਬੰਧੀ ਸਾਰਿਆਂ ਨੂੰ ਸਿਖਲਾਈ ਮਿਲ ਜਾਂਦੀ ਹੈ। ਡਿਪਟੀ ਕਮਿਸ਼ਨਰ ਅਦਿੱਤਿਆ ਉਪਲ ਨੇ ਦੱਸਿਆ ਕਿ ਐੱਨਡੀਆਰਐੱਫ ਟੀਮ ਵੱਲੋਂ ਬਚਾਓ ਕਾਰਜਾਂ ਵਿੱਚ ਵਰਤੇ ਜਾਣ ਵਾਲੇ ਔਜ਼ਾਰਾਂ ਅਤੇ ਮਸ਼ੀਨਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਇਸ ਮੌਕੇ ਐੱਨਡੀਆਰਐੱਫ਼ ਦੇ ਅਧਿਕਾਰੀ ਪੰਕਜ ਸ਼ਰਮਾ ਕਮਾਂਡੈਂਟ, ਐੱਸਡੀਐੱਮ ਅਰਸ਼ਦੀਪ ਸਿੰਘ, ਜ਼ਿਲ੍ਹਾ ਮਾਲ ਅਫ਼ਸਰ ਪਵਨ ਕੁਮਾਰ, ਨਾਇਬ ਤਹਿਸੀਲਦਾਰ ਨਰੋਟ ਜੈਮਲ ਸਿੰਘ ਜਸਤਰਨ ਸਿੰਘ, ਨਾਇਬ ਤਹਿਸੀਲਦਾਰ ਬਮਿਆਲ ਵਿਵੇਕ ਨਿਰਮੋਹੀ, ਇੰਸਪੈਕਟਰ ਸੰਦੀਪ ਕੁਮਾਰ ਅਤੇ ਆਮ ਲੋਕਾਂ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।



# ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਪਿੰਡਾਂ 'ਚ ਤੇਜ਼ੀ ਨਾਲ ਮੈਂਬਰਸ਼ਿਪ ਕਰੇਗੀ: ਝਬਾਲ

ਝਬਾਲ (ਹਰਜਿੰਦਰ ਸਿੰਘ ਸੋਨੀ)-ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੀ ਸੂਬਾਈ ਸੱਕਤਰੇਤ ਦੀ ਮੀਟਿੰਗ ਵਿੱਚ ਹੋਏ ਫੈਸਲੇ ਮੁਤਾਬਕ ਜਥੇਬੰਦੀ ਪਿੰਡਾਂ ਵਿਚ ਮੈਂਬਰਸ਼ਿਪ ਦੀ ਮੁਹਿੰਮ ਤੇਜ਼ ਕਰੇਗੀ ਅਤੇ ਆਮ ਮਜ਼ਦੂਰ ਔਰਤਾਂ ਮਰਦਾਂ ਅਤੇ ਨੌਜਵਾਨਾਂ ਨੂੰ ਜਥੇਬੰਦੀ ਵਿਚ ਸ਼ਾਮਲ ਕੀਤਾ ਜਾਵੇਗਾ। ਜਥੇਬੰਦੀ ਦੀ ਤਾਕਤ ਨੂੰ ਸਰਗਰਮੀ ਨਾਲ ਪਿੰਡਾਂ ਵਿਚ ਵਧਾਇਆ ਜਾਵੇਗਾ। ਇਹ ਵਿਚਾਰ ਪ੍ਰੈਸ ਨੂੰ ਸੰਬੋਧਨ ਕਰਦਿਆਂ ਜਸਬੀਰ ਸਿੰਘ ਝਬਾਲ ਨੇ ਕਿਹਾ ਕਿ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਮੈਂਬਰਸ਼ਿਪ ਤੋਂ ਬਾਅਦ ਯੂਨਿਟ ਚੋਣਾਂ ਕਰਾਈਆਂ ਜਾਣਗੀਆਂ ਅਤੇ ਜਥੇਬੰਦੀ ਦੀ ਵਿਸ਼ਾਲ ਲਾਮਬੰਦੀ ਕੀਤੀ ਜਾਵੇਗੀ ।22 ਜੁਲਾਈ ਨੂੰ ਜਲੰਧਰ ਦੇਸ਼ ਭਗਤ ਯਾਦਗਾਰ ਹਾਲ ਵਿੱਚ ਸੂਬਾਈ ਪੱਧਰ ਤੇ 8 ਮਜ਼ਦੂਰ ਜਥੇਬੰਦੀਆਂ ਵਲੋਂ ਮਜ਼ਦੂਰਾਂ ਦੀਆਂ ਭੱਖਦੀਆਂ ਮੰਗਾਂ ਤੇ ਵਿਚਾਰ ਚਰਚਾ ਕਰਨ ਲਈ ਹੋ ਰਹੀ ਕਨਵੈਨਸ਼ਨ ਵਿੱਚ ਜ਼ਿਲ੍ਹਾ ਅੰਮ੍ਰਿਤਸਰ ਨੂੰ ਲਗੇ ਕੋਟੇ ਮੁਤਾਬਿਕ ਜ਼ਿਲੇ ਵਿਚੋਂ ਸਾਥੀ ਸ਼ਾਮਿਲ ਹੋਣਗੇ।



# ਪੰਜਾਬ ਸਰਕਾਰ ਨੇ ਨੌਜਵਾਨਾਂ ਨੂੰ ਖੇਡਾਂ ਵੱਲ ਮੋੜਨ ਲਈ ਕੀਤੇ ਸਫਲ ਉਪਰਾਲੇ : ਬਲਬੀਰ ਸਿੰਘ ਪਨੂੰ

ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)–ਪੰਜਾਬ ਸਰਕਾਰ ਵਲੋਂ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਕਦਮ ਉਠਾਏ ਗਏ ਹਨ ਅਤੇ ਪਿੰਡਾਂ ਅੰਦਰ ਖੇਡ ਸਟੇਡੀਅਮ ਉਸਾਰੇ ਜਾ ਰਹੇ ਹਨ। ਇਹ ਪ੍ਰਗਟਾਵਾ ਬਲਬੀਰ ਸਿੰਘ ਪਨੂੰ ਹਲਕਾ ਇੰਚਾਰਜ ਫਤਿਹਗੜ੍ਹ ਚੂੜੀਆਂ ਨੇ ਕੀਤਾ। ਬਲਬੀਰ ਸਿੰਘ ਪਨੂੰ ਵਲੋਂ ਹਜ਼ਰਤ ਦਰਬਾਰ ਬਾਬਾ ਸੈਲ ਸਫੀ ਜੀ ਦੇ ਮੇਲੇ ਮੌਕੇ ਪਿੰਡ ਤਲਵੰਡੀ ਲਾਲ ਸਿੰਘ



ਵਿਖੇ ਕਰਵਾਏ ਸ਼ਾਨਦਾਰ ਕਬੱਡੀ ਸ਼ੋਅ ਮੈਚ ਵਿੱਚ ਸ਼ਿਰਕਤ ਕੀਤੀ ਜਿਸ ਵਿੱਚ ਤਲਵੰਡੀ ਲਾਲ ਸਿੰਘ ਦੀ ਟੀਮ ਜੇਤੂ ਰਹੀ ਅਤੇ ਉਸਨੂੰ 51 ਹਜ਼ਾਰ ਰੁਪਏ ਦੇ ਇਨਾਮ ਨਾਲ ਸਨਮਾਨਿਤ ਕੀਤਾ ਗਿਆ ਅਤੇ ਦੂਜੇ ਨੰਬਰ ਤੇ ਅੰਮ੍ਰਿਤਸਰ ਟੀਮ ਨੂੰ 31000 ਰੁਪਏ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਬਲਬੀਰ ਸਿੰਘ ਪਨੂੰ ਨੇ ਕਿਹਾ ਕਿ ਨੌਜਵਾਨਾਂ ਦੀ ਊਰਜਾ ਨੂੰ ਸਹੀ ਪਾਸੇ ਵੱਲ ਲਗਾਉਣ ਲਈ ਸਰਕਾਰ ਦ੍ਰਿੜ ਸੰਕਲਪ ਹੈ ਅਤੇ ਪਿੰਡਾਂ ਅਤੇ ਸ਼ਹਿਰੀ ਖੇਤਰਾਂ ਵਿੱਚ ਖੇਡਾਂ ਦਾ ਮਾਹੌਲ ਸਿਰਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਯੂਥ ਕਲੱਬਾਂ ਨੂੰ ਪਰਮੋਟ ਕੀਤਾ ਜਾ ਰਿਹਾ ਹੈ ਅਤੇ ਖਿਡਾਰੀਆਂ ਨੂੰ ਖੇਡ ਕਿੱਟਾਂ ਵੰਡੀਆਂ ਜਾ ਰਹੀਆਂ ਹਨ ਤਾਂ ਜੋ ਉਹ ਵੱਧ ਤੋਂ ਵੱਧ ਖੇਡਾਂ ਵੱਲ ਪਰੇਰਿਤ ਹੋਣ। ਇਸ ਮੌਕੇ ਸਰਪੰਚ ਜਸਪਾਲ ਸਿੰਘ ਟਿੰਕੂ ਰੰਧਾਵਾ, ਸਿਮਰਨਜੀਤ ਸਿੰਘ, ਮੈਂਬਰ ਕੁਲਦੀਪ ਸਿੰਘ, ਮੈਂਬਰ ਲਖਵਿੰਦਰ ਸਿੰਘ, ਡਾਕਟਰ ਗੁਰਪਾਲ ਸਿੰਘ ਗਿੱਲ, ਲਾਲ ਸਿੰਘ, ਬਲਬੀਰ ਸਿੰਘ ਡੀਪੂਵਾਲਾ, ਸੁਖਬੀਰ ਸਿੰਘ ਬਲਾਕ ਪ੍ਰਧਾਨ, ਸ਼ਮਸ਼ੇਰ ਸਿੰਘ ਬਲਾਕ ਪ੍ਰਧਾਨ, ਮਲਜਿੰਦਰ ਸਿੰਘ ਬਲਾਕ ਪ੍ਰਧਾਨ, ਹਰਪ੍ਰੀਤ ਸਿੰਘ ਬਲਾਕ ਪ੍ਰਧਾਨ, ਜਗਜੀਤ ਸਿੰਘ, ਸਰਪੰਚ ਕਰਮਜੀਤ ਸਿੰਘ, ਸਰਪੰਚ ਗੁਰਬਿੰਦਰ ਸਿੰਘ, ਸਰਪੰਚ ਕਰਨ ਬਾਠ ਅਤੇ ਵਾਈਸ ਕੋਡੀਨੇਟਰ ਗੁਰਪ੍ਰਤਾਪ ਸਿੰਘ ਆਦਿ ਹਾਜ਼ਰ ਸਨ।

# ਰਾਸ਼ਟਰੀ ਸਿਖਲਾਈ ਪ੍ਰੋਗਰਾਮ ਤਹਿਤ ਬੀ ਐੱਲ ਓਜ਼ ਦੀ ਇੱਕ ਰੋਜ਼ਾ ਟ੍ਰੇਨਿੰਗ ਕਰਵਾਈ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ, ਦਲਵਿੰਦਰਜੀਤ ਸਿੰਘ ਆਈਏਐੱਸ ਦੇ ਨਿਰਦੇਸ਼ਾਂ ਤੇ ਐੱਸਡੀਐੱਮ ਡੇਰਾ ਬਾਬਾ ਨਾਨਕ ਅਦੱਤਿਆ ਗੁਪਤਾ ਦੀ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਡੇਰਾ ਬਾਬਾ ਨਾਨਕ ਵਿਖੇ ਬੂਥ ਲੈਵਲ ਅਫ਼ਸਰਾਂ ਨੂੰ ਵੋਟਰ ਸੂਚੀਆਂ ਅਤੇ ਚੋਣਾਂ ਸਬੰਧੀ ਕੰਮਾਂ ਬਾਰੇ ਸਿਖਲਾਈ ਦੇਣ ਲਈ 1 ਰੋਜ਼ਾ ਵਿਸ਼ੇਸ਼ ਟਰੇਨਿੰਗ ਸੈਸ਼ਨ ਲਗਾਇਆ ਗਿਆ। ਇਸ ਟਰੇਨਿੰਗ ਪ੍ਰੋਗਰਾਮ ਵਿੱਚ ਵਿਧਾਨ ਸਭਾ ਹਲਕਾ 10-ਡੇਰਾ ਬਾਬਾ ਨਾਨਕ ਦੇ 241 ਬੂਥਾਂ ਦੇ ਬੀਐੱਲਓਜ਼ ਨੂੰ ਟ੍ਰੇਨਰਾਂ ਵੱਲੋਂ ਬੂਥ ਲੈਵਲ ਅਫ਼ਸਰ ਦੀ ਟਰੇਨਿੰਗ ਕਰਵਾਈ ਗਈ। ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਤਹਿਸੀਲਦਾਰ ਰਜਿੰਦਰ ਸਿੰਘ ਅਤੇ ਨਾਇਬ ਤਹਿਸੀਲਦਾਰ ਗੁਰਦੀਪ ਸਿੰਘ ਨੇ ਦੱਸਿਆ ਕਿ ਇਹ ਟਰੇਨਿੰਗ ਵਿੱਚ 5 ਬੈਚ ਬਣਾਏ ਗਏ ਹਨ ਜਿਸ ਵਿੱਚ 50-50 ਬੀਐੱਲਓਜ਼ ਟ੍ਰੇਨਿੰਗ ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸਬੰਧਿਤ ਚੋਣਕਾਰ ਰਜਿਸਟਰੇਸ਼ਨ ਅਫ਼ਸਰਾਂ ਅਤੇ ਮਾਸਟਰ ਟਰੇਨਰਾਂ ਵੱਲੋਂ ਇਸ ਟਰੇਨਿੰਗ ਦੌਰਾਨ ਵੋਟਰ ਸੂਚੀਆਂ ਦੀ ਸੁਧਾਈ, ਅਪਡੇਸ਼ਨ, ਘਰ-ਘਰ ਜਾ ਕੇ ਵੋਟਰ ਵੈਰੀਫਿਕੇਸ਼ਨ, ਵੋਟਰ ਸ਼ਨਾਖ਼ਤੀ ਕਾਰਡ, ਡਿਜੀਟਲ ਟੈਕਨਾਲੋਜੀ ਦੀ ਵਰਤੋਂ, ਚੋਣ ਪ੍ਰਕਿਰਿਆ ਦੌਰਾਨ ਭਰੇ ਜਾਣ ਵਾਲੇ ਫਾਰਮਾਂ, ਬੀਐਲਓ ਐਪ, ਵੋਟਰ ਹੈਲਪਲਾਈਨ ਮੋਬਾਈਲ ਐਪ ਆਦਿ ਦੇ ਕੰਮਕਾਜ ਬਾਰੇ ਵਿਸਥਾਰ



ਪੂਰਵਕ ਜਾਣਕਾਰੀ ਦਿੱਤੀ ਗਈ ।ਟਰੇਨਿੰਗ ਖ਼ਤਮ ਹੋਣ ਉਪਰੰਤ ਬੀਐਲਓਜ਼ ਲਈ ਪ੍ਰਸ਼ਨ-ਉੱਤਰ ਸੈਸ਼ਨ ਵੀ ਰੱਖਿਆ ਗਿਆ ਅਤੇ ਅਸੈਸਮੈਂਟ ਟੈਸਟ ਲਿਆ ਗਿਆ। ਇਸ ਟਰੇਨਿੰਗ ਵਿੱਚ ਸ਼ਾਮਲ ਸਮੂਹ ਬੀਐੱਲਓਜ਼ ਨੂੰ ਚੋਣਕਾਰ ਰਜਿਸਟਰੇਸ਼ਨ ਅਫ਼ਸਰ ਪਾਸੋਂ ਭਾਗੀਦਾਰੀ ਸਰਟੀਫਿਕੇਟ ਵੀ ਜਾਰੀ ਕੀਤੇ ਗਏ। ਐੱਸਡੀਐੱਮ ਕਮ ਚੋਣ ਇੰਚਾਰਜ ਹਲਕਾ ਡੇਰਾ ਬਾਬਾ ਨਾਨਕ ਦਫ਼ਤਰ ਦੇ ਕਰਮਚਾਰੀ ਗੁਰਪ੍ਰੀਤ ਸਿੰਘ ਅਤੇ ਜਗਜੀਤ ਸਿੰਘ ਵੱਲੋਂ ਆਪੋ ਆਪਣੇ ਪਿੰਡਾਂ ਦੇ ਲੋਕਲ ਲੈਵਲ ਤੇ ਬੀਐੱਲਓ ਨਿਯੁਕਤ ਕੀਤੇ ਗਏ ਅਤੇ ਨਵਿਆਂ ਦੀ ਰਜਿਸਟਰੇਸ਼ਨ ਵੀ ਕੀਤੀ ਗਈ। ਇਸ ਮੌਕੇ ਟ੍ਰੇਨਰ ਦਲਜੀਤ ਸਿੰਘ ਖਾਲਸਾ, ਹੈੱਡਮਾਸਟਰ ਹਰਭਜਨ ਲਾਲ, ਪਲਵਿੰਦਰ ਸਿੰਘ ਰੰਧਾਵਾ, ਅਰੁਣ ਕੁਮਾਰ, ਦਵਿੰਦਰ ਕੁਮਾਰ, ਰਮੇਸ਼ ਅਵਸਥੀ, ਗੁਰਪ੍ਰੀਤ ਸਿੰਘ, ਗਗਨਦੀਪ ਸਿੰਘ, ਬੀਐੱਲਓ ਰਾਜ ਕੁਮਾਰ, ਵਿਪਨ ਕੁਮਾਰ, ਰਾਮ ਸਰੂਪ, ਕਸ਼ਮੀਰ ਮਸੀਹ, ਹਰਜਿੰਦਰ ਸਿੰਘ, ਰਜਨੀਸ਼ ਕੁਮਾਰ, ਲਵਪ੍ਰੀਤ ਸਿੰਘ ਘੁੰਮਣ, ਗੁਰਮੁੱਖ ਸਿੰਘ, ਜਗਬੀਰ ਸਿੰਘ ਤੋਂ ਇਲਾਵਾ ਹੋਰ ਬੀਐਲਓਜ਼ ਹਾਜ਼ਰ ਸਨ।

# ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਜ਼ੀਰੋ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਕੋਸ਼ਿਸ਼ਾਂ ਆਰੰਭ

*** ਕਿਸਾਨਾਂ ਨੂੰ ਸਬਸਿਡੀ 'ਤੇ ਪਰਾਲੀ ਪ੍ਰਬੰਧਨ ਲਈ ਲੋੜੀਂਦੀ ਮਸ਼ੀਨਰੀ ਵੰਡਣ ਲਈ ਵਿਸ਼ੇਸ਼ ਮੁਹਿੰਮ ਦਾ ਆਗਾਜ਼**

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਜ਼ਿਲ੍ਹਾ ਗੁਰਦਾਸਪੁਰ ਨੂੰ ਝੋਨੇ ਦੀ ਪਰਾਲੀ ਸਾੜਨ ਤੋਂ ਮੁਕਤ ਬਣਾਉਣ ਲਈ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੁਣ ਤੋਂ ਹੀ ਕੋਸ਼ਿਸ਼ਾਂ ਆਰੰਭ ਕਰ ਦਿੱਤੀਆਂ ਗਈਆਂ ਹਨ। ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਦੀ ਅਗਵਾਈ ਹੇਠ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਕਿਸਾਨਾਂ ਨੂੰ ਆਗਾਮੀ ਹਫ਼ਤਿਆਂ ਵਿੱਚ ਸਬਸਿਡੀ ਵਾਲੇ ਝੋਨੇ ਦੀ ਪਰਾਲੀ ਪ੍ਰਬੰਧਨ ਲਈ ਲੋੜੀਂਦੀ ਮਸ਼ੀਨਰੀ ਸਬਸਿਡੀ ਤੇ ਵੰਡਣ ਲਈ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ ਤਾਂ ਜੋ ਸਮੇਂ ਸਿਰ ਕਿਸਾਨ ਖੇਤੀ ਮਸ਼ੀਨਰੀ ਦੀ ਖ਼ਰੀਦ ਕਰ ਸਕਣ। ਇਸ ਦੇ ਨਾਲ ਹੀ ਵਿਭਾਗ ਵੱਲੋਂ ਖ਼ਰੀਦੀ ਗਈ ਮਸ਼ੀਨਰੀ ਦੀ ਭੌਤਿਕ ਵੈਰੀਫਿਕੇਸ਼ਨ ਵੀ ਕੀਤੀ ਜਾ ਰਹੀ ਹੈ ਅਤੇ ਵੈਰੀਫਿਕੇਸ਼ਨ ਤੋਂ ਬਾਅਦ ਸਬਸਿਡੀ ਦੀ ਰਕਮ ਲਾਭਪਾਤਰੀਆਂ ਦੇ ਖਾਤੇ ਵਿੱਚ ਪਾ ਦਿੱਤੀ ਜਾਵੇਗੀ। ਇਸ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਨਾਲ ਜਿੱਥੇ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ ਉੱਥੇ ਮਿੱਟੀ ਦੀ ਸਿਹਤ ਵੀ ਖ਼ਰਾਬ ਹੁੰਦੀ ਹੈ, ਜਿਸ ਨਾਲ ਫ਼ਸਲਾਂ ਦੀ ਪੈਦਾਵਾਰ ਘਟਦੀ ਹੈ। ਉਨ੍ਹਾਂ ਕਿਹਾ ਕਿ ਝੋਨੇ ਦੀ ਪਰਾਲੀ ਅਤੇ ਰਹਿੰਦ-ਖੂੰਹਦ ਨੂੰ ਅੱਗ ਲਾਉਣਾ ਬੇਹੱਦ ਘਾਤਕ ਹੈ, ਕਿਉਂਕਿ ਪਰਾਲੀ ਸਾੜਨਾ ਮਿੱਟੀ ਦੀ ਸਿਹਤ ਨੂੰ ਖ਼ਰਾਬ ਕਰਨ ਦੇ ਨਾਲ-ਨਾਲ ਵਾਤਾਵਰਣ ਨੂੰ ਵੀ ਭਾਰੀ ਨੁਕਸਾਨ ਪਹੁੰਚਾਉਂਦਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਝੋਨੇ ਦੀ ਪਰਾਲੀ ਨੂੰ ਮਿੱਟੀ ਵਿੱਚ ਸੰਭਾਲ ਕੇ ਕਣਕ ਦੀ ਬਿਜਾਈ ਕਰਨ ਨਾਲ ਪੈਦਾਵਾਰ ਵਧਦੀ ਹੈ ਅਤੇ ਖੇਤੀ ਲਾਗਤ ਖ਼ਰਚੇ ਘਟਦੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਦੀ ਬਜਾਏ ਨਵੀਨਤਮ ਤਕਨੀਕਾਂ ਰਾਹੀਂ ਇਨ-ਸੀਟੂ ਪ੍ਰਬੰਧਨ ਲਈ




ਪ੍ਰਭਾਵੀ ਤਰੀਕੇ ਅਪਣਾਉਣੇ ਚਾਹੀਦੇ ਹਨ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਕਿਸਾਨਾਂ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਅਤੇ ਕਿਸਾਨ ਸਮੂਹਾਂ ਨੂੰ ਸੀ ਆਰ ਐੱਮ ਸਕੀਮ ਤਹਿਤ ਹੈਪੀ ਸੀਡਰ, ਸੁਪਰ ਸੀਡਰ, ਸਮਾਰਟ ਸੀਡਰ, ਬੇਲਰ, ਰੇਕ, ਮਲਚਰ, ਪੈਡੀ ਚੌਪਰ ਸ਼ਰੈਡਰ, ਆਰਐੱਮਬੀ ਪਲਾਓ ਹੱਲ ਸਮੇਤ ਕਈ ਮਸ਼ੀਨਾਂ ਸਬਸਿਡੀ 'ਤੇ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਵਿਅਕਤੀਗਤ ਕਿਸਾਨ 50 ਫ਼ੀਸਦੀ ਸਬਸਿਡੀ ਪ੍ਰਾਪਤ ਕਰਨ ਦਾ ਹੱਕਦਾਰ ਹੈ ਅਤੇ ਕਿਸਾਨ ਸਮੂਹ, ਸਹਿਕਾਰੀ ਸਭਾਵਾਂ ਅਤੇ ਪੰਚਾਇਤਾਂ ਨੂੰ 80 ਫ਼ੀਸਦੀ ਸਬਸਿਡੀ ਮਿਲਦੀ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ 646 ਪਰਾਲੀ ਪ੍ਰਬੰਧਨ ਲਈ ਮਸ਼ੀਨਾਂ ਨੂੰ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ ਅਤੇ ਕਿਸਾਨਾਂ ਵੱਲੋਂ 182 ਮਸ਼ੀਨਾਂ ਦੀ ਖ਼ਰੀਦ ਵੀ ਕੀਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ 6 ਮਸ਼ੀਨਾਂ ਦੀ ਫਿਜ਼ੀਕਲ ਵੈਰੀਫਿਕੇਸ਼ਨ ਕੀਤੀ ਜਾ ਚੁੱਕੀ ਹੈ।

ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾ ਕੇ ਸਾੜਨ ਦੀ ਬਿਜਾਏ ਖੇਤਾਂ ਵਿੱਚ ਸੰਭਾਲ ਕੇ ਕਣਕ ਜਾਂ ਹੋਰ ਫ਼ਸਲਾਂ ਦੀ ਬਿਜਾਈ ਕਰਨੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਕਣਕ ਦੀ ਕਟਾਈ ਉਪਰੰਤ ਮੱਕੀ ਦੀ ਫ਼ਸਲ ਦੀ ਕਾਸ਼ਤ ਕਰਨ ਅਤੇ ਝੋਨੇ ਦੀ ਪਰਾਲੀ ਦੀਆਂ ਗੱਠਾਂ ਚੁਕਾਉਣ ਨਾਲ ਮਿੱਟੀ ਦੀ ਸਿਹਤ ਵਿੱਚ ਲਗਾਤਾਰ ਵਿਗਾੜ ਆ ਰਿਹਾ ਹੈ। ਮਿੱਟੀ ਦੀ ਸਿਹਤ ਸੁਧਾਰਨ ਲਈ ਝੋਨੇ ਦੀ ਪਰਾਲੀ ਨੂੰ ਖੇਤਾਂ ਵਿੱਚ ਹੀ ਰੱਖ ਕੇ ਸੁਪਰ, ਸਮਾਰਟ, ਹੈਪੀ ਜਾਂ ਸਰਫੇਸ ਨਾਲ ਕਣਕ ਦੀ ਬਿਜਾਈ ਕਰਨੀ ਚਾਹੀਦੀ ਹੈ। ਇਸ ਮੌਕੇ ਡਾ. ਗਗਨਦੀਪ ਸਿੰਘ ਬਲਾਕ ਖੇਤੀਬਾੜੀ ਅਫ਼ਸਰ, ਹਰਪ੍ਰੀਤ ਸਿੰਘ, ਮਨਜੀਤ ਕੌਰ ਖੇਤੀ ਵਿਸਥਾਰ ਅਫ਼ਸਰ, ਪੰਕਜ ਕੁਮਾਰ ਅਤੇ ਲਾਭਪਾਤਰੀ ਕਿਸਾਨ ਹਾਜ਼ਰ ਸਨ।

15-July-PAGE-12.qxd 7/14/2025 10:51 PM Page 1



## ਜਨਮ ਦਿਨ ਮੁਬਾਰਕ



ਮਾਨਵ, ਕਪੂਰਥਲਾ

## ਵਰ੍ਹੇਗੰਢ ਮੁਬਾਰਕ



ਇੰਦਰਜੀਤ ਸਿੰਘ ਵਿਰਦੀ ਤੇ ਸੁਖਵੀਰ ਕੌਰ ਵਾਸੀ ਭੁੱਲੋਵਾਲ ਨੂੰ ਆਪਣੇ ਵਿਆਹ ਦੀ 26ਵੀਂ ਵਰ੍ਹੇਗੰਢ ਮਨਾਈ

## ਦੋਪਹੀਆ ਵਾਹਨਾਂ ਦੇ ਸਾਈਲੈਂਸਰ ਬਦਲਣ ਤੇ ਪਟਾਖੇ ਵਜਾਉਣ 'ਤੇ ਪਾਬੰਦੀ

**ਸ਼ਹੀਦ ਭਗਤ ਸਿੰਘ ਨਗਰ, (ਮਨੋਜ ਲਾਡੀ)** ਜ਼ਿਲ੍ਹਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ 2023 ਦੀ ਧਾਰਾ 163 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹੇ ਦੀ ਹਦੂਦ ਅੰਦਰ ਦੋਪਹੀਆ ਵਾਹਨਾਂ ਦੇ ਸਾਈਲੈਂਸਰ ਬਦਲਣ ਅਤੇ ਪਟਾਖੇ ਵਜਾਉਣ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਈ ਹੈ।ਜਾਰੀ ਹੁਕਮਾਂ ਅਨੁਸਾਰ ਜ਼ਿਲੇ ਵਿੱਚ ਸ਼ੋਰ ਪ੍ਰਦੂਸ਼ਣ ਨੂੰ ਰੋਕਣ ਅਤੇ ਆਮ ਨਾਗਰਿਕਾਂ ਦੀ ਸਿਹਤ ਦੀ ਸੁਰੱਖਿਆ ਦੇ ਮੱਦੇਨਜ਼ਰ ਦੋਪਹੀਆ ਵਾਹਨਾਂ ਦੇ ਸਾਈਲੈਂਸਰ ਬਦਲਣ ਅਤੇ ਪਟਾਖੇ ਵਜਾਉਣ 'ਤੇ ਪਾਬੰਦੀ ਰਹੇਗੀ। ਇਹ ਹੁਕਮ ਸਾਈਲੈਂਸਰ ਬਦਲਣ ਵਾਲੇ ਦੁਕਾਨਦਾਰਾਂ/ਮਕੈਨਿਕਾਂ ਅਤੇ ਪਟਾਖੇ ਵਜਾਉਣ ਵਾਲੇ ਵਾਹਨ ਮਾਲਕਾਂ 'ਤੇ ਵੀ ਲਾਗੂ ਹੋਣਗੇ। ਇਹ ਹੁਕਮ 14 ਸਤੰਬਰ, 2025 ਤੱਕ ਲਾਗੂ ਰਹੇਗਾ।

# ਸਮੋਸੇ ਤੇ ਜਲੇਬੀ ਦਾ ਸਫ਼ਰ

ਗੁਜਰਾਤ 'ਚ ਇੱਕ ਸੁਲਤਾਨ ਇਸ ਤਰ੍ਹਾਂ ਦਾ ਵੀ ਹੋਇਆ, ਜੋ ਰਾਤ ਨੂੰ ਉਠ ਕੇ ਸੈਂਕੜੇ ਸਮੋਸੇ ਖਾ ਜਾਂਦਾ ਸੀ। ਉਹ ਕਈ ਕਿੱਲੋ ਜਲੇਬੀਆਂ ਵੀ ਖਾ ਜਾਂਦਾ ਸੀ, ਫਿਰ ਵੀ ਉਸ ਦੀ ਭੁੱਖ ਨਹੀਂ ਸੀ ਮਿਟਦੀ। ਇਹ ਹਾਲਤ ਉਦੋਂ ਸੀ, ਜਦ ਉਹ ਦਿਨ ਭਰ ਕਰੀਬ 35 ਕਿਲੋ ਖਾਣਾ ਖਾ ਜਾਂਦਾ ਸੀ।

ਇਤਾਲਵੀ ਯਾਤਰੀ ਲੁਡੋਵਿਕਾ ਡੀ ਵਾਰਥੇਮਾ ਨੇ ਜ਼ਿਕਰ ਕੀਤਾ ਹੈ ਗੁਜਰਾਤ ਦੇ ਸੁਲਤਾਨ ਮਹਿਮੂਦ ਬੇਗੜਾ ਨੂੰ ਹਰ ਸਮੇਂ ਕੁਝ ਨਾ ਕੁਝ ਖਾਂਦੇ ਰਹਿਣ ਦੀ ਆਦਤ ਸੀ। ਉਹ ਨਾਸ਼ਤੇ 'ਚ ਇੱਕ ਵੱਡਾ ਗਲਾਸ ਖਾਲਸ ਸ਼ਹਿਦ ਅਤੇ 150 ਕੇਲੇ ਖਾ ਜਾਂਦਾ ਸੀ। ਬੇਗੜਾ ਨੂੰ ਵੀ ਸ਼ਾਇਦ ਹੀ ਇਹ ਪਤਾ ਰਿਹਾ ਹੋਵੇਗਾ ਕਿ ਇਹ ਸਮੋਸਾ ਤੇ ਜਲੇਬੀ ਕਿੱਥੋਂ ਆਏ। ਖਾਣ ਦੀ ਆਦਤ ਉਸ ਨੂੰ ਇਸ ਹੱਦ ਤੱਕ ਲੱਗੀ ਹੋਈ ਸੀ ਕਿ ਰਾਤ ਨੂੰ ਉਹ ਆਪਣੇ ਬੈੱਡ ਦੇ ਨੇੜੇ ਵੱਡੇ-ਵੱਡੇ ਥਾਲਾਂ 'ਚ ਖਾਣਾ ਸਜਾ ਕੇ ਰੱਖਦਾ ਸੀ।

13 ਸਾਲ ਦੀ ਉਮਰ 'ਚ ਗੱਦੀ 'ਤੇ ਬੈਠਣ ਵਾਲੇ ਮਹਿਮੂਦ ਸ਼ਾਹ ਨੂੰ ਲੋਕ ਮਹਿਮੂਦ ਬੇਗੜਾ ਦੇ ਨਾਂਅ ਨਾਲ ਵੀ ਜਾਣਦੇ ਹਨ। ਉਸ ਨੇ 52 ਸਾਲ (1459-1511) ਤੱਕ ਰਾਜ ਕੀਤਾ। ਗਿਰਨਾਰ ਅਤੇ ਚੰਪਾਨੇਰ ਦੇ ਕਿਲ੍ਹਿਆਂ ਨੂੰ ਜਿੱਤਣ ਕਾਰਨ ਉਸ ਨੂੰ 'ਬੇਗੜਾ' ਦੀ ਉਪਾਧੀ ਮਿਲੀ। ਉਸ ਦੀ ਲੰਮੀ ਦਾੜ੍ਹੀ ਤੇ ਮੁੱਛਾਂ ਪੂਰੀ ਸਲਤਨਤ 'ਚ ਮਸ਼ਹੂਰ ਸਨ। ਉਸ ਦੀਆਂ ਮੁੱਛਾਂ ਏਨੀਆਂ ਲੰਮੀਆਂ ਸਨ ਕਿ ਉਹ ਉਨ੍ਹਾਂ ਨੂੰ ਆਪਣੇ ਸਿਰ ਦੇ ਪਿੱਛੇ ਬੰਨ੍ਹ ਕੇ ਰੱਖਦਾ ਸੀ। 35 ਕਿੱਲੋ ਦਿਨ ਦੀ ਖੁਰਾਕ ਤੋਂ ਬਾਅਦ ਉਸ ਦੇ ਬੈੱਡ ਦੇ ਚਾਰੇ ਪਾਸੇ ਮੀਟ ਨਾਲ ਭਰੇ ਸਮੋਸੇ ਰੱਖੇ ਜਾਂਦੇ ਸਨ। ਦੁਪਹਿਰ ਨੂੰ ਖਾਣਾ ਖਾਣ ਤੋਂ ਬਾਅਦ ਉਹ ਮਿੱਠਾ ਖਾਣ ਦਾ ਸ਼ੌਕੀਨ ਸੀ। ਉਹ ਹਰ ਰੋਜ਼ ਸਾਢੇ ਚਾਰ ਕਿਲੋ ਤੋਂ ਜ਼ਿਆਦਾ ਮਠਿਆਈ ਖਾ ਜਾਂਦਾ ਸੀ। ਇਸ 'ਚ ਜਲੇਬੀਆਂ ਵੀ ਹੁੰਦੀਆਂ ਸਨ।

ਮਹਿਮੂਦ ਬੇਗੜਾ ਰੋਜ਼ਾਨਾ ਦੀ ਖੁਰਾਕ 'ਚ ਥੋੜ੍ਹਾ ਜ਼ਹਿਰ ਵੀ ਲੈਂਦਾ ਸੀ। ਉਸ ਸਮੇਂ ਗੁਜਰਾਤ ਦੌਰੇ 'ਤੇ ਆਏ ਪੁਰਤਗਾਲੀ ਯਾਤਰੀ ਦੁਆਰਤੇ ਬਾਰਬਸਾ ਨੇ ਲਿਖਿਆ ਹੈ ਕਿ ਸੁਲਤਾਨ ਰੋਜ਼ਾਨਾ ਖਾਣੇ ਤੋਂ ਬਾਅਦ ਥੋੜ੍ਹੀ ਮਾਤਰਾ 'ਚ ਜ਼ਹਿਰ ਵੀ ਲਿਆ ਕਰਦਾ ਸੀ। ਦੱਸਿਆ ਜਾਂਦਾ ਹੈ ਕਿ ਉਸ ਨੂੰ ਬਚਪਨ 'ਚ ਮਾਰਨ ਲਈ ਜ਼ਹਿਰ ਦਿੱਤਾ ਗਿਆ ਸੀ, ਹਾਲਾਂਕਿ ਉਹ ਬਚ ਗਿਆ। ਬਾਰਬਸਾ ਲਿਖਦਾ ਹੈ ਕਿ ਜੇਕਰ ਸੁਲਤਾਨ ਦੇ ਹੱਥ 'ਤੇ ਕੋਈ ਮੱਖੀ ਬੈਠ ਜਾਂਦੀ ਸੀ ਤਾਂ ਉਹ ਫੁੱਲ ਕੇ ਉਥੇ ਹੀ ਮਰ ਜਾਂਦੀ। ਇਹੀ ਕਾਰਨ ਸੀ ਕਿ ਜੇਕਰ ਉਹ ਕਿਸੇ ਔਰਤ ਨਾਲ ਸਰੀਰਕ ਸੰਬੰਧ ਬਣਾਉਂਦਾ ਤਾਂ ਉਸ ਔਰਤ ਦੀ ਮੌਤ ਹੋ ਜਾਂਦੀ।

ਸਮੋਸੇ ਨੇ ਦੁਨੀਆ ਦੇ ਕਈ ਦੇਸ਼ਾਂ 'ਚ ਆਪਣੀ ਪਛਾਣ ਬਣਾਈ ਹੈ। ਮਿਸਰ ਤੋਂ ਲੈ ਕੇ ਲੀਬੀਆ ਤੱਕ ਅਤੇ ਸੈਂਟਰਲ ਏਸ਼ੀਆ ਤੋਂ ਲੈ ਕੇ ਭਾਰਤ ਤੱਕ ਇਹ ਤਿਕੋਣਾ ਨਾਸ਼ਤਾ ਵੱਖ-ਵੱਖ ਨਾਵਾਂ ਨਾਲ ਮਸ਼ਹੂਰ ਹੈ। ਪਹਿਲਾਂ ਇਸ ਨੂੰ 'ਸਮਸਾ' ਦੇ ਨਾਂਅ ਨਾਲ ਜਾਣਿਆ ਜਾਂਦਾ ਸੀ। ਇਹ ਨਾਂਅ ਸੈਂਟਰਲ ਏਸ਼ੀਆ ਦੇ ਪਿਰਾਮਿਡਾਂ ਨੂੰ ਸਮਰਪਤ ਸੀ। ਇਤਿਹਾਸ 'ਚ ਇਸ ਨੂੰ ਸੰਬੂਸਕ, ਸੰਬੂਸਾਕ ਜਾਂ ਸੰਬੂਸਾਜ ਵੀ ਕਿਹਾ ਗਿਆ ਹੈ। ਇਹ ਸਾਰੇ ਨਾਂਅ ਪਰਸ਼ੀਅਨ ਸ਼ਬਦ 'ਸਨਬੋਸਗ' ਨਾਲ ਜੁੜੇ ਹਨ। ਪਿਛਲੇ 800 ਸਾਲਾਂ ਤੋਂ ਸਮੋਸਾ ਸਾਊਥ ਏਸ਼ੀਆਈ ਖਾਣੇ 'ਚ ਬਹੁਤ ਪਸੰਦ ਕੀਤਾ ਜਾਂਦਾ ਹੈ। ਇਸ ਦਾ ਸਵਾਦ ਹਰ ਵਰਗ ਦੇ ਲੋਕਾਂ ਨੂੰ ਪਸੰਦ ਆਉਂਦਾ ਹੈ। ਇਸ ਨੂੰ ਕਦੀ ਸੁਲਤਾਨਾਂ ਅਤੇ ਰਾਜਿਆਂ ਦੇ ਸ਼ਾਹੀ ਦਰਬਾਰਾਂ 'ਚ ਪਰੋਸਿਆ ਜਾਂਦਾ ਸੀ। ਉਥੇ ਹੀ ਇਹ ਭਾਰਤ ਅਤੇ ਪਾਕਿਸਤਾਨ ਦੇ ਸ਼ਹਿਰਾਂ ਦੀਆਂ ਗਲੀਆਂ 'ਚ ਵੀ ਖ਼ੂਬ ਮਿਲਦਾ ਹੈ।

ਮੰਨਿਆ ਜਾਂਦਾ ਹੈ ਕਿ ਸੈਂਟਰਲ ਏਸ਼ੀਆਈ ਲੋਕਾਂ 'ਚ ਸਮੋਸਾ ਯਾਤਰਾ ਦੌਰਾਨ ਖਾਣ ਲਈ ਬਹੁਤ ਚੰਗਾ ਸੀ। ਇਸ ਲਈ ਲੋਕ ਇਸ ਨੂੰ ਬਣਾਉਂਦੇ ਵੀ ਸਨ ਅਤੇ ਸ਼ੌਕ ਨਾਲ ਖਾਂਦੇ ਵੀ ਸਨ। ਸਮੋਸੇ ਦਾ ਸਭ ਤੋਂ ਪਹਿਲਾਂ ਜ਼ਿਕਰ 11ਵੀਂ ਸਦੀ 'ਚ ਮਿਲਦਾ ਹੈ। ਈਰਾਨੀ ਇਤਿਹਾਸਕਾਰ ਅਬੁਲ ਫਜ਼ਲ ਬੇਹਾਕੀ ਨੇ ਆਪਣੀ ਕਿਤਾਬ 'ਤਾਰੀਖ-ਏ-ਨਸੀਰੁਦੀਨ-ਸ਼ਾਹੀ' 'ਚ ਇਸ ਦਾ ਜ਼ਿਕਰ ਕੀਤਾ ਹੈ। ਉਸ ਸਮੇਂ ਸਮੋਸੇ ਬਹੁਤ ਛੋਟੇ ਹੁੰਦੇ ਸਨ। ਇਸ ਲਈ ਯਾਤਰੀ ਇਨ੍ਹਾਂ ਨੂੰ ਆਪਣੇ ਨਾਲ ਥੈਲੇ 'ਚ ਪਾ ਕੇ ਚਲਦੇ-ਫਿਰਦੇ ਖਾ ਲੈਂਦੇ ਸਨ। ਅੱਜ ਚਾਹੇ ਈਰਾਨ-ਇਜ਼ਰਾਇਲ ਦੁਸ਼ਮਣ ਬਣੇ ਬੈਠੇ ਹੋਣ, ਪਰ ਸਮੋਸੇ ਦੇ ਮਾਮਲੇ 'ਚ ਦੋਵਾਂ ਦੇ ਇਰਾਦੇ ਇੱਕੋ ਤਰ੍ਹਾਂ ਦੇ ਹਨ। ਮੱਧ ਏਸ਼ੀਆ ਤੋਂ ਹਜ਼ਾਰਾਂ ਕਿਲੋਮੀਟਰ ਦੂਰ ਸਫ਼ਰ ਕਰਦੇ ਹੋਏ ਇਹ ਸਮੋਸਾ ਦੱਖਣੀ ਏਸ਼ੀਆ 'ਚ ਦਿੱਲੀ ਦੀ ਸਲਤਨਤ 'ਚ ਪਹੁੰਚਿਆ। ਉਸ ਸਮੇਂ ਮਿਡਲ ਈਸਟ ਅਤੇ ਸੈਂਟਰਲ ਏਸ਼ੀਆ ਦੇ ਰਸੋਈਏ ਸੁਲਤਾਨ ਦੀ ਰਸੋਈ 'ਚ ਕੰਮ ਕਰਨ ਆਏ ਸਨ। 1300 ਈਸਵੀ 'ਚ ਵਿਦਵਾਨ ਅਤੇ ਦਰਬਾਰੀ ਕਵੀ ਅਮੀਰ ਖੁਸਰੋ ਨੇ ਲਿਖਿਆ ਕਿ ਰਾਜਕੁਮਾਰ ਅਤੇ ਅਮੀਰ ਲੋਕ ਮੀਟ, ਘਿਓ, ਪਿਆਜ਼ ਨਾਲ ਬਣੇ ਸਮੋਸੇ ਬਹੁਤ ਪਸੰਦ ਕਰਦੇ ਸਨ। ਇੱਕ ਮੱਧ ਕਾਲੀਨ ਇੰਡੀਅਨ ਕੁੱਕ ਕਿਤਾਬ, ਜਿਹੜੀ ਪਰਸ਼ੀਅਨ ਤੇ ਪਾਂਡੂਲਿਪੀ 'ਚ ਹੈ, 'ਨਿਮਤਨਾਮਾ-ਏ-ਨਸੀਰੁਦੀਨ-ਸ਼ਾਹੀ' (ਲਗਭਗ 16ਵੀਂ ਸਦੀ), 'ਚ ਸਮੋਸੇ ਪਰੋਸੇ ਹੋਏ ਦਿਖਾਈ ਦਿੱਤੇ ਗਏ ਹਨ।

ਮੋਰਾਕੋ ਦੇ ਯਾਤਰੀ ਇਬਨਬਤੂਤਾ ਨੇ 14ਵੀਂ ਸਦੀ 'ਚ ਦਿੱਲੀ 'ਚ ਮੁਹੰਮਦ ਬਿਨ ਤੁਗਲਕ ਦੇ ਦਰਬਾਰ 'ਚ ਇੱਕ ਪ੍ਰੋਗਰਾਮ 'ਚ ਸਮੋਸੇ ਪਰੋਸਣ ਦਾ ਜ਼ਿਕਰ ਕੀਤਾ ਹੈ, ਜੋ ਪਤਲੇ ਕ੍ਰਿਸਪੀ ਪੇਸਟ੍ਰੀ ਵਰਗੇ ਹੁੰਦੇ ਸਨ, ਜਿਸ 'ਚ ਕੀਮਾ ਅਤੇ ਮਟਨ ਭਰਿਆ ਹੁੰਦਾ ਸੀ। ਇਹ ਅੱਜ ਵੀ ਹੈਦਰਾਬਾਦ 'ਚ 'ਲੁਕਮੀ' ਦੇ ਰੂਪ 'ਚ ਮਸ਼ਹੂਰ ਹਨ। ਅਰਬ ਦੇਸ਼ਾਂ 'ਚ ਸੇਮੀ-ਸਰਕੂਲਰ 'ਸੰਬੂਸਕ' 'ਚ ਕੀਮਾ ਬਣਿਆ ਹੋਇਆ ਚਿਕਨ ਜਾਂ ਮੀਟ, ਪਿਆਜ਼, ਫੇਟਾ ਚੀਜ਼ ਅਤੇ ਪਾਲਕ ਨਾਲ ਭਰਿਆ ਜਾਂਦਾ ਹੈ। ਭਾਰਤ ਵਿੱਚ ਸਮੋਸੇ 'ਚ ਪੁਰਤਗਾਲ ਤੋਂ ਆਏ ਆਲੂ ਨੇ ਖਾਸ ਥਾਂ ਬਣਾ ਲਈ। ਇਸ 'ਚ ਪਨੀਰ, ਮਟਰ, ਮੂੰਗਫਲੀ ਨੇ ਵੀ ਜਗ੍ਹਾ ਬਣਾਈ ਹੈ।

ਮਾਲਦੀਪ ਦੇ ਖਾਣੇ 'ਚ ਸਮੋਸੇ ਨੂੰ 'ਬਾਜੀਆ' ਕਿਹਾ ਜਾਂਦਾ ਹੈ। ਇਸ 'ਚ ਮੱਛੀ ਜਾਂ ਟੂਨਾ ਅਤੇ ਪਿਆਜ਼ ਦਾ ਮਿਸ਼ਰਣ ਭਰਿਆ ਜਾਂਦਾ ਹੈ। ਇੰਡੋਨੇਸ਼ੀਆ 'ਚ ਸਮੋਸੇ ਨੂੰ ਸਥਾਨਕ ਰੂਪ 'ਚ ਸਮੋਸਾ ਹੀ ਕਿਹਾ ਜਾਂਦਾ ਹੈ। ਇਸ 'ਚ ਆਲੂ, ਪਨੀਰ, ਨਿਊਡਲ ਭਰਿਆ ਜਾਂਦਾ ਹੈ, ਜੋ ਸਥਾਨਕ ਲੋਕ ਸਵਾਦ ਅਨੁਸਾਰ ਲੈਂਦੇ ਹਨ।



ਭਾਰਤ 'ਚ ਅੱਜ ਜੋ ਜਲੇਬੀ ਖਾਧੀ ਜਾਂਦੀ ਹੈ, ਉਸ ਜਲੇਬੀ ਦੀ ਵਿਧੀ ਫਾਰਸ ਦੇ ਜਲਾਬੀਆ ਜਾਂ ਜੁਲਬੀਆ ਤੋਂ ਲਈ ਗਈ ਹੈ। ਜੁਲਬੀਆ ਦਾ ਸਭ ਤੋਂ ਪੁਰਾਣਾ ਜ਼ਿਕਰ 10ਵੀਂ ਸ਼ਤਾਬਦੀ 'ਚ ਫਾਰਸੀ ਰਸੋਈ ਨਾਲ ਜੁੜੀ ਮੁਹੰਮਦ ਬਿਨ ਹਸਨ ਅਲ ਬਗਦਾਦੀ ਦੀ ਕਿਤਾਬ 'ਕਿਤਾਬ ਅਲ-ਤਬੀਖ' 'ਚ ਮਿਲਦਾ ਹੈ। ਉਥੇ ਹੀ ਇਸ ਦੇ ਸਮਕਾਲੀਨ ਇੱਕ ਅਰਬ ਲੇਖਕ ਇਬਨ ਸਈਅਰ ਅਲ ਵਰਾਕ ਦੀ ਕਿਤਾਬ 'ਚ ਵੀ ਜਲੇਬੀਆ ਦਾ ਜਿਕਰ ਆਉਂਦਾ ਹੈ। ਇਹ ਉਹ ਦੌਰ ਸੀ, ਜਦ ਅਰਬ ਦੇ ਮੁਸਲਿਮ ਹਮਲਾਵਰ ਪੂਰੀ ਦੁਨੀਆ 'ਚ ਆਪਣੀਆਂ ਤਲਵਾਰਾਂ ਨਾਲ ਕਤਲੇਆਮ ਕਰ ਰਹੇ ਸਨ। ਉਸ ਸਮੇਂ ਇਹ ਰਮਜ਼ਾਨ ਦੇ ਦਿਨਾਂ 'ਚ ਬੇਹੱਦ ਮਸ਼ਹੂਰ ਸੀ। ਇਸ ਨੂੰ ਤੁਰਕੀ, ਈਰਾਨ, ਇਜ਼ਰਾਇਲ ਅਤੇ ਅਰਬ ਦੇਸ਼ਾਂ 'ਚ ਮੁਸ਼ਾਬੇਕ ਜਾਂ ਜੁਲਬੀਆ ਕਿਹਾ ਜਾਂਦਾ ਹੈ।

ਮੰਨਿਆ ਜਾਂਦਾ ਹੈ ਕਿ ਜਦ ਭਾਰਤ 'ਤੇ ਮੁਸਲਿਮ ਹਮਲੇ ਹੋ ਰਹੇ ਸਨ ਤਾਂ ਉਸ ਸਮੇਂ ਜਲੇਬੀ ਸਾਰਿਆਂ ਦੀ ਜ਼ੁਬਾਨ 'ਚ ਮਿਠਾਸ ਘੋਲ ਰਹੀ ਸੀ। ਜਲੇਬੀਆਂ ਨੂੰ ਮੱਧ ਯੁੱਗ ਕਾਲ ਖਾਸ ਕਰਕੇ ਮੁਗਲਾਂ ਦੇ ਸ਼ਾਸਨ 'ਚ ਭਾਰਤੀ ਖਾਣੇ 'ਚ ਸ਼ਾਮਲ ਕਰਵਾਇਆ ਗਿਆ ਅਤੇ ਉਦੋਂ ਤੋਂ ਹੀ ਜਲਾਬੀਆ ਜਲੇਬੀ ਬਣ ਗਈ। ਉਸ ਸਮੇਂ ਇਹ ਜਲੇਬੀ ਹਰ ਤਿਉਹਾਰ 'ਤੇ ਖਾਣ ਦਾ ਹਿੱਸਾ ਬਣ ਗਈ। ਦੇਸ਼ ਦੇ ਮਸ਼ਹੂਰ ਫੂਡ ਹਿਸਟੋਰੀਅਨ ਕੇਟੀ ਅਚਾਇਆ ਦੀ ਕਿਤਾਬ 'ਇੰਡੀਅਨ ਫੂਡ : ਏ ਹਿਸਟੋਰੀਕਲ ਕੰਪੇਨੀਅਨ' 'ਚ ਕਿਹਾ ਗਿਆ ਹੈ ਕਿ ਜਲੇਬੀ ਅਰਬੀ ਅਤੇ ਫਾਰਸੀ ਦੇ ਸ਼ਬਦਾਂ 'ਚੋਂ ਨਿਕਲੀ ਹੈ। ਦੱਖਣ ਭਾਰਤ ਦੇ ਤੱਟਾਂ ਤੋਂ ਹੁੰਦੇ ਹੋਏ ਇਹ ਪੂਰੇ ਭਾਰਤ 'ਚ ਮਸ਼ਹੂਰ ਹੋ ਗਈ। ਈਰਾਨ 'ਚ ਇਹੀ ਜਲੇਬੀ ਅੱਜ ਜਲਾਬੀਆ ਜਾਂ ਜੁਲਬੀਆ ਦੇ ਰੂਪ 'ਚ ਬੇਹੱਦ ਮਸ਼ਹੂਰ ਹੈ। ਹਾਲਾਂਕਿ, ਇਸ ਦੀ ਬਣਾਵਟ ਭਾਰਤੀ ਜਲੇਬੀ ਤੋਂ ਵੱਖਰੀ ਹੈ। ਇਜ਼ਰਾਇਲ, ਲਿਬਨਾਨ, ਜਾਰਡਨ ਸਮੇਤ ਕਈ ਅਰਬ ਦੇਸ਼ਾਂ 'ਚ ਇਸ ਨੂੰ ਬਣਾਉਂਦੇ ਸਮੇਂ ਗੁਲਾਬ ਜਲ ਅਤੇ ਸ਼ਹਿਦ ਦੀ ਚਾਸ਼ਨੀ 'ਚ ਡੁਬੋਇਆ ਜਾਂਦਾ ਹੈ, ਜੋ ਇਸ ਨੂੰ ਬੇਹੱਦ ਖਾਸ ਬਣਾ ਦਿੰਦਾ ਹੈ। ਭਾਰਤ 'ਚ ਜਲੇਬੀ ਬਣਾਉਣ ਲਈ ਖੰਡ ਦੀ ਚਾਸ਼ਨੀ ਦਾ ਇਸਤੇਮਾਲ ਹੁੰਦਾ ਹੈ।

# ਬੱਚਿਆਂ 'ਚ ਅਸਫਲਤਾ ਦੇ ਡਰ ਨੂੰ ਖਤਮ ਕਰੋ



ਕੁਸੁਮ ਲਤਾ

'ਡਰ' ਇੱਕ ਕੁਦਰਤੀ ਵਿਚਾਰ ਹੈ, ਜਿਸ ਤੋਂ ਕੋਈ ਵੀ ਵਿਅਕਤੀ ਭੱਜ ਨਹੀਂ ਸਕਦਾ। ਸਥਿਤੀ ਭਾਵੇਂ ਕੋਈ ਵੀ ਹੋਵੇ। ਕਿਸੇ ਵੀ ਵਿਅਕਤੀ ਦੇ ਮਨ ਵਿੱਚ ਡਰ ਦੀ ਭਾਵਨਾ ਹੋਣਾ ਸੁਭਾਵਿਕ ਹੈ। ਜਦੋਂ ਘਰ ਵਿੱਚ ਕੋਈ ਸਮਾਗਮ ਆਯੋਜਿਤ ਕੀਤਾ ਜਾਂਦਾ ਹੈ, ਤਾਂ ਅਜਿਹੀ ਸਥਿਤੀ ਵਿੱਚ ਵੀ ਵਿਅਕਤੀ ਦੇ ਮਨ ਵਿੱਚ ਡਰ ਦੀ ਭਾਵਨਾ ਹੁੰਦੀ ਹੈ। ਉਹ ਸੋਚਣ ਲਈ ਮਜਬੂਰ ਹੁੰਦਾ ਹੈ ਕਿ ਪੂਰਾ ਪ੍ਰੋਗਰਾਮ ਸਮੇਂ ਸਿਰ ਹੋਣਾ ਚਾਹੀਦਾ ਹੈ। ਜਦੋਂ ਕੋਈ ਇੰਟਰਵਿਊ ਲਈ ਜਾਂਦਾ ਹੈ ਤਾਂ ਮਨ ਵਿੱਚ ਡਰ ਹੁੰਦਾ ਹੈ ਕਿ ਉਹ ਇਸ ਦਾ ਸਾਹਮਣਾ ਕਿਵੇਂ ਕਰੇਗਾ। ਨਤੀਜਾ ਕੀ ਹੋਵੇਗਾ ਆਦਿ?

ਬੱਚਿਆਂ ਦੀ ਗੱਲ ਕਰੀਏ ਤਾਂ ਬੱਚਿਆਂ ਵਿੱਚ ਕਈ ਤਰ੍ਹਾਂ ਦੇ ਡਰ ਹੁੰਦੇ ਹਨ। ਨਵੇਂ ਸਕੂਲ, ਨਵੇਂ ਮਾਹੌਲ, ਔਖੇ ਵਿਸ਼ਿਆਂ ਨਾਲ ਢਲਣ ਨਾਲ ਸੰਬੰਧਤ ਡਰ, ਉਨ੍ਹਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਪ੍ਰੀਖਿਆਵਾਂ ਦਾ ਡਰ ਹੈ। ਬੱਚਿਆਂ ਵਿੱਚ ਸਭ ਤੋਂ ਵੱਡਾ ਡਰ ਪ੍ਰੀਖਿਆਵਾਂ ਦਾ ਹੁੰਦਾ ਹੈ, ਭਾਵੇਂ ਬੱਚਾ ਬੁੱਧੀਮਾਨ ਹੋਵੇ ਜਾਂ ਔਸਤ। ਅਸਫਲਤਾ ਦਾ ਡਰ ਹਮੇਸ਼ਾ ਉਨ੍ਹਾਂ ਦੇ ਮਨ ਵਿੱਚ ਮੌਜੂਦ ਰਹਿੰਦਾ ਹੈ।

ਖਾਸ ਕਰਕੇ ਪ੍ਰੀਖਿਆਵਾਂ ਦੇ ਦਿਨਾਂ ਦੌਰਾਨ ਬੱਚਾ ਪ੍ਰੀਖਿਆ ਪ੍ਰਤੀ ਨਕਾਰਾਤਮਕ ਸੋਚ ਦਿਖਾਉਂਦਾ ਹੈ। ਬੱਚੇ ਦੇ ਮਨ ਵਿੱਚ ਡਰ ਦੀਆਂ ਭਾਵਨਾਵਾਂ ਪੈਦਾ ਹੁੰਦੀਆਂ ਹਨ ਅਤੇ ਉਹ ਆਪਣੇ ਟੀਚੇ ਤੋਂ ਭਟਕਣ ਲੱਗਦਾ ਹੈ, ਦਿਸ਼ਾਹੀਣ ਹੋ ਜਾਂਦਾ ਹੈ ਅਤੇ ਨਤੀਜੇ ਵਜੋਂ ਉਸ ਨੂੰ ਅਸਫਲਤਾ ਮਿਲਣੀ ਸ਼ੁਰੂ ਹੋ ਜਾਂਦੀ ਹੈ। ਪ੍ਰੀਖਿਆ ਪ੍ਰਤੀ ਨਕਾਰਾਤਮਕ ਸੋਚ ਦੇਖੀ ਜਾਂਦੀ ਹੈ।

ਇੱਕ ਬਹੁਤ ਹੀ ਬੁੱਧੀਮਾਨ ਬੱਚਾ ਵੀ ਪ੍ਰੀਖਿਆ ਦੇ ਦਿਨਾਂ ਦੌਰਾਨ ਚਿੰਤਾ ਦੀ ਭਾਵਨਾ ਤੋਂ ਅਛੂਤਾ ਨਹੀਂ ਹੁੰਦਾ। ਬੱਚੇ ਸਾਲ ਭਰ ਪੜ੍ਹਾਈ ਵਿੱਚ ਵਧੀਆ ਪ੍ਰਦਰਸ਼ਨ ਕਰਦੇ ਹਨ, ਪਰ ਜਿਵੇਂ-ਜਿਵੇਂ ਪ੍ਰੀਖਿਆ ਨੇੜੇ ਆਉਂਦੀ ਹੈ, ਉਹ ਘਬਰਾਹਟ ਅਤੇ ਚਿੰਤਾ ਮਹਿਸੂਸ ਕਰਨ ਲੱਗ ਪੈਂਦੇ ਹਨ। ਉਨ੍ਹਾਂ ਨੂੰ ਨੀਂਦ ਨਾ ਆਉਣ ਲੱਗਦੀ ਹੈ, ਭੁੱਖ ਘੱਟ ਲੱਗਦੀ ਹੈ, ਉਨ੍ਹਾਂ ਦੀ ਪਾਚਨ ਕਿਰਿਆ ਵਿਗੜ ਜਾਂਦੀ ਹੈ, ਉਹ ਆਪਣੇ ਹੱਥਾਂ ਨੂੰ ਵਾਰ-ਵਾਰ ਰਗੜਦੇ ਹਨ ਅਤੇ ਮਹਿਸੂਸ ਕਰਦੇ ਹਨ ਕਿ ਜਿਵੇਂ ਸਭ ਕੁਝ ਉਨ੍ਹਾਂ ਨੂੰ ਸਾੜ ਰਿਹਾ ਹੈ, ਇਹ ਸਾਰੇ ਲੱਛਣ ਦਿਖਾਈ ਦਿੰਦੇ ਹਨ। 'ਬੱਚਿਆਂ ਵਿੱਚ ਇਸ ਤਰ੍ਹਾਂ ਦੇ ਡਰ ਨੂੰ ਖਤਮ ਕਰਨ ਵਿੱਚ ਸਿਰਫ਼ ਅਧਿਆਪਕ ਹੀ ਨਹੀਂ, ਸਗੋਂ ਮਾਪੇ ਵੀ ਮਹੱਤਵਪੂਰਨ ਭੂਮਿਕਾ ਨਿਭਾਅ ਸਕਦੇ ਹਨ।'

ਸਕੂਲ ਵਿੱਚ ਅਧਿਆਪਕਾਂ ਨੂੰ ਬੱਚਿਆਂ ਨੂੰ ਪ੍ਰੇਰਨਾਦਾਇਕ ਕਹਾਣੀਆਂ ਸੁਣਾਉਣੀਆਂ ਚਾਹੀਦੀਆਂ ਹਨ ਤਾਂ ਜੋ ਉਹ ਪ੍ਰੇਰਿਤ ਹੋਣ ਅਤੇ ਪੂਰੀ ਲਗਨ ਨਾਲ ਪੜ੍ਹਾਈ ਕਰਨ। ਅਧਿਆਪਕਾਂ ਨੂੰ ਬੱਚਿਆਂ ਨੂੰ ਦੱਸਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਸਾਲ ਭਰ ਸਖ਼ਤ ਮਿਹਨਤ ਕੀਤੀ ਹੈ ਅਤੇ ਆਪਣੇ ਆਪ ਵਿੱਚ ਵਿਸ਼ਵਾਸ ਹੈ।

ਇਹ ਗੱਲ ਧਿਆਨ ਵਿੱਚ ਰੱਖੋ। ਉਨ੍ਹਾਂ ਨੂੰ ਦੱਸੋ ਕਿ ਘਬਰਾਹਟ ਇੱਕ ਕੁਦਰਤੀ ਪ੍ਰਕਿਰਿਆ ਹੈ, ਪਰ ਉਨ੍ਹਾਂ ਨੂੰ ਇਸ ਨੂੰ ਆਪਣੇ ਉੱਤੇ ਹਾਵੀ ਨਹੀਂ ਹੋਣ ਦੇਣਾ ਚਾਹੀਦਾ, ਖਾਸ ਕਰਕੇ ਪ੍ਰੀਖਿਆ ਵਾਲੇ ਦਿਨ ਜਾਂ ਇਸ ਦੇ ਆਲੇ-ਦੁਆਲੇ ਦੇ ਦਿਨਾਂ ਵਿੱਚ ਕਿਉਂਕਿ ਘਬਰਾਹਟ ਕਾਰਨ ਬੱਚਾ ਉਹ ਵੀ ਭੁੱਲ ਜਾਂਦਾ ਹੈ, ਜੋ ਉਸ ਨੇ ਯਾਦ ਕੀਤਾ ਹੈ, ਜਿਸ ਨਾਲ ਪੂਰੇ ਸਾਲ ਦੀ ਮਿਹਨਤ ਖਰਾਬ ਹੋ ਜਾਂਦੀ ਹੈ।

ਬੱਚਿਆਂ ਨੂੰ ਇਹ ਗੱਲ ਸਰਲ ਤਰੀਕੇ ਨਾਲ ਸਮਝਾਓ। ਸ਼ਾਹਰੁਖ ਖਾਨ ਦੀ ਫਿਲਮ 'ਚੱਕ ਦੇ! ਇੰਡੀਆ' ਵਿੱਚ ਉਹ ਹਾਕੀ ਖਿਡਾਰੀਆਂ ਨੂੰ ਕਿਵੇਂ ਉਤਸ਼ਾਹਿਤ ਕਰਦੇ ਹਨ। ਸਾਡੇ ਕੋਲ ਪ੍ਰੀਖਿਆ ਵਿੱਚ ਸਿਰਫ਼ 3 ਘੰਟੇ ਹਨ, ਇਸ ਸਮੇਂ ਵਿੱਚ ਸਹੀ ਜਵਾਬ ਲਿਖਣ ਵਾਲਾ ਜਿੱਤਦਾ ਹੈ। ਪੂਰਾ ਸਾਲ ਸਖ਼ਤ ਮਿਹਨਤ ਕਰਨ ਤੋਂ ਬਾਅਦ ਇਨ੍ਹਾਂ ਤਿੰਨ ਘੰਟਿਆਂ ਵਿੱਚ ਚੰਗਾ ਪ੍ਰਦਰਸ਼ਨ ਕਰੋ, ਆਪਣਾ ਸਭ ਤੋਂ ਵਧੀਆ ਦਿਓ, ਇਹ ਮੌਕਾ ਵਾਰ-ਵਾਰ ਨਹੀਂ ਆਵੇਗਾ, ਯਾਦ ਰੱਖੋ ਜੇਤੂ ਰਾਜਾ ਹੁੰਦਾ ਹੈ।

ਮਾਪਿਆਂ ਦਾ ਸਮਰਥਨ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਘਰ ਦਾ ਮਾਹੌਲ ਪ੍ਰਦੂਸ਼ਿਤ ਨਹੀਂ ਹੋਣਾ ਚਾਹੀਦਾ। ਬੱਚਿਆਂ ਨੂੰ ਜਿੰਨਾ ਹੋ ਸਕੇ, ਪੜ੍ਹਾਈ ਕਰਨ ਲਈ ਉਤਸ਼ਾਹਿਤ ਕਰੋ। ਉਨ੍ਹਾਂ ਪ੍ਰਤੀ ਦੋਸਤਾਨਾ ਬਣੋ। ਉਨ੍ਹਾਂ ਦੇ ਸਾਹਮਣੇ ਪ੍ਰੀਖਿਆ ਨੂੰ ਹਊਆ ਨਾ ਬਣਾ ਕੇ ਪੇਸ਼ ਕਰੋ। ਘਬਰਾਓ ਨਾ, ਕਿਉਂਕਿ ਤੁਹਾਨੂੰ ਲੱਗ ਸਕਦਾ ਹੈ ਕਿ ਤੁਹਾਨੂੰ ਜ਼ਿੰਦਗੀ ਵਿੱਚ ਅਜਿਹੀਆਂ ਬਹੁਤ ਸਾਰੀਆਂ ਪ੍ਰੀਖਿਆਵਾਂ ਪਾਸ ਕਰਨੀਆਂ ਪੈਣਗੀਆਂ। ਪੂਰੇ ਉਤਸ਼ਾਹ ਨਾਲ ਪੜ੍ਹਾਈ ਕਰੋ ਅਤੇ ਆਪਣੇ ਯਤਨਾਂ ਵਿੱਚ ਕੋਈ ਕਸਰ ਨਾ ਛੱਡੋ।

ਆਪਣੀ ਯੋਗਤਾ, ਆਤਮਵਿਸ਼ਵਾਸ ਅਤੇ ਮਿਹਨਤ 'ਤੇ ਪੂਰਾ ਵਿਸ਼ਵਾਸ ਰੱਖੋ। ਅੰਤ ਤੱਕ ਉਤਸ਼ਾਹ ਅਤੇ ਸਕਾਰਾਤਮਕ ਸੋਚ ਨਾਲ ਭਰਪੂਰ ਰਹੋ ਤਾਂ ਜੋ ਨਕਾਰਾਤਮਕ ਵਿਚਾਰ ਜਾਂ ਗੁੱਸਾ ਤੁਹਾਡੇ 'ਤੇ ਹਾਵੀ ਨਾ ਹੋ ਜਾਣ। ਵਿਸ਼ਵਾਸ ਕਰੋ, ਕੋਈ ਵੀ ਸ਼ਕਤੀ ਤੁਹਾਨੂੰ ਹਿਲਾ ਨਹੀਂ ਸਕੇਗੀ।

ਮੋਬਾ. 98760-21530

## ਪੰਜਾਬ ਚ ਮੌਜੂਦਾ ਸਮੇਂ ਹੜ੍ਹਾਂ ਜਿਹੀ ਕੋਈ ਸਥਿਤੀ ਨਹੀਂ : ਗੋਇਲ



**ਚੰਡੀਗੜ੍ਹ, (ਗੁਰਜੀਤ ਬਿੱਲਾ)**

ਪੰਜਾਬ ਦੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਵਿਧਾਨ ਸਭਾ 'ਚ ਜਾਣਕਾਰੀ ਦਿੱਤੀ ਕਿ ਪੰਜਾਬ 'ਚ ਜਲ ਭੰਡਾਰਾਂ ਦਾ ਪੱਧਰ ਸਥਿਰ ਹੈ ਅਤੇ ਸੂਬੇ ਵਿੱਚ ਮੌਜੂਦਾ ਸਮੇਂ ਹੜ੍ਹਾਂ ਜਿਹੀ ਕੋਈ ਸਥਿਤੀ ਨਹੀਂ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਹਰ ਸੰਭਾਵੀ ਸਥਿਤੀ ਨਾਲ ਨਜਿੱਠਣ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ। ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਵੱਲੋਂ ਜਲ ਭੰਡਾਰਾਂ (ਰੇਜ਼ਰਵਾਇਰਾਂ) ਵਿੱਚ ਪਾਣੀ ਦਾ ਪੱਧਰ ਵਧਣ ਕਾਰਨ ਨੀਵੇਂ ਇਲਾਕਿਆਂ 'ਚ ਹੜ੍ਹਾਂ ਦੇ ਖਤਰੇ ਨੂੰ ਰੋਕਣ ਸੰਬੰਧੀ ਪੇਸ਼ ਕੀਤੇ ਗਏ ਧਿਆਨ ਦਿਵਾਊ ਮਤੇ ਦਾ ਜਵਾਬ ਦਿੰਦਿਆਂ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ 10 ਜੁਲਾਈ, 2025 ਤੱਕ ਪ੍ਰਮੁੱਖ ਜਲ ਭੰਡਾਰਾਂ 'ਚ ਪਾਣੀ ਦਾ ਪੱਧਰ ਸੁਰੱਖਿਅਤ ਸੀਮਾਵਾਂ ਦੇ ਅੰਦਰ ਰਿਹਾ। ਉਨ੍ਹਾਂ ਦੱਸਿਆ ਕਿ ਭਾਖੜਾ ਡੈਮ ਵਿੱਚ ਮੌਜੂਦਾ ਪੱਧਰ 1590.48 ਫੁੱਟ ਹੈ, ਜੋ 2023 ਦੇ ਹੜ੍ਹਾਂ ਦੌਰਾਨ 10 ਜੁਲਾਈ, 2023 ਨੂੰ 1614.89 ਫੁੱਟ ਸੀ। ਇਸੇ ਤਰ੍ਹਾਂ ਪੌਂਗ ਡੈਮ ਵਿੱਚ ਮੌਜੂਦਾ ਪੱਧਰ 1325.48 ਫੁੱਟ ਹੈ, ਜੋ 2023 ਦੇ ਹੜ੍ਹਾਂ ਦੌਰਾਨ 10 ਜੁਲਾਈ, 2023 ਨੂੰ 1350.63 ਫੁੱਟ ਸੀ। ਉਨ੍ਹਾਂ ਦੱਸਿਆ ਕਿ ਰਣਜੀਤ ਸਾਗਰ ਡੈਮ ਵਿੱਚ ਮੌਜੂਦਾ ਪੱਧਰ 505.41 ਮੀਟਰ ਹੈ, ਜੋ 2023 ਦੇ ਹੜ੍ਹਾਂ ਦੌਰਾਨ 10 ਜੁਲਾਈ, 2023 ਨੂੰ 520.2 ਮੀਟਰ ਸੀ। ਜਲ ਸਰੋਤ ਮੰਤਰੀ ਨੇ ਦੱਸਿਆ ਕਿ ਤਿੰਨੋਂ ਜਲ ਭੰਡਾਰ ਸੁਰੱਖਿਅਤ ਢੰਗ ਨਾਲ ਕੰਮ ਕਰ ਰਹੇ ਹਨ ਅਤੇ ਖਤਰੇ ਦੇ ਪੱਧਰ ਤੋਂ ਕਾਫੀ ਘੱਟ ਹਨ। ਉਨ੍ਹਾਂ ਦੱਸਿਆ ਕਿ ਹੜ੍ਹਾਂ ਦੀ ਤਿਆਰੀ ਲਈ ਜਲ ਸਰੋਤ ਵਿਭਾਗ ਨੇ ਕਿਸੇ ਵੀ ਸੰਭਾਵੀ ਹੜ੍ਹ ਦੀ ਸਥਿਤੀ ਨਾਲ ਨਜਿੱਠਣ ਲਈ ਵਿਆਪਕ ਉਪਾਅ ਸਰਗਰਮੀ ਨਾਲ ਲਾਗੂ ਕੀਤੇ ਹਨ। ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਸੂਬੇ ਵਿੱਚ ਕੰਟਰੋਲ ਰੂਮ ਸਰਗਰਮ ਹਨ, ਐਮਰਜੈਂਸੀ ਰਿਸਪਾਂਸ ਟੀਮਾਂ ਤਿਆਰ ਹਨ ਅਤੇ ਸੰਵੇਦਨਸ਼ੀਲ ਖੇਤਰਾਂ ਵਿੱਚ ਦਰਿਆਵਾਂ ਅਤੇ ਨਾਲਿਆਂ ਦੀ ਅਸਲ-ਸਮੇਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ।

## ਰੋਟਰੀ ਕਲੱਬ ਨੇ ਬਰਲਟਨ ਪਾਰਕ 'ਚ ਬੂਟੇ ਲਗਾਏ



**ਜਲੰਧਰ (ਰਾਜੇਸ਼ ਥਾਪਾ)**- ਰੋਟਰੀ ਕਲੱਬ ਜਲੰਧਰ ਸੈਂਟਰਲ ਵੱਲੋਂ ਬਰਲਟਨ ਪਾਰਕ 'ਚ ਹੈਲਥ ਕੇਅਰ ਐਂਡ ਪਾਰਕ ਵੈਲਫੇਅਰ ਸੋਸਾਇਟੀ ਨਾਲ ਮਿਲ ਕੇ ਬੂਟੇ ਲਗਾਏ। ਬੂਟੇ ਰੋਟਰੀ ਕਲੱਬ ਸੈਂਟਰਲ ਪ੍ਰਧਾਨ ਕੁਲਵੰਤ ਸਿੰਘ ਅਰੋੜਾ ਦੀ ਅਗਵਾਈ 'ਚ ਲਗਾਏ ਗਏ। ਜਿਸ ਵਿੱਚ ਰੋਟਰੀ ਕਲੱਬ ਤੋਂ ਗੁਰਮੀਤ ਸਿੰਘ ਬਸਰਾ, ਰੋਟੇਰੀਅਨ ਦੀਪਕ ਸੂਰੀ ਸੈਕਟਰੀ, ਰੋਟੇਰੀਅਨ ਮੁਕੇਸ਼ ਗੋਇਲ, ਜਸਵਿੰਦਰ ਕੌਰ ਅਰੋੜਾ, ਲਖਵਿੰਦਰ ਕੌਰ ਬਸਰਾ, ਮਨਿੰਦਰ ਸਿੰਘ ਅਤੇ ਪਾਰਕ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਸਾਹਿਬ ਸੈਕਟਰੀ ਸਾਹਿਬ ਅਤੇ ਹੋਰ ਮੈਂਬਰਾਂ ਨੇ ਹਿੱਸਾ ਲਿਆ।

## ਪ੍ਰਸਿੱਧ ਸਾਹਿਤਕਾਰ ਮੱਖਣ ਸਿੰਘ ਮਾਨ ਦੇ ਪਿਤਾ ਨਮਿੱਤ ਭੋਗ ਭਲਕੇ



**ਜਲੰਧਰ (ਨ ਜ਼ ਸ)**- ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਮੱਖਣ ਸਿੰਘ ਮਾਨ ਦੇ ਪਿਤਾ ਤੁਲਸਾ ਸਿੰਘ ਮਾਨ 12 ਜੁਲਾਈ ਨੂੰ 97 ਸਾਲ ਦੀ ਉਮਰ ਭੋਗ ਕੇ ਸਵਰਗ ਸੁਧਾਰ ਗਏ ਹਨ। ਉਹ ਆਪਣੇ ਮਗਰ ਤਿੰਨ ਪੁੱਤਰ ਸੁਰਜੀਤ ਸਿੰਘ ਮਾਨ, ਮੱਖਣ ਸਿੰਘ ਮਾਨ ਤੇ ਸੀਤਲ ਸਿੰਘ ਮਾਨ ਸਮੇਤ ਭਰਿਆ ਪੂਰਾ ਪਰਵਾਰ ਛੱਡ ਗਏ ਹਨ। ਪੰਜਾਬ ਰਾਜ ਖੇਤੀਬਾੜੀ ਵਿਕਾਸ ਬੈਂਕ ਦੇ ਚੇਅਰਮੈਨ ਤੇ ਸਾਬਕਾ ਵਿਧਾਇਕ ਪਵਨ ਕੁਮਾਰ ਟੀਨੂ, ਸਤਨਾਮ ਸਿੰਘ ਮਾਣਕ ਪ੍ਰਧਾਨ ਪ੍ਰੈੱਸ ਕਲੱਬ ,ਆਤਮ ਪ੍ਰਕਾਸ਼ ਬੱਬਲੂ, ਪ੍ਰਗਤੀਸ਼ੀਲ ਸੰਘ ਪੰਜਾਬ ਦੇ ਪ੍ਰਧਾਨ ਸੁਰਜੀਤ ਜੱਜ, ਜਸਪਾਲ ਸਿੰਘ ਰੰਧਾਵਾ, ਕੁਲਦੀਪ ਸਿੰਘ ਬੇਦੀ, ਸਤਨਾਮ ਸਿੰਘ ਮਾਣਕ, ਜਿੰਦਰ, ਜੋਗਿੰਦਰ ਸੰਧੂ, ਤਸਕੀਨ, ਭਗਵੰਤ ਰਸੂਲਪੁਰੀ, ਰਕੇਸ਼ ਆਨੰਦ, ਕੇਸਰ ਸਿੰਘ, ਡਾ. ਸੈਲਸ, ਪ੍ਰਭਦੀਪ ਸਿੰਘ , ਹਰਵਿੰਦਰ ਸਿੰਘ ਘਈ ( ਵਿੱਕੀ ) ਪ੍ਰਵੀਨ ਗੁਪਤਾ , ਐਸ਼ ਪੀ ਐਸ਼ ਵਿਰਕ , ਮੇਜਰ ਕੋਚਰ ,ਗਗਨ ਦੀਪ ਸਿੰਘ ਖੰਡਪੁਰ ਨੇ ਪਰਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ। ਤੁਲਸਾ ਸਿੰਘ ਮਾਨ ਨਮਿੱਤ ਭੋਗ 16 ਜੁਲਾਈ ਦਿਨ ਬੁੱਧਵਾਰ ਨੂੰ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ ਦੇ ਗੁਰਦੁਆਰਾ ਵਿਖੇ ਦੁਪਹਿਰ 12 ਤੋਂ 2 ਵਜੇ ਪਾਇਆ ਜਾਵੇਗਾ।

## ਸਾਲਾਨਾ ਜੋੜ ਮੇਲਾ ਭਲਕ ਤੋਂ

**ਬਸਤੀ ਸ਼ੇਖ ਜਲੰਧਰ (ਲਖਵਿੰਦਰ ਸਿੰਘ)** ਪੀਰ ਬਾਬਾ ਲੱਖ ਦਾਤਾ ਦੇ ਦਰਬਾਰ 'ਤੇ ਸਾਲਾਨਾ ਜੋੜ ਮੇਲਾ ਬੜੀ ਧੂਮਧਾਮ ਨਾਲ 16 ਜੁਲਾਈ ਅਤੇ 17 ਜੁਲਾਈ ਨੂੰ ਪਿੰਡ ਆਧੀ ਜ਼ਿਲ੍ਹਾ ਜਲੰਧਰ ਵਿਖੇ ਕਰਵਾਇਆ ਜਾ ਰਿਹਾ ਹੈ। ਮੇਲਾ ਕਮੇਟੀ ਦੇ ਮੁੱਖ ਸੇਵਾਦਾਰ ਗਾਇਕ ਜਗਤਾਰ ਤਾਰੀ ਨੇ ਦੱਸਿਆ ਕਿ 16 ਜੁਲਾਈ ਦੀ ਰਾਤ ਨੂੰ ਸੁੱਖਾ ਰਾਮ ਸਰੋਆ ਐਂਡ ਪਾਰਟੀ ਬੀਬੀ ਰਜਨੀ ਬਾਰੇ ਡਰਾਮਾ ਪੇਸ਼ ਕਰਨਗੇ। 17 ਜੁਲਾਈ ਨੂੰ 10, ਵਜੇ ਸਵੇਰੇ ਝੰਡੇ ਦੀ ਰਸਮ 11 ਵਜੇ ਤੇ ਸੱਭਿਆਚਾਰ ਮੇਲਾ ਸ਼ੁਰੂ ਕੀਤਾ ਜਾਵੇਗਾ। ਇਸ ਮੌਕੇ 'ਤੇ ਗਾਇਕ ਜੋੜੀ ਅਮਰੀਕਾ ਮਾਈਕਲ,ਆਰ ਕੌਰ ਰੋਜ਼ੀ ,ਜੋਤ ਸ਼ਰਮਾ ਸੂਫ਼ੀ ਗਾਇਕ, ਆਰਤੀ ਅਨਮੋਲ ਸੂਫੀ ਗਾਇਕ, ਜਗਤਾਰ ਤਾਰੀ, ਅੰਕੁਸ਼ ਅਤੇ ਜਸਵੀਰ ਸ਼ੀਰਾ ਆਧੀ ਵਾਲੇ ਸੰਗਤਾਂ ਨੂੰ ਸੱਭਿਆਚਾਰ ਗੀਤ ਸੁਣਾ ਕੇ ਨਿਹਾਲ ਕਰਨਗੇ। ਗੁਰੂ ਕਾ ਲੰਗਰ ਅਤੁੱਟ ਵਰਤਿਆ ਜਾਵੇਗਾ।

## ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਫੈਮਲੀ ਟ੍ਰੀ ਐਕਟੀਵਿਟੀ



**ਸੁਲਤਾਨਪੁਰ ਲੋਧੀ, (ਹਨੀ)**- ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰਸੀਪਲ ਰੇਨੂੰ ਅਰੋੜਾ ਦੀ ਅਗਵਾਈ ਵਿਚ ਕਿੰਡਰ ਗਾਰਡਨ ਦੇ ਵਿਦਿਆਰਥੀਆਂ ਲਈ ਫੈਮਿਲੀ ਟ੍ਰੀ ਐਕਟੀਵਿਟੀ ਦਾ ਆਯੋਜਨ ਕੀਤਾ ਗਿਆ । ਜਿਸ ਵਿੱਚ ਛੋਟੇ ਛੋਟੇ ਵਿਦਿਆਰਥੀਆਂ ਨੇ ਬੜੇ ਹੀ ਸੁਚੱਜੇ ਤਰੀਕੇ ਨਾਲ ਆਪਣੇ ਪਰਿਵਾਰਕ ਮੈਂਬਰਾਂ ਤੋਂ ਜਾਣੂ ਕਰਵਾਇਆ ਗਿਆ। ਇਸ ਐਕਟੀਵਿਟੀ ਦੌਰਾਨ ਵਿਦਿਆਰਥੀਆਂ ਨੇ ਆਪਣੇ ਪਰਿਵਾਰਕ ਮੈਂਬਰਾਂ ਦੀਆਂ ਤਸਵੀਰਾਂ ਅਤੇ ਉਨ੍ਹਾਂ ਦੇ ਨਾਲ ਰਿਸ਼ਤੇ ਨੂੰ ਟ੍ਰੀ ਦੇ ਰੂਪ ਵਿੱਚ ਬੜੇ ਹੀ ਸੁੰਦਰ ਤਰੀਕੇ ਨਾਲ ਪੇਸ਼ ਕੀਤਾ ਗਿਆ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ, ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਨੇ ਵਿਦਿਆਰਥੀਆਂ ਵਲੋਂ ਦਿਖਾਈ ਪ੍ਰਤਿਭਾ ਦੀ ਭਰਪੂਰ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਬੱਚਿਆਂ ਦੇ ਰਚਨਾਤਮਕ ਅਤੇ ਭਵਨਾਤਮਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।

## ਬਾਬਾ ਮੱਟ ਮੇਲਾ ਪ੍ਰਬੰਧਕ ਕਮੇਟੀ ਦੀ ਮੀਟਿੰਗ ਹੋਈ



**ਬਸਤੀ ਸ਼ੇਖ ਜਲੰਧਰ (ਲਖਵਿੰਦਰ ਸਿੰਘ)**- ਦਰਬਾਰ ਬਾਬਾ ਮੱਟ ਸਾਹਿਬ ਪਿੰਡ ਆਧੀ ਜ਼ਿਲ੍ਹਾ ਜਲੰਧਰ ਵਿਖੇ 15-16 ਸਤੰਬਰ ਨੂੰ ਹੋ ਰਹੇ ਸਾਲਾਨਾ ਸੱਭਿਆਚਾਰ ਦੋ ਰੋਜਾ ਮੇਲੇ ਦੀ ਤਿਆਰੀ ਤੇ ਚੰਗੇ ਪ੍ਰਬੰਧ ਲਈ ਮੇਲਾ ਕਮੇਟੀ ਦੇ ਸਰਪ੍ਰਸਤ ਜਰਨੈਲ ਸਿੰਘ ਸ਼ਾਹ ਪੁਰ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ। ਮੈਂਬਰਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਤੇ ਪਿਛਲੇ ਸਾਲ ਮੇਲੇ ਜ਼ੋ ਕਮੀਆਂ ਰਹਿ ਗਈਆਂ ਉਸ ਬਾਰੇ ਵੀ ਕਾਫੀ ਚਰਚਾ ਕੀਤੀ ਗਈ। ਇਸ ਵਾਰ ਵਾਧੀਆ ਢੰਗ ਨਾਲ ਪ੍ਰਬੰਧ ਕਰਨ ਲਈ ਐਨ ਆਰ ਆਈ ਵੀਰਾਂ ਨੂੰ ਵੱਧ ਤੋਂ ਵੱਧ ਸਹਿਯੋਗ ਦੇਣ ਲਈ ਅਪੀਲ ਕੀਤੀ ਗਈ ਤਾਂ ਜੋ ਇਸ ਵਾਰ ਹੋਰ ਵੀ ਵਧੀਆ ਢੰਗ ਨਾਲ ਮੇਲੇ ਦੀ ਤਿਆਰੀ ਕੀਤੀ ਜਾ ਸਕੇ। ਇਸ ਮੌਕੇ 'ਤੇ ਹਰਨੇਕ ਸਿੰਘ ਨਾਹਲ, ਕੁਲਵੰਤ ਸਿੰਘ ਨਾਹਰ, ਬਲਦੇਵ ਕੁਮਾਰ, ਅਵਤਾਰ ਸਿੰਘ, ਗੁਰਦੇਵ ਸਿੰਘ ਬਿੱਟੂ, ਲੱਖੀ ਟੇਲਰ, ਗੁਰਦੀਪ ਚੰਦ, ਅਮਰਜੀਤ ਸਿੰਘ ਮੋਜੀ, ਤਰਸੇਮ ਲਾਲ, ਅਤੇ ਸੇਵਾਦਾਰ ਮੰਗਰ ਸਿੰਘ ਹਾਜਰ ਸਨ।

## ਨਸ਼ੀਲੇ ਪਦਾਰਥ ਸਮੇਤ 2 ਗ੍ਰਿਫ਼ਤਾਰ

**ਮੋਹਾਲੀ, (ਗੁਰਜੀਤ ਬਿੱਲਾ)**

ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਦੀ ਪੁਲਸ ਨੂੰ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿੱਚ ਮਹੱਤਵਪੂਰਣ ਸਫਲਤਾ ਮਿਲੀ ਹੈ।ਜ਼ਿਲ੍ਹਾ ਪੁਲਸ ਵੱਲੋਂ 52 ਗ੍ਰਾਮ ਆਈਸ (ਸਿੰਥੈਟਿਕ ਨਸ਼ੀਲਾ ਪਦਾਰਥ) ਦੀ ਬਰਾਮਦਗੀ ਕਰਦਿਆਂ 2 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਇਹ ਕਾਰਵਾਈ ਸੀਨੀਅਰ ਕਪਤਾਨ ਪੁਲਸ ਹਰਮਨਦੀਪ ਸਿੰਘ ਹਾਂਸ, ਕਪਤਾਨ ਪੁਲਸ (ਦਿਹਾਤੀ), ਮਨਪ੍ਰੀਤ ਸਿੰਘ, ਕਪਤਾਨ ਪੁਲਸ (ਜਾਂਚ) ਸੌਰਭ ਜਿੰਦਲ ਅਤੇ ਉਪ ਕਪਤਾਨ ਪੁਲਸ ਡੇਰਾਬਸੀ ਬਿਕਰਮਜੀਤ ਸਿੰਘ ਬਰਾੜ ਦੇ ਦਿਸ਼ਾ-ਨਿਰਦੇਸ਼ ਹੇਠ ਨਗਲਾ ਮੋੜ, ਹੰਡੇਸਰਾ ਵਿਖੇ ਲਾਈ ਨਾਕਾਬੰਦੀ ਦੌਰਾਨ ਹੋਈ।ਜਾਣਕਾਰੀ ਦਿੰਦਿਆਂ ਐੱਸ ਪੀ (ਜਾਂਚ) ਸੌਰਭ ਜਿੰਦਲ ਨੇ ਦੱਸਿਆ ਕਿ ਥਾਣਾ ਹੰਡੇਸਰਾ, ਜ਼ਿਲ੍ਹਾ ਐਸ ਏ ਐਸ ਨਗਰ ਦੀ ਪੁਲਿਸ ਵੱਲੋਂ ਨਾਕਾਬੰਦੀ ਦੌਰਾਨ ਮਹਿੰਦਰਾ ਥਾਰ ਨੂੰ ਰੁਕਣ ਦਾ ਇਸ਼ਾਰਾ ਦਿੱਤਾ ਗਿਆ। ਕਾਰ ਸਵਾਰ ਪੁਲਸ ਨੂੰ ਦੇਖਕੇ ਰੁਕ ਗਏ ਪਰ ਚਾਲਕ ਸੁਰਜੀਤ ਸਿੰਘ ਵਾਸੀ ਪਿੰਡ ਬੇਈਹਾਰਾ, ਜ਼ਿਲ੍ਹਾ ਰੂਪਨਗਰ ਨੇ ਆਪਣੀ ਪੈਂਟ ਦੀ ਜੇਬ ਵਿਚੋਂ ਇਕ ਪਾਰਦਰਸ਼ੀ ਮੋਮੀ ਲਿਫਾਫਾ ਕਾਰ ਤੋਂ ਬਾਹਰ ਸੁੱਟ ਦਿੱਤਾ ਅਤੇ ਆਪਣੇ ਸਾਥੀ ਤਰੁਨ ਕੁਮਾਰ ਸ਼ਰਮਾ ਪ ਵਾਸੀ ਪਿੰਡ ਨਿਕੇਤਨ, ਲਾਜਪਤ ਨਗਰ ਪਾਰਟ-2, ਦਿੱਲੀ



ਸਮੇਤ ਭੱਜਣ ਦੀ ਕੋਸ਼ਿਸ਼ ਕੀਤੀ। ਦੋਨੋਂ ਦੋਸ਼ੀਆਂ ਨੂੰ ਮੌਕੇ 'ਤੇ ਹੀ ਕਾਬੂ ਕਰ ਲਿਆ ਗਿਆ।ਲਿਫਾਫਾ ਚੈੱਕ ਕਰਨ 'ਤੇ 52 ਗ੍ਰਾਮ ਆਈਸ ਬਰਾਮਦ ਹੋਈ।ਪੁੱਛਗਿੱਛ ਦੌਰਾਨ ਦੋਸ਼ੀਆਂ ਨੇ ਕਬੂਲਿਆ ਕਿ ਉਹ ਇਹ ਨਸ਼ਾ ਦਿੱਲੀ-ਨੋਇਡਾ ਤੋਂ ਲਿਆਏ ਸਨ ਅਤੇ ਇਸਨੂੰ ਪੰਜਾਬ ਵਿੱਚ ਵੇਚਣ ਵਾਲੇ ਸਨ।ਦੋਵਾਂ ਖਿਲਾਫ਼ ਥਾਣਾ ਹੰਡੇਸਰਾ ਵਿਖੇ ਐਨ ਡੀ ਪੀ ਐਸ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

## ਗਨੌਰ ਇੰਟਰਨੈਸ਼ਨ ਹੋਰਟੀਕਲਚਰ ਮਾਰਕਿਟ ਨੂੰ ਲੈ ਕੇ ਸੈਣੀ ਨੇ ਕੀਤੀ ਸਮੀਖਿਆ ਮੀਟਿੰਗ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸੋਨੀਪਤ ਦੇ ਗਨੌਰ ਸਥਿਤ ਇੰਡੀਆ ਇੰਟਰਨੈਸ਼ਨਲ ਫਰੂਟ ਐਂਡ ਵੈਜੀਟੇਬਲ ਮਾਰਕਿਟ (ਆਈ ਆਈ ਐਮ ਐਮ) ਦਾ ਦੌਰਾ ਕਰ ਸਾਰੀ ਵਿਵਸਥਾਵਾਂ ਦਾ ਜਾਇਜ਼ਾ ਲਿਆ।ਮੁੱਖ ਮੰਤਰੀ ਨੇ ਮੰਡੀ ਪ੍ਰਸ਼ਾਸ਼ਨ, ਨਿਰਮਾਣ ਕੰਪਨੀ ਤੇ ਜਿਲ੍ਹਾ ਪ੍ਰਸ਼ਾਸ਼ਨ ਦੇ ਅਧਿਕਾਰੀਆਂ ਦੇ ਨਾਲ ਇਸ ਮਹਤੱਵਪੂਰਣ ਪ੍ਰੋਜੈਕਟ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਅਤੇ ਨਿਰਮਾਣ ਕੰਮਾਂ ਵਿੱਚ ਤੇਜੀ ਲਿਆਉਣ ਤੇ ਪ੍ਰੋਜੈਕਟ ਨੂੰ ਤੈਅ ਸਮੇਂ ਵਿੱਚ ਪੂਰਾ ਕਰਨ ਦੇ ਦਿਸ਼ਾ-ਨਿਰਦੇਸ਼ ਦਿੱਤੇ।ਮੁੱਖ ਮੰਤਰੀ ਨੇ ਕਿਹਾ ਕਿ ਇਹ ਯੋਜਨਾ ਨਾ ਸਿਰਫ ਹਰਿਆਣਾ ਦੇ ਕਿਸਾਨਾਂ ਸਗੋਂ ਪੂਰੇ ਦੇਸ਼ ਦੇ ਫੱਲ, ਸਬਜੀ, ਫੁੱਲ, ਮੱਛੀ, ਪੋਲਟਰੀ ਤੇ ਡੇਅਰੀ ਉਤਪਾਦਕਾਂ ਨੂੰ ਕੌਮੀ ਤੇ ਕੌਮਾਂਤਰੀ ਬਾਜਾਰਾਂ ਤੱਕ ਪਹੁੰਚ ਦਿਵਾਉਣ ਦਾ ਮਜਬੂਤ ਸਰੋਤ ਬਣੇਗੀ।ਮੁੱਖ ਮੰਤਰੀ ਨੇ ਕਿਹਾ ਕਿ ਲਗਭਗ 220 ਕਰੋੜ ਰੁਪਏ ਦੀ ਲਾਗਤ ਨਾਲ 544 ਏਕੜ 2 ਕਨਾਲ ਭੂਮੀ ਰਾਖਵਾਂ ਕਰ ਇਸ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਗਈ ਸੀ, ਜਿਸ ਦੀ ਕੁੱਲ ਲਾਗਤ 2,595 ਕਰੋੜ ਰੁਪਏ ਆਂਕੀ ਗਈ ਹੈ। ਹੁਣ ਤੱਕ ਨਿਰਮਾਣ ਕੰਮ ਦਾ ਲਗਭਗ 45 ਫੀਸਦੀ ਹਿੱਸਾ ਪੂਰਾ ਕੀਤਾ ਜਾ ਚੁੱਕਾ ਹੈ ਅਤੇ 689 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਜਾ ਚੁੱਕੀ ਹੈ।ਮੁੱਖ ਮੰਤਰੀ ਨੇ ਜਾਣਕਾਰੀ ਦਿੱਤੀ ਕਿ ਇਸ ਵਿੱਚ ਕੁੱਲ 50 ਲੱਖ ਵਰਗ ਫੁੱਟ ਦਾ ਕਵਰ ਏਰਿਆ ਹੋਵੇਗਾ, ਜਿਸ ਦੀ ਸਮਰੱਥਾ 20 ਲੱਖ ਟਨ ਪ੍ਰਤੀ ਸਾਲ ਹੋਵੇਗੀ।ਇਸ ਵਿੱਚ 14,907 ਕਾਰਾਂ ਅਤੇ 3,305 ਟਰੱਕਾਂ/ਟਰਾਲੀਆਂ ਦੀ ਪਾਰਕਿੰਗ ਦੀ ਸਹੂਲਤ ਹੋਵੇਗੀ।ਨਾਲ ਹੀ 17 ਮਾਰਕਟਿੰਗ ਅਤੇ ਟ੍ਰੇਡਿੰਗ ਸ਼ੈਡ ਅਤੇ 13 ਹੋਰ ਆਧੁਨਿਕ ਇਮਾਰਤਾਂ ਵੀ ਤਿਆਰ ਕੀਤੀਆਂ ਜਾਣਗੀਆਂ।ਉਨ੍ਹਾਂ ਨੇ ਨਿਰਦੇਸ਼ ਦਿੱਤੇ ਕਿ ਸੰਚਾਲਨ ਕਮੇਟੀ ਕੰਮ ਵਿੱਚ ਤੇਜੀ ਲਿਆਵੇ ਅਤੇ ਕਿਸਾਨਾਂ ਨੂੰ ਜਲਦੀ ਤੋਂ ਜਲਦੀ ਇਸ ਪ੍ਰੋਜੈਕਟ ਨਾਲ ਲਾਭ ਮਿਲਣਾ ਯਕੀਨੀ ਕੀਤਾ ਜਾਵੇ।ਮੁੱਖ ਮੰਤਰੀ ਨੇ ਮੰਡੀ ਵਿੱਚ ਸੌਰ ਉਰਜਾ ਨੂੰ ਲੈ ਕੇ ਜਰੂਰੀ ਪ੍ਰਬੰਧ ਯਕੀਨੀ ਕਰਨ ਦੇ ਨਿਰਦੇਸ਼ ਦਿੱਤੇ।ਅਧਿਕਾਰੀਆਂ ਨੇ ਜਾਣੂ ਕਰਾਇਆ ਕਿ ਪ੍ਰੋਜੈਕਟ ਦੇ ਆਖੀਰੀ ਪੜਾਅ ਵਿੱਚ 28 ਮੇਗਾਵਾਟ ਸੋਲਰ ਉਰਜਾ ਦੀ ਵਿਵਸਥਾ ਕੀਤੀ ਗਈ ਹੈ।ਇਸ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਇਸ ਸਮਰੱਥਾ ਨੂੰ ਹੋਰ ਵੱਧ ਵਧਾਇਆ ਜਾਵੇ ਤਾਂ ਜੋ ਮੰਡੀ ਉਰਜਾ ਦੇ ਖੇਤਰ ਵਿੱਚ ਆਤਮਨਿਰਭਰ ਬਣ ਸਕੇ।

## ਫਰਾਲਾ ਵਿਖੇ ਗ੍ਰਾਮ ਪੰਚਾਇਤ ਤੇ ਪਿੰਡ ਵਾਸੀਆਂ ਨੇ ਬੂਟੇ ਲਗਾਏ



**ਬੰਗਾ (ਅਵਤਾਰ ਕਲੇਰ)**

ਹਲਕੇ ਦੇ ਪਿੰਡ ਫਰਾਲਾ ਵਿਖੇ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਗ੍ਰਾਮ ਪੰਚਾਇਤ ਅਤੇ ਸਮੂਹ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਮਾਤਾ ਕਿਸ਼ਨ ਕੌਰ ਜੀ ਚੈਰੀਟੇਬਲ ਸੁਸਾਇਟੀ ਪਿੰਡ ਫਰਾਲਾ ਵੱਲੋਂ ਰੁੱਖ ਲਗਾਉਣ ਦੀ ਮੁਹਿੰਮ ਦਾ ਆਯੋਜਨ ਕੀਤਾ ਗਿਆ। ਜਿਸ ਦੇ ਵਿੱਚ ਸ਼ੀਸ਼ਮ ,ਡੇਕ, ਜਾਮਨ, ਆਵਲਾ,ਅੰਬ, ਸਿਲਵਰ ,ਔਕ ਅਤੇ ਅਰਜਨ ਦੇ ਰੁੱਖ ਲਗਾਏ ਗਏ ਹਨ। ਕੁਦਰਤੀ ਦੀ ਸੰਭਾਲ ਲਈ 250 ਰੁੱਖ ਲਗਾ ਕੇ ਆਪਸੀ ਭਾਈਚਾਰਕ ਸਾਂਝ ਵਿੱਚ ਵਾਧਾ ਕੀਤਾ ਗਿਆ ਹੈ। ਇਸ ਮੌਕੇ 'ਤੇ ਦਲਜੀਤ ਸਿੰਘ ਹੁੰਦਲ, ਪਰਗਨ ਸਿੰਘ ਅਟਵਾਲ, ਜੱਸਾ ਮਾਨ, ਤਰਲੋਚਨ ਸਿੰਘ, ਗੁਰਮੁਖ ਸਿੰਘ, ਜਸਵਿੰਦਰ ਸਿੰਘ, ਮਨਜਿੰਦਰ ਸਿੰਘ ਅਟਵਾਲ, ਗੁਰਦੀਪ ਸਿੰਘ, ਸਮੀਰ ਪਾਸੀ, ਬਲਵੀਰ ਸਿੰਘ, ਅਮਰਜੀਤ ਸਿੰਘ, ਜਗਤਾਰ ਸਿੰਘ, ਭਾਈ ਮਨਜਿੰਦਰ ਸਿੰਘ, ਗੱਜਣ ਸਿੰਘ ਹਾਜ਼ਰ ਸਨ।

## ਹੋਪ ਵੈਲਫੇਅਰ ਸੁਸਾਇਟੀ ਨੇ ਰੇਲਵੇ ਮੰਡੀ ਗਰਾਊਂਡ 'ਚ ਰੁੱਖ ਲਗਾਏ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਹੋਪ ਵੈਲਫੇਅਰ ਸੁਸਾਇਟੀ ਦੇ ਨੌਜਵਾਨਾਂ ਨੇ ਰੇਲਵੇ ਮੰਡੀ ਗਰਾਊਂਡ ਵਿੱਚ ਰੁੱਖ ਲਗਾ ਕੇ ਵਾਤਾਵਰਣ ਸੁਰੱਖਿਆ ਦਾ ਸੁਨੇਹਾ ਦਿੱਤਾ।ਇਸ ਮੌਕੇ ਲਗਭਗ 100 ਰੁੱਖ ਲਗਾਏ ਗਏ।ਟੀਮ ਲੀਡਰ ਹਰਰਾਜ ਅਤੇ ਮਹਿਕ ਨੇ ਕਿਹਾ ਕਿ ਪੌਦੇ ਜੀਵਨ ਦਾ ਆਧਾਰ ਹਨ ਅਤੇ ਹਰ ਵਿਅਕਤੀ ਨੂੰ ਆਪਣੀ ਜ਼ਿੰਦਗੀ ਵਿੱਚ ਘੱਟੋ-ਘੱਟ ਇੱਕ ਰੁੱਖ ਲਗਾਉਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਸੁਸਾਇਟੀ ਦਾ ਉਦੇਸ਼ ਸਿਰਫ ਰੁੱਖ ਲਗਾਉਣਾ ਹੀ ਨਹੀਂ, ਸਗੋਂ ਲੋਕਾਂ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਕਰਨਾ ਵੀ ਹੈ।ਭਾਵਿਕਾ, ਹਨੀ, ਸਾਹਿਲ, ਹਰਸ਼, ਮਹਿਕ, ਆਕ੍ਰਿਤੀ, ਸਮੀਰ, ਹਰਰਾਜ, ਸ਼੍ਰੇਆ, ਹਰਜੋਤ, ਹਿਆ, ਇੰਦਰ ਅਤੇ ਉਮੇਸ਼ ਨੇ ਇਸ ਮੁਹਿੰਮ ਵਿੱਚ ਹਿੱਸਾ ਲਿਆ। ਸਾਰਿਆਂ ਨੇ ਮਿਲ ਕੇ ਰੁੱਖ ਲਗਾਏ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਦਾ ਪ੍ਰਣ ਵੀ ਲਿਆ। ਨੌਜਵਾਨਾਂ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਕੁਦਰਤ ਦੀ ਸੰਭਾਲ ਵਿੱਚ ਵੀ ਭਾਈਵਾਲ ਬਣਨ ਅਤੇ ਆਪਣੇ ਆਲੇ ਦੁਆਲੇ ਹਰਿਆਲੀ ਵਧਾਉਣ ਦੀ ਕੋਸ਼ਿਸ਼ ਕਰਨ।

## ਪੁਲਸ ਨੇ ਕੁਝ ਹੀ ਘੰਟਿਆਂ 'ਚ ਕਤਲ ਦਾ ਮਾਮਲਾ ਸੁਲਝਾਇਆ, ਦੋ ਗ੍ਰਿਫ਼ਤਾਰ

**ਜਲੰਧਰ, (ਸ਼ੈਲੀ ਐਲਬਰਟ)**

ਕਮਿਸ਼ਨਰੇਟ ਪੁਲਸ ਜਲੰਧਰ ਨੇ ਤੇਜ਼ ਕਾਰਵਾਈ ਕਰਦਿਆਂ ਇਕ ਕਤਲ ਦੇ ਮਾਮਲੇ ਨੂੰ ਕੁੱਝ ਘੰਟਿਆਂ ਅੰਦਰ ਹੀ ਸੁਲਝਾ ਲਿਆ ਹੈ।ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਦੀ ਅਗਵਾਈ 'ਚ ਮਨਪ੍ਰੀਤ ਸਿੰਘ ਢਿੱਲੋਂ, ਡੀ ਸੀ ਪੀ (ਇਨਵੈਸਟੀਗੇਸ਼ਨ), ਹਰਿੰਦਰ ਸਿੰਘ ਗਿੱਲ (ਏ ਡੀ ਸੀ ਪੀ-2 ਸਿਟੀ), ਸਰਵਣਜੀਤ ਸਿੰਘ (ਏ ਸੀ ਪੀ ਵੈਸਟ) ਅਤੇ ਥਾਣਾ ਭਾਰਗੋ ਕੈਂਪ ਦੀ ਟੀਮ ਸਮੇਤ ਸੁਖਜੀਤ ਸਿੰਘ, ਐਸ ਐਚ ਓ ਨੇ ਇਹ ਤੇਜ਼ ਕਾਰਵਾਈ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।ਕਾਰਵਾਈ ਦੌਰਾਨ ਪੁਲਸ ਨੇ ਥਾਣਾ ਭਾਰਗੋ ਕੈਂਪ ਦੇ ਖੇਤਰ 'ਚ ਹੋਏ ਕਤਲ 'ਚ ਸ਼ਾਮਲ ਦੋ ਮੁੱਖ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਮ੍ਰਿਤਕ ਦੇ ਪਿਤਾ ਵਿਪਨ ਕੁਮਾਰ ਪੁੱਤਰ ਚਰਨ ਦਾਸ ਵਾਸੀ ਮਕਾਨ ਨੰਬਰ 625, ਨਜ਼ਦੀਕ ਸਿਵਲ ਡਿਸਪੈਂਸਰੀ, ਟਾਹਲੀ ਵਾਲਾ ਚੌਂਕ, ਭਾਰਗੋ ਕੈਂਪ ਦੀ ਸ਼ਿਕਾਇਤ 'ਤੇ ਮੁਕੱਦਮਾ ਨੰਬਰ 107, ਮਿਤੀ 14.07.2025 ਨੂੰ ਧਾਰਾਵਾਂ 103(1), 191(3), ਅਤੇ 190 ਬੀ ਐਨ ਐਸ ਅਧੀਨ ਥਾਣਾ ਭਾਰਗੋ ਕੈਂਪ ਵਿੱਚ ਦਰਜ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਵਿਪਨ ਕੁਮਾਰ ਦਾ ਪੁੱਤਰ ਵਰੁਣ, ਉਸਦੇ ਭਤੀਜਿਆਂ ਲੋਕੇਸ਼ ਅਤੇ ਵਿਸ਼ਾਲ ਦੇ ਨਾਲ ਮਹਿੰਗਾ ਡੀਪੂ ਦੀ ਗਲੀ ਵਿੱਚੋਂ ਲੰਘ ਰਿਹਾ ਸੀ, ਜਦੋਂ ਕੁਝ ਅਣਪਛਾਤੇ ਨੌਜਵਾਨਾਂ ਨੇ ਉਨ੍ਹਾਂ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਵਿਪਨ ਅਤੇ ਉਸਦਾ ਜੀਜਾ ਵੀ ਮੌਕੇ 'ਤੇ ਮੌਜੂਦ ਸਨ, ਜਿਨ੍ਹਾਂ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ 'ਤੇ ਵੀ ਹਮਲਾ ਕਰ ਦਿੱਤਾ ਗਿਆ।ਹਮਲੇ ਦੌਰਾਨ ਵਰੁਣ ਪੁੱਤਰ ਵਿਪਨ ਜੋ ਜਿਆਦਾ ਜਖ਼ਮੀ ਹੋ ਗਿਆ ਅਤੇ ਉਸਨੂੰ ਤੁਰੰਤ ਸ੍ਰੀ ਰਾਮ ਨਿਊਰੋ ਸੈਂਟਰ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ।ਉਨ੍ਹਾਂ ਦੱਸਿਆ ਕਿ ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਤਕਨੀਕੀ ਸਰੋਤਾਂ ਦੀ ਵਰਤੋਂ, ਸੀਸੀਟੀਵੀ ਫੁਟੇਜ ਦੀ ਜਾਂਚ ਅਤੇ ਮੌਕੇ ਦੀ ਜਾਂਚ ਕਰਦਿਆਂ ਦੋ ਦੋਸ਼ੀਆਂ ਧਰੁਵ ਕੁਮਾਰ (18 ਸਾਲ) ਵਾਸੀ 131/01 ਚੋਪੜਾ ਸਾਊਂਡ ਕੋਲ, ਭਾਰਗੋ ਕੈਂਪ ਅਤੇ ਸੁਨੀਲ ਕੁਮਾਰ ਉਰਫ ਭਿੰਡੀ (25 ਸਾਲ), ਵਾਸੀ ਮਕਾਨ ਨੰਬਰ 3242, ਗਿਆਨ ਗਿਰੀ ਮੰਦਰ ਕੋਲ, ਚਪਾਲੀ ਚੌਂਕ, ਭਾਰਗੋ ਕੈਂਪ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਸੋਨੂ ਪੰਡਤ ਵਾਸੀ ਭਾਰਗੋ ਕੈਂਪ ਦੀ ਗ੍ਰਿਫ਼ਤਾਰੀ ਅਜੇ ਬਾਕੀ ਹੈ, ਜਿਸ ਨੂੰ ਜਲਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਜਾਰੀ ਹੈ।

## ਡੇਰਾ ਸੰਤ ਨਰਾਇਣ ਦਾਸ ਸ਼ੇਰਪੁਰ ਢੱਕੋਂ ਵਿਖੇ ਬਰਸੀ ਸਮਾਗਮ 17 ਨੂੰ : ਸੰਤ ਰਮੇਸ਼ ਦਾਸ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਡੇਰਾ 108 ਸੰਤ ਨਰਾਇਣ ਦਾਸ ਜੀ ਮਹਾਰਾਜ ਪਿੰਡ ਸ਼ੇਰਪੁਰ ਢਕੋਂ ਡੇਰਾ ਕਲਰਾਂ ਵਿਖੇ ਬ੍ਰਹਮ ਗਿਆਨੀ, ਮਹਾਨ ਪਰਉਪਕਾਰੀ, ਨਾਮ ਦੇ ਰਸੀਏ ਸ੍ਰੀਮਾਨ ਸੰਤ ਅਮਰਦਾਸ ਜੀ ਦੀ 15ਵੀਂ ਬਰਸੀ, ਸ੍ਰੀਮਾਨ ਸੰਤ ਰਾਮ ਕਿਸ਼ਨ ਦੀ ਚੌਥੀ ਬਰਸੀ ਅਤੇ ਸੰਤ ਬੀਬੀ ਜੁਆਲੀ ਰਾਮ ਦੀ 23ਵੀਂ ਬਰਸੀ 'ਤੇ ਮਹਾਨ ਗੁਰਮਤਿ ਸਮਾਗਮ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ 17 ਜੁਲਾਈ ਨੂੰ ਬਹੁਤ ਸ਼ਰਧਾ ਪੂਰਵਕ ਮਨਾਏ ਜਾ ਰਹੇ ਹਨ। ਡੇਰੇ ਦੇ ਮੌਜੂਦਾ ਗੱਦੀ ਨਸ਼ੀਨ ਸੰਤ ਰਮੇਸ਼ ਦਾਸ ਨੇ ਦੱਸਿਆ ਕਿ 17 ਜੁਲਾਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਕੀਰਤਨ ਦੇ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਰਾਗੀ,ਢਾਡੀ, ਕਥਾਵਾਚਕ ਅਤੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ,ਵੱਖ ਵੱਖ ਡੇਰਿਆਂ ਅਤੇ ਸੰਪਰਦਾਵਾਂ ਦੇ ਸੰਤ ਮਹਾਂਪੁਰਸ਼ ਕੀਰਤਨ,ਕਥਾ ਰਾਹੀਂ ਸੰਗਤਾਂ ਨੂੰ ਨਾਮਬਾਣੀ ਨਾਲ ਜੋੜਨਗੇ।ਸੰਤ ਰਮੇਸ਼ ਦਾਸ ਨੇ ਦੱਸਿਆ ਕਿ ਸੰਤਾਂ ਮਹਾਂਪੁਰਸ਼ਾਂ ਦੀ ਯਾਦ ਅੰਦਰ ਸਿੱਧ ਜੋਗੀ ਟ੍ਰਸਟ ਪਿੰਡ ਖਾਨਪੁਰ ਡਾ. ਜੇ ਐਸ ਥਿੰਦ, ਡਾ. ਪ੍ਰਭ ਹੀਰ ਅਤੇ ਅਰੋਗਿਆ ਆਯੁਰਵੈਦਿਕ ਕਲੀਨਿਕ ਵੈਦ ਬਲਜਿੰਦਰ ਰਾਮ ਖੜਕਾਂ ਦੀਆਂ ਟੀਮਾਂ ਵਲੋਂ ਫ੍ਰੀ ਮੈਡੀਕਲ ਕੈਂਪ ਲਗਾਇਆ ਜਾਵੇਗਾ।

## ਫਾਲਕਨ ਇੰਟਰਨੈਸ਼ਨਲ ਸਕੂਲ 'ਚ ਮੌਨਸੂਨ ਡੇ ਮਨਾਇਆ



**ਸੁਲਤਾਨਪੁਰ ਲੋਧੀ, (ਹਨੀ)**- ਫਾਲਕਨ ਇੰਟਰਨੈਸ਼ਨਲ ਸਕੂਲ ਵਿਖੇ ਮੌਨਸੂਨ ਡੇ ਮਨਾਇਆ ਗਿਆ।ਇਸ ਦੌਰਾਨ ਵਿਦਿਆਰਥੀਆਂ ਨੇ ਮਾਨਸੂਨ ਦੀ ਪਹਿਲੀ ਬਾਰਿਸ਼ ਦਾ ਖੂਬ ਆਨੰਦ ਮਾਣਿਆ।ਗਰਮੀ ਦੀਆਂ ਛੁੱਟੀਆਂ ਤੋਂ ਬਾਦ ਮੌਨਸੂਨ ਦੇ ਆਉਣ 'ਤੇ ਵਿਦਿਆਰਥੀਆਂ ਦੇ ਚਿਹਰੇ ਖਿੜੇ ਖਿੜੇ ਨਜ਼ਰ ਆਏ।ਅਦਾਰੇ ਦੇ ਚੇਅਰਮੈਨ ਕਰਨਲ ਅਜੀਤ ਸਿੰਘ ਢਿੱਲੋਂ ਅਤੇ ਡਾਇਰੈਕਟਰ ਮੈਡਮ ਨਵਦੀਪ ਕੌਰ ਢਿੱਲੋਂ ਨੇ ਵਿਦਿਆਰਥੀਆਂ ਦਾ ਛੁੱਟੀਆਂ ਤੋਂ ਬਾਅਦ ਸਕੂਲ ਆਉਣ 'ਤੇ ਸਵਾਗਤ ਕੀਤਾ।ਇਸ ਮੌਕੇ ਸਕੂਲ ਦੇ ਵਾਈਸ ਪ੍ਰਿੰਸੀਪਲ ਮੈਡਮ ਰਵਿੰਦਰਜੀਤ ਕੌਰ, ਮੈਡਮ ਕਰਮਦੀਪ ਕੌਰ, ਮੈਡਮ ਸੰਦੀਪ ਕੌਰ, ਮੈਡਮ ਪੂਜਾ ਸਹੋਤਾ, ਮੈਡਮ ਮੋਨਿਕਾ ਆਦਿ ਸਟਾਫ਼ ਮੈਂਬਰ ਹਾਜ਼ਰ ਸਨ।